ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 8 | 23 February 2022 to 01 March 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਵਿੱਚ ਇਸ ਵਾਰ ਲੰਗੜੀ ਸਰਕਾਰ ਬਣਨ ਦੀ ਸੰਭਾਵਨਾ

## ✪ ਕਿਸੇ ਨੂੰ ਵੀ ਸਪੱਸ਼ਟ ਬਹੁਮਤ ਮਿਲਣ ਦੇ ਆਸਾਰ ਘੱਟ, ਸਮਝੌਤੇ ਨਾਲ਼ ਬਣੇਗੀ ਸਰਕਾਰ ✪ ਭਾਜਪਾ ਸਰਕਾਰ ਬਣਾਉਣ ਲਈ ਬਾਦਲ ਦਲ ਨਾਲ਼ ਗਠਜੋੜ ਕਰਨ ਲੱਗੀ ✪ ਭਾਜਪਾ ਦੇ ਕੌਮੀ ਸਕੱਤਰ ਪ੍ਰਦੁਮਨ ਕੁਮਾਰ ਨੇ ਕਿਹਾ, 'ਪੰਜਾਬ ਵਿੱਚ ਸਰਕਾਰ ਬਣਾਉਣ ਲਈ ਭਾਜਪਾ ਦੇ ਦਰਵਾਜ਼ੇ ਹਰ ਪਾਰਟੀ ਲਈ ਖੁੱਲੇ'

**ਬਲਵਿੰਦਰ ਪਾਲ ਸਿੰਘ ਪ੍ਰੋ.ਫ਼ੈਸਰ**

ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਮਾਪਤ ਹੋਏ ਮਤਦਾਨ ਪਿੱਛੋਂ ਹੁਣ ਵੋਟਾਂ ਦਾ ਫ਼ੈਸਲਾ 10 ਮਾਰਚ ਨੂੰ ਸਾਹਮਣੇ ਆਵੇਗਾ। ਸੂਬੇ ਵਿੱਚ ਭਾਵੇਂ ਹੀ ਸਾਰੀਆਂ ਪਾਰਟੀਆਂ ਨੇ ਜਿੱਤ ਦੇ ਦਾਅਵੇ ਕਰ ਦਿੱਤੇ ਹਨ ਪਰ 2017 ਦੇ ਮੁਕਾਬਲੇ ਮਤਦਾਨ ਵਿੱਚ ਫ਼ੀਸਦੀ ਵਿੱਚ ਆਈ ਗਿਰਾਵਟ ਨੇ ਦਰਸਾ ਦਿੱਤਾ ਹੈ ਕਿ ਕਿਸੇ ਵੀ ਪਾਰਟੀ ਤੋਂ ਪੰਜਾਬੀ ਸੰਤੁਸ਼ਟ ਨਹੀਂ। ਸੂਬੇ ਵਿੱਚ ਮਤਦਾਨ ਵਿੱਚ ਕਮੀ ਤੇ ਚਾਰ ਤੋਂ ਪੰਜ ਕੋਣੀ ਮੁਕਾਬਲਿਆਂ ਨਾਲ਼ ਸਾਰੇ ਸਿਆਸੀ ਸਮੀਕਰਨ ਵਿਗੜੇ ਹੋਏ ਨਜ਼ਰ ਆ ਰਹੇ ਹਨ। ਕਾਂਗਰਸ ਦਾ ਮੰਨਣਾ ਹੈ ਕਿ ਜੇ 60 ਫ਼ੀਸਦੀ ਐੱਸ.ਸੀ. ਵੋਟਰਾਂ ਨੇ ਵੀ ਉਨਾਂ ਦੇ ਹੱਕ ਵਿੱਚ ਮਤਦਾਨ ਕੀਤਾ ਹੋਵੇਗਾ ਤਾਂ ਉਹ ਪੰਜਾਬ ਵਿੱਚ ਦੁਬਾਰਾ ਸਰਕਾਰ ਬਣਾ ਕੇ ਇਤਿਹਾਸ ਬਣਾ ਦੇਵੇਗੀ। ਉੱਧਰ ਮਤਦਾਨ ਤੋਂ ਦੋ-ਦੋ ਦਿਨ ਪਹਿਲਾਂ ਤੱਕ ਆਮ ਆਦਮੀ ਪਾਰਟੀ ਦਾ ਭਰੋਸਾ ਵੀ ਡਗਮਗਾਇਆ ਹੋਇਆ ਨਜ਼ਰ ਆਇਆ। ਸਰਕਾਰ ਬਣਾਉਣ ਲਈ 59 ਦਾ ਜਾਦੂਈ ਅੰਕੜਾ ਛੂਹੇਗੀ ਜਾਂ ਨਹੀਂ, ਇਸ ਨੂੰ ਲੈ ਕੇ 'ਆਪ' ਦੇ ਆਗੂ ਵੀ ਪੂਰੀ ਤਰਾਂ ਭਰੋਸੇ ਵਿੱਚ ਨਜ਼ਰ ਨਹੀਂ ਆ ਰਹੇ ਹਨ। ਉਂਝ ਦਾਅਵਾ ਕਰ ਰਹੇ ਹਨ ਕਿ 70 ਸੀਟਾਂ ਜਿੱਤ ਜਾਣਗੇ ਤੇ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਣਗੇ। ਉੱਧਰ ਬਹੁਤੇ ਤਾਜ਼ਾ ਸਮੀਕਰਨਾਂ ਅਨੁਸਾਰ ਕਿਸੇ ਵੀ ਪਾਰਟੀ ਦੀ ਸਰਕਾਰ ਬਣਦੀ ਦਿਖਾਈ ਨਹੀਂ ਦੇ ਰਹੀ। ਇਹ ਗੱਲ ਸਾਹਮਣੇ ਆ ਰਹੀ ਹੈ ਕਿ ਚੋਣ ਸਰਵੇਖਣਾਂ ਨੂੰ ਦੇਖਦਿਆਂ ਭਾਜਪਾ ਤੇ ਸ੍ਰੋਮਣੀ ਅਕਾਲੀ ਦਲ ਸੰਭਾਵੀ ਸਰਕਾਰ ਬਣਾਉਣ ਲਈ ਸਮਝੌਤਾ ਕਰਨ ਦੇ ਮੂਡ ਵਿੱਚ ਹਨ। ਮਤਦਾਨ ਤੋਂ ਪਹਿਲਾਂ ਹੀ ਵੋਟਰਾਂ ਵਿੱਚ ਵੀ ਇਹ ਚਰਚਾ ਰਹੀ ਹੈ ਕਿ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਮਿਲ ਕੇ ਸਰਕਾਰ ਬਣਾ ਸਕਦੇ ਹਨ। ਭਾਜਪਾ ਚੋਣਾਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੀ ਕਮਜ਼ੋਰ ਸਥਿਤੀ ਨੂੰ ਦੇਖਦਿਆਂ ਪਹਿਲਾਂ ਅਕਾਲੀ ਦਲ ਬਾਦਲ ਨਾਲ਼ ਗਠਜੋੜ ਦੇ ਮੂਡ ਵਿੱਚ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਨੇ ਸੌਦਾ ਸਾਧ ਉੱਪਰ ਦਬਾਅ ਪਾਕੇ ਬਾਦਲ ਦਲ ਨੂੰ ਹਮਾਇਤ ਦਿਵਾਈ ਹੈ ਤਾਂ ਬਾਦਲ ਦਲ ਵੱਧ ਸੀਟਾਂ ਜਿੱਤ ਸਕੇ। ਕਿਸੇ ਨੂੰ ਬਹੁਮਤ ਨਾ ਮਿਲਣ ਦੀ ਸਥਿਤੀ ਵਿੱਚ ਭਾਜਪਾ ਬਾਦਲ ਦਲ ਨਾਲ਼ ਗਠਜੋੜ ਕਰਕੇ ਪੰਜਾਬ ਵਿੱਚ ਸਰਕਾਰ ਬਣਾ ਸਕੇ। ਸਵਾਲ ਇਹ ਵੀ ਹੈ ਕਿ ਕੀ ਅਜਿਹੀ ਸੂਰਤ ਵਿੱਚ ਭਾਜਪਾ ਕੀ ਬਸਪਾ ਨਾਲ਼ ਸਮਝੌਤਾ ਕਰੇਗੀ ? ਇਸ ਪੂਰੇ ਮਾਮਲੇ ਨੂੰ ਲੈ ਕੇ ਕਾਂਗਰਸ ਦੇ ਇੱਕ ਸੀਨੀਅਰ ਆਗੂ ਬਲਰਾਮ ਜਾਖੜ ਨੇ ਕਿਹਾ ਕਿ ਜੇ ਐੱਸ.ਸੀ. ਵਰਗ ਨੇ ਸਾਥ ਦਿੱਤਾ ਹੈ ਤਾਂ ਕਾਂਗਰਸ 60 ਤੋਂ ਜ਼ਿਆਦਾ ਸੀਟਾਂ ਜਿੱਤ ਕੇ ਦੁਬਾਰਾ ਸਰਕਾਰ ਬਣਾਏਗੀ। ਪਰ ਸਿਆਸੀ ਮਾਹਿਰਾਂ ਤੇ ਸਰਵੇਖਣਾਂ ਦਾ ਮੰਨਣਾ ਹੈ ਕਿ ਕਾਂਗਰਸ ਨੂੰ 50 ਸੀਟਾਂ ਮਿਲਣ ਦੀ ਸੰਭਾਵਨਾ ਹੈ। ਉੱਧਰ ਆਪ ਪਾਰਟੀ ਬਾਰੇ ਸਰਵੇਖਣਾਂ ਤੇ ਸਿਆਸੀ ਮਾਹਿਰਾਂ ਦਾ ਅਨੁਮਾਨ ਹੈ ਕਿ ਪਾਰਟੀ 40 ਤੋਂ 50 ਵਿਚਕਾਰ ਸੀਟਾਂ ਜਿੱਤ ਸਕਦੀ ਹੈ। ਇਸ ਸਥਿਤੀ ਵਿੱਚ ਆਪ ਦਾ ਸਮਝੌਤਾ ਨਾ ਤਾਂ ਕਾਂਗਰਸ ਨਾਲ਼ ਹੋ ਸਕਦਾ ਹੈ ਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਨਾਲ਼। ਅਜਿਹੀ ਹੀ ਸਥਿਤੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀ ਹੈ। ਸ਼੍ਰੋਮਣੀ ਅਕਾਲੀ ਦਲ ਨਾ ਤਾਂ ਆਪ ਤੇ ਨਾ ਹੀ ਕਾਂਗਰਸ ਨਾਲ਼ ਸਮਝੌਤਾ ਕਰ ਸਕਦਾ ਹੈ। ਇਸ ਸੂਰਤ ਵਿੱਚ ਸੂਬੇ ਵਿੱਚ ਸਿਰਫ਼ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਮਝੌਤੇ ਦਾ ਬਦਲ ਹੀ ਬਾਕੀ ਰਹਿ ਜਾਂਦਾ ਹੈ। ਡੇਰੇ ਸੌਦਾ ਸਾਧ ਦੀ ਹਮਾਇਤ ਮਿਲਣ ਤੋਂ ਬਾਅਦ ਚੋਣ ਪ੍ਰਚਾਰ ਦੌਰਾਨ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਕਦੇ ਵੀ ਇੱਕ-ਦੂਜੇ 'ਤੇ ਸਿੱਧੇ ਹਮਲੇ ਨਹੀਂ ਕੀਤੇ। ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਚੋਣਾਂ ਦੌਰਾਨ ਕਿਹਾ ਸੀ ਕਿ ਦੋਵਾਂ ਪਾਰਟੀਆਂ ਦਾ ਸਮਝੌਤਾ ਨੀਤੀਆਂ 'ਤੇ ਟੁੱਟਿਆ ਹੈ। ਉਨਾਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਕਿ ਸਮਝੌਤਾ ਨਹੀਂ ਹੋ ਸਕਦਾ। ਬਾਦਲ ਦਲ ਦੇ ਸੀਨੀਅਰ ਨੇਤਾ ਪ੍ਰੇਮ ਸਿੰਘ ਚੰਦੂਮਾਜਰਾ ਤੇ ਬਿਕਰਮਜੀਤ ਸਿੰਘ ਮਜੀਠੀਆ ਨੇ ਸਾਫ਼ ਆਖ ਦਿੱਤਾ ਹੈ ਕਿ ਬਾਦਲ ਦਲ ਸਰਕਾਰ ਬਣਾਉਣ ਲਈ ਭਾਜਪਾ **ਬਾਕੀ ਸਫ਼ਾ 36 'ਤੇ**



# ਫ਼ਰਲੋ ਦੌਰਾਨ ਸੌਦਾ ਸਾਧ ਨੂੰ ਖ਼ਾਲਿਸਤਾਨ ਸਮਰਥਕਾਂ ਤੋਂ ਖ਼ਤਰੇ ਕਾਰਨ ਦਿੱਤੀ ਗਈ ਜ਼ੈੱਡ+ ਸੁਰੱਖਿਆ

**ਚੰਡੀਗੜ /ਏ.ਟੀ.ਨਿਊਜ਼ :** ਭਾਜਪਾ ਦੇ ਹੱਕ ਵਿੱਚ ਹੋਣ ਕਾਰਨ ਡੇਰਾ ਸੌਦਾ ਮੁਖੀ ਨੂੰ ਖ਼ਾਲਿਸਤਾਨੀਆਂ ਤੋਂ ਜਾਨ ਦੇ ਖ਼ਤਰੇ ਦਾ ਬਹਾਨਾ ਬਣਾਕੇ ਜ਼ੈੱਡ ਪਲੱਸ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਹੈ। ਹਰਿਆਣਾ ਸਰਕਾਰ ਦਾ ਮੰਨਣਾ ਹੈ ਕਿ ਡੇਰਾ ਮੁਖੀ ਨੂੰ ਇਨਾਂ ਕਤਲਾਂ ਦੇ ਸਹਿ ਮੁਲਜ਼ਮਾਂ ਨਾਲ਼ ਮਿਲ ਕੇ ਅਪਰਾਧਿਕ ਸਾਜ਼ਿਸ਼ ਰਚਣ ਲਈ ਦੋਸ਼ੀ ਠਹਿਰਾਇਆ ਗਿਆ ਸੀ। ਹਰਿਆਣਾ ਸਰਕਾਰ ਨੇ ਡੇਰਾ ਮੁਖੀ ਨੂੰ 21 ਦਿਨਾਂ ਦੀ ਫ਼ਰਲੋ 'ਤੇ ਰਿਹਾਅ ਕਰਨ ਦੇ ਹਰਿਆਣਾ ਸਰਕਾਰ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਹਾਈ ਕੋਰਟ ਵਿੱਚ ਇਹ ਜਾਣਕਾਰੀ ਦਿੱਤੀ ਹੈ।

ਸੁਨਾਰੀਆ ਜੇਲ ਦੇ ਜੇਲ ਸੁਪਰਡੈਂਟ ਸੁਨੀਲ ਸਾਂਗਵਾਨ, ਜਿੱਥੇ ਡੇਰਾ ਮੁਖੀ ਜਬਰ-ਜਨਾਹ ਤੇ ਕਤਲ ਦੇ ਦੋ ਮਾਮਲਿਆਂ ਵਿੱਚ ਸਜ਼ਾ ਕੱਟ ਰਿਹਾ ਹੈ, ਨੇ ਇਸ ਮਾਮਲੇ ਵਿੱਚ ਅਦਾਲਤ ਦੇ ਰਿਕਾਰਡ ਵਿੱਚ ਜਵਾਬ ਅਤੇ ਕੁਝ ਦਸਤਾਵੇਜ਼ ਰੱਖੇ। ਰਿਕਾਰਡ ਦੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਡੇਰਾ ਮੁਖੀ ਨੂੰ ਰਿਹਾਅ ਕਰਨ ਦੀ ਪ੍ਰਕਿਰਿਆ ਐਡਵੋਕੇਟ ਜਨਰਲ (ਏ.ਜੀ.) ਦੀ ਕਾਨੂੰਨੀ ਰਾਏ 'ਤੇ ਆਧਾਰਿਤ ਹੈ।

ਰਿਕਾਰਡ ਮੁਤਾਬਕ ਡੇਰਾ ਮੁਖੀ ਨੇ ਪਹਿਲੀ ਵਾਰ 17 ਜਨਵਰੀ ਨੂੰ 42 ਦਿਨਾਂ ਦੀ ਪੈਰੋਲ 'ਤੇ ਰਿਹਾਅ ਹੋਣ ਲਈ ਆਪਣੀ ਬੀਮਾਰ ਮਾਂ ਦਾ ਇਲਾਜ ਕਰਨ ਅਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਲਈ ਪੈਰੋਲ ਲਈ ਅਰਜ਼ੀ ਦਿੱਤੀ ਸੀ। ਇਹ ਅਰਜ਼ੀ ਜੇਲ ਸੁਪਰਡੈਂਟ ਨੇ ਡੀ.ਜੀ.ਪੀ. (ਜੇਲਾਂ) ਨੂੰ ਭੇਜ ਦਿੱਤੀ ਸੀ। ਡੀ.ਜੀ.ਪੀ. ਨੇ ਇਸ ਨੂੰ ਵਧੀਕ ਮੁੱਖ ਸਕੱਤਰ (ਗ੍ਰਹਿ) ਨੂੰ ਭੇਜ ਦਿੱਤਾ ਸੀ, ਜਿਨਾਂ ਨੇ ਇਸ ਨੂੰ ਕਾਨੂੰਨੀ ਰਾਏ ਲਈ ਐਡਵੋਕੇਟ ਜਨਰਲ, ਹਰਿਆਣਾ ਨੂੰ ਭੇਜ ਦਿੱਤਾ ਸੀ। ਏ.ਜੀ. ਦੀ ਰਾਏ ਤੋਂ ਬਾਅਦ ਕਿ ਉਹ 'ਹਾਰਡ ਕੋਰ



ਕ੍ਰਿਮੀਨਲ' ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ ਹੈ, ਰਿਪੋਰਟ ਜ਼ਰੂਰੀ ਕਾਰਵਾਈ ਲਈ ਜੇਲ ਸੁਪਰਡੈਂਟ ਨੂੰ ਵਾਪਸ ਭੇਜ ਦਿੱਤੀ ਗਈ ਸੀ। ਇਸ ਤੋਂ ਬਾਅਦ 31 ਜਨਵਰੀ ਨੂੰ ਡੇਰਾ ਮੁਖੀ ਨੇ ਗੁਰੂਗ੍ਰਾਮ ਵਿੱਚ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਲਈ ਫ਼ਰਲੋ 'ਤੇ ਰਿਹਾਈ ਲਈ ਇੱਕ ਹੋਰ ਅਰਜ਼ੀ ਦਿੱਤੀ। ਕੱਟੜ ਅਪਰਾਧੀ ਨਾ ਹੋਣ ਅਤੇ ਡੇਰਾ ਮੁਖੀ ਵੱਲੋਂ ਕੈਦ ਦੇ ਸਮੇਂ ਦੌਰਾਨ ਜੇਲ ਵਿੱਚ ਕੋਈ ਅਪਰਾਧ ਨਾ ਕਰਨ ਦੇ ਸਾਰੇ ਸੰਬੰਧਿਤ ਕਾਰਨਾਂ ਦੇ ਮੱਦੇਨਜ਼ਰ, ਜੇਲ ਸੁਪਰਡੈਂਟ ਨੇ ਉਸ ਦੀ ਰਿਹਾਈ ਦੀ ਪ੍ਰਕਿਰਿਆ ਸ਼ੁਰੂ ਕੀਤੀ ਅਤੇ ਕਮਿਸ਼ਨਰ ਰੋਹਤਕ ਨੂੰ ਹਰਿਆਣਾ ਦੇ ਚੰਗੇ ਆਚਰਨ ਵਾਲੇ ਕੈਦੀਆਂ ਨੂੰ ਸੌਂਪਿਆ ਗਿਆ। (ਆਰਜ਼ੀ ਰਿਹਾਈ) ਐਕਟ ਦੀ ਧਾਰਾ 4 ਦੇ ਉਪਬੰਧ ਅਧੀਨ ਵਿਚਾਰ ਲਈ ਭੇਜੀ ਗਈ ਹੈ। ਪੁਲਿਸ ਕਮਿਸ਼ਨਰ ਗੁਰੂਗ੍ਰਾਮ ਨੇ 5 ਫ਼ਰਵਰੀ ਨੂੰ ਰੋਹਤਕ ਦੇ ਕਮਿਸ਼ਨਰ ਨੂੰ ਡੇਰਾ ਮੁਖੀ ਦੀ ਤਿੰਨ ਹਫ਼ਤਿਆਂ ਦੀ ਫ਼ਰਲੋ 'ਤੇ ਕੋਈ ਇਤਰਾਜ਼ ਨਹੀਂ ਦਿੱਤਾ ਸੀ।

ਹਾਈ ਕੋਰਟ ਵਿੱਚ ਪੇਸ਼ ਕੀਤੀ ਆਪਣੀ ਵਿਸਤ੍ਰਿਤ ਰਿਪੋਰਟ 'ਚ ਸੂਬਾ ਸਰਕਾਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਭਾਵੇਂ ਇਹ ਮੰਨ ਲਿਆ ਜਾਵੇ ਕਿ ਉਹ ਇੱਕ ਕੱਟੜ ਅਪਰਾਧੀ ਹੈ, ਫਿਰ ਵੀ ਉਸ ਨੂੰ ਫ਼ਰਲੋ 'ਤੇ ਰਿਹਾਅ ਕੀਤੇ ਜਾਣ ਦਾ ਹੱਕ ਹੈ, ਕਿਉਂਕਿ ਉਸ ਨੇ ਜੇਲ ਵਿੱਚ ਪੰਜ ਸਾਲ ਪੂਰੇ ਕਰ ਲਏ ਹਨ। ਬੀਤੇ ਸੋਮਵਾਰ ਨੂੰ ਇਹ ਰਿਕਾਰਡ ਸਰਕਾਰ ਦੀ ਤਰਫ਼ੋਂ ਹਾਈਕੋਰਟ ਦੀ ਰਜਿਸਟਰੀ 'ਚ ਦਾਇਰ ਕੀਤਾ ਗਿਆ। ਹਾਲਾਂਕਿ ਸਮੇਂ ਦੀ ਘਾਟ ਕਾਰਨ ਮਾਮਲੇ ਦੀ ਸੁਣਵਾਈ ਨਹੀਂ ਹੋ ਸਕੀ। ਪਟੀਸ਼ਨਕਰਤਾ ਪੱਖ ਸਰਕਾਰ ਦੇ ਰਿਕਾਰਡ ਅਤੇ ਜਵਾਬ 'ਤੇ ਆਪਣਾ ਜਵਾਬ ਦਾਇਰ ਕਰੇਗਾ

ਵਰਨਣਯੋਗ ਹੈ ਕਿ ਡੇਰਾ ਮੁਖੀ ਨੂੰ ਦਿੱਤੀ ਗਈ ਫ਼ਰਲੋ ਦੇ ਖ਼ਿਲਾਫ਼ ਪਟਿਆਲਾ ਦੇ ਨਿਵਾਸੀ ਪਰਮਜੀਤ ਸਿੰਘ ਨੇ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰ ਦੋਸ਼ ਲਗਾਇਆ ਸੀ ਕਿ ਡੇਰਾ ਮੁਖੀ ਪਹਿਲਾਂ ਹੀ ਕਈ ਵੱਡੇ ਅਪਰਾਧਾਂ ਦਾ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ ਅਤੇ ਸੁਨਾਰੀਆ ਜੇਲ ਵਿੱਚ ਸਜ਼ਾ ਕੱਟ ਰਿਹਾ ਹੈ। ਇਸ ਦੇ ਇਲਾਵਾ ਉਸ ਖ਼ਿਲਾਫ਼ ਕੁਝ ਹੋਰ ਅਪਰਾਧਿਕ ਮਾਮਲੇ ਵੀ ਅਜੇ ਅਦਾਲਤਾਂ ਵਿੱਚ ਚੱਲ ਰਹੇ ਹਨ, ਬਾਵਜੂਦ ਇਸ ਦੇ ਹਰਿਆਣਾ ਸਰਕਾਰ ਵੱਲੋਂ ਡੇਰਾ ਮੁਖੀ ਨੂੰ ਫ਼ਰਲੋ ਦਿੱਤੇ ਜਾਣ ਦਾ ਆਦੇਸ਼ ਪੂਰੀ ਤਰਾਂ ਗ਼ਲਤ ਹੈ, ਅਜਿਹੇ ਅਪਰਾਧਾਂ ਦੇ ਦੋਸ਼ੀ ਨੂੰ ਫ਼ਰਲੋ ਨਹੀਂ ਦਿੱਤੀ ਜਾਣੀ ਚਾਹੀਦੀ।

# ਗੁਰਦੁਆਰਾ ਸੁਧਾਰ ਲਹਿਰ ਵਿੱਚ ਨਨਕਾਣਾ ਸਾਹਿਬ ਦਾ ਸਾਕਾ ਨਿਸ਼ਕਾਮ ਕੁਰਬਾਨੀ ਦੀ ਅਦੁੱਤੀ ਮਿਸਾਲ- ਜਥੇਦਾਰ ਹਰਪ੍ਰੀਤ ਸਿੰਘ

## ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਸ਼ਹੀਦਾਂ ਨੂੰ ਸਮਰਪਿਤ ਸਮਾਗਮ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਸਾਂਝੇ ਤੌਰ 'ਤੇ ਮਨਾਏ ਤਿੰਨ ਦਿਨਾਂ ਸਮਾਗਮ ਦੀ ਸਮਾਪਤੀ ਮੌਕੇ ਵਿਸ਼ੇਸ਼ ਸੱਦੇ 'ਤੇ ਪਾਕਿ ਪਹੁੰਚੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਮੁੱਚੀ ਸਿੱਖ ਕੌਮ ਲਈ ਸਾਕਾ ਨਨਕਾਣਾ ਸਾਹਿਬ ਬਹੁਤ ਵੱਡਾ ਤੇ ਮਹੱਤਵਪੂਰਨ ਦਿਹਾੜਾ ਹੈ। ਉਨਾਂ ਕਿਹਾ ਕਿ ਗੁਰਦੁਆਰਾ ਸੁਧਾਰ ਲਹਿਰ 'ਚ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਆਪਾ-ਵਾਰਨ ਤੇ ਨਿਸ਼ਕਾਮ ਕੁਰਬਾਨੀ ਦੀ ਅਦੁੱਤੀ ਮਿਸਾਲ ਹੈ। ਈ.ਟੀ.ਪੀ.ਬੀ. ਦੇ ਵਧੀਕ ਸਕੱਤਰ ਰਾਣਾ ਸ਼ਾਹਿਦ ਸਲੀਮੀ ਨੇ ਸਾਕਾ ਨਨਕਾਣਾ ਸਾਹਿਬ ਦੇ ਪਿਛੋਕੜ ਨੂੰ ਸਾਂਝਾ ਕੀਤਾ। ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਭੋਗ ਉਪਰੰਤ ਹੁਕਮਨਾਮਾ ਸਾਹਿਬ ਦੀ ਸੇਵਾ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਨਿਭਾਈ ਗਈ। ਪੀ.ਐਸ.ਜੀ.ਪੀ.ਸੀ. ਪ੍ਰਧਾਨ ਅਮੀਰ ਸਿੰਘ ਅਤੇ ਲਹਿੰਦੇ ਪੰਜਾਬ ਦੀ ਸੂਬਾਈ ਅਸੈਂਬਲੀ ਦੇ ਪਾਰਲੀਮਾਨੀ ਸਕੱਤਰ ਐਮ.ਪੀ.ਏ. ਮਹਿੰਦਰਪਾਲ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ **ਬਾਕੀ ਸਫ਼ਾ 34 'ਤੇ**



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਿਰੋਪਾਓ ਭੇਟ ਕਰਦੇ ਹੋਏ ਅਮੀਰ ਸਿੰਘ, ਰਾਣਾ ਸ਼ਾਹਿਦ ਸਲੀਮੀ, ਸਤਵੰਤ ਸਿੰਘ ਤੇ ਹੋਰ। ਤਸਵੀਰਾਂ : ਸੁਰਿੰਦਰ ਕੋਛੜ ਵਾਹੀ

# ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਵੱਲੋਂ ਦੀਪ ਸਿੱਧੂ ਨੂੰ ਦਿੱਤੀ ਨਿੱਘੀ ਸ਼ਰਧਾਂਜਲੀ

**ਅੰਮ੍ਰਿਤਸਰ ਟਾਈਮਜ਼:** ਕੈਲੇਫ਼ੋਰਨੀਆ : ਪੰਜਾਬ ਵਿੱਚ ਸਿੱਖ ਭਾਈਚਾਰੇ ਵੱਲੋਂ ਕੌਮੀ ਸ਼ਹੀਦ ਦੀਪ ਸਿੱਧੂ ਦਾ ਸ਼ਰਧਾਂਜਲੀ ਸਮਾਗਮ 24 ਫ਼ਰਵਰੀ ਦਿਨ ਵੀਰਵਾਰ ਨੂੰ ਗੁਰਦੁਆਰਾ ਫ਼ਤਹਿਗੜ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ ਜਿੱਥੇ ਬਹੁਤਾਤ ਗਿਣਤੀ ਵਿੱਚ ਪੰਜਾਬ ਦੇ ਨੌਜਵਾਨਾਂ ਤੋਂ ਇਲਾਵਾ ਦੀਪ ਸਿੱਧੂ ਨੂੰ ਪਿਆਰ ਕਰਨ ਵਾਲੇ ਲੋਕ ਪਹੁੰਚ ਰਹੇ ਹਨ।

**ਸਿੱਖ ਪੰਚਾਇਤ ਵੱਲੋਂ ਪੰਜਾਬ ਵਾਸੀਆਂ ਨੂੰ ਫਤਹਿਗੜ ਸਾਹਿਬ ਪਹੁੰਚਣ ਦੀ ਅਪੀਲ**

ਅਮਰੀਕਾ ਦੀ ਸਿੱਖ ਪੰਚਾਇਤ ਵੱਲੋਂ ਪੰਜਾਬ ਦੇ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਦੀਪ ਸਿੱਧੂ ਦੀ ਅੰਤਿਮ ਅਰਦਾਸ 24 ਫ਼ਰਵਰੀ ਫ਼ਤਹਿਗੜ ਸਾਹਿਬ ਜ਼ਰੂਰ ਪਹੁੰਚਣ ਤਾਂ ਜੋ ਪੰਜਾਬ ਦੀ ਹੋਂਦ ਦੀ ਗੱਲ ਕਰਨ ਵਾਲੇ ਸੱਚੇ ਸੂਰਮੇ ਨੂੰ ਮਿੱਠੀ ਸ਼ਰਧਾਂਜਲੀ ਦੇ ਕੇ ਇਤਿਹਾਸ ਵਿੱਚ ਨਾਮ ਦਰਜ ਕੀਤਾ ਜਾਵੇ ।

**ਦੀਪ ਸਿੱਧੂ ਨੂੰ ਨਿੱਘੀ ਸ਼ਰਧਾਂਜਲੀ ਦੇਣ ਲਈ ਗੋਲਡਨ ਗੇਟ, ਅੰਮ੍ਰਿਤਸਰ ਤੋਂ ਫਤਹਿਗੜ ਸਾਹਿਬ ਤੱਕ ਕੇਸਰੀ ਮਾਰਚ**

ਮਿਲੀ ਜਾਣਕਾਰੀ ਅਨੁਸਾਰ ਸਿੱਖ ਜਥੇਬੰਦੀਆਂ ਵੱਲੋਂ ਯੋਜਨਾ ਬਣਾਈ ਜਾ ਰਹੀ ਹੈ, ਕਿ ਉਹ ਗੋਲਡਨ ਗੇਟ, ਅੰਮ੍ਰਿਤਸਰ ਤੋਂ ਫ਼ਤਹਿਗੜ ਸਾਹਿਬ ਤੱਕ 'ਕੇਸਰੀ ਮਾਰਚ' ਕੱਢਣਗੇ। ਇਸ ਦੇ ਨਾਲ਼ ਹੀ ਸਿੱਖ ਸੰਗਤਾਂ ਵੱਲੋਂ ਇਸ ਇਤਿਹਾਸਕ ਨਗਰ ਵਿੱਚ ਭੋਗ ਸਮਾਗਮ 'ਚ ਸ਼ਾਮਲ ਹੋਣ ਲਈ ਸੋਸ਼ਲ ਮੀਡੀਆ 'ਤੇ ਵੀ ਅਪੀਲਾਂ ਕੀਤੀਆ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਇਸ ਸ਼ਰਧਾਂਜਲੀ ਸਮਾਗਮ ਨੂੰ ਕਰਵਾਉਣ ਲਈ ਗੁਰਦੁਆਰਾ ਕਮੇਟੀ ਪੂਰਾ ਸਹਿਯੋਗ ਦੇਵੇਗੀ।

ਦੂਜੇ ਪਾਸੇ, ਭਾਰਤ ਤੋਂ ਬਾਹਰ ਵਸਦਾ ਸਿੱਖ ਭਾਈਚਾਰੇ ਦਾ ਇੱਕ ਵੱਡਾ ਵਰਗ ਜਿੱਥੇ ਉਹ ਰਹਿ ਰਹੇ ਹਨ ਬੇਸ਼ੱਕ ਉਹ ਅਮਰੀਕਾ, ਕੈਨੇਡਾ, ਜਰਮਨੀ , ਇੰਗਲੈਂਡ, ਆਦਿ 'ਚ ਰਹਿੰਦੇ ਹੋਏ ਵੀ ਦੀਪ ਸਿੱਧੂ ਦੀ ਯਾਦ ਵਿੱਚ 'ਅਖੰਡ ਪਾਠ' ਦਾ ਆਯੋਜਨ ਕਰ ਰਹੇ ਹਨ ।

ਪੰਜਾਬ ਵਿੱਚ ਵੀ ਅਨੇਕਾਂ ਜਗਾ 'ਤੇ ਨੌਜਵਾਨਾਂ ਵੱਲੋਂ ਕੈਂਡਲ ਮਾਰਚ ਕੱਢਿਆ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਵੱਲੋਂ ਕਈ ਥਾਵਾਂ 'ਤੇ ਰੋਡ ਰੈਲੀਆਂ ਵੀ ਕੱਢੀਆਂ ਗਈਆਂ ਹਨ।



ਸਿੱਖ ਪੰਚਾਇਤ ਵੱਲੋਂ ਦੀਪ ਸਿੱਧੂ ਦੀ 24 ਫਰਵਰੀ ਨੂੰ ਫਤਿਹਗੜ੍ਹ ਅੰਤਿਮ ਅਰਦਾਸ ਵਿੱਚ ਪੰਹੁਚਣ ਦੀ ਅਪੀਲ

# ਕੌਮੀ ਸੂਰਮੇ ਦੀਪ ਸਿੱਧੂ ਦੀ ਯਾਦ 'ਚ ਫ਼ਰੈਂਕਫ਼ਰਟ ਵਿਖੇ ਕਰਵਾਇਆ ਗਿਆ ਸ਼ਰਧਾਂਜਲੀ ਸਮਾਗਮ

**ਚੰਡੀਗੜ/ਏ.ਟੀ.ਨਿਊਜ਼ :-** ਪਿਛਲੇ ਦਿਨੀਂ ਕਾਰ ਹਾਦਸੇ 'ਚ ਸੰਦੀਪ ਸਿੰਘ ਸਿੱਧੂ ਉਰਫ਼ ਦੀਪ ਸਿੱਧੂ ਦੀ ਮੌਤ ਨਾਲ਼ ਦੁਨੀਆ ਭਰ ਵਿੱਚ ਬੈਠੇ ਸਿੱਖ ਭਾਈਚਾਰੇ 'ਚ ਸੋਗ ਦੀ ਲਹਿਰ ਦੌੜ ਗਈ । ਦੀਪ ਸਿੱਧੂ ਦੀ ਯਾਦ ਵਿੱਚ ਗੁਰਦੁਆਰਾ ਸਿੱਖ ਸੈਂਟਰ ਫ਼ਰੈਂਕਫ਼ਰਟ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਈ ਇੰਦਰਜੀਤ ਸਿੰਘ ਸਿਰਸਾ ਵੱਲੋਂ ਕੀਰਤਨ ਕੀਤਾ ਗਿਆ ਅਤੇ ਭਾਈ ਕੁਲਵਿੰਦਰ ਸਿੰਘ ਸਭਰਾਂ ਤੇ ਭਾਈ ਚਮਕੌਰ ਸਿੰਘ ਸਭਰਾਂ ਦੇ ਜਥੇ ਨੇ ਕਵੀਸ਼ਰੀ ਵਾਰਾਂ ਗਾਇਨ ਕੀਤੀਆਂ। ਇਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸਟੇਜ ਸਕੱਤਰ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਭਾਰਤ



ਸਰਕਾਰ ਵੱਲੋਂ ਸਿੱਖਾਂ ਉੱਪਰ ਕੀਤੇ ਜ਼ੁਲਮਾਂ 'ਤੇ ਚਾਨਣਾ ਪਾਇਆ । ਬੁਲਾਰੇ ਮੀਤ ਪ੍ਰਧਾਨ ਭਾਈ ਗੁਰਦਿਆਲ ਸਿੰਘ ਲਾਲੀ ਨੇ ਜਿੱਥੇ ਦੀਪ ਸਿੱਧੂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਉੱਥੇ ਲੰਮੇ ਸਮੇਂ ਤੋਂ ਕੈਂਸਰ ਦੀ ਬੀਮਾਰੀ ਕਾਰਨ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਭਾਈ ਸੁਖਮਿੰਦਰ ਸਿੰਘ ਹੰਸਰਾ ਨੂੰ ਵੀ ਯਾਦ ਕੀਤਾ। ਇਸ ਮੌਕੇ ਸਿੱਖ ਬੱਚੀਆਂ ਨੇ ਆਪਣੀ ਨਵੀਂ ਪੀੜੀ ਨੂੰ ਦੀਪ ਸਿੱਧੂ ਦੇ ਪੂਰਨਿਆਂ 'ਤੇ ਚੱਲਣ ਦੀ ਗੱਲ ਆਖੀ । ਸਮਾਗਮ 'ਚ ਵੱਖ-ਵੱਖ ਬੁਲਾਰਿਆਂ ਵਜੋਂ ਪ੍ਰਧਾਨ ਭਾਈ ਬਲਕਾਰ ਸਿੰਘ, ਭਾਈ ਜਗਤਾਰ ਸਿੰਘ ਮਾਹਲ ਤੇ ਭਾਈ ਨਰਿੰਦਰ ਸਿੰਘ ਨੇ ਆਪਣੇ ਵਿਚਾਰ ਰੱਖਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ ।

# ਦੀਪ ਸਿੱਧੂ ਲਈ ਨੌਜਵਾਨਾਂ ਨੇ ਕੱਢਿਆ ਕੇਸਰੀ ਮਾਰਚ

**ਬਠਿੰਡਾ/ਏ.ਟੀ.ਨਿਊਜ਼:** ਪ੍ਰਸਿੱਧ ਅਦਾਕਾਰ ਅਤੇ ਕਿਸਾਨੀ ਸੰਘਰਸ਼ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ ਵਾਲੇ ਨੌਜਵਾਨ ਆਗੂ ਦੀਪ ਸਿੱਧੂ ਦੇ ਹੱਕ ਵਿੱਚ ਨੌਜਵਾਨਾਂ ਵੱਲੋਂ ਸ਼ਹਿਰ 'ਚ ਕੇਸਰੀ ਮਾਰਚ ਕੱਢਿਆ ਗਿਆ। ਇਸ ਮੌਕੇ ਇਕੱਤਰ ਹੋਏ ਵੱਡੀ ਗਿਣਤੀ ਨੌਜਵਾਨਾਂ ਨੇ ਦੀਪ ਸਿੱਧੂ ਅਮਰ ਰਹੇ ਦੇ ਨਾਅਰੇ ਲਾਏ। ਨੌਜਵਾਨ ਗੁਰਦੀਪ ਸਿੰਘ ਅਤੇ ਅਮਨਦੀਪ ਸਿੰਘ ਨੇ ਕਿਹਾ ਕਿ ਦੀਪ ਸਿੱਧੂ ਦੀ ਮੌਤ ਸੜਕ ਹਾਦਸੇ ਵਿੱਚ ਨਹੀਂ ਹੋਈ ਸਗੋਂ ਉਸ ਦਾ ਸਿਆਸੀ ਕਤਲ ਕੀਤਾ ਗਿਆ ਹੈ। ਨੌਜਵਾਨਾਂ ਨੇ ਕਿਹਾ ਕਿ ਉਸ ਦੀ ਪਹਿਲਾਂ ਹੀ ਰੇਕੀ ਕੀਤੀ ਜਾ ਰਹੀ ਸੀ ਜਿਸ ਤੋਂ ਬਾਅਦ ਉਸ ਦਾ ਕਤਲ ਕੀਤਾ ਗਿਆ ਹੈ। ਉਨਾਂ ਕਿਹਾ ਕਿ ਪੁਲਿਸ ਨੇ ਕਾਹਲੀ ਨਾਲ਼ ਉਸ ਦੀ



ਗੱਡੀ ਨੂੰ ਜਿਸ ਤਰਾਂ ਪਾਸੇ ਹਟਾ ਦਿੱਤਾ ਇਸ ਤੋਂ ਵੀ ਸ਼ੱਕ ਪ੍ਰਗਟ ਹੁੰਦਾ ਹੈ। ਨੌਜਵਾਨਾਂ ਨੇ ਕਿਹਾ ਕਿ ਇੱਕ ਸਾਜ਼ਿਸ਼ ਤਹਿਤ ਦੀਪ ਸਿੱਧੂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਜਿਹੜੀ ਸਫ਼ਲ ਨਹੀਂ ਹੋਈ। ਉਨਾਂ ਆਖਿਆ ਕਿ ਕਿਸਾਨੀ ਸੰਘਰਸ਼ ਦੌਰਾਨ ਸੱਚ ਬੋਲਣ ਕਰਕੇ ਹੀ ਦੀਪ ਸਿੱਧੂ ਕਈ ਲੋਕਾਂ ਨੂੰ ਰੜਕਦਾ ਸੀ। ਉਨਾਂ ਮੰਗ ਕੀਤੀ ਕਿ ਦੀਪ ਸਿੱਧੂ ਦੀ ਮੌਤ ਦੇ ਮਾਮਲੇ ਦੀ ਡੂੰਘਾਈ ਨਾਲ਼ ਨਿਰਪੱਖ ਜਾਂਚ ਕਰਵਾਈ ਜਾਵੇ। ਇਹ ਕੇਸਰੀ ਮਾਰਚ ਵੱਖ-ਵੱਖ ਬਾਜ਼ਾਰਾਂ ਵਿੱਚ ਦੀ ਲੰਘਿਆ, ਜਿਸ ਵਿੱਚ ਨੌਜਵਾਨਾਂ ਤੋਂ ਇਲਾਵਾ ਵੱਡੀ ਗਿਣਤੀ ਬੀਬੀਆਂ ਵੀ ਸ਼ਾਮਲ ਸਨ। ਨੌਜਵਾਨਾਂ ਨੇ ਹੱਥਾਂ ਵਿੱਚ ਕੇਸਰੀ ਝੰਡੇ ਚੁੱਕੇ ਹੋਏ ਸਨ।









# ਦੀਪ ਸਿੱਧੂ ਨੂੰ ਫ਼ਰਿਜ਼ਨੋ ਨਿਵਾਸੀਆਂ ਨੇ ਦਿੱਤੀ ਸਰਧਾਂਜ਼ਲੀ

## ਦੀਪ ਦੀ ਸੋਚ ਨੂੰ ਅੱਗੇ ਤੋਰਨ ਦਾ ਕੀਤਾ ਵਾਅਦਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ/ ਫ਼ਰਿਜ਼ਨੋ, (ਕੈਲੀਫ਼ੋਰਨੀਆਂ):** ਬੀਤੇ ਸਾਲਾਂ ਦੌਰਾਨ ਭਾਰਤ ਵਿੱਚ ਸਰਕਾਰ ਵੱਲੋਂ ਖੇਤੀਬਾੜੀ ਸੰਬੰਧੀ ਪਾਸ ਕੀਤੇ ਤਿੰਨ ਕਾਲ਼ੇ ਕਾਨੂੰਨਾਂ ਦੇ ਖ਼ਿਲਾਫ਼ ਲੋਕਾਂ ਦੁਆਰਾ ਕੀਤੀ ਵਿਰੋਧਤਾ ਅਤੇ ਸੰਘਰਸ਼ ਨੇ ਬਹੁਤ ਸਾਰੇ ਨਵੇਂ ਲੀਡਰਾਂ ਨੂੰ ਜਨਮ ਦਿੱਤਾ। ਇਸ ਸੰਘਰਸ਼ ਵਿੱਚ ਜਿੱਥੇ ਹਰ ਕਿੱਤੇ ਨਾਲ਼ ਸੰਬੰਧਿਤ ਲੋਕਾਂ ਨੇ ਡਟ ਕੇ ਸਾਥ ਦਿੱਤਾ। ਉੱਥੇ ਕਈ ਲੀਡਰ ਆਪਣੇ ਸਵਾਰਥ ਹਿੱਤ ਮੋਰਚੇ ਵਿੱਚ ਸ਼ਾਮਿਲ ਹੋ ਜਾਂ ਘਰ ਦੀ ਚਾਰ ਦਿਵਾਰੀ ਅੰਦਰ ਰਹਿੰਦਿਆਂ ਅਖ਼ਬਾਰਾਂ ਅਤੇ ਸੋਸ਼ਲ ਮੀਡੀਏ ਦੀਆਂ ਸੁਰਖ਼ੀਆਂ ਹੇਠ ਆਪਣਾ ਨਾਂ ਚਮਕਾਉਣ ਵਿੱਚ ਵੀ ਲੱਗੇ ਰਹੇ। ਇਸੇ ਸੰਘਰਸ਼ ਨੇ ਬਹੁਤ ਜਾਨਾਂ ਵੀ ਲਈਆਂ। ਉਹ ਜਾਨਾਂ ਚਾਹੇ ਸੰਘਰਸ਼ ਵਿੱਚ ਦੌਰਾਨ ਕਿਸੇ ਬੀਮਾਰੀ ਜਾਂ ਹੋਰ ਹਾਦਸੇ ਦੌਰਾਨ ਗਈਆਂ। ਪਰ ਉਹ ਕਿਸਾਨੀ ਸੰਘਰਸ਼ ਲਈ ਸ਼ਹੀਦ ਹੋਏ। ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਸੰਘਰਸ਼ ਵਿੱਚ ਸ਼ਾਮਿਲ ਕਰਨ ਵਾਲੇ ਨੌਜਵਾਨ ਆਗੂ ਦੀਪ ਸਿੱਧੂ ਵੀ ਅਜਿਹੀ ਹੀ ਇੱਕ ਸ਼ਖ਼ਸੀਅਤ ਦਾ ਮਾਲਕ ਸੀ ਜੋ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣਿਆ। ਆਪਣੇ ਸੰਬੰਧੀ ਬਹੁਤ ਸਾਰੇ ਵਿਰੋਧਾ ਦੇ ਬਾਵਜੂਦ ਵੀ ਆਪਣੀ ਜੰਗ ਜਾਰੀ ਰੱਖੀ। ਪਰ ਬੀਤੇ ਦਿਨੀ ਹੋਏ ਸੜਕ ਹਾਦਸੇ ਦੌਰਾਨ ਉਸ ਦੀ ਮੌਤ ਨੂੰ ਸਿਆਸੀ ਕਤਲ ਦੱਸਿਆ ਗਿਆ। ਉਹ ਨੌਜਵਾਨ ਪੀੜੀ ਦਾ ਹਰਮਨ ਪਿਆਰਾ ਆਗੂ ਸੀ। ਜਿਸ ਦੀ ਮਿਸਾਲ ਦੁਨੀਆ ਭਰ ਵਿੱਚ ਉਸ ਦੀ ਯਾਦ ਅੰਦਰ ਸਮਾਗਮ ਹੋ ਰਹੇ ਹਨ। ਕੈਲੀਫ਼ੋਰਨੀਆ ਦੇ ਸ਼ਹਿਰ ਫ਼ਰਿਜ਼ਨੋ ਦੇ "ਸਹੀਦ ਜਸਵੰਤ ਸਿੰਘ ਖਾਲੜਾ ਪਾਰਕ" ਵਿਖੇ ਵੀ ਦੀਪ ਸਿੱਧੂ ਨੂੰ ਯਾਦ ਕਰਦੇ ਹੋਏ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿੱਥੇ ਹਾਜ਼ਰ ਸ਼ਖ਼ਸੀਅਤਾਂ ਨੇ ਉਸ ਦੀ ਸੋਚ 'ਤੇ ਚੱਲਣ ਅਤੇ ਅੱਗੇ ਤੋਰਨ ਦੀ ਵਚਨਬੱਧਤਾ ਪ੍ਰਗਟਾਈ।



# ਕੈਨੇਡਾ ਦੇ ਮੰਤਰੀ ਪੈਟ੍ਰਿਕ ਬ੍ਰਾਊਨ ਨੇ ਦੀਪ ਸਿੱਧੂ ਦੇ ਚਲਾਣੇ 'ਤੇ ਦੁੱਖ ਪ੍ਰਗਟ ਕੀਤਾ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ:-** ਕੈਨੇਡਾ ਦੇ ਮੰਤਰੀ ਪੈਟ੍ਰਿਕ ਬ੍ਰਾਊਨ ਨੇ ਦੀਪ ਸਿੱਧੂ ਦੇ ਚਲਾਣੇ ਤੇ ਦੁੱਖ ਪ੍ਰਗਟ ਕਰਣ ਲਈ ਬ੍ਰੇਮਪਟਨ ਸਿਟੀ ਹਾਲ ਦੇ ਬਾਹਰ ਰੱਖੇ ਇੱਕ ਪ੍ਰੋਗਰਾਮ ਵਿੱਚ ਹਾਜ਼ਰੀ ਭਰੀ ਜਿਸ ਵਿੱਚ ਉਨਾਂ ਨੇ ਦੀਪ ਸਿੱਧੂ ਦੀ ਬੇਵਕਤੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਦੁਨੀਆ ਭਰ ਦੇ ਬਹੁਤ ਸਾਰੇ ਸਿੱਖਾਂ ਨੇ ਕਿਸਾਨੀ ਮੋਰਚੇ ਦੌਰਾਨ ਦੀਪ ਸਿੱਧੂ ਨੂੰ ਉਸਦੀ ਹਿੰਮਤ ਅਤੇ ਅਣਥੱਕ ਵਕਾਲਤ ਲਈ ਇੱਕ ਨਾਇਕ ਵਜੋਂ ਮਾਨਤਾ ਦਿੱਤੀ ਹੈ। ਉਨਾਂ ਆਪਣੇ ਟਵੀਟਰ ਖ਼ਾਤੇ ਤੇ ਵੀ ਲਿਖਿਆ ਕਿ ਉਨਾਂ ਦੇ ਪਰਿਵਾਰ, ਦੋਸਤਾਂ ਅਤੇ ਸਮਰਥਕਾਂ ਪ੍ਰਤੀ ਮੇਰੀ ਸੰਵੇਦਨਾ।





# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕਨੇਡਾ ਈਸਟ) ਦੇ ਪ੍ਰਧਾਨ ਸ. ਸੁਖਮਿੰਦਰ ਸਿੰਘ ਹੰਸਰਾ ਦੇ ਅਕਾਲ ਚਲਾਣਾ ਕਰ ਜਾਣ ਤੇ ਦੁੱਖ ਦਾ ਪ੍ਰਗਟਾਵਾ

**ਨਿਊਯਾਰਕ:-**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕਨੇਡਾ ਈਸਟ ਦੇ ਪ੍ਰਧਾਨ ਸ. ਸੁਖਮਿੰਦਰ ਸਿੰਘ ਹੰਸਰਾ ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਜੋ ਕਿ ਕੁਝ ਸਮੇਂ ਤੋਂ ਬੀਮਾਰ ਚਲੇ ਆ ਰਹੇ ਸਨ ਤੇ ਅਖ਼ੀਰ ਵਾਹਿਗੁਰੂ ਵੱਲੋਂ ਬਖ਼ਸ਼ੀ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਜਾ ਨਿਵਾਜੇ ਹਨ। ਸ. ਹੰਸਰਾ ਜੀ ਦੇ ਤੁਰ ਜਾਣ ਨਾਲ਼ ਜਿੱਥੇ ਪਰਿਵਾਰ ਤੇ ਬੱਚਿਆਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉੱਥੇ ਹੀ ਮੀਡੀਆ ਦੀ ਦੁਨੀਆ ਤੇ ਪੰਥਕ ਸਫ਼ਾਂ ਨੂੰ ਖ਼ਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ. ਹੰਸਰਾ ਨੇ ਜਿੱਥੇ ਕੌਮੀ ਪੱਧਰ ਤੇ ਮੀਡੀਏ ਵਿੱਚ ਨਾਮਣਾ ਕਮਾਇਆ ਉੱਥੇ ਪੰਥਕ ਸੇਵਾਵਾਂ ਵੀ ਕੌਮੀ ਪੱਧਰ ਤੇ ਬੜੀ ਸ਼ਿੱਦਤ ਦੇ ਨਾਲ਼ ਨਿਵਾਈਆਂ। ਸ. ਸੁਖਮਿੰਦਰ ਸਿੰਘ ਹੰਸਰਾ ਜੀ ਨੇ ਟਰਾਂਟੋ (ਕਨੇਡਾ) ਤੋਂ ਪੰਜਾਬੀ ਅਖ਼ਬਾਰ ਵੀ ਲੰਮਾ ਸਮਾਂ ਚਲਾਇਆ। ਪੰਜਾਬੀ ਰੇਡੀਓ ਅਤੇ ਟੀਵੀ ਚੈਨਲ ਵੀ ਚਲਾਇਆ। ਮੀਡੀਏ ਰਾਹੀਂ ਉਹ ਕੌਮ ਦੀ ਅਵਾਜ਼ ਬਣਕੇ ਉੱਭਰੇ ਤੇ ਉਨਾਂ ਕੌਮੀ ਹੱਕਾਂ ਲਈ ਹਮੇਸ਼ਾਂ ਮੂਹਰੇ ਹੋਕੇ ਲੜਾਈ ਲੜੀ।



ਉਹ ਬਹੁਤ ਹੀ ਵਧੀਆ ਬੁਲਾਰੇ ਵੀ ਸਨ ਤੇ ਉਹ ਆਪਣੀ ਗੱਲ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ਼ ਰੱਖਦੇ ਸਨ। ਉਨਾਂ ਕੌਮੀ ਹਿੱਤਾਂ ਨੂੰ ਮੁੱਖ ਰੱਖਕੇ ਕਈ ਵਾਰ ਕਨੇਡਾ ਦੇ ਪ੍ਰਧਾਨ ਮੰਤਰੀ ਮਿਸਟਰ ਟਰੂਡੋ ਨੂੰ ਖ਼ਤ ਵੀ ਲਿਖੇ ਜਿਸ ਵਿੱਚ ਸਿੱਖ ਕੌਮ ਤੇ ਅੰਦਰੋਂ ਤੇ ਬਾਹਰੋਂ ਹੋ ਰਹੇ ਹਮਲਿਆਂ ਤੋਂ ਜਾਣੂ ਕਰਵਾਉਂਦੇ ਰਹਿੰਦੇ ਸਨ। ਭਾਵੇਂ ਕਿ ਉਹ ਬੀਮਾਰੀ ਤੋਂ ਕਾਫ਼ੀ ਪੀੜਤ ਸਨ ਪਰ ਫਿਰ ਵੀ ਉਨਾਂ ਪੰਥਕ ਜਜ਼ਬੇ ਨੂੰ ਕਦੇ ਢਿੱਲਾ ਨਹੀਂ ਪੈਣ ਦਿੱਤਾ। ਜਦ ਵੀ ਉਨਾਂ ਨਾਲ਼ ਗੱਲਬਾਤ ਸਾਂਝੀ ਹੋਣੀ ਤਾਂ ਹਮੇਸ਼ਾ ਚੜਦੀ ਕਲਾ ਵਿੱਚ ਜਵਾਬ ਮਿਲਦਾ ਸੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਜਥੇਬੰਦੀ ਜਿੰਨਾਂ ਵਿੱਚ ਵਿਸ਼ੇਸ਼ ਤੌਰ 'ਤੇ ਸ. ਬੂਟਾ ਸਿੰਘ ਖੜੌਦ, ਸੁਰਜੀਤ ਸਿੰਘ ਕੁਲਾਰ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਤਰਸੇਮ ਸਿੰਘ ਕੈਲੇਫ਼ੋਰਨੀਆ, ਪਵਨ ਸਿੰਘ ਵਰਜੀਨੀਆ, ਜੋਗਾ ਸਿੰਘ ਨਿਊਜਰਸੀ ਤੇ ਬਲਜਿੰਦਰ ਸਿੰਘ ਮੋਰਜੰਡ ਤੇ ਸਮੁੱਚੀ ਜਥੇਬੰਦੀ ਵੱਲੋਂ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ਼ ਦੁੱਖ ਸਾਂਝਾ ਕੀਤਾ ਜਾਂਦਾ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਤੇ ਸ. ਹੰਸਰਾ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ। ਵੱਲੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ












# ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਇਨ ਗੁਰਦੁਆਰਾ ਸਾਹਿਬ ਵਿੱਖੇ ਸ. ਸੰਦੀਪ ਸਿੰਘ (ਦੀਪ) ਸਿੱਧੂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ



**ਸ਼ਿਕਾਗੋ / ਮੱਖਣ ਸਿੰਘ ਕਲੇਰ :-** ਪੈਲਾਟਾਇਨ ਗੁਰਦੁਆਰਾ ਸਾਹਿਬ ਵਿੱਖੇ ਸ਼ੰਘਰਸ਼ੀ ਯੋਧੇ ਤੇ ਕੌਮੀ ਸ਼ਹੀਦ ਸ. ਸੰਦੀਪ ਸਿੰਘ (ਦੀਪ) ਸਿੱਧੂ ਦੀ ਯਾਦ ਵਿੱਚ ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਅਮਰੀਕਾ ਸ਼ਿਕਾਗੋ ਯੂਨਿਟ ,ਸੰਗਤਾਂ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ 'ਤੇ ੧੯ ਫ਼ਰਵਰੀ ਦਿਨ ਸ਼ੁੱਕਰਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਜਿੰਨਾਂ ਦੇ ਭੋਗ ਦਿਨ ਐਤਵਾਰ ੨੦ ਫ਼ਰਵਰੀ ਨੂੰ ਸਵੇਰ ਵੇਲੇ ਪਾਏ ਗਏ। ਉਪਰੰਤ ਕੀਰਤਨ, ਕਥਾ ਅਤੇ ਵੱਖ-ਵੱਖ ਬੁਲਾਰਿਆਂ ਵੱਲੋਂ ਦੀਪ ਸਿੱਧੂ ਨੂੰ ਆਪਣੇ ਵਿਚਾਰਾਂ ਨਾਲ਼ ਸ਼ਰਧਾਂਜਲੀ ਭੇਂਟ ਕੀਤੀ। ਗੁਰਦੁਆਰਾ ਸਾਹਿਬ ਦੀ ਧਾਰਮਿਕ ਸਕੱਤਰ ਬੀਬੀ ਜਸਵੀਰ ਕੌਰ ਨੇ ਸੰਗਤਾਂ ਨਾਲ਼ ਅੱਜ ਦੇ ਸ਼ਰਧਾਂਜਲੀ ਸਮਾਗਮ ਤੋਂ ਜਾਣੂ ਕਰਵਾਇਆ ਤੇ ਦੀਪ ਸਿੱਧੂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਜੋ ਕਿ ੧੫ ਫ਼ਰਵਰੀ ਨੂੰ ਇੱਕ ਐਕਸੀਡੈਂਟ ਰਾਹੀਂ ਸਾਨੂੰ ਸਭ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਅਤੇ ਸਮਾਗਮ ਵਿੱਚ ਸ਼ਾਮਿਲ ਬੁਲਾਰਿਆਂ ਦੀ ਸੰਗਤਾਂ ਨਾਲ਼ ਸਾਂਝ ਪੁਵਾਈ। ਬੁਲਾਰਿਆਂ ਵਿੱਚ ਸਭ ਤੋਂ ਪਹਿਲਾਂ ਸ. ਹਰਜੀਤ ਸਿੰਘ ਗਿੱਲ ਜੋ ਕਿ ਗੁਰਦੁਆਰਾ ਸਾਹਿਬ ਦੇ ਸਾਬਕਾ ਧਾਰਮਿਕ ਸਕੱਤਰ ਦੀ ਸੇਵਾ ਨਿਭਾਅ ਚੁੱਕੇ ਹਨ ਨੇ ਉਨਾਂ ਆਪਣੇ ਵਿਚਾਰ ਸੰਗਤਾਂ ਨਾਲ਼ ਸਾਂਝੇ ਕੀਤੇ ਜਿਸ ਵਿੱਚ ਉਨਾਂ ਦੀਪ ਸਿੱਧੂ ਦੇ ਪਿਛੋਕੜ, ਜਨਮ ਅਤੇ ਪਿੰਡ ਤੇ ਪਰਿਵਾਰ ਬਾਰੇ ਸੂਖ਼ਮ ਜਾਣਕਾਰੀ ਸਾਂਝੀ ਕੀਤੀ ਅਤੇ ਦੀਪ ਵੱਲੋਂ ਕਿਸਾਨੀ ਮੋਰਚੇ ਵਿੱਚ ਨਿਭਾਈਆਂ ਸੇਵਾਵਾਂ ਬਾਰੇ ਵੀ ਦੱਸਿਆ। ਅਖ਼ੀਰ ਉਨਾਂ ਦੱਸਿਆ ਕਿ ਉਹ ਦੀਪ ਸਿੱਧੂ ਦੇ ਸਸਕਾਰ ਵਿੱਚ ਵੀ ਸ਼ਾਮਿਲ ਹੋਏ ਸਨ। ਕਿਉਂਕਿ ਉਨਾਂ ਦਿਨਾਂ ਵਿੱਚ ਉਹ ਪੰਜਾਬ ਵਿੱਚ ਸਨ। ਉਨਾਂ ਦੱਸਿਆ ਕਿ ਸਸਕਾਰ ਵਿੱਚ ਅੱਸੀ ਹਜਾਰ ਤੋਂ ਵੀ ਵੱਧ ਦਾ ਇਕੱਠ ਸੀ। ਸਸਕਾਰ ਸਮੇਂ ਹਰ ਅੱਖ ਰੋ ਰਹੀ ਸੀ। ਬਹੁਤ ਹੀ ਸੋਗਮਈ ਪਲ ਸਨ। ਅਗਲੇ ਬੁਲਾਰੇ ਸ. ਗੁਰਮੁਖ ਸਿੰਘ ਭੁੱਲਰ ਹੁਰਾਂ ਨੇ ਦੀਪ ਸਿੱਧੂ ਦੀ ਪੜਾਈ ਤੇ ਉਸਦੇ ਫ਼ਿਲਮੀ ਕੈਰੀਅਰ ਅਤੇ ਦਿਉਲ ਪਰਿਵਾਰ ਨਾਲ਼ ਨੇੜਤੇ ਬਾਰੇ ਹਰ ਪਹਿਲੂ ਤੇ ਵਿਚਾਰ ਸਾਂਝੇ ਕੀਤੇ। ਉਨਾਂ ਦੱਸਿਆ ਕਿ ਦੀਪ ਸਿੱਧੂ ਨੇ ਇੰਗਲੈਂਡ ਤੋਂ ਲਾਅ ਦੀ ਡਿਗਰੀ ਪ੍ਰਾਪਤ ਕੀਤੀ ਤੇ ਫਿਰ ਉਹ ਵਾਪਿਸ ਬੰਬਈ ਵਿੱਚ ਆ ਗਏ ਜਿੱਥੇ ਉਨਾਂ ਕਈ ਵੱਡੀਆਂ-ਵੱਡੀਆਂ ਫ਼ਿਲਮੀ ਹਸਤੀਆਂ ਨਾਲ਼ ਕੰਮ ਕੀਤਾ। ਫਿਰ ਉਹਨਾਂ ਆਪ ਵੀ ਫ਼ਿਲਮਾਂ ਕੀਤੀਆਂ। ਜਿੰਨਾਂ ਵਿੱਚ ਪਹਿਲੀ ਫ਼ਿਲਮ ਰਮਤਾ ਯੋਗੀ ਸੀ। ਉਸ ਤੋਂ ਬਾਅਦ ਬਹੁਤ ਹੀ ਚਰਚਿਤ ਜੋਰਾ ਦਸ ਨੰਬਰੀਆ ਫ਼ਿਲਮ ਵੀ ਆਈ ਸੀ। ਜਿਸ ਨਾਲ਼ ਉਨਾਂ ਦੀ ਬਹੁਤ ਵੱਡੀ ਪਹਿਚਾਣ ਹੋਈ ਸੀ। ਸ. ਭੁੱਲਰ ਨੇ ਉਨਾਂ ਨਾਲ਼ ਫ਼ੋਨ ਤੇ ਹੋਈ ਗੱਲਬਾਤ ਬਾਰੇ ਵੀ ਦੱਸਿਆ। ਇਸੇ ਤਰਾਂ ਦੀਪ ਸਿੱਧੂ ਦੇ ਬਚਪਨ ਦੇ ਦੋਸਤ ਹਰਮੀਤ ਸਿੰਘ ਸੈਣੀ ਨੇ ਵੀਡੀਓ ਕਾਨਫ਼ਰੰਸ ਰਾਹੀਂ ਆਪਣੇ ਵਿਚਾਰਾਂ ਦੀ ਸਾਂਝ ਪਾਈ। ਜਿਸ ਵਿੱਚ ਉਨਾਂ ਦੱਸਿਆ ਕਿ ਜਦ ਅਸੀਂ ਲੁਧਿਆਣੇ ਪੜਦੇ ਹੁੰਦੇ ਸੀ। ਉਸ ਸਮੇਂ ਦੀਪ ੧੪/੧੫ ਸਾਲ ਦਾ ਹੁੰਦਾ ਸੀ। ਸਾਡੇ ਨਾਲ਼ ਬਾਸਕਟਬਾਲ ਖੇਡਦਾ ਹੁੰਦਾ ਸੀ। ਇਹ ਬਾਸਕਟ ਬਾਲ ਦੀ ਗੇਮ ਸਮੇਂ ਵੀ ਬਹੁਤ ਵਧੀਆ ਢੰਗ ਨਾਲ਼ ਖੇਡਦਾ ਹੁੰਦਾ ਸੀ ਤੇ ਅਸੀਂ ਉਸਦਾ ਨਾਮ ਪਰਛਾਵਾਂ ਰੱਖਿਆ ਹੁੰਦਾ ਸੀ ਕਿਉਕਿੰ ਉਹ ਹਰ ਸਮੇਂ ਸਾਡੇ ਤੇ ਚੜਿਆ ਰਹਿੰਦਾ ਸੀ ਤੇ ਸਾਥੋਂ ਬਾਲ ਖੋਹ ਲੈਂਦਾ ਸੀ। ਅਸੀਂ ਉਸ ਤੋਂ ਸੱਤ/ਅੱਠ ਸਾਲ ਵੱਡੇ ਸੀ। ਇਹ ਛੋਟਾ ਹੁੰਦਾ ਹੀ ਸਾਡੇ ਨਾਲ਼ੋਂ ਵੱਧ ਸਿਆਣੀਆਂ ਗੱਲਾਂ ਕਰਦਾ ਤੇ ਇਤਿਹਾਸ ਪ੍ਰਤੀ ਵੀ ਬਹੁਤ ਜਾਣਕਾਰੀ ਰੱਖਦਾ ਹੁੰਦਾ ਸੀ। ਫਿਰ ਉਨਾਂ ਇਹ ਵੀ ਦੱਸਿਆ ਕਿ ਮੈਂ ੨੦੦੧ ਦੇ ਕਰੀਬ ਅਮਰੀਕਾ ਆ ਗਿਆ ਤੇ ਸਾਡਾ ਮਿਲਾਪ ਨਹੀਂ ਹੋ ਸਕਿਆ ਪਰ ਇੱਕ ਵਾਰ ਅਸੀਂ ਉਸਦੀ ਫ਼ਿਲਮ ਦੇਖ ਰਹੇ ਸੀ ਤਾਂ ਮੈਨੂੰ ਇੰਝ ਲੱਗਾ ਕਿ ਮੈਂ ਇਸ ਨੂੰ ਜਾਣਦਾ ਹਾਂ ਪਰ ਯਾਦ ਨਹੀਂ ਸੀ ਆ ਰਿਹਾ ਪਰ ਕੁਝ ਸਮੇਂ ਇਸ ਬਾਰੇ ਯਾਦ ਆਇਆ ਤੇ ਇਸ ਦਾ ਨੰਬਰ ਲੱਭਕੇ ਕਾਲ ਕੀਤੀ ਤੇ ਦੀਪ ਨਾਲ਼ ਗੱਲ ਕੀਤੀ ਤਾਂ ਸਭ ਪੁਰਾਣੀਆਂ ਯਾਦਾਂ ਵਾਪਿਸ ਆ ਗਈਆਂ। ਸ. ਸੈਣੀ ਨੇ ਦੱਸਿਆ ਕਿ ਮੇਰੇ ਨਾਲ਼ ਫ਼ੋਨ ਤੇ ਬਹੁਤ ਗੰਭੀਰ ਗੱਲਾਂ-ਬਾਤਾਂ ਤੇ ਪੰਜਾਬ ਤੇ ਨੌਜਵਾਨੀ ਲਈ ਕੁਝ ਕਰਨ ਲਈ ਪ੍ਰੇਰਦਾ ਹੁੰਦਾ ਸੀ। ਪਰ ਆਹ ਨਹੀਂ ਪਤਾ ਸੀ ਕਿ ਦੀਪ ਸਾਨੂੰ ਵਿੱਚ ਹੀ ਛੱਡ ਕੇ ਚਲਿਆ ਜਾਏਗਾ। ਅਗਲੇ ਬੁਲਾਰੇ ਗੁਰਿੰਦਰ ਕੌਰ ਕਲੇਰ ਜੋ ਕਿ ਸਿੱਖ ਯੂਥ ਆਫ਼ ਸ਼ਿਕਾਗੋ ਵੱਲੋਂ ਸਨ। ਜਿਸ ਨੇ ਆਪਣੇ ਵਿਚਾਰਾਂ ਰਾਹੀਂ ਦੀਪ ਸਿੱਧੂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਉੱਥੇ ਹੀ ਉਸਨੇ ਦੀਪ ਸਿੱਧੂ ਬਾਰੇ ਕਿਹਾ ਕਿ ਸਾਡੇ ਦੀਪ ਵੀਰੇ ਦੀ ਐਕਸੀਡੈਂਟ ਰਾਹੀਂ ਮੌਤ ਨਹੀਂ ਹੋਈ ਸਗੋਂ ਨਾਟਕੀ ਢੰਗ ਰਾਹੀਂ ਉਸਦਾ ਕਤਲ ਕੀਤਾ ਗਿਆ ਹੈ। ਕਿਉਂਕਿ ਦੀਪ ਸਿੱਧੂ ਤੇ ਉਨਾਂ ਦੇ ਸਾਥੀਆਂ ਵਲੋਂ ੨੬ ਜਨਵਰੀ ਨੂੰ ਦਿੱਲੀ ਵਿੱਚ ਲਾਲ ਕਿਲੇ ਉੱਪਰ ਨਿਸ਼ਾਨ ਸਾਹਿਬ ਝੁਲਾਉਣ ਤੋਂ ਬਾਅਦ ਉਹ ਭਾਰਤੀ ਏਜੰਸੀਆਂ ਅਤੇ ਸਰਕਾਰਾਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ ਸੀ। ਕੁਝ ਆਪਣਿਆਂ ਨੇ ਵੀ ਕੋਈ ਕਸਰ ਨਹੀਂ ਛੱਡੀ ਵੱਖ-ਵੱਖ ਨਾਵਾਂ ਨਾਲ਼ ਉਸ ਨੂੰ ਭੰਡਿਆ ਗਿਆ ਤੇ ਫਿਰ ਉਸ ਨੂੰ ਕੁਝ ਸਮੇਂ ਲਈ ਜੇਲ ਵੀ ਜਾਣਾ ਪਿਆ। ਜੇਲ ਤੋਂ ਬਾਹਰ ਆਕੇ ਉਨਾਂ ਦਾ ਮਿਲਾਪ ਪੰਥਕ ਲੀਡਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨਾਲ਼ ਹੁੰਦਾ ਹੈ। ਦੋਨੋਂ ਜਣੇ ਇਕੱਠੇ ਹੋ ਕਿ ਪੰਥ ਦੀ ਵਿਗੜੀ ਹਾਲਤ ਨੂੰ ਸੰਵਾਰਨ ਲਈ ਇਕੱਠੇ ਕਦਮ ਪੁੱਟਣ ਲੱਗੇ। ਪੰਜਾਬ ਵਿੱਚ ਵੋਟਾਂ ਦੇ ਐਲਾਨ ਤੋਂ ਬਾਅਦ ਸ. ਦੀਪ ਸਿੱਧੂ ਨੇ ਆਪਣੇ ਸਾਥੀਆਂ ਨਾਲ਼ ਸ. ਸਿਮਰਨਜੀਤ ਸਿੰਘ ਮਾਨ ਸਾਬ ਦੀ ਸਪੋਟ ਵਿੱਚ ਰੈਲੀਆਂ ਸ਼ੁਰੂ ਕਰ ਦਿੱਤੀਆਂ ਤੇ ਪ੍ਰਭਾਵਸ਼ਾਲੀ ਤਕਰੀਰਾਂ ਰਾਹੀਂ ਨੌਜਵਾਨੀ ਵਿੱਚ ਨਵੀਂ ਰੂਹ ਭਰ ਦਿੱਤੀ। ਜਿਸ ਨਾਲ਼ ਸ. ਸਿਮਰਨਜੀਤ ਸਿੰਘ ਮਾਨ ਨੂੰ ਬਹੁਤ ਬਲ ਮਿਲਿਆ। ਦੀਪ ਦਾ ਹਰ ਇੱਕ ਬੋਲ ਨੂੰ ਨੌਜਵਾਨੀ ਹੁਣ ਰੱਬੀ ਫ਼ੁਰਮਾਨ ਸਮਝਣ ਲੱਗੀ। ਪਰ ਇੱਕ ਮਨਹੂਸ ਘੜੀ ਆਈ ਤੇ ਦੀਪ ਵੀਰੇ ਨੂੰ ਸਾਡੇ ਨਾਲ਼ੋਂ ਹਮੇਸ਼ਾ ਲਈ ਵਿਛੋੜ ਕੇ ਲੈ ਗਈ । ਦੀਪ ਵੀਰੇ ਦਾ ਸੁਪਨਾ ਸੀ ਕਿ ਸ. ਸਿਮਰਨਜੀਤ ਮਾਨ ਨੂੰ ਵੋਟਾਂ 'ਚ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਾ ਤੇ ਪੰਜਾਬ ਦੀ ਅਜ਼ਾਦੀ ਦੀ ਗੱਲ ਸ਼ੁਰੂ ਕਰਨੀ ਹੈ। ਗੁਰਿੰਦਰ ਕੌਰ ਨੇ ਅਖ਼ੀਰ ਦੀਪ ਦੇ ਸੁਪਨੇ ਦੇ ਪੰਜ ਨਾਅਰੇ ਸੰਗਤ ਤੋਂ ਖ਼ਾਲਿਸਤਾਨ ਜ਼ਿੰਦਾਬਾਦ ਦੇ ਵੀ ਲਗਵਾਏ। ਸਿੱਖ ਯੂਥ ਵੱਲੋਂ ਦੀਪ ਦੀ ਸਪੀਚਾਂ ਵਾਲੀ ਇੱਕ ਦਸ ਕੁ ਮਿੰਟ ਦੀ ਇੱਕ ਡਾਕੂਮੈਂਟਰੀ ਵੀ ਸੰਗਤਾਂ ਨੂੰ ਦਿਖਾਈ ਗਈ। ਉਸ ਸਮੇਂ ਸੰਗਤ ਦੀਆਂ ਅੱਖਾਂ ਵਿੱਚੋਂ ਆਪ ਮੁਹਾਰੇ ਹੰਝੂ ਵੱਗ ਰਹੇ ਸਨ। ਸ. ਹਰਵੀਰ ਸਿੰਘ ਵਿਰਕ ਨੇ ਵੀ ਬਹੁਤ ਪ੍ਰਭਾਵਸ਼ਾਲੀ ਵਿਚਾਰ ਸੰਗਤਾਂ ਸਾਂਝੇ ਕੀਤੇ। ਉਨਾਂ ਵੀ ਆਪਣੇ ਮਨ 'ਚੋਂ ਗੰਭੀਰ ਵਿਚਾਰਾਂ ਰਾਹੀਂ ਦੀਪ ਨੂੰ ਸ਼ਰਧਾਂਜਲੀ ਭੇਟ ਕੀਤੀ। ਸ. ਵਿਰਕ ਨੇ ਤਾਂ ਇੱਥੋਂ ਕਹਿ ਦਿੱਤੇ ਜਿਹੜੇ ਦੀਪ ਸਿੱਧੂ ਨੂੰ ਗ਼ੱਦਾਰੀ ਦੇ ਸਰਟੀਫ਼ਿਕੇਟ ਵੰਡਦੇ ਸਨ। ਉਹ ਅੱਜ ਖ਼ੁਦ ਆਰ.ਐਸ. ਐਸ. ਤੇ ਭਾਜਪਾ ਦੀ ਝੋਲੀ ਵਿੱਚ ਪੈ ਚੁੱਕੇ ਹਨ। ਦੀਪ ਸਿੱਧੂ ਇਹਨਾਂ ਕਾਮਰੇਡਾਂ ਵੱਲੋਂ ਲਾਏ ਝੂਠੇ ਇਲਜ਼ਾਮਾਂ ਪ੍ਰਤੀ ਸਫ਼ਾਈਆਂ ਦਿੰਦਾ-ਦਿੰਦਾ ਇਸ ਦੁਨੀਆ ਤੋਂ ਤੁਰ ਗਿਆ। ਪਰ ਉਨਾਂ ਕਿਹਾ ਕਿ ਅਸੀਂ ਦੀਪ ਦੀ ਸੋਚ ਨੂੰ ਨਹੀਂ ਮਰਨ ਦਿਆਂਗੇ। ਸ. ਵਿਰਕ ਨੇ ਵੀ ਸਿੱਖਾਂ ਲਈ ਵੱਖਰੇ ਰਾਜ ਦੀ ਗੱਲ ਕੀਤੀ ਉਪਰੰਤ ਜੈਕਾਰੇ ਲਾਏ ਗਏ। ਸਿੱਖ ਯੂਥ ਆਫ ਸ਼ਿਕਾਗੋ ਵੱਲੋਂ ਦੀਪ ਦੀ ਯਾਦ ਵਿੱਚ ਹੱਥਾਂ ਵਿੱਚ ਮੋਮਬੱਤੀਆਂ ਫੜ ਕੇ ਵਾਹਿਗੁਰੂ ਅੱਗੇ ਅਰਦਾਸ ਬੇਨਤੀ ਕੀਤੀ ਗਈ ਤੇ ਬੱਚਿਆਂ ਵੱਲੋਂ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ. ਅਮਰਦੇਵ ਸਿੰਘ ਬਦੇਸ਼ਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਸੰਗਤਾਂ ਅਤੇ ਬੁਲਾਰਿਆਂ ਦਾ ਧੰਨਵਾਦ ਕੀਤਾ।




ਦੀਪ ਸਿੱਧੂ ਦੀ ਯਾਦ ਵਿੱਚ ਮਾਂਟੇਕਾ ਵਿਖੇ ਕੱਢੇ ਗਏ ਮਾਰਚ ਦੀਆਂ ਤਸਵੀਰਾਂ



# ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਕਿਸਾਨ ਅੰਦੋਲਨ ਦੀ ਫ਼ਤਹਿ ਅਤੇ ਸ਼ਹੀਦ ਹੋਏ ਕਿਸਾਨਾਂ ਨਮਿਤ ਅਖੰਡ ਪਾਠ ਸਾਹਿਬ ਕਰਵਾਏ

## ✪ ਦੀਪ ਸਿੱਧੂ ਦੀ ਯਾਦ ’ਚ ਕੈਂਡਲ ਲਾਈਟ ਵਿਜਿਲ ✪ ਸੰਗਤਾਂ ਵੱਲੋਂ ਨਿੱਘੀ ਸ਼ਰਧਾਂਜਲੀ

**ਫ਼ਰਵਰੀ/ਏ.ਟੀ.ਨਿਊਜ਼** :- ਕਿਸਾਨ ਅੰਦੋਲਨ ਫ਼ਤਹਿ ਹੋਣ ਦੇ ਸ਼ੁਕਰਾਨੇ ਅਤੇ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਵਿੱਚ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ਼ ਗਰੇਟਰ ਸਿਨਸਿਨਾਟੀ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ ਤੋਂ ਇਲਾਵਾ ਨਾਲ਼ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ।

ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਭਾਈ ਅਮਰੀਕ ਸਿੰਘ, ਭਾਈ ਨਿਰਮਲ ਸਿੰਘ ਦੇ ਜੱਥੇ ਨੇ ਸ਼ਬਦ ਕੀਰਤਨ ਨਾਲ਼ ਸੰਗਤਾਂ ਨੂੰ ਨਿਹਾਲ ਕੀਤਾ। ਹੈਂਡਗ੍ਰੰਥੀ ਭਾਈ ਅਮਰੀਕ ਸਿੰਘ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਸ਼ਹੀਦ ਹੋਏ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ





ਕੀਤੀ। ਕਿਸਾਨ ਅੰਦੋਲਨ ਸ਼ੁਰੂ ਹੋਣ ਤੋਂ ਬਾਅਦ ਇਸ ਦੀ ਸਫ਼ਲਤਾ ਲਈ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਹੁੰਦੀ ਰਹੀ।

ਇਸ ਦੌਰਾਨ ਬੀਤੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਕਿਸਾਨ ਅੰਦੋਲਨ ਵਿੱਚ ਨੌਜਵਾਨਾਂ ਦੇ ਆਗੂ ਰਹੇ ਅਤੇ ਅਦਾਕਾਰ ਦੀਪ ਸਿੱਧੂ (ਸੰਦੀਪ ਸਿੰਘ ਸਿੱਧੂ) ਦੀ ਮੌਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਿਨਸਿਨਾਟੀ ਦੀ ਸਮੂਹ ਸੰਗਤ ਵੱਲੋਂ ਦੀਪ ਸਿੱਧੂ ਦੀ ਯਾਦ ਵਿੱਚ ਕੈਂਡਲ ਲਾਈਟ ਵਿਜਿਲ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸੰਗਤ ਵੱਲੋਂ ਵਿਚਾਰ ਸਾਂਝੇ ਕੀਤੇ ਗਏ ਕਿ ਦੀਪ ਸਿੱਧੂ ਕਿਸਾਨ ਅੰਦੋਲਨ ਦੇ ਦੌਰਾਨ ਇੱਕ ਮਜ਼ਬੂਤ ਆਵਾਜ਼ ਸੀ ਜੋ ਮਨੁੱਖੀ ਅਧਿਕਾਰਾਂ, ਪੰਜਾਬ ਅਤੇ ਇਸਦੇ ਲੋਕਾਂ ਲਈ ਵਧੇਰੇ ਖ਼ੁਦਮੁਖ਼ਤਿਆਰੀ ਅਤੇ ਭਾਰਤ ਦੇ ਨਾਗਰਿਕਾਂ ਪ੍ਰਤੀ ਮਨੁੱਖਤਾ ਵਿਰੁੱਧ ਕੀਤੇ ਗਏ ਕਿਸੇ ਵੀ ਅਪਰਾਧ ਲਈ ਨਿਆਂ ਲਈ ਸ਼ਾਂਤਮਈ ਢੰਗ ਨਾਲ਼ ਵਕਾਲਤ ਕਰਦਾ ਸੀ। ਉਨਾਂ ਦੇ ਜਾਣ ਦਾ ਸਭਨਾਂ ਨੂੰ ਬਹੁਤ ਦੁੱਖ ਹੈ। ਉਨਾਂ ਦੀ ਆਤਮਿਕ ਸ਼ਾਂਤੀ ਲਈ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਵੀ ਆਰੰਭ ਕੀਤੇ ਗਏ, ਜਿਸ ਦਾ ਭੋਗ 27 ਫ਼ਰਵਰੀ ਨੂੰ ਪਵੇਗਾ। ਪ੍ਰਬੰਧਕ ਕਮੇਟੀ ਵੱਲੋਂ ਤਿੰਨ ਦਿਨ ਚੱਲੇ ਇਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਤੇ ਸੰਗਤ ਦਾ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

# ਬ੍ਰਿਟਿਸ਼ ਫ਼ੌਜ ਦੀ ਪੰਜਾਬਣ ਅ.ਫ਼ਸਰ ਨੇ ਅੰਟਾਰਕਟਿਕਾ ਮਹਾਂਸਾਗਰ ਦਾ ਸ.ਫ਼ਰ ਕਰਕੇ ਇਤਿਹਾਸ ਰਚਿਆ

**ਲੰਡਨ/ਏ.ਟੀ.ਨਿਊਜ਼:** ਹਰਪ੍ਰੀਤ ਕੌਰ ਚਾਂਦੀ ਨੂੰ ਲੋਕ ਪੋਲਰ ਪ੍ਰੀਤ ਨਾਮ ਨਾਲ਼ ਵੀ ਜਾਣਦੇ ਹਨ। 33 ਸਾਲ ਦੇ ਪ੍ਰੀਤ ਹਾਲ ਹੀ ਵਿੱਚ ਅੰਟਾਰਕਟਿਕਾ ਦੀ ਸੈਰ ਕਰਨ ਵਾਲੀ ਪਹਿਲੀ ਸਾਊਥ ਏਸ਼ੀਅਨ ਬੀਬੀ ਬਣੀ ਹੈ।

ਕੈਪਟਨ ਪ੍ਰੀਤ ਪੇਸ਼ੇ ਤੋਂ ਫ਼ਿਜ਼ੀਓਥੈਰੇਪਿਸਟ ਹਨ ਅਤੇ ਬ੍ਰਿਟਿਸ਼ ਫ਼ੌਜ ਲਈ ਕੰਮ ਕਰਦੇ ਹਨ। ਆਪਣੇ ਅੰਟਾਰਕਟਿਕਾ ਦੌਰੇ ਦੌਰਾਨ ਉਨਾਂ ਨੇ 40 ਦਿਨ, 7 ਘੰਟੇ ਅਤੇ 3 ਮਿੰਟ ਦੇ ਅੰਦਰ 1,126 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਆਪਣੇ ਸਫ਼ਰ ਦੌਰਾਨ ਪ੍ਰੀਤ ਨੂੰ ਮਾਈਨਸ 50 ਡਿਗਰੀ ਸੈਲਸੀਅਸ ਘੱਟ ਤਾਪਮਾਨ ਦਾ ਸਾਹਮਣਾ ਕਰਨਾ ਪਿਆ। ਉਹ ਰੋਜ਼ਾਨਾ ਲਗਭਗ 27 ਕਿਲੋਮੀਟਰ ਪੈਦਲ ਚੱਲਦੇ ਸਨ ਅਤੇ ਉਨਾਂ ਨੂੰ 90 ਕਿੱਲੋ ਦੇ ਭਾਰ ਨੂੰ ਵੀ ਖਿੱਚਣਾ ਹੁੰਦਾ ਸੀ, ਜਿਸ ਵਿੱਚ ਉਨਾਂ ਦਾ ਸਮਾਨ ਲੱਦਿਆ ਹੁੰਦਾ ਸੀ।

ਉਸ ਨੇ ਲਿਖਿਆ, “ਮੈਂ ਦੱਖਣੀ ਧਰੁਵ ’ਤੇ ਪਹੁੰਚ ਗਈ ਹਾਂ, ਜਿੱਥੇ ਬਰਫ਼ਬਾਰੀ ਹੋ ਰਹੀ





ਹੈ। ਇਸ ਸਮੇਂ ਮੇਰੇ ਮਨ ਵਿੱਚ ਬਹੁਤ ਸਾਰੀਆਂ ਭਾਵਨਾਵਾਂ ਚੱਲ ਰਹੀਆਂ ਹਨ। ਮੈਨੂੰ ਤਿੰਨ ਸਾਲ ਪਹਿਲਾਂ ਧਰੁਵੀ ਸੰਸਾਰ ਬਾਰੇ ਕੁਝ ਨਹੀਂ ਪਤਾ ਸੀ ਅਤੇ ਆਖ਼ਿਰਕਾਰ ਇੱਥੇ ਹੋਣਾ ਕਿੰਨਾ ਅਸਲ ਮਹਿਸੂਸ ਹੁੰਦਾ ਹੈ। ਇੱਥੇ ਪਹੁੰਚਣਾ ਮੁਸ਼ਕਲ ਸੀ ਅਤੇ ਮੈਂ ਸਭ ਦੇ ਸਮਰਥਨ ਲਈ ਧੰਨਵਾਦ ਕਰਦੀ ਹਾਂ।” ਉਸ ਨੇ ਆਪਣੀ ਯਾਤਰਾ ਦਾ ਇੱਕ ਲਾਈਵ ਟਰੈਕਿੰਗ ਨਕਸ਼ਾ ਅਪਲੋਡ ਕੀਤਾ ਅਤੇ ਬਰਫ਼ ਨਾਲ਼ ਢੱਕੇ ਖੇਤਰ ਵਿੱਚ ਆਪਣੀਆਂ ਯਾਤਰਾਵਾਂ ਦੇ ਨਿਯਮਤ ਦ੍ਰਿਸ਼ ਬਲੌਗ ਉੱਪਰ ਵੀ ਪੋਸਟ ਕੀਤੇ।

ਪ੍ਰੀਤ ਦਾ ਕਹਿਣਾ ਹੈ ਕਿ ਇਹ ਤਾਂ ਹਾਲੇ ਸ਼ੁਰੂਆਤ ਹੈ ਅਤੇ ਉਨਾਂ ਆਪਣੇ ਅਗਲੇ ਟੀਚੇ ਲਈ ਹੁਣੇ ਤੋਂ ਹੀ ਟ੍ਰੇਨਿੰਗ ਸ਼ੁਰੂ ਕਰ ਦਿੱਤੀ ਹੈ।

# ਬਲਜਿੰਦਰ ਕੌਰ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੀ ਜੱਜ ਬਣੀ



**ਐਬਟਸਫ਼ੋਰਡ/ਏ.ਟੀ.ਨਿਊਜ਼:** ਕੈਨੇਡਾ ਦੇ ਅਟਾਰਨੀ ਜਨਰਲ ਤੇ ਨਿਆਂ ਮੰਤਰੀ ਡੇਵਿਡ ਲਮੇਟੀ ਨੇ ਵੈਨਕੂਵਰ ਦੀ ਨਾਮਵਾਰ ਪੰਜਾਬਣ ਵਕੀਲ ਬਲਜਿੰਦਰ ਕੌਰ ਗਿਰਨ ਨੂੰ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੌਰਟ ਦੀ ਜੱਜ ਨਿਯੁਕਤ ਕੀਤਾ ਹੈ । ਬਲਜਿੰਦਰ ਕੌਰ ਗਿਰਨ ਇਸ ਉੱਚ ਅਹੁਦੇ ’ਤੇ ਬਿਰਾਜਮਾਨ ਹੋਣ ਵਾਲੀ ਦੂਸਰੀ ਪੰਜਾਬਣ ਹੈ । ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਵੱਲੋਂ ਜੂਨ 2017 ਵਿੱਚ ਪਲਬਿੰਦਰ ਕੌਰ ਸ਼ੇਰਗਿੱਲ ਨੂੰ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੀ ਜੱਜ ਨਿਯੁਕਤ ਕੀਤਾ ਗਿਆ ਸੀ। ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਹਿਰ ਬਲਾਚੌਰ ਦੀ ਜੰਮਪਲ ਬਲਜਿੰਦਰ ਕੌਰ ਗੁਰਦੁਆਰਾ ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ ਦੇ ਲੰਮਾ ਸਮਾਂ ਪ੍ਰਧਾਨ ਰਹੇ ਮਰਹੂਮ ਰਤਨ ਸਿੰਘ ਗਿਰਨ ਦੀ ਧੀ ਹੈ। ਉਹ 6 ਸਾਲ ਦੀ ਉਮਰ ’ਚ ਕੈਨੇਡਾ ਆਈ ਸੀ। ਬਰਨਬੀ ਦੇ ਸਾਈਮਨ ਫ਼ਰੇਜ਼ਰ ਯੂਨੀਵਰਸਿਟੀ ਤੋਂ ਬੀ.ਏ. ਕਰਨ ਉਪਰੰਤ ਬਲਜਿੰਦਰ ਕੌਰ ਨੇ ਓਨਟਾਰੀਓ ਦੀ ਕੁਈਨਜ਼ ਯੂਨੀਵਰਸਿਟੀ ਤੋਂ ਐੱਲ.ਐੱਲ.ਬੀ. ਪਾਸ ਕੀਤੀ ਅਤੇ 2002 ਵਿੱਚ ਉਸ ਨੇ ਵਕਾਲਤ ਕਰਨੀ ਸ਼ੁਰੂ ਕੀਤੀ । ਬਲਜਿੰਦਰ ਕੌਰ ਗਿਰਨ ਨੇ ਪਬਲਿਕ ਪ੍ਰੋਸਕਿਊਸ਼ਨ ਸਰਵਿਸ ਆਫ਼ ਕੈਨੇਡਾ ਨਾਲ਼ ਸੀਨੀਅਰ ਕਰਾਊਨ ਕੌਂਸਲ ਵਜੋਂ 20 ਸਾਲ ਸੇਵਾਵਾਂ ਨਿਭਾਈਆਂ ।






ਦੀਪ ਸਿੱਧੂ ਦੇ ਹੱਕ ਵਿੱਚ ਨੌਜਵਾਨਾਂ ਵੱਲੋਂ ਟੋਰਾਂਟੋ ’ਚ ਕੱਢਿਆ ਗਿਆ ਕੇਸਰੀ ਮਾਰਚ



ਦੀਪ ਸਿੱਧੂ ਦੀ ਯਾਦ ਵਿੱਚ ਫ੍ਰੈਂਕਫਰਟ ਵਿਖੇ ਕੱਢੇ ਗਏ ਮਾਰਚ ਦੀਆਂ ਤਸਵੀਰਾਂ

# ਕੈਲੀਫ਼ੋਰਨੀਆ ਦੇ ਪਬਲਿਕ ਹੈਲਥ ਵਿਭਾਗ, ਵੈਕਸੀਨੇਟ ਆਲ ਅਤੇ ਮੀਡੀਆ ਸੇਵਾਵਾਂ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਇੱਕ ਗੋਲ-ਮੇਜ਼ ਚਰਚਾ

## ਕੋਵਿਡ-19 ਹਸਪਤਾਲ ਵਿੱਚ ਭਰਤੀ ਬੱਚਿਆਂ ਦੀ ਮੌਤ ਦਰ ਓਮੀਕਰੋਨ ਦੇ ਵਿਚਕਾਰ ਚਿੰਤਾਜਨਕ ਤੌਰ 'ਤੇ ਵਧ ਰਹੀ ਹੈ

**ਕੈਲੀਫ਼ੋਰਨੀਆ/ਏ.ਟੀ.ਨਿਊਜ਼** : 10 ਫ਼ਰਵਰੀ ਨੂੰ ਅਮੈਰੀਕਨ ਐਸੋਸੀਏਸ਼ਨ ਆਫ਼ ਪੀਡੀਆਟ੍ਰਿਕਸ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 12.3 ਮਿਲੀਅਨ ਤੋਂ ਵੱਧ ਬੱਚਿਆਂ ਦਾ ਕੋਵਿਡ-19 ਦਾ ਟੈਸਟ ਸਕਾਰਾਤਮਕ ਆਇਆ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਇਹ ਵਾਇਰਸ ਬੱਚਿਆਂ ਨੂੰ ਆਪਣੇ ਕਲਾਵੇ ਵਿੱਚ ਲੈ ਰਿਹਾ ਹੈ।

ਰੋਗ ਨਿਯੰਤਰਣ ਕੇਂਦਰਾਂ ਨੇ 15 ਫ਼ਰਵਰੀ ਨੂੰ ਨਵੀਆਂ ਖੋਜਾਂ ਜਾਰੀ ਕੀਤੀਆਂ ਜੋ ਦਰਸਾਉਂਦੀਆਂ ਹਨ ਕਿ ਓਮੀਕਰੋਨ ਵੇਰੀਐਂਟ ਦੇ ਵਾਧੇ ਦੌਰਾਨ ਬੱਚਿਆਂ ਨੂੰ ਡੈਲਟਾ ਵੇਰੀਐਂਟ ਨਾਲੋਂ ਚਾਰ ਗੁਣਾ ਵੱਧ ਦਰ ਨਾਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। 5 ਸਾਲ ਤੋਂ ਘੱਟ ਉਮਰ ਦੇ ਬੱਚੇ ਜੋ ਅਜੇ ਤੱਕ ਟੀਕਾਕਰਨ ਦੇ ਯੋਗ ਨਹੀਂ ਹਨ, ਖ਼ਾਸ ਤੌਰ 'ਤੇ ਹਸਪਤਾਲ ਵਿੱਚ ਦਾਖ਼ਲ ਹੋਣ ਅਤੇ ਮੌਤ ਦੇ ਖ਼ਤਰੇ ਵਿੱਚ ਸਨ।

ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਨੇ 11 ਫ਼ਰਵਰੀ ਨੂੰ ਘੋਸ਼ਣਾ ਕੀਤੀ ਕਿ ਉਹ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਫ਼ਾਈਜ਼ਰ ਵੈਕਸੀਨ ਨੂੰ ਅਸਥਾਈ ਤੌਰ 'ਤੇ ਅਧਿਕਾਰਤ ਕਰਨ ਦੇ ਆਪਣੇ ਫ਼ੈਸਲੇ ਨੂੰ ਮੁਲਤਵੀ ਕਰ ਦੇਣਗੇ।

16 ਫ਼ਰਵਰੀ ਨੂੰ ਕੈਲੀਫ਼ੋਰਨੀਆ ਦੇ ਪਬਲਿਕ ਹੈਲਥ ਵਿਭਾਗ, ਵੈਕਸੀਨੇਟ ਆਲ 58 ਪਹਿਲ ਕਦਮੀ, ਅਤੇ ਮੀਡੀਆ ਸੇਵਾਵਾਂ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਇੱਕ ਗੋਲ-ਮੇਜ਼ ਚਰਚਾ ਵਿੱਚ ਡਾ. ਪ੍ਰਿਆ ਸੋਨੀ, ਸੀਡਰਸ ਸਿਨਾਈ ਮੈਡੀਕਲ ਸੈਂਟਰ ਵਿਖੇ ਬਾਲ ਸੰਕਰਮਣ ਰੋਗਾਂ ਦੇ ਮਾਹਿਰ ਨੇ ਬਾਲ ਰੋਗਾਂ ਦੇ ਵਾਧੇ ਬਾਰੇ ਦੱਸਿਆ।

ਹਾਲ ਹੀ ਤੱਕ, ਅਜਿਹਾ ਲਗਦਾ ਸੀ ਕਿ ਇਸ ਮਹਾਂਮਾਰੀ ਦੀ ਇੱਕੋ ਇੱਕ ਚਾਂਦੀ ਦੀ ਪਰਤ ਇਹ ਸੀ ਕਿ ਬੱਚੇ ਅਸਲ ਵਿੱਚ ਕੋਵਿਡ ਦੁਆਰਾ ਓਨੇ ਪ੍ਰਭਾਵਿਤ ਨਹੀਂ ਹੋ ਰਹੇ ਸਨ। ਉਹ ਇਸ ਸਭ ਤੋਂ ਭੈੜੇ ਹਾਲਾਤਾਂ ਤੋਂ ਬਚ ਰਹੇ ਸਨ। ਅਸੀਂ ਹੁਣ ਬਹੁਤ ਸਪੱਸ਼ਟ ਤੌਰ 'ਤੇ ਜਾਣਦੇ ਹਾਂ ਕਿ ਇਹ ਪੂਰੀ ਤਰ੍ਹਾਂ ਬਦਲ ਗਿਆ ਹੈ।

'ਓਮੀਕਰੋਨ ਬਹੁਤ ਜ਼ਿਆਦਾ ਪ੍ਰਸਾਰਣਯੋਗ ਹੈ ਜੋ ਉੱਚ ਪ੍ਰਤੀਕ੍ਰਿਤੀ ਦਰ ਦੇ ਨਾਲ ਡੈਲਟਾ ਵੇਰੀਐਂਟ ਨਾਲੋਂ ਬਹੁਤ ਜ਼ਿਆਦਾ ਤੇਜ਼ੀ ਨਾਲ ਵਧਦਾ ਹੈ। ਇਸਦਾ ਮਤਲਬ ਇਹ ਸੀ ਕਿ ਜੇਕਰ ਘਰ ਵਿੱਚ ਕੋਈ ਬੀਮਾਰ ਸੀ ਤਾਂ ਉਸ ਦੇ ਨਾਲ-ਨਾਲ ਵੱਡੇ ਹੀ ਨਹੀਂ, ਸਗੋਂ ਬੱਚਿਆਂ ਨੂੰ ਵੀ ਆਪਣੀ ਚਪੇਟ ਵਿੱਚ ਲੈ ਰਿਹਾ ਸੀ। 'ਸੋਨੀ ਨੇ ਕਿਹਾ ਕਿ ਓਮੀਕਰੋਨ ਸਰਦੀਆਂ ਅਤੇ ਛੁੱਟੀਆਂ ਦੇ ਮਹੀਨਿਆਂ ਵਿੱਚ ਸਿਖ਼ਰ 'ਤੇ ਸੀ ਜਦੋਂ ਲੋਕ ਘਰ ਦੇ ਅੰਦਰ ਅਤੇ ਇਕੱਠਾਂ ਵਿੱਚ ਜ਼ਿਆਦਾ ਸਮਾਂ ਬਿਤਾ ਰਹੇ ਸਨ।

ਇਸ ਚਰਚਾ ਵਿੱਚ ਸ਼ਾਮਲ ਹੋਣ ਵਾਲੇ ਹੋਰ ਬੁਲਾਰਿਆਂ ਵਿੱਚ ਸ਼ਾਮਲ ਸਨ : ਡਾ. ਮਨੀਸ਼ਾ ਨਿਵਾਸਕਰ, ਸਟੈਨਫੋਰਡ ਚਿਲਡਰਨ ਹੈਲਥ ਵਿਖੇ ਬੱਚਿਆਂ ਦੇ ਪਲਮੋਨੋਲੋਜਿਸਟ ਡਾ. ਜੋਸ ਲੁਈਸ ਪੇਰੇਜ਼, ਦੱਖਣੀ ਕੇਂਦਰੀ ਪਰਿਵਾਰਕ ਸਿਹਤ ਕੇਂਦਰ ਦੇ ਮੁੱਖ ਮੈਡੀਕਲ ਅਫ਼ਸਰ ਅਤੇ ਡੇਵਿਡ ਰੋਮਨ, ਦੱਖਣੀ ਕੇਂਦਰੀ ਪਰਿਵਾਰਕ ਸਿਹਤ ਕੇਂਦਰ ਵਿਖੇ ਵਿਕਾਸ ਅਤੇ ਸੰਚਾਰ ਦੇ ਨਿਰਦੇਸ਼ਕ।

**ਚਰਚਾ ਦੇ ਕੁਝ ਅੰਸ਼ :-**

**EMS** : ਜੇ ਕਿਸੇ ਬੱਚੇ ਨੂੰ ਕੋਵਿਡ-19 ਹੈ ਤਾਂ ਮਾਪਿਆਂ ਨੂੰ ਕਿਹੜੇ ਲੱਛਣਾਂ ਦੀ ਭਾਲ ਕਰਨੀ ਚਾਹੀਦੀ ਹੈ? ਵਾਧੂ ਡਾਕਟਰੀ ਮਦਦ ਲੈਣ ਲਈ ਮਾਪਿਆਂ ਨੂੰ ਕਿਹੜੇ ਲੱਛਣਾਂ ਨੂੰ ਸੂਚਕਾਂ ਵਜੋਂ ਦੇਖਣਾ ਚਾਹੀਦਾ ਹੈ?

ਡਾ. ਨਿਵਾਸਕਰ : ਕੁਝ ਆਮ ਲੱਛਣ ਜੋ ਅਸੀਂ ਦੇਖਦੇ ਹਾਂ ਕਿ ਬੁਖ਼ਾਰ ਅਤੇ ਠੰਢ, ਗਲੇ ਵਿੱਚ ਖ਼ਰਾਸ਼, ਭੀੜ, ਨੱਕ ਵਗਣਾ, ਮਾਸਪੇਸ਼ੀਆਂ ਜਾਂ ਸਰੀਰ ਵਿੱਚ ਦਰਦ, ਹਲਕੀ ਖੰਘ, ਇੱਥੋਂ ਤੱਕ ਕਿ ਸਿਰ ਦਰਦ ਅਤੇ ਥਕਾਵਟ ਅਤੇ ਕੁਝ ਲੋਕਾਂ ਨੂੰ ਸੁਆਦ ਜਾਂ ਗੰਧ ਦਾ ਵੀ ਅਨੁਭਵ ਹੁੰਦਾ ਹੈ। ਕਹਿਣ ਤੋਂ ਭਾਵ, ਉਲਟੀਆਂ ਅਤੇ ਦਸਤ ਕੁਝ ਲੱਛਣ ਹਨ ਜੋ ਤੁਰੰਤ ਡਾਕਟਰੀ ਸਹਾਇਤਾ ਦੀ ਵਾਰੰਟੀ ਦਿੰਦੇ ਹਨ, ਜਿਸ ਵਿੱਚ ਚੱਕਰ ਆਉਣੇ, ਛਾਤੀ ਵਿੱਚ ਦਰਦ ਜਾਂ ਦਬਾਅ ਸ਼ਾਮਲ ਹੁੰਦਾ ਹੈ। ਨਾਲ ਹੀ ਸਾਹ ਲੈਣ ਵਿੱਚ ਤਕਲੀਫ਼ ਜਾਂ ਸਾਹ ਲੈਣ ਵਿੱਚ ਕੋਈ ਮੁਸ਼ਕਲ, ਪੇਟ ਵਿੱਚ ਗੰਭੀਰ ਦਰਦ, ਉਲਝਣ ਅਤੇ ਜਾਗਦੇ ਰਹਿਣ ਵਿੱਚ ਮੁਸ਼ਕਲ ਅਤੇ ਜੇਕਰ ਮਾਤਾ-ਪਿਤਾ ਆਪਣੇ ਬੱਚੇ ਦੇ ਚਿਹਰੇ ਅਤੇ ਬੁੱਲਾਂ ਦਾ ਨੀਲਾ ਰੰਗ ਦੇਖ ਰਹੇ ਹਨ ਤਾਂ ਉਨਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।

**EMS** : ਵਰਤਮਾਨ ਵਿੱਚ ਸਿਰਫ਼ 18 ਪ੍ਰਤੀਸ਼ਤ ਬੱਚੇ ਜੋ ਯੋਗ ਹਨ ਦਾ ਅਸਲ ਵਿੱਚ ਟੀਕਾਕਰਨ ਹੋਇਆ ਹੈ। ਤੁਸੀਂ ਉਨਾਂ ਮਾਪਿਆਂ ਨੂੰ ਕੀ ਕਹੋਗੇ ਜੋ ਆਪਣੇ ਬੱਚਿਆਂ ਨੂੰ ਕੋਵਿਡ-19 ਦੇ ਵਿਰੁੱਧ ਟੀਕਾਕਰਨ ਕਰਵਾਉਣ ਜਾਂ ਨਾ ਕਰਵਾਉਣ ਬਾਰੇ ਸੰਘਰਸ਼ ਕਰ ਰਹੇ ਹਨ?

ਡਾ. ਜੋਸ ਲੁਈਸ ਪੇਰੇਜ਼ : ਮਾਪਿਆਂ ਲਈ ਸਭ ਤੋਂ ਵੱਡਾ ਪ੍ਰਸ਼ਨ ਹੈ: 'ਕੀ ਇਹ ਟੀਕਾ ਮੇਰੇ ਬੱਚੇ ਨੂੰ ਦੇਣਾ ਸੁਰੱਖਿਅਤ ਹੈ?' ਉੱਥੇ ਮਾੜੀ ਜਾਣਕਾਰੀ ਦੇ ਨਾਲ, ਖ਼ਾਸ ਤੌਰ 'ਤੇ ਸੋਸ਼ਲ ਮੀਡੀਆ 'ਤੇ, ਕੋਵਿਡ ਵੈਕਸੀਨ ਵਰਗੀਆਂ ਚੀਜ਼ਾਂ ਬਾਂਝਪਨ ਦਾ ਕਾਰਨ ਬਣਦੀਆਂ ਹਨ। ਤੁਸੀਂ ਦੇਖ ਸਕਦੇ ਹੋ ਕਿ ਮਾਪੇ ਇੰਨੇ ਝਿਜਕਦੇ ਕਿਉਂ ਹੋਣਗੇ।

ਸਾਡੇ ਕੋਲ ਸਭ ਤੋਂ ਵੱਡਾ ਹਥਿਆਰ ਸਿੱਖਿਆ ਹੈ : ਮਾਪਿਆਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਵਿਗਿਆਨੀ ਅਤੇ ਡਾਕਟਰ ਅਤੇ ਸੰਯੁਕਤ ਰਾਜ ਵਿੱਚ ਸਿਹਤ ਸੰਭਾਲ ਪ੍ਰਣਾਲੀ ਦੇ ਸਾਰੇ ਪੱਧਰ ਇਹ ਯਕੀਨੀ ਬਣਾਉਣ ਲਈ ਬਹੁਤ ਸਾਵਧਾਨੀ ਵਰਤ ਰਹੇ ਹਨ ਕਿ ਇਹ ਟੀਕਾ ਪ੍ਰਭਾਵਸ਼ਾਲੀ ਹੈ ਅਤੇ ਇਹ ਤੁਹਾਡੇ ਬੱਚੇ ਲਈ ਸੁਰੱਖਿਅਤ ਹੈ।



ਡਾ. ਪ੍ਰਿਆ ਸੋਨੀ : ਸਮੇਂ ਦੇ ਇਤਿਹਾਸ ਵਿੱਚ ਇਸ ਵਾਇਰਸ ਅਤੇ ਵੈਕਸੀਨ ਦਾ ਕਿਸੇ ਵੀ ਹੋਰ ਲਾਗ ਜਾਂ ਰੋਗਾਣੂ ਨਾਲੋਂ ਜ਼ਿਆਦਾ ਅਧਿਐਨ ਕੀਤਾ ਗਿਆ ਹੈ। ਸਾਡੇ ਕੋਲ 5 ਤੋਂ 11 ਸਾਲ ਦੇ ਗਰੁੱਪ ਵਿੱਚ ਅਜਿਹਾ ਸਫ਼ਲ ਰੋਲ-ਆਊਟ ਹੈ। ਇਸ ਉਮਰ ਸਮੂਹ ਵਿੱਚ 8 ਮਿਲੀਅਨ ਤੋਂ ਵੱਧ ਖ਼ੁਰਾਕਾਂ ਬਿਨਾਂ ਕਿਸੇ ਵੱਡੇ ਸੁਰੱਖਿਆ ਸੰਕੇਤਾਂ ਦੇ ਦਿੱਤੀਆਂ ਗਈਆਂ ਹਨ। ਮੈਨੂੰ ਲਗਦਾ ਹੈ ਕਿ ਇਹ ਮਾਪਿਆਂ ਲਈ ਸੱਚਮੁੱਚ ਤਸੱਲੀ ਵਾਲਾ ਹੋਣਾ ਚਾਹੀਦਾ ਹੈ।

**EMS** : ਡੇਵਿਡ, ਤੁਸੀਂ ਅਤੇ ਤੁਹਾਡੀ ਪਤਨੀ ਆਪਣੇ 13 ਮਹੀਨਿਆਂ ਦੇ ਬੇਟੇ ਇਦਰੀਸ ਨੂੰ ਡੇ-ਕੇਅਰ ਲਈ ਭੇਜਦੇ ਹੋ। ਕੀ ਤੁਸੀਂ ਇਸ ਮਹਾਂਮਾਰੀ ਨੂੰ ਨੈਵੀਗੇਟ ਕਰਦੇ ਹੋਏ ਇੱਕ ਨਵੇਂ ਮਾਤਾ ਜਾਂ ਪਿਤਾ ਹੋਣ ਦੇ ਆਪਣੇ ਅਨੁਭਵ ਥੋੜ੍ਹਾ ਜਿਹਾ ਸਾਂਝਾ ਕਰ ਸਕਦੇ ਹੋ?

ਡੇਵਿਡ ਰੋਮਨ : ਸਾਡਾ ਬੇਟਾ ਸਾਡੇ ਲਈ ਪੂਰੀ ਦੁਨੀਆਂ ਵਿੱਚ ਲਗਭਗ ਕੀਮਤੀ ਚੀਜ਼ ਹੈ। ਇਸ ਲਈ ਉਸਨੂੰ ਹਰ ਰੋਜ਼ ਡੇ-ਕੇਅਰ ਵਿੱਚ ਲਿਆਉਣਾ ਵਿਸ਼ਵਾਸ ਦਾ ਕੰਮ ਹੈ। ਅਸੀਂ ਆਸ ਕਰਦੇ ਹਾਂ ਕਿ ਦੂਜੇ ਮਾਪਿਆਂ ਨੇ ਆਪਣੇ ਬੱਚਿਆਂ ਲਈ ਟੀਕਾਕਰਨ ਕਰਵਾਉਣ ਲਈ ਜ਼ਿੰਮੇਵਾਰੀ ਭਰੀ ਹੈ ਕਿ ਸਾਰੇ ਸਟਾਫ਼ ਨੂੰ ਟੀਕਾ ਲਗਾਇਆ ਗਿਆ ਹੈ। ਮਾਤਾ-ਪਿਤਾ ਦੇ ਤੌਰ 'ਤੇ ਅਸੀਂ ਸਾਰੇ ਸਮਾਨ ਰੂਪ ਨਾਲ ਸਾਂਝਾ ਕਰਦੇ ਹਾਂ ਕਿ ਸਾਡੇ ਬੱਚੇ 5 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਇਸ ਸਮੇਂ ਟੀਕਾਕਰਨ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਤੁਸੀਂ ਇੱਕ ਮਾਤਾ-ਪਿਤਾ ਦੇ ਤੌਰ 'ਤੇ ਇਸ ਦਾ ਦਬਾਅ ਜ਼ਿਆਦਾ ਮਹਿਸੂਸ ਕਰਦੇ ਹੋ, ਕਿਉਂਕਿ ਤੁਸੀਂ ਆਪਣੇ ਬੱਚਿਆਂ ਨੂੰ ਟੀਕਾਕਰਨ ਨਹੀਂ ਕਰਵਾ ਸਕਦੇ ਭਾਵੇਂ ਤੁਸੀਂ ਚਾਹੁੰਦੇ ਹੋ।

**EMS** : ਕੈਲੀਫ਼ੋਰਨੀਆ ਵਿੱਚ ਸਕੂਲਾਂ ਨੂੰ ਖੁੱਲ੍ਹਾ ਰੱਖਣ ਵਿੱਚ ਕਿਹੜੇ ਵੇਰੀਏਬਲ ਇੱਕ ਭੂਮਿਕਾ ਨਿਭਾਉਣਗੇ ਅਤੇ ਅਸੀਂ ਕਲਾਸ ਰੂਮ ਟ੍ਰਾਂਸਮਿਸ਼ਨ ਨੂੰ ਘੱਟੋ-ਘੱਟ ਕਿਵੇਂ ਰੱਖਦੇ ਹਾਂ?

ਡਾ. ਪ੍ਰਿਆ ਸੋਨੀ : ਇਨਾਂ ਸੁਰੱਖਿਆ ਉਪਾਵਾਂ ਵਿੱਚੋਂ ਇੱਕ ਹਵਾਦਾਰੀ ਹੈ, ਜਿਸ ਬਾਰੇ ਮੈਂ ਮਹਿਸੂਸ ਕਰਦਾ ਹਾਂ ਕਿ ਮਾਸਕਿੰਗ ਅਤੇ ਹੱਥਾਂ ਦੀ ਸਫ਼ਾਈ ਦੇ ਬਾਰੇ ਵਿੱਚ ਗੱਲ ਨਹੀਂ ਕੀਤੀ ਜਾਂਦੀ। ਅਸੀਂ, ਬੇਸ਼ੱਕ, ਇਸਦੀ ਮਹੱਤਤਾ ਨੂੰ ਜਾਣਦੇ ਹਾਂ, ਪਰ ਸਾਡੇ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਦਾ ਟੀਕਾਕਰਨ ਕਰਨ ਦੀ ਯੋਗਤਾ ਨਾਲ ਜੋੜੇ ਨੇ ਇੱਥੇ ਲਾਸ ਏਂਜਲਸ ਕਾਊਂਟੀ ਵਿੱਚ ਸਕੂਲਾਂ ਵਿੱਚ ਸੰਖਿਆਵਾਂ ਨੂੰ ਘੱਟ ਰੱਖਣ ਵਿੱਚ ਇੱਕ ਬਹੁਤ ਵੱਡੀ ਭੂਮਿਕਾ ਨਿਭਾਈ ਹੈ।

**EMS** : ਬਹੁਤ ਸਾਰੀਆਂ ਕਾਊਂਟੀਆਂ ਆਪਣੀਆਂ ਪਾਬੰਦੀਆਂ ਖੋਲ ਰਹੀਆਂ ਹਨ ਅਤੇ 12 ਕੁ ਸਕੂਲਾਂ ਨੂੰ ਛੱਡ ਕੇ, ਮਾਸਕ ਨੂੰ ਬੰਦ ਕਰਨ ਦੀ ਆਗਿਆ ਦੇ ਰਹੀਆਂ ਹਨ। ਪਰ ਇਸ ਫ਼ੈਸਲੇ ਦੀ ਸਮੀਖਿਆ ਇਸ ਮਹੀਨੇ ਦੇ ਅੰਤ ਵਿੱਚ ਕੀਤੀ ਜਾ ਰਹੀ ਹੈ। ਅਸੀਂ ਮਾਸਕ ਤੋਂ ਬਿਨਾਂ ਆਪਣੇ ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਸਕੂਲ ਕਿਵੇਂ ਲੈ ਸਕਦੇ ਹਾਂ?

ਨਿਵਾਸਕਰ : ਮੈਨੂੰ ਲਗਦਾ ਹੈ ਕਿ ਸਾਨੂੰ ਸਕੂਲ ਵਿੱਚ ਮਾਸਕ ਪਹਿਨਣ ਨੂੰ ਜਾਰੀ ਰੱਖਣ ਦੀ ਲੋੜ ਹੈ, ਜਦੋਂ ਤੱਕ ਸਾਡੇ ਦੇਸ਼ ਵਿੱਚ ਜ਼ਿਆਦਾਤਰ ਬੱਚਿਆਂ ਦਾ ਟੀਕਾਕਰਨ ਨਹੀਂ ਹੋ ਜਾਂਦਾ। ਸਾਨੂੰ ਇਨਾਂ ਨੂੰ ਘਟਾਉਣ ਵਾਲੇ ਉਪਾਵਾਂ ਨੂੰ ਜਾਰੀ ਰੱਖਣਾ ਹੋਵੇਗਾ ਅਤੇ ਮੈਂ ਆਪਣੇ ਮਰੀਜ਼ਾਂ ਲਈ ਇਸਦੀ ਜ਼ੋਰਦਾਰ ਸਿਫ਼ਾਰਸ਼ ਕਰਾਂਗਾ।

ਪੇਰੇਜ਼ : ਇਸ ਲਈ ਅਸਲ ਵਿੱਚ ਮਹੱਤਵਪੂਰਨ ਹੈ। ਅਸੀਂ ਜ਼ੀਰੋ ਇਨਫ਼ੈਕਟੀਵਿਟੀ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ ਹਾਂ। ਇਹ ਅਸੰਭਵ ਹੈ। ਇਸ ਲਈ ਜਿੰਨਾ ਚਿਰ ਅਸੀਂ ਇਹ ਸਮਝਦੇ ਹਾਂ, ਬੱਚਿਆਂ ਤੋਂ ਮਾਸਕ ਹਟਾਉਣ ਦਾ ਲਾਭ ਸਮਾਜਿਕ ਪਹਿਲੂ ਦੇ ਕਾਰਨ ਮਹੱਤਵਪੂਰਨ ਹੈ ਅਤੇ ਸਕੂਲ ਵਿੱਚ ਹੋਣ ਦੇ ਮਨੋਵਿਗਿਆਨਕ ਪਹਿਲੂ ਨੂੰ ਇਸ ਤੱਥ ਨਾਲ ਸੰਤੁਲਿਤ ਕਰਨਾ ਚਾਹੀਦਾ ਹੈ ਕਿ ਅਸੀਂ ਹੋਰ ਸੰਕਰਮਣ ਹੋਣ ਜਾ ਰਹੇ ਹਾਂ।

ਪਰ ਵੈਕਸੀਨਾਂ ਅਤੇ ਸਾਡੇ ਕੋਲ ਮੌਜੂਦਾ ਇਲਾਜ ਨਾਲ ਅਸੀਂ ਇਸ ਵਾਇਰਸ ਤੋਂ ਪ੍ਰਭਾਵਿਤ ਹੋ ਕੇ ਹਸਪਤਾਲ ਵਿੱਚ ਦਾਖ਼ਲ ਹੋਣ ਅਤੇ ਬੀਮਾਰੀ ਅਤੇ ਮੌਤ ਦਰ ਨੂੰ ਘੱਟ ਕਰ ਸਕਦੇ ਹਾਂ।

# ਸਾਬਕਾ ਪੁਲਿਸ ਅਫ਼ਸਰ ਨੂੰ ਹੱਤਿਆ ਦੇ ਦੋਸ਼ਾਂ ਤਹਿਤ ੨ ਸਾਲ ਦੀ ਸਜ਼ਾ

## ਪੀੜਤ ਪਰਿਵਾਰ ਨੇ ਘੱਟ ਸਜ਼ਾ ਦੇਣ ਵਿਰੁੱਧ ਪ੍ਰਗਟਾਇਆ ਰੋਸ

**ਸੈਕਰਾਮੈਂਟੋ /ਹੁਸਨ ਲੜੋਆ ਬੰਗਾ:** ਮਿਨੀਸੋਟਾ ਦੇ ਇੱਕ ਸਾਬਕਾ ਪੁਲਿਸ ਅਧਿਕਾਰੀ ਜਿਸ ਵੱਲੋਂ ਇੱਕ ਟਰੈਫ਼ਿਕ ਸਟਾਪ 'ਤੇ ਚਲਾਈ ਗੋਲੀ ਨਾਲ ਡੌਂਟ ਰਾਈਟ ਨਾਮੀ ਵਿਅਕਤੀ ਦੀ ਮੌਤ ਹੋ ਗਈ ਸੀ, ਨੂੰ ਅਦਾਲਤ ਨੇ ੨ ਸਾਲ ਦੀ ਸਜ਼ਾ ਸੁਣਾਈ ਹੈ। ੪੯ ਸਾਲਾ ਸਾਬਕਾ ਪੁਲਿਸ ਅਧਿਕਾਰੀ ਕਿਮ ਪੌਟਰ ਨੂੰ ਮਿਨੀਸੋਟਾ ਅਦਾਲਤ ਨੇ ਫ਼ਸਟ ਤੇ ਸੈਕੰਡ ਡਿਗਰੀ ਹੱਤਿਆ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ। ਫ਼ਸਟ ਡਿਗਰੀ ਹੱਤਿਆ ਦੇ ਦੋਸ਼ਾਂ ਤਹਿਤ ਵਧ ਤੋਂ ਵਧ ੧੫ ਸਾਲ ਦੀ ਸਜ਼ਾ ਤੇ ੩੦੦੦੦ ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ ਪਰੰਤੂ ਜ਼ਿਲਾ ਜੱਜ ਰੇਜੀਨਾ ਚੂ ਨੇ ਸਟੇਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਫ਼ਾਰਿਸ਼ ਕੀਤੀ ਸਜ਼ਾ ਦੀ ਤੁਲਨਾ ਵਿੱਚ ਸਾਬਕਾ ਪੁਲਿਸ ਅਧਿਕਾਰੀ ਨੂੰ ਘੱਟ ਸਜ਼ਾ ਦੇਣ ਦਾ ਰਾਹ ਚੁਣਿਆ। ਪੌਟਰ ਜੋ ਪਹਿਲਾਂ ਹੀ ੫੮ ਦਿਨ ਜੇਲ ਵਿੱਚ ਬਿਤਾ ਚੁੱਕੀ ਹੈ, ਨੂੰ ਹੁਣ ੧੬ ਮਹੀਨੇ ਹੋਰ ਜੇਲ ਵਿੱਚ ਬਿਤਾਉਣੇ ਪੈਣਗੇ। ਬਾਕੀ ਦੀ ਸਜ਼ਾ ਉਹ ਰਿਹਾਈ ਉਪਰੰਤ ਪੁਲਿਸ ਦੀ ਨਿਗਰਾਨੀ ਹੇਠ ਕੱਟੇਗੀ। ਸੁਣਵਾਈ ਦੌਰਾਨ ਸਾਬਕਾ ਪੁਲਿਸ ਅਧਿਕਾਰੀ ਨੇ ਘਟਨਾ ਉੱਪਰ ਅਫ਼ਸੋਸ ਪ੍ਰਗਟ ਕੀਤਾ ਤੇ ਕਿਹਾ ਕਿ



*ਸਾਬਕਾ ਪੁਲਿਸ ਅਧਿਕਾਰੀ ਕਿਮ ਪੌਟਰ ਦੀ ਫ਼ਾਈਲ ਤਸਵੀਰ*

ਇਹ ਸਾਰਾ ਕੁਝ ਅਚਨਚੇਤ ਪੈਦਾ ਹੋਏ ਹਾਲਾਤ ਤਹਿਤ ਵਾਪਰਿਆ। ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਉਪਰੰਤ ਡੌਂਟ ਰਾਈਟ ਦੇ ਪਿਤਾ ਅਰਬ੍ਰ ਰਾਈਟ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਸਾਨੂੰ ਨਿਆਂ ਨਹੀਂ ਮਿਲਿਆ ਹੈ। ਡੌਂਟ ਦੀ ਮਾਂ ਕੇਟੀ ਰਾਈਟ ਨੇ ਕਿਹਾ ਕਿ "ਅਦਾਲਤ ਦੇ ਫ਼ੈਸਲੇ ਤੋਂ ਅਸੀਂ ਬਹੁਤ ਨਿਰਾਸ਼ ਹੋਏ ਹਾਂ। ਨਿਆਂ ਪ੍ਰਣਾਲੀ ਨੇ ਉਨਾਂ ਦੇ ਪੁੱਤਰ ਦੀ ਇੱਕ ਵਾਰ ਫਿਰ ਹੱਤਿਆ ਕੀਤੀ ਹੈ। ਇਹ ਸਾਡੀ ਨਿਆਂ ਪ੍ਰਣਾਲੀ ਦੀ ਸਮੱਸਿਆ ਹੈ। ਇਹ ਠੀਕ ਨਹੀਂ ਹੋਇਆ।"

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਲਖੀਮਪੁਰ ਹਿੰਸਾ ਮਾਮਲੇ ਸੰਬੰਧੀ ਮ੍ਰਿਤਕ ਕਿਸਾਨਾਂ ਦੇ ਪਰਿਵਾਰ ਪਹੁੰਚੇ ਸੁਪਰੀਮ ਕੋਰਟ

**✪ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰਨ ਦੀ ਅਪੀਲ ✪ ਜ਼ਮਾਨਤ ਨਹੀਂ ਮਿਲਣੀ ਚਾਹੀਦੀ ਸੀ: ਡਾ. ਦਰਸ਼ਨਪਾਲ ✪ ਜ਼ਮਾਨਤ 'ਤੇ ਸੁਪਰੀਮ ਕੋਰਟ ਮੁੜ ਵਿਚਾਰ ਕਰੇ: ਉਗਰਾਹਾਂ ✪ ਸਰਕਾਰ ਚਾਹੇ ਤਾਂ ਆਪਣਾ ਪੈਸਾ ਵਾਪਸ ਲੈ ਲਵੇ ਸਾਨੂੰ ਇਨਸਾਫ਼ ਤੋਂ ਬਿਨਾਂ ਹੋਰ ਕੁਝ ਨਹੀਂ ਚਾਹੀਦਾ- ਪੀੜਤ ਪਰਿਵਾਰ**

**ਨਵੀਂ ਦਿੱਲੀ**-ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਹਿੰਸਾ ਵਿੱਚ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਤੇ ਮਾਮਲੇ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਹੈ। ਲਖੀਮਪੁਰ ਖੀਰੀ ਵਿੱਚ ਪਿਛਲੇ ਸਾਲ 3 ਅਕਤੂਬਰ ਨੂੰ ਹੋਈ ਹਿੰਸਾ ਵਿੱਚ ਚਾਰ ਕਿਸਾਨਾਂ ਸਣੇ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਸੀ। ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਦੇ ਤਿੰਨ ਮੈਂਬਰਾਂ ਨੇ ਹਾਈ ਕੋਰਟ ਦੇ ਲਖਨਊ ਬੈਂਚ ਦੇ 10 ਫ਼ਰਵਰੀ ਦੇ ਜ਼ਮਾਨਤ ਸੰਬੰਧੀ ਹੁਕਮਾਂ 'ਤੇ ਰੋਕ ਲਗਾਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਇਹ ਫ਼ੈਸਲਾ ਕਾਨੂੰਨ ਦੀ ਨਜ਼ਰ ਵਿੱਚ ਟਿਕਣ ਯੋਗ ਨਹੀਂ ਹੈ ,ਕਿਉਂਕਿ ਇਸ ਮਾਮਲੇ ਵਿੱਚ ਸੂਬੇ ਵੱਲੋਂ ਅਦਾਲਤ ਨੂੰ ਕੋਈ ਸਾਰਥਕ ਤੇ ਪ੍ਰਭਾਵੀ ਸਹਾਇਤਾ ਨਹੀਂ ਦਿੱਤੀ ਗਈ।



ਜਗਜੀਤ ਸਿੰਘ, ਪਵਨ ਕਸ਼ਿਅਪ ਅਤੇ ਸੁਖਵਿੰਦਰ ਸਿੰਘ ਨੇ ਵਕੀਲ ਪ੍ਰਸ਼ਾਂਤ ਭੂਸ਼ਣ ਰਾਹੀਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਕਿਹਾ, "ਜ਼ਮਾਨਤ ਦੇਣ ਲਈ ਤੈਅ ਸਿਧਾਂਤਾਂ ਦੇ ਸੰਬੰਧ ਵਿੱਚ ਹਾਈਕੋਰਟ ਦੇ ਆਦੇਸ਼ ਵਿੱਚ ਸੂਬੇ ਵੱਲੋਂ ਠੋਸ ਦਲੀਲਾਂ ਦੀ ਘਾਟ ਰਹੀ ਤੇ ਮੁਲਜ਼ਮ ਸੂਬਾ ਸਰਕਾਰ 'ਤੇ ਢੁੱਕਵਾਂ ਦਬਾਅ ਰੱਖਦਾ ਹੈ ਕਿਉਂਕਿ ਉਸ ਦੇ ਪਿਤਾ ਉਸ ਸਿਆਸੀ ਪਾਰਟੀ ਵੱਲੋਂ ਕੇਂਦਰੀ ਮੰਤਰੀ ਹਨ।" ਪਟੀਸ਼ਨ ਵਿੱਚ ਕਿਹਾ ਗਿਆ ਕਿ ਹਾਈ ਕੋਰਟ ਵੱਲੋਂ ਇਸ ਮਾਮਲੇ ਵਿੱਚ ਸਥਾਪਤ ਕਾਨੂੰਨੀ ਮਾਪਦੰਡਾਂ ਦੇ ਉਲਟ ਇੱਕ 'ਅਣਉਚਿਤ ਅਤੇ ਮਰਜ਼ੀ ਮੁਤਾਬਕ' ਫ਼ੈਸਲਾ ਦਿੱਤਾ ਗਿਆ, ਜਿਸ ਨੇ ਅਪਰਾਧ ਦੇ ਘਿਣਾਉਣੇ ਸੁਭਾਅ 'ਤੇ ਵਿਚਾਰ ਕੀਤੇ ਬਿਨਾਂ ਜ਼ਮਾਨਤ ਦਿੱਤੀ। ਮੁਲਜ਼ਮ ਦੀ ਜ਼ਮਾਨਤ ਸੰਬੰਧੀ ਹੁਕਮਾਂ 'ਤੇ ਰੋਕ ਲਗਾਉਣ ਦੀ ਅਪੀਲ ਕਰਦੇ ਹੋਏ ਪਟੀਸ਼ਨ ਵਿੱਚ ਸਬੂਤਾਂ ਦਾ ਕ੍ਰਮਵਾਰ ਜ਼ਿਕਰ ਕੀਤਾ ਗਿਆ। ਪਟੀਸ਼ਨ ਵਿੱਚ ਕਿਹਾ ਗਿਆ, "ਮੁਲਜ਼ਮ ਦੇ ਕਹਿਣ 'ਤੇ ਸ਼ਾਂਤਮਈ ਪਰਤ ਰਹੇ ਕਿਸਾਨਾਂ ਨੂੰ ਜਾਣਬੁੱਝ ਕੇ ਥਾਰ ਵਾਹਨ ਨਾਲ਼ ਦਰੜਨ ਦਾ ਕਾਰਾ ਲਾਪਰਵਾਹੀ ਨਹੀਂ ਬਲਕਿ ਇੱਕ ਪਹਿਲਾਂ ਤੋਂ ਘੜੀ ਹੋਈ ਸਾਜ਼ਿਸ਼ ਸੀ ਕਿਉਂਕਿ ਮੁਲਜ਼ਮ ਉਸ ਤੋਂ ਬਾਅਦ ਖੇਤਾਂ ਵਿੱਚੋਂ ਹੁੰਦਾ ਹੋਇਆ ਸ਼ਾਮ ਨੂੰ ਦੰਗਲ ਪ੍ਰੋਗਰਾਮ ਵਾਲੀ ਜਗਾ 'ਤੇ ਵਾਪਸ ਆ ਗਿਆ ਤੇ ਇਸ ਤਰਾਂ ਪੇਸ਼ ਆਇਆ ਜਿਵੇਂ ਕੁਝ ਹੋਇਆ ਹੀ ਨਹੀਂ ਸੀ।"

ਆਸ਼ੀਸ਼ ਮਿਸ਼ਰਾ ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ਦਾ ਕਿਸਾਨ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਡਾ. ਦਰਸ਼ਨਪਾਲ ਨੇ ਕਿਹਾ ਕਿ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਨਹੀਂ ਮਿਲਣੀ ਚਾਹੀਦੀ। ਉਨਾਂ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਆਸ਼ੀਸ਼ ਮਿਸ਼ਰਾ ਦਾ ਬਚਾਅ ਕਰਨ 'ਚ ਲੱਗੀ ਹੋਈ ਹੈ, ਜਦੋਂ ਕਿ ਕੇਂਦਰ ਸਰਕਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਹਟਾ ਕੇ ਪੀੜਤਾਂ ਨੂੰ ਇਨਸਾਫ਼ ਦਿਵਾਉਣਾ ਚਾਹੀਦਾ ਸੀ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਤਲ ਕੇਸ ਵਿੱਚ ਨਾਮਜ਼ਦ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇਣਾ ਗ਼ਲਤ ਹੈ।

**ਬਾਕੀ ਸਫ਼ਾ 36 'ਤੇ**

# ਯੂਨੀਸੈੱਫ ਵਿੱਚ ਵਿਦਿਆਰਥਣ ਕੁਹੂ ਰਿਪੋਰਟਰ ਲੇਖਕਾ ਬਣੀ

**ਐੱਸ. ਏ. ਐੱਸ. ਨਗਰ**-ਮੁਹਾਲੀ ਦੇ ਇੱਕ ਪ੍ਰਾਈਵੇਟ ਸਕੂਲ ਦੀ 12 ਸਾਲਾਂ ਦੀ ਵਿਦਿਆਰਥਣ ਕੁਹੂ ਨੂੰ ਸੰਯੁਕਤ ਰਾਸ਼ਟਰ ਚਿਲਡਰਨ ਫ਼ੰਡ ਸਿਮਟ ਭਾਵ ਯੂਨੀਸੈੱਫ਼ ਸਿਮਟ ਵਿੱਚ ਰਿਪੋਰਟਰ ਲੇਖਕਾ ਬਣਨ ਦਾ ਮੌਕਾ ਮਿਲਿਆ ਹੈ । ਸੰਯੁਕਤ ਰਾਸ਼ਟਰ ਚਿਲਡਰਨ ਫ਼ੰਡ ਸਿਮਟ ਅਤੇ ਨੋਡਲ ਐਂਗਲੀਆਂ ਸਕੂਲਾਂ ਵੱਲੋਂ ਕਰਵਾਏ ਇਸ ਸਰਵੇ ਦੌਰਾਨ ਵਿਦਿਆਰਥਣ ਕੁਹੂ ਨੂੰ ਇਹ ਮੌਕਾ ਮਿਲਿਆ । ਇਸ ਸਰਵੇ ਦੌਰਾਨ ਸਮਾਜ ਵਿਚ ਅਸਮਾਨਤਾ, ਗ਼ਰੀਬੀ, ਜਲਵਾਯੂ, ਵਾਤਾਵਰਣ ਦੀ ਗਿਰਾਵਟ, ਸ਼ਾਂਤੀ ਅਤੇ ਨਿਆਂ ਵਰਗੀਆਂ ਵਿਸ਼ਵ-ਵਿਆਪੀ ਚੁਣੌਤੀਆਂ ਸੰਬੰਧੀ ਡਾਟਾ ਇਕੱਤਰ ਕਰਦੇ ਹੋਏ ਚਰਚਾ ਕੀਤੀ ਗਈ। ਕੁਹੂ ਨੇ ਇਸ ਆਨਲਾਈਨ ਸੰਮੇਲਨ ਦੌਰਾਨ ਚਰਚਾ ਕਰਦੇ ਹੋਏ ਕਿਹਾ ਕਿ ਡਿਜ਼ੀਟਲ ਪਲੇਟਫ਼ਾਰਮ ਰਾਹੀਂ ਅੱਜ ਦੀ ਨੌਜਵਾਨ ਪੀੜੀ ਰੂੜੀਵਾਦੀ ਧਾਰਨਾਵਾਂ ਨੂੰ ਤੋੜਦੇ ਹੋਏ ਸਮਾਜ ਵਿੱਚ ਨਵੀਂ ਤਬਦੀਲੀ ਲਿਆ ਸਕਦੀ ਹੈ । ਸੋਸ਼ਲ ਮੀਡੀਆ ਤੇ ਹੋਰ ਡਿਜ਼ੀਟਲ ਪਲੇਟਫ਼ਾਰਮ ਰਾਹੀਂ ਅੱਜ ਸਾਡੇ ਆਸ-ਪਾਸ ਫੈਲੀਆਂ ਕੁਰੀਤੀਆਂ ਜਾਂ ਕਿਸੇ ਤਰਾਂ ਦੀ ਅਸਮਾਜਿਕ ਸਥਿਤੀ ਨੂੰ ਲੋਕਾਂ ਦੇ ਸਾਹਮਣੇ ਉਜਾਗਰ ਕੀਤਾ ਜਾ ਸਕਦਾ ਹੈ । ਕੁਹੂ ਅਨੁਸਾਰ ਅਸੀਂ ਸੋਸ਼ਲ ਮੀਡੀਆ ਰਾਹੀਂ ਬੋਲਣ ਅਤੇ ਪ੍ਰਗਟਾਵਾ ਕਰਨ ਦੀ ਅਜ਼ਾਦੀ ਦੇ ਅਧਿਕਾਰ ਦੀ ਵਰਤੋਂ ਕਰਕੇ ਸਮਾਜ ਨੂੰ ਸਹੀ ਸੇਧ ਦਿੰਦੇ ਹੋਏ ਯੂਨੀਸੈੱਫ਼ ਤੇ ਸਮਾਜ ਦੇ ਟੀਚਿਆਂ ਨੂੰ ਪ੍ਰਾਪਤ ਕਰ ਸਕਦੇ ਹਾਂ ।



# ਪੁਤਿਨ ਦੇ ਫ਼ੈਸਲੇ ਤੋਂ ਬਾਅਦ ਰੂਸ ਤੋਂ ਔਖੇ ਪੱਛਮੀ ਦੇਸ਼ਾਂ ਵੱਲੋਂ ਕਾਰਵਾਈ

## ਅਮਰੀਕਾ ਨੇ ਲਗਾਈਆਂ ਪਾਬੰਦੀਆਂ, ਬ੍ਰਿਟੇਨ ਸਮੇਤ ਕਈ ਦੇਸ਼ ਭੜਕੇ

**ਵਾਸ਼ਿੰਗਟਨ/ਏ.ਟੀ.ਨਿਊਜ਼** :- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪੂਰਬੀ ਯੂਕ੍ਰੇਨ ਦੇ ਬਾਗ਼ੀ ਖੇਤਰਾਂ ਡੋਨੇਟਸਕ ਤੇ ਲੁਹਾਨਸਕ ਨੂੰ ਅਜ਼ਾਦ ਰਾਜਾਂ ਵਜੋਂ ਮਾਨਤਾ ਦਿੱਤੀ ਹੈ। ਰੂਸ ਦੇ ਇਸ ਕਦਮ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ ਹਨ। ਇਸ ਆਦੇਸ਼ ਦੇ ਅਨੁਸਾਰ, ਯੂਕਰੇਨ ਦੇ ਡੀ.ਐਨ.ਆਰ. ਤੇ ਐਲ.ਐਨ. ਆਰ. ਖੇਤਰਾਂ ਵਿੱਚ ਅਮਰੀਕੀ ਵਿਅਕਤੀਆਂ ਦੇ ਨਵੇਂ ਨਿਵੇਸ਼, ਵਪਾਰ ਤੇ ਵਿੱਤ ਦੀ ਮਨਾਹੀ ਹੋਵੇਗੀ। ਬਾਇਡਨ ਵੱਲੋਂ ਹਸਤਾਖ਼ਰ ਕੀਤੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਯੂਕਰੇਨ ਦੀ ਸ਼ਾਂਤੀ, ਸਥਿਰਤਾ, ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਨੂੰ ਖ਼ਤਰਾ ਹੈ। ਇਸ ਨਾਲ਼ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਲਈ ਵੀ ਵੱਡਾ ਅਤੇ ਅਸਾਧਾਰਨ ਖ਼ਤਰਾ ਪੈਦਾ ਹੋ ਗਿਆ ਹੈ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ, "ਰੂਸ ਨੇ ਖੁੱਲੇਆਮ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕੀਤੀ ਹੈ ਅਤੇ ਮੈਂ ਇਸ ਉਲੰਘਣਾ ਤੋਂ ਰੂਸ ਨੂੰ ਲਾਭ ਉਠਾਉਣ ਤੋਂ ਰੋਕਣ ਲਈ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ ਹਨ।" ਅਸੀਂ ਇਹ ਫ਼ੈਸਲਾ ਕਰਨ ਲਈ ਕਿ ਸਾਡੀ ਅਗਲੀ ਕਾਰਵਾਈ ਕੀ ਹੋਣੀ ਚਾਹੀਦੀ ਹੈ, ਅਸੀਂ ਯੂਕਰੇਨ ਸਮੇਤ ਆਪਣੇ ਸਹਿਯੋਗੀਆਂ ਅਤੇ ਭਾਈਵਾਲ ਦੇਸ਼ਾਂ ਨਾਲ਼ ਨੇੜਿਓਂ ਸਲਾਹ-ਮਸ਼ਵਰਾ ਕਰ ਰਹੇ ਹਾਂ। ਰੂਸੀ ਰਾਸ਼ਟਰਪਤੀ ਪੁਤਿਨ ਦੇ ਇਸ ਐਲਾਨ ਤੋਂ ਬਾਅਦ ਯੂਕਰੇਨ ਦੇ ਰਾਸ਼ਟਰਪਤੀ ਵਲਦੀਮੀਰ ਜ਼ੇਲੇਂਸਕੀ ਨੇ ਵੀ ਪ੍ਰਤੀਕਿਰਿਆ ਦਿੱਤੀ ਹੈ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਨਸਕੀ ਨੇ ਕਿਹਾ ਕਿ ਉਹ ਬਾਗ਼ੀਆਂ ਨੂੰ ਮਾਨਤਾ ਦੇਣ ਦੇ ਰੂਸ ਦੇ ਫ਼ੈਸਲੇ ਤੋਂ ਡਰਨ ਵਾਲੇ ਨਹੀਂ ਹਨ। ਉਨਾਂ ਕਿਹਾ ਕਿ ਯੂਕਰੇਨ ਦੀ ਸਰਕਾਰ ਨੂੰ ਪੱਛਮੀ ਦੇਸ਼ਾਂ ਤੋਂ ਪੂਰਾ ਸਹਿਯੋਗ ਮਿਲੇਗਾ।

**ਬ੍ਰਿਟੇਨ ਅਤੇ ਐਸਟੋਨੀਆ ਰੂਸ 'ਤੇ ਪਾਬੰਦੀਆਂ ਲਗਾਉਣਗੇ**

ਇਸ ਦੇ ਨਾਲ਼ ਹੀ ਬ੍ਰਿਟੇਨ ਤੇ ਐਸਟੋਨੀਆ ਨੇ ਵੀ ਪੁਤਿਨ ਦੇ ਫ਼ੈਸਲੇ ਤੋਂ ਬਾਅਦ ਰੂਸ 'ਤੇ ਪਾਬੰਦੀਆਂ ਲਗਾਉਣ ਦੀ ਗੱਲ ਕੀਤੀ। ਬ੍ਰਿਟੇਨ ਨੇ ਰੂਸ ਦੇ ਫ਼ੈਸਲੇ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਮੰਨਿਆ ਹੈ। ਯੂਕਰੇਨ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ 'ਤੇ ਹਮਲਾ ਹੈ।

**ਬਾਕੀ ਸਫ਼ਾ 36 'ਤੇ**

# ਡਾ. ਓਬਰਾਏ ਦੇ ਉੱਦਮ ਸਦਕਾ ਖਰੜ ਤੇ ਪਟਿਆਲਾ ਦੇ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਦੁਬਈ ਤੋਂ ਵਾਪਸ ਲਿਆਂਦੀਆਂ



**ਅੰਮ੍ਰਿਤਸਰ/ਏ.ਟੀ.ਨਿਊਜ਼** :- ਖਾੜੀ ਮੁਲਕ ਵਿੱਚ ਮਜ਼ਦੂਰੀ ਕਰਦਿਆਂ ਦਿਲ ਦੌਰਾ ਪੈਣ ਕਾਰਨ ਮੌਤ ਹੋਣ ਕਾਰਨ ਦੋ ਪੰਜਾਬੀਆਂ ਸੁਸ਼ੀਲ ਯਾਦਵ ਮੋਹਾਲੀ ਤੇ ਮਨਪ੍ਰੀਤ ਸਿੰਘ ਜੱਸੋਮਾਜਰਾ ਪਟਿਆਲਾ ਦੀਆਂ ਮ੍ਰਿਤਕ ਦੇਹਾਂ ਦੁਬਈ ਦੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ. ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਵਾਪਿਸ ਲਿਆਂਦੀਆਂ ਗਈਆਂ। ਸੁਸ਼ੀਲ ਯਾਦਵ ਦਾ ਪਿਛੋਕੜ ਉੱਤਰ ਪ੍ਰਦੇਸ਼ ਦੇ ਜ਼ਿਲਾ ਮਾਓ ਨਾਲ਼ ਹੈ। 1991 ਜਨਮਿਆ ਸੁਸ਼ੀਲ 2018 ਵਿੱਚ ਰੋਟੀ ਕਮਾਉਣ ਦੁਬਈ ਗਿਆ ਸੀ। 26 ਸਾਲਾ ਸਵ. ਮਨਪ੍ਰੀਤ ਸਿੰਘ ਦੇ ਭਰਾ ਗੁਰਬਚਨ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਦੋ ਕੁ ਮਹੀਨੇ ਪਹਿਲਾਂ ਹੀ ਦੁਬਈ ਗਿਆ ਸੀ।

# ਰਵਿਦਾਸ ਮੰਦਰ ਦੇ ਪੁਜਾਰੀ ਦਾ ਕਥਿਤ ਕਾਤਲ ਕਾਬੂ

**ਗੁਰਦਾਸਪੁਰ/ਏ.ਟੀ.ਨਿਊਜ਼** :- ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਭੋਜ ਰਾਜ ਵਿੱਚ ਰਵਿਦਾਸ ਮੰਦਰ ਦੇ ਪੁਜਾਰੀ ਝੂਡੂ ਰਾਮ (65) ਦਾ ਬੀਤੇ ਦਿਨੀਂ ਸਿਰ 'ਤੇ ਲੋਹੇ ਦੀ ਰਾੱਡ ਮਾਰ ਕੇ ਕਤਲ ਕਰ ਦਿੱਤਾ ਗਿਆ। ਸੂਚਨਾ ਮਿਲਦੇ ਹੀ ਜ਼ਿਲਾ ਗੁਰਦਾਸਪੁਰ ਦੇ ਡੀ.ਸੀ. ਮੁਹੰਮਦ ਇਸ਼ਫ਼ਾਕ ਤੇ ਐੱਸ.ਐੱਸ.ਪੀ. ਨਾਨਕ ਸਿੰਘ ਘਟਨਾ ਵਾਲੀ ਥਾਂ 'ਤੇ ਪਹੁੰਚੇ। ਕਤਲ ਦੇ ਰੋਸ ਵਿੱਚ ਪਿੰਡ ਵਾਸੀਆਂ ਨੇ ਕਰੀਬ ਤਿੰਨ ਘੰਟੇ ਮਤਦਾਨ ਦਾ ਬਾਈਕਾਟ ਕੀਤਾ ਤੇ ਮੰਗ ਕੀਤੀ ਕਿ ਕਾਤਲ ਨੂੰ ਛੇਤੀ ਤੋਂ ਛੇਤੀ ਫੜਿਆ ਜਾਵੇ। ਪਿੰਡ ਦੀ ਵਸਨੀਕ ਸੰਤੋਸ਼ ਕੁਮਾਰੀ ਨੇ ਪੁਲਿਸ ਨੂੰ ਦੱਸਿਆ ਕਿ ਜਦੋਂ ਉਹ ਮੰਦਰ ਵਿੱਚ ਮੱਥਾ ਟੇਕਣ ਗਈ ਤਾਂ ਪੁਜਾਰੀ ਝੂਡੂ ਰਾਮ ਪੂਜਾ ਕਰ ਰਿਹਾ ਸੀ। ਇਸ ਦੌਰਾਨ ਪਿੰਡ ਦੇ ਨੌਜਵਾਨ ਬਲਵਿੰਦਰ ਸਿੰਘ ਨੇ ਪੁਜਾਰੀ ਦੇ ਸਿਰ 'ਤੇ ਲੋਹੇ ਦੀ ਰਾੱਡ ਮਾਰੀ ਜਿਸ ਕਾਰਨ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਥਾਣਾ ਘੁੰਮਣ ਕਲਾਂ ਵੱਲੋਂ ਕੇਸ ਦਰਜ ਕਰਕੇ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਪੁਜਾਰੀ ਦੀ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਗੁਰਦਾਸਪੁਰ ਭੇਜ ਦਿੱਤੀ ਗਈ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਪੀੜਤ ਪੁਜਾਰੀ ਦੇ ਪੁੱਤਰ ਨਰੇਸ਼ ਨੂੰ ਨੌਕਰੀ ਦੇਣ ਦਾ ਭਰੋਸਾ ਦਿੰਦੇ ਹੋਏ ਇੱਕ ਲੱਖ ਰੁਪਏ ਦਾ ਚੈੱਕ ਸੌਂਪਿਆ।

# ਪਹਿਲੀ ਵਾਰ ਸੋਹਣਾ ਤੇ ਮੋਹਣਾ ਨੇ ਪਾਈ ਵੋਟ



**ਅੰਮ੍ਰਿਤਸਰ/ਏ.ਟੀ.ਨਿਊਜ਼** :- ਪਿੰਗਲਵਾੜਾ ਦੇ ਸੋਹਣਾ ਤੇ ਮੋਹਣਾ ਦੋਵਾਂ ਨੇ ਇੱਥੇ ਪਹਿਲੀ ਵਾਰ ਵੋਟ ਪਾਈ। ਇਹ ਇੱਕ ਸਰੀਰ ਦੋ ਧੜ ਵਾਲੇ ਵਿਸ਼ੇਸ਼ ਨੌਜਵਾਨ ਹਨ ,ਜਿਨਾਂ ਦੀ ਇਸ ਵਾਰ ਨਵੀਂ ਵੋਟ ਬਣੀ ਹੈ। ਇਹ ਦੋਵੇਂ ਇੱਥੇ ਪਿੰਗਲਵਾੜਾ ਵਿੱਚ ਪਲ ਕੇ ਜਵਾਨ ਹੋਏ ਹਨ ਅਤੇ ਹੁਣ ਇਨਾਂ ਨੂੰ ਬਿਜਲੀ ਨਿਗਮ ਵੱਲੋਂ ਨੌਕਰੀ ਦਿੱਤੀ ਗਈ ਹੈ। ਇਨਾਂ ਦੋਵਾਂ ਦੀਆਂ ਵੱਖ-ਵੱਖ ਵੋਟਾਂ ਬਣੀਆਂ ਹੋਈਆਂ ਹਨ ਅਤੇ ਇਨਾਂ ਨੇ ਵੱਖ ਵੱਖ ਵੋਟ ਪਾਈ ਹੈ। ਮਾਨਾਂਵਾਲਾ ਵਿਖੇ ਵੋਟ ਪਾਉਣ ਤੋਂ ਬਾਅਦ ਜ਼ਿਲਾ ਚੋਣ ਅਧਿਕਾਰੀ ਗੁਰਪ੍ਰੀਤ ਸਿੰਘ ਖਹਿਰਾ ਨੇ ਇਨਾਂ ਦੋਵਾਂ ਨੂੰ ਸਨਮਾਨਤ ਵੀ ਕੀਤਾ।

# ਚਿੜੀਆਘਰ ਵਿੱਚ 'ਅੱਧੀ ਲੂੰਬੜੀ ਅੱਧਾ ਇਨਸਾਨ'

**ਕਰਾਚੀ/ਏ.ਟੀ.ਨਿਊਜ਼** :- ਮੁਮਤਾਜ਼ ਮਹਿਲ ਚਿੜੀਆਘਰ ਕਰਾਚੀ ਪਾਕਿਸਤਾਨ ਵਿੱਚ ਸਥਿਤ ਹੈ। ਇਸ ਚਿੜੀਆਘਰ ਵਿੱਚ, "ਅੱਧੇ ਲੂੰਬੜੀ-ਅੱਧੇ ਮਨੁੱਖੀ" ਸਰੀਰ ਵਾਲੇ ਇਹ ਵਿਲੱਖਣ ਵਿਅਕਤੀ ਰਹਿੰਦੇ ਹਨ। ਇਸ ਵਿਲੱਖਣ ਵਿਅਕਤੀ ਨੂੰ ਦੇਖਣ ਲਈ ਰੋਜ਼ਾਨਾ ਸੈਂਕੜੇ ਲੋਕ ਚਿੜੀਆਘਰ ਆਉਂਦੇ ਹਨ। ਕੁਝ ਲੋਕ ਅਜਿਹੇ ਵੀ ਹਨ ਜੋ ਉਨਾਂ ਨੂੰ ਦੇਖਣ ਲਈ ਹੀ ਚਿੜੀਆਘਰ ਆਉਂਦੇ ਹਨ। "ਅੱਧੀ ਲੂੰਬੜੀ-ਅੱਧਾ ਮਨੁੱਖ" ਦੇ ਨਾਮ ਨਾਲ਼ ਦੁਨੀਆ ਭਰ ਵਿੱਚ ਮਸ਼ਹੂਰ ਇਸ ਵਿਅਕਤੀ ਦਾ ਨਾਮ ਮੁਰਾਦ ਅਲੀ ਹੈ। ਉਸ ਨੂੰ ਦੇਖਣ ਆਉਣ ਵਾਲੇ ਲੋਕ ਉਸ ਨਾਲ਼ ਤਸਵੀਰਾਂ ਵੀ ਕਲਿੱਕ ਕਰਵਾਉਂਦੇ ਹਨ। ਜਦੋਂ ਨਵੇਂ ਲੋਕ ਉਸਨੂੰ ਦੇਖਣ ਆਉਂਦੇ ਹਨ, ਤਾਂ ਉਹ ਸੋਚਦੇ ਹਨ ਕਿ ਉਹ ਸੱਚਮੁੱਚ "ਅੱਧਾ ਲੂੰਬੜੀ-ਅੱਧਾ-ਮਨੁੱਖ" ਹੈ। ਹਾਲਾਂਕਿ, ਇਹ ਸੱਚ ਨਹੀਂ ਹੈ, ਇਹ ਸਿਰਫ਼ ਲੋਕਾਂ ਦੇ ਮਨੋਰੰਜਨ ਲਈ ਬਣਾਇਆ ਗਿਆ ਇੱਕ ਪਾਤਰ ਹੈ।



ਮੁਰਾਦ ਅਲੀ ਅਜਿਹਾ ਕੰਮ ਕਰਨ ਵਾਲੀ ਉਨਾਂ ਦੇ ਪਰਿਵਾਰ ਦੀ ਦੂਜੀ ਪੀੜੀ ਹੈ। ਇਸ ਤੋਂ ਪਹਿਲਾਂ ਮੁਰਾਦ ਅਲੀ ਦੇ ਪਿਤਾ ਇਸ ਚਿੜੀਆਘਰ ਵਿੱਚ "ਅੱਧੀ ਲੂੰਬੜੀ-ਅੱਧੇ ਮਨੁੱਖ" ਦੇ ਰੂਪ ਵਿੱਚ ਬੈਠਦੇ ਸਨ। ਉਨਾਂ ਦੀ ਮੌਤ ਤੋਂ ਬਾਅਦ ਹੁਣ ਮੁਰਾਦ ਅਲੀ ਇਸ ਕੰਮ ਨੂੰ ਅੱਗੇ ਵਧਾ ਰਹੇ ਹਨ। ਮੁਰਾਦ 12 ਘੰਟੇ ਤੱਕ ਉਸੇ ਜਗਾ 'ਤੇ ਇੱਕੋ ਪੋਜ਼ ਵਿੱਚ ਬੈਠੇ ਰਹੇ। ਇਸ ਦੌਰਾਨ ਇਸ ਸਮੇਂ ਉਨਾਂ ਦਾ ਸਿਰ ਲੂੰਬੜੀ ਦੇ ਧੜ ਦੇ ਨੇੜੇ ਹੈ ਤੇ ਬਾਕੀ ਸਰੀਰ ਇੱਕ ਮੇਜ਼ ਦੇ ਹੇਠਾਂ ਲੁਕਿਆ ਹੋਇਆ ਹੈ। ਚਿੜੀਆਘਰ ਵਿੱਚ "ਅੱਧੀ ਲੂੰਬੜੀ-ਅੱਧੇ ਮਨੁੱਖ" ਦੇ ਦਰਸ਼ਨ ਲਈ 10 ਰੁਪਏ ਦੀ ਟਿਕਟ ਵੀ ਲਗਾਈ ਗਈ ਹੈ।

# ਅਬੋਹਰ-ਫ਼ਾਜ਼ਿਲਕਾ ਦੇ ਅਨੇਕਾਂ ਪਿੰਡਾਂ ਦੇ ਲੋਕ ਕੈਂਸਰ ਤੇ ਅਪੰਗਤਾ ਵਰਗੇ ਰੋਗਾਂ ਦੇ ਮਰੀਜ਼

## ✪ ਮਲ਼ੀਨ ਪਾਣੀ ਕਾਰਣ ਲੋਕ ਭਿਅੰਕਰ ਬੀਮਾਰੀਆਂ ਦੇ ਸ਼ਿਕਾਰ ✪ ਲੁਧਿਆਣਾ ਤੇ ਜਲੰਧਰ ਦੀਆਂ ਫ਼ੈਕਟਰੀਆਂ ਦੇ ਨਹਿਰੀ ਪਾਣੀਆਂ ਵਿੱਚ ਮਿਲਦੇ ਰਸਾਇਣ ਬੀਮਾਰੀਆਂ ਦਾ ਕਾਰਨ ✪ 2008-2009 ਤੋਂ ਅਬੋਹਰ-ਫ਼ਾਜ਼ਿਲਕਾ ਦੇ ਇਲਾਕੇ ਵਿੱਚ ਨੇ ਆਰਸੇਨਿਕ, ਲੈੱਡ, ਸੇਲੇਨੀਅਮ, ਕੈਡਮੀਅਮ, ਨਿਕਲ ਵਰਗੀਆਂ ਧਾਤਾਂ ਦੇ ਜ਼ਹਿਰੀਲੇ ਪ੍ਰਭਾਵ

**ਅਰਸ਼ਦੀਪ ਕੌਰ**

ਮਾਲਵੇ ਦੇ ਅਨੇਕਾਂ ਪਿੰਡਾਂ ਦੇ ਹਰ ਦੂਜੇ-ਚੌਥੇ ਘਰ ਦੇ ਲੋਕ ਕੈਂਸਰ ਅੰਗਹੀਣਤਾ ਦੇ ਸ਼ਿਕਾਰ ਹਨ। ਇੱਥੇ ਬੱਚਿਆਂ ਤੋਂ ਲੈ ਕੇ ਨੌਜਵਾਨ ਤੱਕ ਕਿਸੇ ਨਾ ਕਿਸੇ ਬੇ-ਇਲਾਜ ਰੋਗ ਦਾ ਸ਼ਿਕਾਰ ਹੋ ਕੇ ਪੂਰੀ ਉਮਰ ਲਈ ਮੰਜੇ ਉੱਪਰ ਪੈ ਗਏ ਹਨ। ਪਿੰਡ ਰੂਪਨਗਰ ਭਾਰਤ ਪਾਕਿਸਤਾਨ ਕੌਮਾਂਤਰੀ ਸਰਹੱਦ ਦੇ ਨੇੜੇ ਚੜਦੇ ਪੰਜਾਬ ਦੇ ਫ਼ਾਜ਼ਿਲਕਾ ਜ਼ਿਲੇ ਦੇ ਅਬੋਹਰ ਬਲਾਕ ਵਿੱਚ ਪੈਂਦਾ ਹੈ। ਇਸ ਪਿੰਡ ਦੀ 13 ਸਾਲਾ ਰਾਧਾ ਦੇਖ ਨਹੀਂ ਸਕਦੀ ਹੈ, ਨਾ ਬੋਲ ਸਕਦੀ, ਨਾ ਤੁਰ-ਫ਼ਿਰ ਸਕਦੀ ਹੈ ਤੇ ਨਾ ਹੀ ਦਿਮਾਗ਼ੀ ਤੌਰ 'ਤੇ ਤੰਦਰੁਸਤ ਹੈ।

ਰਾਧਾ ਦੇ ਘਰ ਤੋਂ ਕੁਝ ਕਦਮਾਂ ਦੀ ਦੂਰੀ ਉੱਤੇ ਰਹਿਣ ਵਾਲਾ ਸਾਹਿਲ ਤੁਰ-ਫ਼ਿਰ ਨਹੀਂ ਸਕਦਾ। ਸਾਹਿਲ ਕੁਝ ਹੱਦ ਤੱਕ ਦੇਖ ਸਕਦਾ ਹੈ ਅਤੇ ਕੁਝ ਹੱਦ ਤੱਕ ਗੱਲਾਂ ਨੂੰ ਸਮਝ ਕੇ ਜਵਾਬ ਦੇ ਸਕਦਾ ਹੈ। ਸਾਹਿਲ ਦੇ ਪਿਤਾ ਦਾ ਦਿਹਾਂਤ ਹੋ ਚੁੱਕਿਆ ਹੈ। ਹੁਣ ਉਸ ਦੀ ਦੇਖਭਾਲ ਦਾਦਾ-ਦਾਦੀ ਹੀ ਕਰਦੇ ਹਨ।

ਸਾਹਿਲ ਦੇ ਗੁਆਂਢ 16 ਸਾਲਾ ਸਪਨਾ ਦਿਮਾਗ਼ੀ, ਸਰੀਰਕ ਰੂਪ ਵਿੱਚ ਕਮਜ਼ੋਰ ਹੈ ਜਦੋਂ ਕਿ ਉਨਾਂ ਦੀ 75 ਸਾਲਾ ਦਾਦੀ ਸਜਣਾ ਦੇਵੀ ਪਿਛਲੇ ਦਸ ਸਾਲ ਤੋਂ ਲਕਵੇ ਕਾਰਨ ਮੰਜੇ 'ਤੇ ਹੀ ਹੈ। ਇਨਾਂ ਦੇ ਘਰ ਤੋਂ ਕੁਝ ਹੀ ਦੂਰੀ 'ਤੇ 13 ਸਾਲਾ ਕੈਥਰੀਨ ਦਾ ਘਰ ਹੈ। ਕੈਥਰੀਨ ਤੁਰ-ਫ਼ਿਰ ਤਾਂ ਸਕਦੀ ਹੈ ਪਰ ਬੋਲਣ ਤੇ ਸਮਝਣ ਦੀ ਸ਼ਕਤੀ ਆਪਣੀ ਉਮਰ ਦੇ ਬੱਚਿਆਂ ਤੋਂ ਕਿਤੇ ਘੱਟ ਹੈ।

### ਬੱਚੇ ਰੋਗੀ ਕਿਉਂ ?

ਰੂਪਨਗਰ ਦੇ ਸਰਪੰਚ ਮਹਿੰਦਰ ਸਿੰਘ ਇਸ ਹਾਲਾਤ ਦਾ ਜ਼ਿੰਮੇਵਾਰ ਪੀਣ ਵਾਲੇ ਮਲ਼ੀਨ ਪਾਣੀ ਨੂੰ ਦੱਸਿਆ। ਮਹਿੰਦਰ ਸਿੰਘ ਅਨੁਸਾਰ ਪਿੰਡ ਵਿੱਚ ਕਈ ਅਜਿਹੇ ਬੱਚੇ ਹਨ ਜੋ ਅਪੰਗਤਾ ਕਾਰਨ ਮੰਜਿਆਂ ਉੱਪਰ ਪਏ ਹਨ। ਇਨਾਂ ਵਿੱਚੋਂ ਜ਼ਿਆਦਾਤਰ ਬੱਚੇ ਤੁਰ-ਫ਼ਿਰ ਨਹੀਂ ਸਕਦੇ, ਇਹ ਦਿਮਾਗ਼ੀ ਤੌਰ 'ਤੇ ਠੀਕ ਨਹੀਂ ਹਨ ਅਤੇ ਕਈ ਦੇਖ ਜਾਂ ਸੁਣ ਹੀ ਨਹੀਂ ਸਕਦੇ। ਮਹਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਪਿੰਡ ਵਿੱਚ ਲਗਭਗ ਦੋ ਦਰਜਨ ਤੋਂ ਵੱਧ ਕੈਂਸਰ ਦੇ ਮਰੀਜ਼ ਵੀ ਮੌਜੂਦ ਹਨ। ਪਿਛਲੇ ਸਮੇਂ ਵਿੱਚ ਵੀ ਕਈ ਮੌਤਾਂ ਕੈਂਸਰ ਕਾਰਨ ਹੋ ਚੁੱਕੀਆਂ ਹਨ। ਮਹਿੰਦਰ ਸਿੰਘ ਮੁਤਾਬਕ ਪਿੰਡ ਵਿੱਚ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਡੀ.ਸੀ. ਨੂੰ ਅਰਜ਼ੀ ਲਿਖ ਕੇ ਦਿੱਤੀ ਗਈ ਸੀ। ਪਿੰਡ ਵਿੱਚ ਆਰ.ਓ. ਲਗਵਾਇਆ ਗਿਆ ਸੀ। ਪਰ ਉਸ ਦਾ ਪਾਣੀ ਪੀਣ ਤੋਂ ਬਾਅਦ ਲੋਕਾਂ ਨੂੰ ਜੋੜਾਂ ਦੇ ਦਰਦ ਦੀ ਸਮੱਸਿਆ ਆਉਣ ਲੱਗੀ, ਜਿਸ ਤੋਂ ਬਾਅਦ ਲੋਕਾਂ ਨੇ ਉਸ ਨੂੰ ਪੀਣਾ ਬੰਦ ਕਰ ਦਿੱਤਾ। ਉਹ ਕਹਿੰਦੇ ਹਨ, "ਪਹਿਲਾਂ ਸਾਡੇ ਪਿੰਡ ਵਿੱਚ ਅਜਿਹੀਆਂ ਸਮੱਸਿਆਵਾਂ ਨਹੀਂ ਸਨ। ਲੋਕ ਲੰਮੀ ਉਮਰ ਭੋਗਦੇ ਸਨ ਤੇ ਬਜ਼ੁਰਗ ਹੁੰਦੇ ਸਨ। ਹੁਣ ਪਿੰਡ ਵਿੱਚ ਬਹੁਤ ਘੱਟ ਲੋਕ ਹਨ ਜੋ ਪੰਜਾਹ ਵਰਿਆਂ ਤੋਂ ਉੱਪਰ ਟੱਪੇ ਹਨ।" ਸਰਪੰਚ ਅਨੁਸਾਰ ਨਹਿਰੀ ਪਾਣੀ ਰਾਹੀਂ ਉਨਾਂ ਦੇ ਪਿੰਡ ਤੱਕ ਪਹੁੰਚਣ ਵਾਲੇ ਲੁਧਿਆਣਾ ਤੇ ਜਲੰਧਰ ਦੀਆਂ ਫ਼ੈਕਟਰੀਆਂ ਦੇ ਰਸਾਇਣ ਪਿੰਡ ਦੇ ਮੌਜੂਦਾ ਹਾਲਾਤ ਲਈ ਜ਼ਿੰਮੇਵਾਰ ਹਨ।

### ਅਧਿਐਨ ਅਤੇ ਰਿਪੋਰਟਾਂ ਦੇ ਸਿੱਟੇ

ਵਿਸ਼ਵ ਸਿਹਤ ਸੰਗਠਨ ਮੁਤਾਬਕ ਪੀਣ ਵਾਲੇ ਪਾਣੀ ਵਿੱਚ ਟੀ.ਡੀ.ਐੱਸ. ਦੀ ਮਾਤਰਾ ਵੱਧ ਤੋਂ ਵੱਧ 300 ਪਾਰਟਸ ਪਰ ਮਿਲੀਅਨ ਤੱਕ ਹੋਣੀ ਚਾਹੀਦੀ ਹੈ। ਭਾਰਤੀ ਮਾਣਕਾਂ (ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼) ਮੁਤਾਬਕ ਇਹ ਸੰਖਿਆ 500 ਤੱਕ ਹੋ ਸਕਦੀ ਹੈ ਪਰ ਪਿੰਡ ਰੂਪਨਗਰ ਵਿਖੇ ਇਹ ਘਰ ਵਿੱਚ ਲੱਗੇ ਨਲਕੇ ਦੇ ਪਾਣੀ ਨੂੰ ਜਦੋਂ ਮਹਿੰਦਰ ਸਿੰਘ ਨੇ ਜਾਂਚ ਕੇ ਦਿਖਾਇਆ ਤਾਂ ਇਹ ਸੰਖਿਆ 1000 ਤੋਂ ਵੀ ਵੱਧ ਸੀ। ਫ਼ਾਜ਼ਲਿਕਾ ਜ਼ਿਲੇ ਦੇ ਪਾਣੀ ਸੈਂਪਲਾਂ ਵਿੱਚ ਕੈਡਮੀਅਮ, ਲੈੱਡ, ਨਿੱਕਲ ਅਤੇ ਸਲਫ਼ੇਟ ਆਦਿ ਬਾਕੀ ਸਾਰੇ ਜ਼ਿਲਿਆਂ ਤੋਂ ਕਿਤੇ ਵਧੇਰੇ ਹੈ।



ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਸਾਲ 2020-21 ਦੇ ਅਧਿਐਨ ਮੁਤਾਬਕ ਸੂਬੇ ਦੇ ਦੱਖਣੀ ਪੰਜਾਬ ਦੇ ਹਿੱਸੇ ਵਿੱਚ ਯੂਰੇਨੀਅਮ, ਮਰਕਰੀ ਅਤੇ ਸਿਲੇਨੀਅਮ ਸਣੇ ਹੋਰ ਕਈ ਖ਼ਤਰਨਾਕ ਤੱਤਾਂ ਦੀ ਮੌਜੂਦਗੀ ਦਰਜ ਕੀਤੀ ਗਈ ਹੈ।ਇਸ ਰਿਪੋਰਟ ਮੁਤਾਬਕ ਫ਼ਾਜ਼ਲਿਕਾ ਜ਼ਿਲੇ ਦੇ ਪਾਣੀ ਸੈਂਪਲਾਂ ਵਿੱਚ ਕੈਡਮੀਅਮ, ਲੈੱਡ, ਨਿੱਕਲ ਅਤੇ ਸਲਫ਼ੇਟ ਆਦਿ ਬਾਕੀ ਸਾਰੇ ਜ਼ਿਲਿਆਂ ਤੋਂ ਕਿਤੇ ਵਧੇਰੇ ਹੈ। ਇਨਾਂ ਰਿਪੋਰਟਾਂ ਦੇ ਸਿੱਟਿਆਂ ਦਾ ਅਸਰ ਲੋਕਾਂ ਦੀ ਸਿਹਤ ਉੱਤੇ ਦੇਖਿਆ ਜਾ ਸਕਦਾ ਹੈ। 2008-2009 ਤੋਂ ਅਬੋਹਰ-ਫ਼ਾਜ਼ਿਲਕਾ ਦੇ ਇਲਾਕੇ ਵਿੱਚ ਆਰਸੇਨਿਕ, ਲੈੱਡ, ਸੇਲੇਨੀਅਮ, ਕੈਡਮੀਅਮ, ਨਿਕਲ ਵਰਗੀਆਂ ਧਾਤਾਂ ਦੇ ਜ਼ਹਿਰੀਲੇ ਪ੍ਰਭਾਵ ਉੱਪਰ ਬਾਬਾ ਫ਼ਰੀਦ ਸੈਂਟਰ ਫ਼ਾਰ ਸਪੈਸ਼ਲ ਚਿਲਡਰਨ ਨੇ ਕੰਮ ਕੀਤਾ ਹੈ।

ਇਸ ਅਦਾਰੇ ਦੇ ਮਾਹਿਰ ਪ੍ਰਿਤਪਾਲ ਸਿੰਘ ਦੱਸਦੇ ਹਨ,"ਅਬੋਹਰ ਫ਼ਾਜ਼ਿਲਕਾ ਦੇ ਇਲਾਕਿਆਂ ਵਿੱਚ ਫ਼ਾਸਫ਼ੇਟ ਖਾਦਾਂ ਦੀ ਭਾਰੀ ਵਰਤੋਂ ਪਿਛਲੇ ਸਮੇਂ ਵਿੱਚ ਹੋਈ ਹੈ ਤੇ ਮਾਲਵੇ ਦੇ ਇਲਾਕੇ ਕਪਾਹ ਦੀ ਖੇਤੀ ਲਈ ਜਾਣੇ ਜਾਂਦੇ ਹਨ। ਪਿੰਡਾਂ ਵਿੱਚ ਜਵਾਨ ਲੋਕ ਜ਼ਿਆਦਾਤਰ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਤੇ ਬੱਚੇ ਦਿਮਾਗ਼ੀ ਤੌਰ 'ਤੇ ਕਮਜ਼ੋਰ ਪੈਦਾ ਹੋ ਰਹੇ ਹਨ। ਐਂਡੋਸਲਫ਼ਾਨ, ਗਲਾਈਫ਼ੋਸੇਟ ਵਰਗੀਆਂ ਪਾਬੰਦੀਸ਼ੁਦਾ ਕੀਟਨਾਸ਼ਕ ਦਵਾਈਆਂ ਦਾ ਇਸਤੇਮਾਲ ਇਸ ਇਲਾਕੇ ਵਿੱਚ ਲਗਭਗ ਤਿੰਨ ਦਹਾਕੇ ਹੁੰਦਾ ਰਿਹਾ ਹੈ। ਇਨਾਂ ਦੇ ਬੁਰੇ ਪ੍ਰਭਾਵ ਹੁਣ ਸਾਹਮਣੇ ਆ ਰਹੇ ਹਨ।"

### ਪੀੜਤ ਲੋਕਾਂ ਦਾ ਤਜਰਬੇ

ਰੂਪਨਗਰ ਦੀ ਹੀ ਵਸਨੀਕ ਸੁਮਨ ਨੇ ਦੱਸਿਆ ਕਿ ਪਾਣੀ ਨਾਲ਼ ਉਸ ਨੂੰ ਉਲਟੀ, ਦਸਤ ਵਰਗੀਆਂ ਸਮੱਸਿਆਵਾਂ ਹੋ ਜਾਂਦੀਆਂ ਹਨ ਅਤੇ ਕਈ ਵਾਰ ਜਿਗਰ ਨਾਲ਼ ਸੰਬੰਧਿਤ ਟੈਸਟ ਵੀ ਕਰਾਏ ਗਏ ਹਨ।

"ਇੱਥੋਂ ਪਾਣੀ ਪੀ ਕੇ ਖੰਘ, ਜ਼ੁਕਾਮ, ਛਾਤੀ ਜਾਮ ਵਰਗੀਆਂ ਸਮੱਸਿਆਵਾਂ ਹੋ ਜਾਂਦੀਆਂ ਹਨ। ਕਈ ਲੋਕਾਂ ਨੂੰ ਸਾਹ ਦੀ ਸਮੱਸਿਆ ਵੀ ਹੈ।"

ਇਸੇ ਪਿੰਡ ਦੇ ਸੰਜੇ ਕੁਮਾਰ ਕੈਂਸਰ ਅਤੇ ਲਕਵੇ ਨਾਲ਼ ਪੀੜਤ ਹਨ। ਸੰਜੇ ਦੀ ਪਤਨੀ ਸਰਲਾ ਉਸਨੂੰ ਮੰਜੇ ਤੇ ਬੈਠਣ ਵਿੱਚ ਸਹਾਇਤਾ ਕਰਦੀ ਹੈ। ਸਰਲਾ ਦੇਵੀ ਨੇ ਦੱਸਿਆ, "ਪਿਛਲੇ ਕਈ ਵਰਿਆਂ ਤੋਂ ਮੇਰੇ ਪਤੀ ਦਾ ਬਠਿੰਡਾ, ਬੀਕਾਨੇਰ, ਗੰਗਾਨਗਰ, ਅਬੋਹਰ ਦੇ ਹਸਪਤਾਲਾਂ ਵਿੱਚ ਇਲਾਜ ਚੱਲਿਆ ਹੈ। ਲੱਖਾਂ ਰੁਪਏ ਖ਼ਰਚ ਹੋ ਚੁੱਕੇ ਹਨ। ਮੈਂ ਅਤੇ ਮੇਰੇ ਦੋ ਬੱਚੇ ਮਜ਼ਦੂਰੀ ਕਰਦੇ ਹਾਂ। ਸਰਕਾਰ ਵੱਲੋਂ ਕੋਈ ਬਹੁਤੀ ਸਹਾਇਤਾ ਨਹੀਂ ਕੀਤੀ ਗਈ ਅਤੇ 750 ਰੁਪਏ ਪੈਨਸ਼ਨ ਦਿੱਤੀ ਜਾਂਦੀ ਸੀ। ਹੁਣ ਇਹ 1500 ਰੁਪਏ ਹੈ।"

### ਪਿੰਡ ਚੂਹੜੀਵਾਲਾ ਧੰਨਾ ਦੇ ਹਾਲਾਤ

ਇਸੇ ਪਿੰਡ ਚੂਹੜੀਵਾਲਾ ਧੰਨਾ ਤੋਂ ਕੁਝ ਦੂਰੀ ਤੇ ਸਥਿਤ ਵਿੱਚ ਵੀ ਅਜਿਹੇ ਕਈ ਬੱਚੇ ਦਿਖੇ। 14 ਸਾਲਾ ਗੁਲਸ਼ਨ ਤੁਰਨ ਫ਼ਿਰਨ ਵਿੱਚ ਅਸਮਰੱਥ ਹੈ ਅਤੇ ਬੋਲ ਵੀ ਨਹੀਂ ਸਕਦਾ। ਗੁਲਸ਼ਨ ਦੇ ਪਿਤਾ ਰਾਕੇਸ਼ ਕੁਮਾਰ ਨੇ ਦੱਸਿਆ, "ਪੈਦਾ ਹੋਣ ਤੋਂ ਤਿੰਨ ਮਹੀਨੇ ਬਾਅਦ ਤੱਕ ਗੁਲਸ਼ਨ ਠੀਕ ਸੀ ਪਰ ਉਸ ਤੋਂ ਬਾਅਦ ਹੌਲ਼ੀ-ਹੌਲ਼ੀ ਸਿਹਤ ਖ਼ਰਾਬ ਹੁੰਦੀ ਗਈ। ਡਾਕਟਰਾਂ ਮੁਤਾਬਕ ਇਲਾਕੇ ਦਾ ਪਾਣੀ ਖ਼ਰਾਬ ਹੈ ਅਤੇ ਇਸ ਕਾਰਨ ਹੋਰ ਵੀ ਬੱਚੇ ਅਜਿਹੇ ਪੈਦਾ ਹੋ ਰਹੇ ਹਨ। ਸਾਡੇ ਇਲਾਕੇ ਵਿੱਚ ਕਈ ਲੋਕ ਬੀਮਾਰ ਹਨ ਅਤੇ ਕੈਂਸਰ ਨਾਲ਼ ਕਈ ਲੋਕ ਪੀੜਤ ਹਨ। ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਨਾਂ ਦੇ ਘਰ ਦੇ ਨਜ਼ਦੀਕ ਇਸੇ ਤਰਾਂ ਦੇ ਇੱਕ ਬੱਚੇ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ।

ਇਸ ਪਿੰਡ ਵਿੱਚ ਕੁਝ ਕਦਮਾਂ ਦੀ ਦੂਰੀ 'ਤੇ ਕਰਨਜੀਤ ਦਾ ਘਰ ਹੈ। ਇਸ ਬੱਚੇ ਦਾ ਪਰਿਵਾਰ ਆਪਣੇ ਗ਼ੁਜ਼ਾਰੇ ਲਈ ਮਜ਼ਦੂਰੀ 'ਤੇ ਨਿਰਭਰ ਹੈ। ਭਾਵੇਂ ਉਸ ਦੇ ਦਾਦੀ ਨੇ ਕਰਨ ਦੀ ਉਮਰ 17 ਸਾਲ ਦੱਸਦੇ ਹਨ ਪਰ ਮੰਜੇ ਤੇ ਪਿਆ ਇਹ ਬੱਚਾ ਨੌਂ-ਦਸ ਸਾਲ ਤੋਂ ਵੱਧ ਉਮਰ ਦਾ ਨਹੀਂ ਲੱਗਦਾ। ਉਹ ਤੁਰ ਫ਼ਿਰ ਨਹੀਂ ਸਕਦਾ, ਦਿਮਾਗ਼ੀ ਤੌਰ 'ਤੇ ਕਮਜ਼ੋਰ ਹੈ ਅਤੇ ਹਰ ਛੋਟੇ ਕੰਮ ਲਈ ਪੂਰੀ ਤਰਾਂ ਪਰਿਵਾਰ ਤੇ ਨਿਰਭਰ ਹੈ। ਉਨਾਂ ਦੇ ਪਰਿਵਾਰ ਨੇ ਦੱਸਿਆ ਕਿ ਬਚਪਨ ਤੋਂ ਹੀ ਇਹ ਬੱਚਾ ਇਸ ਤਰਾਂ ਹੈ ਅਤੇ ਕਈ ਜਗਾ ਤੋਂ ਇਲਾਜ ਅਤੇ ਅਪਰੇਸ਼ਨ ਕਰਵਾਉਣ ਤੋਂ ਬਾਅਦ ਵੀ ਹਾਲਾਤ ਨਹੀਂ ਸੁਧਰੇ।

### ਸਰਕਾਰੀ ਸਿਹਤ ਮਾਹਿਰਾਂ ਦੀ ਰਾਇ

ਫ਼ਾਜ਼ਿਲਕਾ ਦੇ ਚੀਫ਼ ਮੈਡੀਕਲ ਅਫ਼ਸਰ ਡਾ. ਦਵਿੰਦਰ ਢਾਂਡਾ ਮੁਤਾਬਿਕ, "ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਇਲਾਕੇ ਦੇ 10 ਪਿੰਡਾਂ ਨੂੰ ਚੁਣਿਆ ਗਿਆ ਹੈ ਤੇ ਇਸ ਬਾਰੇ ਸਰਵੇ ਕਰਵਾਇਆ ਗਿਆ ਹੈ। ਸਰਵੇ ਮੁਤਾਬਕ ਕੈਂਸਰ, ਦਿਲ ਦੇ ਰੋਗ ਤੇ ਮਾਨਸਿਕ ਰੋਗਾਂ ਦੇ ਕਈ ਕੇਸ ਸਾਹਮਣੇ ਆਏ ਹਨ। ਸਰਕਾਰ ਵੱਲੋਂ ਇਨਾਂ ਲਈ ਮਦਦ ਕੀਤੀ ਜਾਂਦੀ ਹੈ।"

### ਖੂਹੀਆਂ ਸਰਵਰ ਬਲਾਕ ਵਰਗੇ ਹਾਲਾਤ ਫ਼ਾਜ਼ਿਲਕਾ ਵਿੱਚ ਵੀ

ਫ਼ਾਜ਼ਿਲਕਾ ਬਲਾਕ ਦੇ ਤੇਜਾ ਰੁਹੇਲਾ ਦੇ ਸਕੂਲ ਵਿੱਚ ਲੰਬੇ ਸਮੇਂ ਤੋਂ ਆਰ.ਓ. ਬੰਦ ਹੈ। ਪਿੰਡ ਦੇ ਸਰਪੰਚ ਬੱਗੂ ਸਿੰਘ ਅਨੁਸਾਰ ਪਿੰਡ ਵਿੱਚ ਲੱਗੇ ਆਰ.ਓ. ਨੂੰ ਬੰਦ ਹੋਏ ਤਿੰਨ ਸਾਲ ਹੋ ਚੁੱਕੇ ਹਨ। ਬਿੱਲ ਨਾ ਦਿੱਤੇ ਜਾਣ ਕਾਰਨ ਅਜਿਹਾ ਹੋਇਆ ਹੈ। ਪਿੰਡ ਵਿੱਚ ਪਾਣੀ ਦੀ ਸਮੱਸਿਆ ਹੈ ਤੇ ਇਹ ਪੀਣਯੋਗ ਨਹੀਂ ਹੈ। ਕਈ ਲੋਕਾਂ ਦੇ ਜੋੜਾਂ ਵਿੱਚ ਦਰਦ ਹੈ।

ਬਾਕੀ ਸਫ਼ਾ 36'ਤੇ






# ‘ਦੀਪ ਸਿੱਧੂ’ ਦੀ ਯਾਦ ’ਚ ਪਾਕਿਸਤਾਨ ਦੀਆਂ ਸੰਗਤਾਂ ਵੱਲੋਂ ਨਨਕਾਣਾ ਸਾਹਿਬ ਵਿਖੇ ਸ਼ਰਧਾਂਜ਼ਲੀ ਸਮਾਗਮ

**ਨਨਕਾਣਾ ਸਾਹਿਬ/ਏ.ਟੀ.ਨਿਊਜ਼ :-** ਸਿੱਖ ਨੌਜਵਾਨਾਂ ਦੇ ਦਿਲਾਂ ਦੀ ਧੜਕਣ, ਕਿਸਾਨ ਸੰਘਰਸ਼ ਦੇ ਹੀਰੋ, ਪੰਜਾਬੀਆਂ ਦੀ ਸ਼ਾਨ ਅਤੇ ਫ਼ਿਲਮੀ ਅਦਾਕਾਰ ਸੰਦੀਪ ਸਿੰਘ ‘ਦੀਪ ਸਿੱਧੂ’ ਨੂੰ ਐਕਸੀਡੈਂਟ ਦੇ ਬਹਾਨੇ ਇੱਕ ਡੂੰਘੀ ਸਾਜ਼ਿਸ਼ ਤਹਿਤ ਇੰਡੀਅਨ ਸਟੇਟ ਵੱਲੋਂ ਕਤਲ ਕੀਤਾ ਗਿਆ ਸੀ। ਇਸ ਯੋਧੇ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਉਸ ਪਵਿੱਤਰ ਆਤਮਾ ਨੂੰ ਸ਼ਰਧਾਂਜ਼ਲੀ ਦੇਣ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਸਿੱਖ ਸੰਗਤ ਅਤੇ ਨਨਕਾਣਾ ਸਾਹਿਬ ਦੀਆਂ ਸਮੂਹ ਸੰਗਤਾਂ ਵੱਲੋਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਸ਼ਾਮ ਦੇ ਦੀਵਾਨ ਵਿੱਚ ਭੋਗ ਪਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ‘ਵਿਸ਼ੇਸ਼ ਸ਼ਰਧਾਜ਼ਲੀ ਸਮਾਗਮ’ ਰੱਖੇ ਗਏ। ਇਸ ਮੌਕੇ ’ਤੇ ਗਿਆਨੀ ਜਨਮ ਸਿੰਘ ਜੀ ਨੇ ਚਾਨਣ ਪਾਉਂਦੇ ਹੋਏ ਸਭ ਤੋਂ ਪਹਿਲਾਂ ਭਾਈ ਸੰਦੀਪ ਸਿੰਘ ‘ਦੀਪ ਸਿੱਧੂ’ ਦੇ ਜੀਵਨ ’ਤੇ ਝਾਤ ਪਾਈ ਅਤੇ ਦੱਸਿਆ ਕਿ ਆਪ ਸਾਢੇ ਕੁ ਤਿੰਨ ਸਾਲ ਦੇ ਸਨ ਅਤੇ ਆਪ ਦਾ ਛੋਟਾ ਭਰਾ ਡੇਢ ਸਾਲ ਦਾ ਸੀ ਜਦੋਂ ਆਪ ਜੀ ਦੇ ਮਾਤਾ ਜੀ ਰੱਬ ਨੂੰ ਪਿਆਰੇ ਹੋ ਗਏ। ਹੌਲੀ-ਹੌਲੀ ਵੱਡੇ ਹੋਣ ਲੱਗੇ ਅਤੇ ਦਿਲ ਲਗਾ ਕੇ ਪੜਦੇ ਸਨ। ਉਨਾਂ ਦੇ ਪੜਨ ਦੇ ਜਨੂੰਨ ਦਾ ਪਤਾ ਸਾਨੂੰ ਇਸ ਗੱਲ ਤੋਂ ਵੀ ਚੱਲਦਾ ਹੈ ਆਖ਼ਰੀ ਵੇਲੇ ਵੀ ਉਨਾਂ ਦੀ ਗੱਡੀ ਵਿੱਚੋਂ ਖ਼ਾਲਸਾ ਫ਼ਤਹਿਨਾਮਾ ਮੈਗ਼ਜ਼ੀਨ ਮਿਲਿਆ। ਅੱਜ ਨੌਜਵਾਨਾਂ ਨੇ ਇਸ ਗੱਲ ਤੋਂ ਸੇਧ ਲੈਣੀ ਹੈ ਕਿ ਅਗਰ ਪੜਨਾ ਵੀ ਹੈ ਤੇ ਕੀ ਪੜਨਾ ਹੈ। ਇਹੀ ਕਾਰਨ ਸੀ ਕਿ ਆਪ ਜੀ ਨੇ ਪੂਨੇ ਲਾਅ ਕਾਲਜ ਵਿੱਚ ਦਾਖ਼ਲਾ ਲੈ ਲਿਆ। ਆਪ ਦੇ ਯਾਰ ਮਿੱਤਰ ਸਕੇ ਸੰਬੰਧੀ ਜਦੋਂ ਆਪ ਜੀ ਨੂੰ ਮਿਲਦੇ ਤਾਂ ਕਹਿੰਦੇ ਦੀਪ ਇੱਕ ਦਿਨ ਜ਼ਰੂਰ ਬਹੁਤ ਵੱਡਾ ਵਕੀਲ ਬਣੇਗਾ। ਉਨਾਂ ਦੀ ਗੱਲ ਸੁਣ ਕੇ ਦੀਪ ਸਿੱਧੂ ਹੱਸ ਪੈਂਦੇ ਤੇ ਕਹਿੰਦੇ ਸਨ। ਨਹੀਂ ! ਨਹੀਂ ! ਸਿਰਫ਼ ਵਕੀਲ ਬਨਣਾ ਮੇਰੀ ਮੰਜਿਲ ਨਹੀਂ..। ਭਾਈ ਸਾਹਿਬ ਨੇ ਦੱਸਿਆ ਕਿ ਇਹ ਗੱਲਾਂ ਉਹ ਕੋਈ ਆਪ ਥੋੜਾ ਬੋਲਦੇ ਸਨ। ਇਹ ਸਾਰੀਆਂ ਗੱਲਾਂ ਆਪ ਨਿਰੰਕਾਰ ਉਨਾਂ ਦੇ ਮੂੰਹੋਂ ਕਢਵਾ ਰਿਹਾ ਸੀ। ਉੱਥੇ ਆਪ ਜੀ ਨੇ ਪੜਾਈ ਦੇ ਨਾਲ਼-ਨਾਲ਼ ਮਾਡਲਿੰਗ ਕਰਨੀ ਸ਼ੁਰੂ ਕਰ ਦਿੱਤੀ। ਪੜਾਈ ਦੇ ਨਾਲ਼ ਆਪ ਜੀ ਇੱਕ ਚੰਗੇ ਖਿਡਾਰੀ ਵੀ ਸਨ ਤੇ ਕਸਰਤ ਵੀ ਕਰਦੇ ਸਨ।



ਆਪ ਜੀ ਦੇ ਨਾਲ਼ ਦੇ ਗੱਲਾਂ ਕਰਦੇ ਸਨ ਕਿ ਦੀਪ ਹੁਣ ਜਾਂ ਤਾਂ ਇੱਕ ਚੰਗਾ ਨਾਮਵਰ ਖਿਡਾਰੀ ਜਾਂ ਮਾਡਲ ਜਾਂ ਬਾਡੀ ਬਿਲਡਰ ਬਣੇਗਾ। ਪਰ ਉਹ ਹਮੇਸ਼ਾ ਹੱਸ ਕੇ ਕਹਿ ਦਿਆ ਕਰਦੇ ਸਨ ਨਹੀਂ ਆਹ ਮੇਰੀ ਮੰਜ਼ਿਲ ਥੋੜੀ ਏ। ਮੇਰੀ ਮੰਜ਼ਿਲ ਲਿਖਣ ਵਾਲਾ ਤਾਂ ਮੇਰਾ ਬਾਬਾ ਗੁਰੂ ਨਾਨਕ ਹੈ। ਮੈਂ ਸੋਚਦਾ ਹਾਂ ਉਹ ਸੱਚ ਹੀ ਕਹਿੰਦੇ ਸਨ ਤਾਂ ਹੀ ਨਨਕਾਣਾ ਵਿੱਚ ਹੀ ਨਹੀਂ ਪੂਰੇ ਪਾਕਿਸਤਾਨ ਦੇ ਸਿੱਖ ਮੁਸਲਿਮ ਤੇ ਹੋਰ ਧਰਮਾਂ ਦੇ ਲੋਕਾਂ ਦੀਆਂ ਅੱਖਾਂ ਨਮ ਹੋਈਆਂ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿੱਚ ਉਸ ਦੀ ਫ਼ਿਰਦੀ ਰੂਹ ਨਜ਼ਰ ਆ ਰਹੀ ਹੈ ਜਿਹੜੀ ਸ਼ਹੀਦ ਭਾਈ ਲਛਮਣ ਸਿੰਘ ਧਾਰੋਵਾਲ ਅਤੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸੱਜਦਾ ਕਰਨ ਲਈ ਪਹੁੰਚੀ ਹੋਈ ਹੈ ਤਾਂ ਹੀ ਦੀਵਾਨ ਦਾ ਵਰਤਾਰਾ ਕੁਝ ਹੋਰ ਹੈ। ਉਹ ਜਿਸ ਨੂੰ ਸਾਡੇ ਵਿੱਚੋਂ ਕੋਈ ਉਸ ਨੂੰ ਸਰੀਰਕ ਤੌਰ ’ਤੇ ਮਿਲਿਆ ਵੀ ਨਹੀਂ ਫੇਰ ਵੀ ਸਭ ਨੂੰ ਆਪਣਾ-2 ਜਿਹਾ ਲੱਗਦਾ ਹੈ। ਕਿਉਂਕਿ ਉਹ ਹਰਿ ਦਾ ਪਿਆਰਾ ਸੀ ਤੇ ਜਿਹੜਾ ਹਰੀ ਪ੍ਰਮਾਤਮਾ ਦਾ ਪਿਆਰਾ ਬਣ ਜਾਂਦਾ ਹੈ ਉਹ ਸਭ ਦਾ ਪਿਆਰਾ ਹੁੰਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ- ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥17॥

ਹਮੇਸ਼ਾ ਦੀਪ ਸਿੱਧੂ ਦੇ ਮੂੰਹੋਂ ਇੱਕੋ ਗੱਲ ਨਿਕਲਦੀ ਸੀ ਮੇਰੀ ਮੰਜ਼ਿਲ ਹੋਰ ਏ। ਨਾ ਮੇਰੀ ਮੰਜ਼ਿਲ ਵਕਾਲਤ ਹੈ....ਨਾ ਮੇਰੀ ਮੰਜ਼ਿਲ ਪੈਸਾ ਸ਼ੁਹਰਤ ਹੈ। ਮੇਰੀ ਮੰਜ਼ਿਲ ਕੋਈ ਫ਼ਿਲਮੀ ਹੀਰੋ ਬਨਣਾ ਵੀ ਨਹੀਂ ਹੈ। ਉਸ ਨੂੰ ਜਿਹੜਾ ਮੁਕਾਮ ਇਸ ਬਾਬੇ ਨਾਨਕ ਦੇ ਘਰੋਂ ਮਿਲਣਾ ਸੀ ਸ਼ਾਇਦ ਇਹ ਗੱਲ ਉਹ ਵੀ ਨਹੀਂ ਜਾਣਦਾ ਸੀ ਕਿ ਗੁਰੂ ਨਾਨਕ ਸਾਹਿਬ ਜੀ ਜਨਮ ਅਸਥਾਨ ਤੋਂ ਸੰਗਤ ਮੇਰਾ ਨਾਮ ਸ਼ਹੀਦਾਂ ਦੇ ਨਾਵਾਂ ਦੀ ਕਤਾਰ ਵਿੱਚ ਲਿਖ ਦੇਵੇਗੀ। ਮੇਰਾ ਨਾਮ ਲੈ ਕੇ ਸੰਗਤਾਂ ਉਸ ਜਨਮ ਅਸਥਾਨ ’ਤੇ ਨਾਅਰੇ ਮਾਰਨਗੀਆਂ। ਜਿਸ ਦਰ ਦੇ ਦਰਸ਼ਨ ਕਰਨ ਲਈ ਹਰ ਸਿੱਖ ਦੀਆਂ ਅੱਖੀਆਂ ਤਰਸਦੀਆਂ ਹਨ। ‘ਦੀਪ ਸਿੱਧੂ ਅਮਰ ਰਹੇ’ ਦੀਪ ਸਿੱਧੂ ਜ਼ਿੰਦਾਬਾਦ। ਛੋਟੇ-ਛੋਟੇ ਬੱਚੇ ਮੇਰਾ ਨਾਮ ਲੈ ਕੇ ਕਵਿਤਾਵਾਂ ਪੜਨਗੇ। ਸਾਧ ਸੰਗਤ ਜੀ ਇਹ ਸਭ ਗੁਰੂ ਨਾਨਕ ਸਾਹਿਬ ਜੀ ਦੇ ਘਰ ਦੀਆਂ ਬਖ਼ਸ਼ਿਸ਼ਾਂ ਹਨ ਜੋ ਦੀਪ ਸਿੱਧੂ ਦੀ ਝੋਲੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦਰ ਤੋਂ ਪਈਆਂ। ਕਿਸੇ ਨੇ ਬੜਾ ਵਧੀਆ ਕਿਹਾ :-

ਇੱਕ ਮੋਇਆ ਪੁੱਤ ਪੰਜਾਬ ਦਾ ਕੁੱਲ ਦੁਨੀਆਂ ਰੋਈ।

ਭਾਈ ਜਨਮ ਸਿੰਘ ਦਾ ਕਹਿਣਾ ਸੀ ਕਿ ਅਸੀਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਬਾਅਦ ਦੇ ਇਕੱਠ ਅਸੀਂ ਆਪਣੀਆਂ ਅੱਖਾਂ ਨਾਲ਼ ਉਹ ਇਕੱਠ ਦੇਖੇ ਤਾਂ ਨਹੀਂ ਹਨ। ਪਰ ਹੁਣ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਜਦੋਂ ਦੀਪ ਸਿੱਧੂ ਦੇ ਸੰਸਕਾਰ ਮੌਕੇ ਸਿੰਘਾਂ ਨੇ ਤਲਵਾਰਾਂ ਦੀ ਛਾਂ ਕੀਤੀ ਹੋਈ ਸੀ ਤੇ ਲੋਕੀਂ ਸਿਵੇ ਨੂੰ ਜਿਵੇਂ ਮੱਥਾ ਟੇਕ ਕੇ ਮੁੜ ਰਹੇ ਹੋਣ ਇਵੇਂ ਦਾ ਮਾਹੌਲ ਉੱਥੇ ਬਣਿਆ ਹੋਇਆ ਸੀ। ਸਾਰੀ ਰਾਤ ਨੌਜਵਾਨ ਉੱਥੇ ਬੈਠ ਕੇ ਨਾਮ-ਸਿਮਰਨ ਤੇ ਬਾਣੀ ਪੜਦੇ ਰਹੇ। ਇਹ ਕਿਸੇ ਭਾਗਾਂ ਵਾਲੇ ਦੀ ਕਿਸਮਤ ਵਿੱਚ ਹੀ ਆਉਂਦਾ ਹੈ। ਅਖੰਡ ਪਾਠ ਤੇ ਲੰਗਰ ਛਕਣ ਤੱਕ ਹੀ ਆਪਾਂ ਗੱਲ ਨਹੀਂ ਮੁਕਾਉਣੀ ਹੈ ਬਲਕਿ ਜਿਨਾਂ ਆਦਰਸ਼ਾਂ ਕਰਕੇ, ਜਿਸ ਹੱਕ-ਸੱਚ ਦੀ ਗੱਲ ਕਰਨ ਕਰਕੇ ਇਹ ਭਾਣਾ ਵਾਪਰਿਆ ਹੈ, ਉਸ ਦੀਪ ਨੂੰ ਆਪਾਂ ਹਮੇਸ਼ਾ ਜਗਾ ਕੇ ਰੱਖਣਾ ਹੈ। ਇਸ ਵਾਰ ਦੀ ਤਰਾਂ ਹੀ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ ’ਤੇ ਸਾਕਾ ਨਨਕਾਣਾ ਤੋਂ ਪਹਿਲਾ ਸ਼ਹੀਦ ਸੰਦੀਪ ਸਿੰਘ ‘ਦੀਪ ਸਿੱਧੂ’ ਦੀ ਸ਼ਹਾਦਤ ਦਾ ਦਿਹਾੜਾ ਹਰ ਸਾਲ ਇਸੇ ਤਰਾਂ ਮਨਾਇਆ ਜਾਵੇਗਾ। ਇਸ ਵਿਚਾਰ ਚਰਚਾ ਵਿੱਚ ਬੋਲਦਿਆਂ ਭਾਈ ਪ੍ਰੇਮ ਸਿੰਘ ਹੈੱਡ ਗ੍ਰੰਥੀ ਨੇ ਗਿਆਨੀ ਜਨਮ ਸਿੰਘ ਦੀਆਂ ਗੱਲਾਂ ਦੀ ਪ੍ਰੋੜਤਾ ਕਰਦੇ ਹੋਏ ਕਿਹਾ ਕਿ ਚਾਹੇ ਅਸੀਂ ‘ਸਾਕਾ ਨਨਕਾਣਾ ਸਾਹਿਬ’ ਦੀ ਸ਼ਤਾਬਦੀ **ਬਾਕੀ ਸਫ਼ਾ 36 ’ਤੇ**

# ਅਜੋਕਾ ਭਾਰਤੀ ਸਿਆਸੀ ਸੱਭਿਆਚਾਰ ਲੋਕ ਵਿਰੋਧੀ ਕਿਉਂ ?



**ਬਲਵੰਤ ਸਿੰਘ ਖੇੜਾ**

ਰਾਜਨੀਤੀ ਵਿਗਿਆਨ ਇੱਕ ਸਮਾਜਿਕ ਵਿਗਿਆਨ ਹੈ ਜੋ ਸਿਆਸੀ ਸਰਗਰਮੀਆਂ ਅਤੇ ਸਿਆਸੀ ਵਿਚਾਰ ਤੇ ਵਿਵਹਾਰ ਦਾ ਵਿਸ਼ਲੇਸ਼ਣ ਕਰਦਾ ਹੈ। ਰਾਜਨੀਤੀ ਸੱਭਿਆਚਾਰ ਨੂੰ ਕਾਫ਼ੀ ਪ੍ਰਭਾਵਿਤ ਕਰਦੀ ਹੈ। ਮਨੁੱਖੀ ਜੀਵਨ ਨੂੰ ਨੇਮਬੱਧ ਤੇ ਰਸੀਲਾ ਬਣਾਉਣ ਵਾਸਤੇ ਸੁਤੇ ਸਿੱਧ ਕੁਝ ਨਿਯਮਾਂ ਦੀ ਪਾਲਣਾ ਕਰਨ ਦੀ ਪ੍ਰੇਰਨਾ ਮਿਲਦੀ ਹੈ ਜਿਸ ਨੂੰ ਸੱਭਿਆਚਾਰ ਕਿਹਾ ਜਾਂਦਾ ਹੈ। ਸੋ ਕਹਿ ਸਕਦੇ ਹਾਂ ਕਿ ਸੱਭਿਆਚਾਰ ਤੇ ਰਾਜਨੀਤੀ ਇੱਕ-ਦੂਜੇ ਦੇ ਪੂਰਕ ਦੀ ਤਰਾਂ ਕਾਰਜ ਕਰਦੇ ਹਨ। ਇਸੇ ਲਈ ਰਾਜਸੀ ਪਾਰਟੀਆਂ ਕਿਸੇ ਨਾ ਕਿਸੇ ਵਿਚਾਰਧਾਰਾ ਨੂੰ ਪ੍ਰਣਾਈਆਂ ਹੁੰਦੀਆਂ ਹਨ। ਮੁੱਢਲੀ ਇਕਾਈ ਦੇ ਮੈਂਬਰਾਂ ਵੱਲੋਂ ਲੋਕਤੰਤਰੀ ਤਰੀਕੇ ਨਾਲ਼ ਪਾਰਟੀ ਢਾਂਚਾ ਖੜਾ ਕਰਨਾ, ਪਾਰਦਰਸ਼ਤਾ ਦਾ ਪੈਮਾਨਾ ਰੱਖਣਾ, ਮਾਨਵ ਤੇ ਕੁਦਰਤ ਕੇਂਦਰਿਤ ਦ੍ਰਿਸ਼ਟੀਕੋਣ, ਜਨਤਾ ਨੂੰ ਜਵਾਬਦੇਹ ਹੋਣਾ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਰਾਖੀ ਲਈ ਆਪਾ ਕੁਰਬਾਨ ਕਰਨ ਤੱਕ ਜਾਣਾ ਸੱਭਿਅਕ ਹੋਣ ਦੇ ਸੰਕੇਤ ਹਨ। ਜੋ ਅਸੱਭਿਅਕ ਵਰਤਾਰਾ ਸੰਨ 2022 ਦੀਆਂ ਆਮ ਚੋਣਾਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ, ਇਸ ਨੂੰ ਸਿਖ਼ਰ ਦਾ ਨਿਘਾਰ ਤੇ ਭ੍ਰਿਸ਼ਟਾਚਾਰ ਕਿਹਾ ਜਾ ਸਕਦਾ ਹੈ। ਵਿਚਾਰਧਾਰਾ ਦੀ ਥਾਂ ਵਾਪਾਰਧਾਰਾ ਵਹਿ ਰਹੀ ਹੈ। ਰਾਜਨੀਤਿਕ ਅਖੌਤੀ ਨੇਤਾ ਫ਼ਸਲੀ ਬਟੇਰਿਆਂ ਦੀ ਤਰਾਂ ਟੱਪ ਰਹੇ ਹਨ। ਮਨਮਰਜ਼ੀ ਤੇ ਖ਼ੁਦਗ਼ਰਜ਼ੀ ਪ੍ਰਧਾਨ ਨੇਤਾ ਲੋਕਾਂ ਦੀਆਂ ਆਸਾਂ ਅਤੇ ਖ਼ਾਹਿਸ਼ਾਂ ਪੂਰੀਆਂ ਕਰ ਦੇਣਗੇ, ਇਹ ਅਸੰਭਵ ਹੈ। ਰਾਜਨੀਤਿਕ ਪਾਰਟੀਆਂ ਆਪਣੇ ਜਾਰੀ ਇਕਰਾਰਨਾਮਿਆਂ ’ਤੇ ਅਮਲ ਲਈ ਸੁਹਿਰਦ ਨਹੀਂ। ਸੁਤੰਤਰਤਾ ਸੰਗਰਾਮ ਮੌਕੇ ਸੱਭਿਆਚਾਰ ਦਾ ਚਾਨਣ ਸੀ ਤੇ ਉਹ ਨੈਤਿਕ ਸਾਂਝਾਂ ਪੂਜਦਾ ਇੱਕ ਨਿਸ਼ਾਨਾ ਰੱਖਦਾ ਸੀ ਕਿ ਦੱਖਣੀ ਏਸ਼ੀਆ ਦੇ ਹਿੱਸਿਆਂ ’ਚੋਂ ਪਹਿਲੇ ਦੌਰ ’ਚ ਈਸਟ ਇੰਡੀਆ ਕੰਪਨੀ ਅਤੇ ਮਗਰਲੇ ਦੌਰ ’ਚ ਬਰਤਾਨਵੀ ਰਾਜ ਨੂੰ ਖ਼ਤਮ ਕਰਨਾ ਹੈ। ਕੇਂਦਰੀ ਅਤੇ ਸੂਬਾਈ ਪਾਰਟੀਆਂ ਉਦੋਂ ਵੀ ਸਨ ਪਰ ਉਨਾਂ ਦੇ ਮਿਆਰ ਸਨ। ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਲਿਖਦੇ ਹਨ ਕਿ ਬਾਬਾ ਰਾਮ ਸਿੰਘ ਜੀ ਸੁਤੰਤਰਤਾ ਨੂੰ ਵੀ ਧਰਮ ਦਾ ਅੰਗ ਸਮਝਦੇ ਸਨ। ਸਮਾਜਵਾਦੀ ਲਹਿਰ ਦਾ ਅਜਿਹੀ ਰਾਜਨੀਤਿਕ-ਸਮਾਜਿਕ ਵਿਵਸਥਾ ਪੈਦਾ ਕਰਨ ਦਾ ਮਕਸਦ ਸੀ ਜਿਸ ਨਾਲ਼ ਮੁੱਠੀ ਭਰ ਲੋਕਾਂ ਦੀ ਬਜਾਏ ਸਮੁੱਚੇ ਸਮਾਜ ਦੀਆਂ ਲੋੜਾਂ/ ਉਮੰਗਾਂ ਨੂੰ ਪਹਿਲ ਹੋਵੇ। ਮਨੁੱਖੀ ਗੌਰਵ ਵਾਲੇ ਲੋਕਰਾਜ ਦੀ ਕਲਪਨਾ ਸੀ। ਦਸਵੰਧ ਕੱਢਣ ਦਾ ਅਸੂਲ ਸੀ। ਪੈਦਲ ਤੇ ਸਾਈਕਲ ਯਾਤਰਾ ਕਰ ਕੇ ਦੁੱਖ-ਸੁੱਖ ਸਾਂਝੇ ਕਰਨ ਦਾ ਸੱਭਿਆਚਾਰ ਸੀ। ਕਮਿਊਨਿਸਟ ਪਾਰਟੀ ਦਾ ਉਦੇਸ਼ ਕ੍ਰਾਂਤੀ ਸੀ।

ਡੀ.ਐੱਮ.ਕੇ. ਪਾਰਟੀ ਬਹੁਤ ਮਹੱਤਵਪੂਰਨ ਪਾਰਟੀ ਸੀ ਜੋ ਪੇਂਡੂ ਮਜ਼ਦੂਰ ਅਤੇ ਕਿਸਾਨਾਂ ਦੇ ਹਿੱਤਾਂ ਲਈ ਸੰਘਰਸ਼ ਕਰਦੀ ਸੀ। ਭਾਰਤੀ ਰਾਸ਼ਟਰੀ ਕਾਂਗਰਸ ਇੱਕ ਸਮੁੰਦਰ ਸੀ ਅਤੇ ਬਾਕੀ ਪਾਰਟੀਆਂ ਉਸ ਦੀਆਂ ਲਹਿਰਾਂ। ਕਾਂਗਰਸ ਦੇਸ਼ ਦਾ ਸੁਧਾਰ ਚਾਹੁੰਦੀ ਸੀ। ਸ਼੍ਰੋਮਣੀ ਅਕਾਲੀ ਦਲ ਦਾ ਮਾਣਮੱਤਾ ਇਤਿਹਾਸ ਰਿਹਾ ਹੈ। ਸਿੱਖਾਂ ਦੀ ਸਮੁੱਚੇ ਭਾਰਤ ਵਿੱਚ ਇੱਕ ਦਿੱਖ ਬਣੀ ਸੀ। ਗੁਰਦੁਆਰਾ ਮੋਰਚਿਆਂ ਵਿੱਚ ਪੰਡਿਤ ਜਵਾਹਰਲਾਲ ਨਹਿਰੂ ਦਾ ਜੈਤੋ ਆ ਕੇ ਕੈਦ ਹੋਣਾ ਵੱਡਾ ਹੁੰਗਾਰਾ ਸੀ। ਚਾਬੀਆਂ ਦੇ ਮੋਰਚੇ ਵਿੱਚ ਮਹਾਤਮਾ ਗਾਂਧੀ ਨੇ ਮੰਨਿਆ ਸੀ ਕਿ ਇਹ ਭਾਰਤ ਦੀ ਅਜ਼ਾਦੀ ਦੀ ਪਹਿਲੀ ਜਿੱਤ ਸੀ। ਇਸ ਕਾਰਨ ਕਾਂਗਰਸ ਪਾਰਟੀ ਨੇ ਅਕਾਲੀ ਆਗੂਆਂ ਨੂੰ ਕਾਂਗਰਸ ਵਿੱਚ ਮੈਂਬਰ ਬਣਨ ਦਾ ਹੱਕ ਦਿੱਤਾ ਸੀ ਜੋ 1942 ਤੱਕ ਚੱਲਦਾ ਰਿਹਾ। ਬਾਬਾ ਖੜਕ ਸਿੰਘ ਇੱਕੋ ਵੇਲੇ ਅਕਾਲੀ ਦਲ ਤੇ ਪੰਜਾਬ ਕਾਂਗਰਸ ਪਾਰਟੀ ਦੇ ਪ੍ਰਧਾਨ ਵੀ ਸਨ। ਸੋ ਕਹਿਣ ਦਾ ਭਾਵ ਇਹ ਹੈ ਕਿ ਆਦਰਸ਼ਵਾਦੀ ਲੋਕ ਸਨ ਅਤੇ ਆਦਰਸ਼ਕ ਸੱਭਿਆਚਾਰ ਸੀ। ਜੇਲਾਂ ਕੱਟਣੀਆਂ, ਕੁਰਬਾਨੀਆਂ ਦੇਣੀਆਂ ਅਤੇ ਸੰਕਟ ਭਰੇ ਸੰਘਰਸ਼ਾਂ ਵਿੱਚ ਜੀਣ ਦੀ ਇੱਕ ਅਮੀਰ ਵਿਰਾਸਤ ਸੀ। ਫ਼ਰਾਂਸ ਅਤੇ ਰੂਸ ਦੀ ਕ੍ਰਾਂਤੀ ਦਾ ਪ੍ਰਭਾਵ ਵੀ ਕਬੂਲਿਆ। ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਾ ਤਿੱਕੜੀ ਗੁਣਾਂ ਦਾ ਕ੍ਰਾਂਤੀ ਨਾਅਰਾ ਬੁਲੰਦ ਰੱਖਿਆ। ਸਾਰੀਆਂ ਪਾਰਟੀਆਂ ਹੀ ਕਾਂਗਰਸ ਨੂੰ ਸਮਰਥਨ ਦੇਂਦੀਆਂ ਸਨ। ਇਸ ਸ਼ਕਤੀ ਦੇ ਧੁਰੇ ਨੂੰ ਕਾਇਮ ਰੱਖਣ ਦੇ ਨਜ਼ਰੀਏ ਨਾਲ਼ ਹੀ ਮਹਾਤਮਾ ਗਾਂਧੀ ਨੇ ਰਾਸ਼ਟਰੀ ਕਾਂਗਰਸ ਪਾਰਟੀ ਨੂੰ ਨਸੀਹਤ ਕੀਤੀ ਸੀ ਕਿ ਕੋਈ ਰਾਜਨੀਤਿਕ ਪਾਰਟੀਆਂ ਵਿੱਚ ਨਾ ਜਾਵੇ।

ਕਾਂਗਰਸ ਨੂੰ ਲੋਕ ਸੇਵਾ ਮੰਡਲ ਦਾ ਨਾਮ ਦੇ ਕੇ ਸਮਾਜ ਸੁਧਾਰ ਲਈ ਲੜਿਆ ਜਾਵੇ ਪਰ ਕਈ ਮਾਮਲਿਆਂ ਵਿੱਚ ਨਹਿਰੂ ਗ਼ੈਰ-ਵਿਵਹਾਰਕ ਨਜ਼ਰ ਆਏ ਅਤੇ ਇਸ ਨਸੀਹਤ ਨੂੰ ਨਹੀਂ ਮੰਨਿਆ। ਉਂਝ ਗਾਂਧੀਵਾਦੀ ਹੋਣ ਦੀ ਆਪਣੀ ਪਛਾਣ ਬਣਾਈ ਰੱਖੀ। ਗਾਂਧੀ ਜੀ ਨੂੰ ਭਾਵੇਂ ਗੌਡਸੇ ਨੇ ਮਾਰਿਆ ਪਰ ਉਨਾਂ ਦਾ ਨਿਰਾਸ਼ ਹੋ ਕੇ ਮਰਨਾ ਸੱਭਿਆਚਾਰ ਦੇ ਨਿਘਾਰ ਦਾ ਸਬੂਤ ਹੈ। ਉਸ ਨੂੰ ਪੀੜਾ ਸੀ ਕਿ ਮੇਰੇ ਚੇਲੇ ਵਿਚਾਰਧਾਰਾ ਤੋਂ ਭੱਜ ਗਏ ਹਨ ਅਤੇ ਰਾਜਸੀ ਰੁਤਬਿਆਂ ਲਈ ਲਾਲਾਂ ਸੁੱਟ ਰਹੇ ਹਨ। ਖ਼ੈਰ ! ਬਹੁਤ ਕੁਝ ਪਰਦੇ ਹੇਠ ਰਹਿ ਜਾਂਦਾ ਸੀ ਅਤੇ ਰਾਜਨੀਤੀ ਦਾ ਮਿਆਰ ਟਿਕਿਆ ਦਿਖਾਈ ਦਿੰਦਾ ਸੀ। ਸੰਨ 1947 ਤੋਂ ਬਾਅਦ 1960 ਦੇ ਨੇੜੇ ਢਿੱਡ ਨੰਗੇ ਹੋਣ ਲੱਗ ਪਏ। ਰਾਜਨੀਤਿਕ ਸੱਭਿਆਚਾਰ ਵਿੱਚ ਵਿਗਾੜ ਸ਼ੁਰੂ ਹੋ ਗਿਆ। ਦਾਨ ਦੀ ਥਾਂ ਅਭਿਮਾਨ ਤੇ ਅਪਮਾਨ ਪ੍ਰਧਾਨ ਹੋ ਗਏ। ਜਾਤੀ, ਜਮਾਤੀ, ਇਲਾਕਾਈ ਅਤੇ ਧਰਮੀ ਭਾਵਨਾਵਾਂ ਨੂੰ ਭੜਕਾਉਂਦੀਆਂ ਪਾਰਟੀਆਂ ਬਣਾਉਣ ਦੀ ਹੋੜ ਲੱਗ ਗਈ। ਰਾਸ਼ਟਰੀ ਅਤੇ ਕਿਰਤੀ ਖਾਸੇ ਦੇ ਦਮਗਜੇ ਮਾਰਨ ਵਾਲੀਆਂ ਰਾਜਨੀਤਕ ਪਾਰਟੀਆਂ ਕਾਰਪੋਰੇਟ ਜਗਤ ਦੀਆਂ ਦਾਸੀਆਂ ਬਣ ਗਈਆਂ। ਯੂਰਪ ਦਾ ਨਾਕਾਰਤਾਮਕ ਪ੍ਰਭਾਵ ਪੱਲੇ ਬੰਨ ਲਿਆ।

ਬਿਨਾਂ ਸ਼ੱਕ ਇੰਗਲੈਂਡ ਨੂੰ ਸੰਸਦੀ ਪ੍ਰਣਾਲੀ ਦਾ ਜਨਮਦਾਤਾ ਮੰਨਿਆ ਜਾਂਦਾ ਹੈ ਪਰ ਕਾਰਪੋਰੇਟ ਦਾ ਪਸਾਰ ਏਥੇ ਹੀ ਹੋਇਆ। ਜਮਹੂਰੀਅਤ ਦਾ ਵਕੀਲ ਅਖਵਾਉਂਦੇ ਅਮਰੀਕਾ ਵਿੱਚ ਵਧਿਆ-ਫੁੱਲਿਆ। ਕੈਨੇਡਾ ਵਿੱਚ ਵਾਰੋ-ਵਾਰੀ ਦੇ ਸੱਤਾਧਾਰੀ ਸਦਾ ਹੀ ਪੂੰਜੀਵਾਦੀ ਪੱਖੀ, ਸੱਜੇ ਅਤੇ ਈਸਾਈਅਤ ਪ੍ਰਭਾਵ ਵਾਲੀ ਰਾਜਨੀਤੀ ਜ਼ਰੀਏ ਮੂਲ ਵਾਸੀਆਂ ਦੇ ਹੱਕਾਂ ਤੇ ਸੱਭਿਆਚਾਰ ਦਾ ਖ਼ਾਤਮਾ ਕਰਦੇ ਆ ਰਹੇ ਹਨ। ਭਾਰਤ ਵੀ ਪਿੱਛੇ ਨਹੀਂ ਰਿਹਾ। ਭਾਰਤ ਦੀ ਨਾਮੀ ਪਾਰਟੀ ਕਾਂਗਰਸ ਆਪਣੇ ਵਿਰਸੇ ਨੂੰ ਵਿਸਾਰ ਕੇ ਵੱਡੇ ਕਾਰਪੋਰੇਟ ਘਰਾਣਿਆਂ ਕੋਲ਼ੋਂ ਫ਼ੰਡ ਲੈਣ ਲੱਗ ਪਈ। ਛੋਟੇ ਦਲ ਛੋਟੇ ਘਰਾਣਿਆਂ ਤੋਂ ਫ਼ੰਡ ਲੈਣ ਲੱਗ ਪਏ। ਭਾਰਤੀ ਜਨਤਾ ਪਾਰਟੀ ਨੇ ਫ਼ੰਡ ਲੈਣ ਦੇ ਢੰਗ-ਤਰੀਕਿਆਂ ਨੂੰ ਸੰਵਾਰ ਤੇ ਸ਼ਿੰਗਾਰ ਲਿਆ। ਸੰਨ 2017 ਵਿੱਚ ਤਤਕਾਲੀ ਵਿੱਤ ਮੰਤਰੀ ਮਰਹੂਮ ਅਰੁਣ ਜੇਤਲੀ ਨੇ ਬਜਟ ਭਾਸ਼ਣ ਵਿੱਚ ਚੋਣ ਬਾਂਡ ਨੂੰ ਬੇਨਾਮ ਦਾਨ ਕਰਨ ਤੱਕ ਦਾ ਤਰੀਕਾ ਕਹਿ ਦਿੱਤਾ। ਚੋਣ ਬਾਂਡ ਦਾਨ ਕਰਨ ਵਾਲੇ ਦਾਨੀਆਂ ਦੀ ਗ਼ੁਮਨਾਮਤਾ ਵਿਵਸਥਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਹੁਣ ਰਾਜਨੀਤਿਕ ਪਾਰਟੀਆਂ ਨੂੰ ਚੋਣ ਕਮਿਸ਼ਨ ਸਾਹਮਣੇ ਚੋਣ ਬਾਂਡ ਦੇ ਜ਼ਰੀਏ ਮਿਲੇ ਦਾਨ ਦੇ ਵੇਰਵਿਆਂ ਦਾ ਖ਼ੁਲਾਸਾ ਕਰਨ ਤੋਂ ਛੋਟ ਮਿਲ ਚੁੱਕੀ ਹੈ। ਏ.ਡੀ.ਆਰ. ਗ਼ੈਰ-ਸਰਕਾਰੀ ਸੰਸਥਾ ਦੇ 2018-19 ਦੇ ਵਿਸ਼ਲੇਸ਼ਣ ਮੁਤਾਬਕ ਰਾਸ਼ਟਰੀ ਪਾਰਟੀਆਂ ਅਤੇ ਖੇਤਰੀ ਪਾਰਟੀਆਂ ਦੀ ਅੱਧੀ ਤੋਂ ਵੱਧ ਆਮਦਨ ਚੋਣ ਬਾਂਡ ਦਾਨ ਤੋਂ ਆਈ ਹੈ। ਭਾਜਪਾ ਸਭ ਤੋਂ ਵੱਧ ਲਾਭਪਾਤਰੀ ਹੈ। ਸਾਲ 2017-18 ਅਤੇ 2018-19 ਵਿੱਚ ਰਾਜਨੀਤਿਕ ਪਾਰਟੀਆਂ ਨੇ ਚੋਣ ਬਾਂਡਾਂ ਤੋਂ ਕੁੱਲ 2,760.20 ਕਰੋੜ ਰੁਪਏ ਪ੍ਰਾਪਤ ਕੀਤੇ, ਜਿਸ ’ਚੋਂ 1,660.89 ਕਰੋੜ ਰੁਪਏ ਜਾਂ 60.17% ਗੱਫਾ ਇਕੱਲੀ ਭਾਜਪਾ ਨੂੰ ਮਿਲਿਆ। ਇੱਥੋਂ ਤੱਕ ਕਿ ਸੀ.ਪੀ.ਆਈ. ਤੇ ਸੀ.ਪੀ.ਐੱਮ. ਵੀ ਭਾਗੀਦਾਰ ਬਣਨ ਤੋਂ ਪਿੱਛੇ ਨਹੀਂ ਰਹੀਆਂ। ਸਿੱਟੇ ਵਜੋਂ ਅੱਜ ਹਕੂਮਤ ਲੋਕਾਂ ਦੀ ਨਹੀਂ ਬਲਕਿ ਕਾਰਪੋਰੇਟ ਘਰਾਣਿਆਂ ਦੀ ਹੈ। ਸਰਕਾਰਾਂ ਚਲਾਉਣ ਲਈ ਚਿਹਰਾ-ਮੋਹਰਾ ਰਾਜਨੀਤਕ ਪਾਰਟੀਆਂ ਦਾ ਹੁੰਦਾ ਹੈ।

ਕੇਂਦਰ ਸਰਕਾਰ ਦੇਸ਼ ਦੇ ਕਈ ਹਵਾਈ ਅੱਡੇ, ਹਵਾਈ ਕੰਪਨੀਆਂ, ਤੇਲ ਕੰਪਨੀਆਂ, ਬਿਜਲੀ ਲਾਈਨਾਂ, ਰੇਲਵੇ ਟਰੈਕ ਅਤੇ ਜਨਤਕ ਸੇਵਾਵਾਂ ਦੇ ਅਦਾਰੇ ਕਾਰਪੋਰੇਟਾਂ ਨੂੰ ਥਾਲੀ ਵਿੱਚ ਪਰੋਸ ਕੇ ਦੇ ਰਹੀ ਹੈ। ਖੇਤੀ ਬੀਜਾਂ ’ਤੇ ਵੀ ਕਬਜ਼ਾ ਹੋ ਰਿਹਾ ਹੈ। ਅੱਜ ਸਮੇਂ ਦੀ ਮੰਗ ਹੈ ਕਿ ਸਿਆਸੀ ਪਾਰਟੀਆਂ ਨੂੰ ਪਾਰਦਰਸ਼ਤਾ ਪੇਸ਼ ਕਰਨ ਲਈ ਅਤੇ ਚੋਣ ਵਾਅਦਿਆਂ ਦੀ ਪੂਰਤੀ ਪ੍ਰਤੀ ਜਵਾਬਦੇਹ ਬਣਾਇਆ ਜਾਵੇ। ਕੁਦਰਤ, ਵਾਤਾਵਰਨ ਤੇ ਮਾਨਵੀ ਕਦਰਾਂ-ਕੀਮਤਾਂ ਦੀ ਰਾਖੀ ਤੇ ਪਹਿਰੇਦਾਰੀ ਲਈ ਕਾਨੂੰਨਨ ਇਕਰਾਰਨਾਮਾ ਲਿਆ ਜਾਵੇ। ਸਭ ਤੋਂ ਪਹਿਲਾਂ ਚੋਣਾਂ ’ਚ ਭ੍ਰਿਸ਼ਟਾਚਾਰ ਰੋਕਣਾ ਤੇ ਅਪਰਾਧੀਆਂ ਦਾ ਸੰਸਦ ਤੇ ਵਿਧਾਨ ਸਭਾਵਾਂ ’ਚ ਦਾਖ਼ਲਾ ਬੰਦ ਕਰਨਾ ਹੋਵੇਗਾ ਜਿਸ ਦੀ ਜ਼ਿੰਮੇਵਾਰੀ ਲੋਕਾਂ ਸਿਰ ਹੈ। ਨਿਆਂਪਾਲਿਕਾ ਅਤੇ ਕਾਰਜਪਾਲਿਕਾ ਦੇ ਨਾਲ਼-ਨਾਲ਼ ਪੱਤਰਕਾਰੀ ਅੰਦਰ ਨਰੋਏ ਸੱਭਿਆਚਾਰ ਦਾ ਸਤਿਕਾਰ ਬਹਾਲ ਕਰਨਾ ਪੈਣਾ ਹੈ। ਮਾਨਵਤਾ ਨੂੰ ਮਾਨਤਾ ਦੇਣ ਲਈ ਨਿਰੰਤਰ ਤੁਰਨਾ ਹੋਵੇਗਾ।

# ਰੂਸ ਨਾਲ਼ ਜੰਗ ਵਿੱਚ ਘਿਰਿਆ ਯੂਕਰੇਨ

## ✪ ਜੰਗ ਨੂੰ ਟਾਲਣ ਲਈ ਅਮਰੀਕੀ ਰਾਸ਼ਟਰਪਤੀ ਬਾਈਡਨ, ਪੁਤਿਨ ਨੂੰ ਮਿਲਣਗੇ
## ✪ ਪੂਰਬੀ ਯੂਕਰੇਨ ਵਿੱਚ ਗੋਲਾਬਾਰੀ, ਸੇਵਾਵਾਂ ਠੱਪ ਤੇ ਡਰ ਦਾ ਮਾਹੌਲ

ਰੂਸ ਤੇ ਯੂਕਰੇਨ ਵਿਚਕਾਰ ਕਿਸੇ ਵੀ ਸਮੇਂ ਜੰਗ ਹੋ ਸਕਦੀ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਕਿਹਾ ਹੈ ਕਿ ਉਨਾਂ ਨੂੰ ਯਕੀਨ ਹੈ ਰੂਸੀ ਫ਼ੌਜ ਆਉਣ ਵਾਲੇ ਹਫ਼ਤੇ ਰਾਜਧਾਨੀ ਕੀਵ ਸਮੇਤ ਯੂਕਰੇਨ 'ਤੇ ਹਮਲਾ ਕਰੇਗੀ। ਇਸ ਦੇ ਨਾਲ਼ ਹੀ ਉਨਾਂ ਚਿਤਾਵਨੀ ਦਿੱਤੀ ਕਿ ਜੇ ਰੂਸ ਨੇ ਹਮਲਾ ਕੀਤਾ ਤਾਂ ਉਹ ਤਬਾਹੀ ਤੇ ਬੇਲੋੜੀ ਜੰਗ ਲਈ ਜ਼ਿੰਮੇਵਾਰ ਹੋਵੇਗਾ। ਦੂਸਰੇ ਪਾਸੇ ਯੂਕਰੇਨ ਨਾਲ਼ ਚੱਲ ਰਹੇ ਤਣਾਅ ਦੌਰਾਨ ਰੂਸ ਨੇ ਬੀਤੇ ਦਿਨੀਂ ਹਾਈਪਰਸੋਨਿਕ ਮਿਜ਼ਾਈਲਾਂ ਦਾਗੀਆਂ। ਬੈਲਿਸਟਿਕ ਤੇ ਕਰੂਜ਼ ਮਿਜ਼ਾਈਲਾਂ ਅਭਿਆਸ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਉਸਦੇ ਬੇਲਾਰੂਸੀਅਨ ਹਮਰੁਤਬਾ ਦੀ ਨਿਗਰਾਨੀ ਹੇਠ ਇੱਕ ਰਣਨੀਤਕ ਪ੍ਰਮਾਣੂ ਅਭਿਆਸ ਦੇ ਹਿੱਸੇ ਵਜੋਂ ਕਰਵਾਏ ਗਏ ਸਨ। ਇਹ ਮਿਜ਼ਾਈਲਾਂ ਹਵਾ ਤੇ ਪਾਣੀ ਦੋਵਾਂ ਵਿੱਚ ਹਮਲਾ ਕਰਨ ਵਿੱਚ ਸਮਰਥ ਹਨ। ਰੂਸੀ ਰੱਖਿਆ ਮੰਤਰਾਲੇ ਦੇ ਅਨੁਸਾਰ, ਅਭਿਆਸ ਪਹਿਲਾਂ ਹੀ ਯੋਜਨਾਬੱਧ ਕੀਤਾ ਗਿਆ ਸੀ, ਜਿਸ ਵਿੱਚ ਰੂਸੀ ਏਰੋਸਪੇਸ ਫ਼ੋਰਸਿਜ਼, ਦੱਖਣੀ ਮਿਲਟਰੀ ਡਿਸਟ੍ਰਿਕਟ ਯੂਨਿਟਾਂ, ਰਣਨੀਤਕ ਮਿਜ਼ਾਈਲ ਬਲ ਸ਼ਾਮਿਲ ਸਨ। ਰੂਸੀ ਰੱਖਿਆ ਮੰਤਰਾਲੇ ਮੁਤਾਬਕ ਇਹ ਦੇਸ਼ ਦੀ ਪ੍ਰਮਾਣੂ ਸਮਰੱਥਾ ਦੀ ਤਿਆਰੀ ਨੂੰ ਪਰਖਣ ਦਾ ਅਭਿਆਸ ਹੈ।

ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਰੂਸੀ ਰਾਸ਼ਟਰਪਤੀ ਪੁਤਿਨ ਨਾਲ਼ ਮੁਲਾਕਾਤ ਕਰਨ ਲਈ ਸਹਿਮਤ ਹੋ ਗਏ ਹਨ ਤਾਂ ਕਿ ਜੰਗ ਨਾ ਹੋ ਸਕੇ। ਅਮਰੀਕਾ ਦਾ ਮੰਨਣਾ ਹੈ ਕਿ ਜੇਕਰ ਰੂਸ ਨੇ ਯੂਕਰੇਨ 'ਤੇ ਹਮਲਾ ਕੀਤਾ ਤਾਂ ਇਹ ਬੈਠਕ ਅਸੰਭਵ ਹੋਵੇਗੀ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਪੱਛਮੀ ਦੇਸ਼ਾਂ ਨੇ ਰੂਸ 'ਤੇ ਯੂਕਰੇਨ ਦੀ ਸਰਹੱਦ ਨੇੜੇ ਹਮਲੇ ਦੀ ਕਥਿਤ ਤਿਆਰੀ ਲਈ ਫ਼ੌਜ ਲਗਾਉਣ ਦਾ ਦੋਸ਼ ਲਗਾਇਆ ਹੈ। ਹਾਲਾਂਕਿ ਮਾਸਕੋ ਨੇ ਇਨਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਤੇ ਵਾਰ-ਵਾਰ ਕਿਹਾ ਹੈ ਕਿ ਉਹ ਕਿਸੇ ਨੂੰ ਧਮਕੀ ਨਹੀਂ ਦੇ ਰਹੇ ਤੇ ਇਸ ਦੇ ਨਾਲ਼ ਹੀ ਰੂਸੀ ਸਰਹੱਦਾਂ ਦੇ ਨੇੜੇ ਨਾਟੋ ਫ਼ੌਜੀ ਗਤੀਵਿਧੀਆਂ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਜਿਸ ਨੂੰ ਉਹ ਆਪਣੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਮੰਨਦਾ ਹੈ। ਮਾਸਕੋ ਨੇ ਇਹ ਵੀ ਕਿਹਾ ਹੈ ਕਿ ਰੂਸ ਨੂੰ ਆਪਣੇ ਰਾਸ਼ਟਰੀ ਖੇਤਰ ਵਿੱਚ ਸੈਨਿਕਾਂ ਨੂੰ ਭੇਜਣ ਦਾ ਅਧਿਕਾਰ ਹੈ। ਪੱਛਮੀ ਮੁਲਕ ਯੂਕਰੇਨ ਤੇ ਹੋਰ ਕੁਝ ਸਾਬਕਾ ਸੋਵੀਅਤ ਮੁਲਕਾਂ ਨੂੰ ਨਾਟੋ ਤੋਂ ਬਾਹਰ ਰੱਖਣ ਤੇ ਉਨਾਂ ਨੂੰ ਹਥਿਆਰ ਨਾ ਦਿੱਤੇ ਜਾਣ। ਦੂਸਰੇ ਪਾਸੇ ਅਮਰੀਕਾ ਦਾ ਦਾਅਵਾ ਹੈ ਕਿ ਰੂਸ ਨਾਲ਼ ਲੱਗਦੀ ਯੂਕਰੇਨ ਦੀ ਸਰਹੱਦ 'ਤੇ ਡੇਢ ਲੱਖ ਹੋਰ ਫ਼ੌਜੀ ਤਾਇਨਾਤ ਕੀਤੇ ਗਏ ਹਨ। ਅਮਰੀਕਾ ਨੇ ਉਮੀਦ ਜਤਾਈ ਹੈ ਕਿ ਨਿਯਮ ਆਧਾਰਿਤ ਕੌਮਾਂਤਰੀ ਪ੍ਰਬੰਧ ਲਈ ਵਚਨਬੱਧ ਭਾਰਤ, ਯੂਕਰੇਨ 'ਤੇ ਰੂਸੀ ਹਮਲੇ ਦੀ ਸੂਰਤ ਵਿੱਚ ਅਮਰੀਕਾ ਦਾ ਸਾਥ ਦੇਵੇਗਾ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੈੱਡ ਪ੍ਰਾਈਸ ਨੇ ਦੱਸਿਆ ਕਿ ਚਾਰ ਮੁਲਕਾਂ (ਕੁਆਡ) ਦੇ ਵਿਦੇਸ਼ ਮੰਤਰੀਆਂ



© picture alliance/Vadim Ghirda/AP Photo

ਵਿਚਕਾਰ ਹੁਣੇ ਜਿਹੇ ਮੈਲਬਰਨ (ਆਸਟਰੇਲੀਆ) ਵਿੱਚ ਹੋਈ ਬੈਠਕ ਦੌਰਾਨ ਰੂਸ ਅਤੇ ਯੂਕਰੇਨ ਦੇ ਮੁੱਦੇ 'ਤੇ ਚਰਚਾ ਹੋਈ ਸੀ। ਭਾਰਤ, ਆਸਟਰੇਲੀਆ, ਜਾਪਾਨ ਅਤੇ ਅਮਰੀਕਾ ਦੇ ਵਿਦੇਸ਼ ਮੰਤਰੀ ਇਸ ਮੀਟਿੰਗ ਵਿੱਚ ਹਾਜ਼ਰ ਸਨ। ਪ੍ਰਾਈਸ ਨੇ ਕਿਹਾ, 'ਮੀਟਿੰਗ ਵਿੱਚ ਇਸ ਗੱਲ 'ਤੇ ਸਹਿਮਤੀ ਬਣੀ ਸੀ ਕਿ ਇਸ ਮਾਮਲੇ ਦੇ ਕੂਟਨੀਤਕ ਪੱਧਰ 'ਤੇ ਸ਼ਾਂਤੀਪੂਰਨ ਹੱਲ ਦੀ ਲੋੜ ਹੈ।'

ਬ੍ਰਿਟਿਸ਼ ਰੱਖਿਆ ਮੰਤਰੀ ਬੇਨ ਵਾਲੇਸ ਨੇ ਕਿਹਾ ਕਿ ਰੂਸ ਵੱਲੋਂ ਦਿੱਤੇ ਗਏ ਬਿਆਨਾਂ ਦੇ ਉਲਟ ਯੂਕਰੇਨ ਸਰਹੱਦ 'ਤੇ ਸੱਤ ਹਜ਼ਾਰ ਹੋਰ ਫ਼ੌਜ ਤਾਇਨਾਤ ਕੀਤੀ ਗਈ ਹੈ।

ਯੂਕਰੇਨ ਤੇ ਰੂਸ ਦੀ ਜੰਗ ਵਿੱਚ ਜੇਕਰ ਕਿਸੇ ਕਾਰਨ ਭਾਰਤ ਅਤੇ ਰੂਸ ਦੇ ਰਿਸ਼ਤੇ ਪ੍ਰਭਾਵਿਤ ਹੁੰਦੇ ਹਨ ਤਾਂ ਪਾਕਿਸਤਾਨ ਨੂੰ ਇਸ ਦਾ ਫ਼ਾਇਦਾ ਮਿਲ ਸਕਦਾ ਹੈ, ਜੋ ਭਾਰਤ ਲਈ ਨੁਕਸਾਨਦਾਇਕ ਹੋਵੇਗਾ। ਦਰਅਸਲ ਚੀਨ ਪਹਿਲਾਂ ਹੀ ਪਾਕਿਸਤਾਨ ਦੇ ਨਾਲ਼ ਹੈ। ਪਿਛਲੇ ਕੁਝ ਸਮੇਂ ਤੋਂ ਪਾਕਿਸਤਾਨ ਰੂਸ ਨਾਲ਼ ਦੁਵੱਲੇ ਸੰਬੰਧਾਂ ਨੂੰ ਵਧਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਰੂਸ ਪਾਕਿਸਤਾਨ ਦੇ ਨੇੜੇ ਜਾਂਦਾ ਹੈ ਤਾਂ ਇਹ ਭਾਰਤ ਲਈ ਚੰਗਾ ਨਹੀਂ ਹੋਵੇਗਾ। ਭਾਰਤ ਦਾ ਰੂਸ ਨਾਲ਼ ਵਪਾਰ ਵੀ ਅਰਬਾਂ ਵਿੱਚ ਹੈ।

### ਯੂਕਰੇਨ ਦਾ ਇਤਿਹਾਸ

ਯੂਕਰੇਨ 1990 ਵਿੱਚ ਸੋਵੀਅਤ ਯੂਨੀਅਨ ਨਾਲ਼ੋਂ ਵੱਖ ਹੋ ਗਿਆ ਸੀ ਤੇ ਇਸਨੂੰ ਇੱਕ ਵੱਖਰੇ ਦੇਸ਼ ਵਜੋਂ ਮਾਨਤਾ ਮਿਲੀ ਸੀ। ਇਸ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਲੋਕ ਖੇਤੀਬਾੜੀ ਕਰਦੇ ਹਨ। ਇਹ ਆਮਦਨ ਦਾ ਵੱਡਾ ਸਾਧਨ ਹੈ। ਖੇਤੀਬਾੜੀ ਦੇ ਮਾਮਲੇ ਵਿੱਚ ਯੂਕਰੇਨ ਦੁਨੀਆ ਵਿੱਚ ਤੀਜੇ ਨੰਬਰ 'ਤੇ ਆਉਂਦਾ ਹੈ। ਇੱਥੇ ਲਗਭਗ 30 ਫ਼ੀਸਦੀ ਅਬਾਦੀ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ। ਖੇਤਰਫ਼ਲ ਦੇ ਲਿਹਾਜ਼ ਨਾਲ਼ ਇਹ ਯੂਰਪ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ ਜਦੋਂ ਯੂਕਰੇਨ ਰੂਸ ਤੋਂ ਵੱਖ ਹੋਇਆ ਸੀ, ਉਸ ਕੋਲ 7,80,000 ਫ਼ੌਜੀ ਸਨ। ਇਹ ਯੂਰਪ ਵਿੱਚ ਸਭ ਤੋਂ ਵੱਡੀ ਫ਼ੌਜੀ ਸ਼ਕਤੀ ਵਾਲਾ ਦੇਸ਼ ਹੈ। ਇਸ ਦੇਸ਼ ਵਿੱਚ ਫ਼ੌਜ ਦੀ ਭਰਤੀ ਲਾਜ਼ਮੀ ਹੈ। ਯੂਕਰੇਨ ਵਿੱਚ ਜ਼ਿਆਦਾਤਰ ਅਬਾਦੀ ਈਸਾਈ ਹੈ। ਉਹ ਇੱਥੇ ਬਹੁਗਿਣਤੀ ਵਿੱਚ ਹਨ। ਇਸ ਤੋਂ ਬਾਅਦ ਮੁਸਲਿਮ ਅਬਾਦੀ ਆਉਂਦੀ ਹੈ। ਯੂਕਰੇਨ ਹਵਾਈ ਜਹਾਜ਼ ਬਣਾਉਣ ਲਈ ਵੀ ਮਸ਼ਹੂਰ ਹੈ। ਦੁਨੀਆਂ ਦਾ ਸਭ ਤੋਂ ਵੱਡਾ ਹਵਾਈ ਜਹਾਜ਼ ਵੀ ਇਸੇ ਦੇਸ਼ ਵਿੱਚ ਬਣਿਆ ਹੈ। ਇਸ ਦੇਸ਼ ਦੀ ਰਾਜਧਾਨੀ ਕੀਵ ਹੈ। ਯੂਕਰੇਨ ਵਿੱਚ 7 ਅਜਿਹੀਆਂ ਥਾਵਾਂ ਹਨ ਜੋ ਵਿਸ਼ਵ ਵਿਰਾਸਤ ਸਾਈਟਾਂ ਦੀ ਸੂਚੀ ਵਿੱਚ ਸ਼ਾਮਿਲ ਹਨ। ਇਨਾਂ ਵਿੱਚੋਂ ਸਭ ਤੋਂ ਪ੍ਰਮੁੱਖ ਕੀਵ ਦਾ ਸੇਂਟ ਸੋਫ਼ੀਆ ਕੈਥੇਡ੍ਰਲ ਤੇ ਲਵੀਵ ਦਾ ਇਤਿਹਾਸਕ ਕੇਂਦਰ ਹੈ।

## ਹੈਦਰਾਬਾਦ ਵਿੱਚ ਇੱਕ ਨਾਬਾਲ.ਗ ਸਿੱਖ ਲੜਕੀ ਦੀ ਜਬਰ ਜਨਾਹ ਕਰਕੇ ਕੀਤੀ ਹੱਤਿਆ

ਹੈਦਰਾਬਾਦ ਵਿੱਚ ਪਿਛਲੇ ਦਿਨੀਂ ਇੱਕ ਸਿੱਖ ਨਾਬਾਲ.ਗ ਲੜਕੀ ਨਾਲ਼ ਸਮੂਹਿਕ ਜਬਰ-ਜਨਾਹ ਕਰਕੇ ਉਸ ਨੂੰ ਚੌਥੀ ਮੰਜ਼ਿਲ ਤੋਂ ਸੁੱਟ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸ਼੍ਰੋਮਣੀ ਕਮੇਟੀ ਦਾ ਇੱਕ ਵਫ਼ਦ ਪੀੜਤ ਪਰਿਵਾਰ ਨਾਲ਼ ਗੱਲਬਾਤ ਕਰਨ ਲਈ ਤੇਲੰਗਾਨਾ ਦੇ ਹੈਦਰਾਬਾਦ ਵਿਖੇ ਭੇਜਿਆ ਹੈ, ਜਿਸ ਵਿੱਚ ਸਿੱਖ ਮਿਸ਼ਨ ਛੱਤੀਸਗੜ ਦੇ ਇੰਚਾਰਜ ਗੁਰਮੀਤ ਸਿੰਘ ਸੈਣੀ, ਸਿੱਖ ਮਿਸ਼ਨ ਆਂਧਰਾ ਪ੍ਰਦੇਸ਼ ਦੇ ਇੰਚਾਰਜ ਦਿਲਸ਼ਾਹ ਸਿੰਘ ਤੇ ਪ੍ਰਚਾਰਕ ਸ਼ਾਮਿਲ ਹਨ । ਪ੍ਰਧਾਨ ਧਾਮੀ ਨੇ ਕਿਹਾ ਕਿ ਤੇਲੰਗਾਨਾ ਦੇ ਹੈਦਰਾਬਾਦ ਵਿੱਚ ਵਾਪਰੀ ਇਸ ਮੰਦਭਾਗੀ ਘਟਨਾ ਬਾਰੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਤੋਂ ਸਿੱਖ ਲੜਕੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਸਰਕਾਰਾਂ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ ਵਿੱਚ ਅਸਫ਼ਲ ਰਹੀਆਂ ਹਨ । ਉਨਾਂ ਤੇਲੰਗਾਨਾ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀ ਕਿਸੇ ਵੀ ਹਾਲਤ ਵਿੱਚ ਬਖ਼ਸ਼ੇ ਨਹੀਂ ਜਾਣੇ ਚਾਹੀਦੇ ਤੇ ਦੋਸ਼ੀਆਂ ਦੀ ਪਛਾਣ ਕਰਕੇ ਉਨਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ । ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪੀੜਤ ਪਰਿਵਾਰ ਦੇ ਨਾਲ਼ ਖੜੀ ਹੈ ਤੇ ਭੇਜਿਆ ਗਿਆ ਵਫ਼ਦ ਪੀੜਤ ਪਰਿਵਾਰ ਨਾਲ਼ ਮਿਲ ਕੇ ਜੋ ਵੀ ਰਿਪੋਰਟ ਦੇਵੇਗਾ। ਉਸ ਅਨੁਸਾਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਾਰਵਾਈ ਕੀਤੀ ਜਾਵੇਗੀ।

## ਉੱਤਰ ਪ੍ਰਦੇਸ਼ ਦੀਆਂ ਚੋਣਾਂ ਤੇ ਭਾਜਪਾ ਦਾ ਹਿੰਦੂਤਵ

ਉੱਤਰ ਪ੍ਰਦੇਸ਼ ਵਿੱਚ ਪਹਿਲੇ ਤਿੰਨ ਪੜਾਵਾਂ ਦੀਆਂ ਪਈਆਂ ਵੋਟਾਂ ਤੋਂ ਬਾਅਦ ਜ਼ਮੀਨੀ ਪੱਧਰ ਤੋਂ ਮਿਲ ਰਹੀਆਂ ਖ਼ਬਰਾਂ ਮੁਤਾਬਿਕ ਸਮਾਜਵਾਦੀ ਪਾਰਟੀ-ਰਾਸ਼ਟਰੀ ਲੋਕ ਦਲ ਗੱਠਜੋੜ ਭਾਜਪਾ ਤੋਂ ਕਾਫ਼ੀ ਅੱਗੇ ਹੈ। ਉੱਤਰ ਪ੍ਰਦੇਸ਼ ਦੇ 59 ਅਸੈਂਬਲੀ ਹਲਕਿਆਂ ਲਈ ਹੋਈ ਤੀਜੇ ਗੇੜ ਦੀ ਪੋਲਿੰਗ ਦੌਰਾਨ 61.61 ਫ਼ੀਸਦ ਵੋਟਿੰਗ ਦਰਜ ਕੀਤੀ ਗਈ। ਤੀਜੇ ਗੇੜ ਵਿੱਚ ਕੁੱਲ 627 ਉਮੀਦਵਾਰ ਚੋਣ ਮੈਦਾਨ ਵਿੱਚ ਸਨ ਤੇ 16 ਜ਼ਿਲਿਆਂ ਦੇ 2.15 ਕਰੋੜ ਤੋਂ ਵੱਧ ਲੋਕਾਂ ਨੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਇਸ ਵੋਟਿੰਗ ਮਗਰੋਂ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ, ਉਨਾਂ ਦੇ ਚਾਚਾ ਸ਼ਿਵਪਾਲ ਸਿੰਘ ਯਾਦਵ ਸਮੇਤ ਹੋਰਨਾਂ ਆਗੂਆਂ ਦਾ ਸਿਆਸੀ ਭਵਿੱਖ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਵਿੱਚ ਬੰਦ ਹੋ ਗਿਆ। ਅਖਿਲੇਸ਼ ਯਾਦਵ ਕਰਹਲ ਅਸੈਂਬਲੀ ਹਲਕੇ ਤੋਂ ਉਮੀਦਵਾਰ ਹਨ ਤੇ ਉਨਾਂ ਦਾ ਮੁਕਾਬਲਾ ਕੇਂਦਰੀ ਮੰਤਰੀ ਐੱਸ.ਪੀ.ਸਿੰਘ ਬਘੇਲ ਨਾਲ਼ ਹੈ। ਤੀਜੇ ਗੇੜ ਦੌਰਾਨ ਜਿਨਾਂ ਉੱਘੀਆਂ ਸਿਆਸੀ ਹਸਤੀਆਂ ਨੇ ਆਪਣੀਆਂ ਵੋਟਾਂ ਪਾਈਆਂ ਉਨਾਂ ਵਿੱਚ ਅਖਿਲੇਸ਼ ਯਾਦਵ, ਡਿੰਪਲ ਯਾਦਵ, ਸ਼ਿਵਪਾਲ ਸਿੰਘ ਯਾਦਵ, ਰਾਮਗੋਪਾਲ ਯਾਦਵ, ਕਾਂਗਰਸ ਆਗੂ ਸਲਮਾਨ ਖੁਰਸ਼ੀਦ, ਯੂ.ਪੀ. ਭਾਜਪਾ ਦੇ ਪ੍ਰਧਾਨ ਸਵਤੰਤਰ ਦੇਵ ਸਿੰਘ ਤੇ ਯੂ.ਪੀ. ਸਰਕਾਰ ਵਿੱਚ ਮੰਤਰੀ ਸਤੀਸ਼ ਮਹਾਨਾ ਸ਼ਾਮਲ ਹਨ।



ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਫ਼ਿਰਕੂ ਨੀਤੀ ਅਪਣਾ ਰਹੀ ਹੈ। ਮੋਦੀ ਨੇ ਸਮਾਜਵਾਦੀ ਪਾਰਟੀ ਉੱਤੇ ਜ਼ੋਰਦਾਰ ਹਮਲਾ ਕਰਦਿਆਂ ਇਸ ਨੂੰ ਦੰਗੇਬਾਜ਼ ਕਰਾਰ ਦਿੱਤਾ ਸੀ। ਉਨਾਂ ਦੋਸ਼ ਲਾਇਆ ਕਿ ਐੱਸ.ਪੀ. ਸਰਕਾਰ ਵੇਲੇ ਵਪਾਰੀਆਂ ਨੂੰ ਲੁੱਟਣ ਵਾਲੇ 'ਮਾਫ਼ੀਆ' ਨੂੰ ਪੂਰੀ ਖੁੱਲ ਤੇ ਸਰਪ੍ਰਸਤੀ ਹਾਸਿਲ ਸੀ, ਇਸ ਦੇ ਡਰ ਕਾਰਨ ਵਪਾਰ ਭਾਈਚਾਰੇ ਦੀਆਂ ਔਰਤਾਂ ਘਰਾਂ ਅੰਦਰ ਰਹਿਣ ਲਈ ਮਜਬੂਰ ਸਨ।

ਮੋਦੀ ਦਾ ਇਹ ਭਾਸ਼ਣ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਅਲਾਪ ਰਹੇ ਹਨ। ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਭਾਜਪਾ ਸਰਕਾਰ ਨੇ ਪਵਿੱਤਰ ਥਾਵਾਂ ਦੇ ਵਿਕਾਸ ਲਈ ਪੈਸਾ ਖ਼ਰਚਿਆ। ਐੱਸ.ਪੀ. ਸਰਕਾਰ ਨੇ ਪੱਛਮੀ ਯੂ.ਪੀ. ਵਿੱਚੋਂ ਹਿੰਦੂ ਵਪਾਰੀਆਂ ਨੂੰ ਹਿਜਰਤ ਲਈ ਮਜਬੂਰ ਕੀਤਾ। ਸੂਬੇ ਨੂੰ ਇੱਕ ਤਰਾਂ ਕਸ਼ਮੀਰ ਬਣਾ ਕੇ ਰੱਖ ਦਿੱਤਾ ਤੇ 1990 ਵਿੱਚ ਬਾਬਰੀ ਮਸਜਿਦ ਨੂੰ ਘੇਰਨ ਵਾਲੇ ਕਾਰ ਸੇਵਕਾਂ ਉੱਤੇ ਗੋਲੀਬਾਰੀ ਆਦਿ ਦੇ ਹਵਾਲੇ ਵੀ ਦਿੱਤੇ ਗਏ। ਇੰਝ ਜਾਪਦਾ ਹੈ ਜਿਵੇਂ ਭਾਜਪਾ ਫ਼ਿਰਕਾਪ੍ਰਸਤੀ ਆਧਾਰ ਉੱਪਰ ਚੋਣਾਂ ਜਿੱਤਣਾ ਚਾਹੁੰਦੀ ਹੈ।

ਆਦਿੱਤਿਆਨਾਥ ਨੇ ਮੁਸਲਮਾਨਾਂ ਨੂੰ ਦਬਾ ਕੇ ਰੱਖਿਆ ਹੋਇਆ ਹੈ। ਇੱਥੋਂ ਤੱਕ ਕਿ ਮੌਲਾਣਿਆਂ ਆਦਿ ਨੇ ਵੀ ਘੱਟਗਿਣਤੀਆਂ ਖ਼ਿਲਾਫ਼ ਜਵਾਬੀ ਕਾਰਵਾਈ ਦੇ ਡਰੋਂ ਆਪਣੀਆਂ ਬਿਆਨਬਾਜ਼ੀਆਂ ਬੰਦ ਕਰ ਦਿੱਤੀਆਂ ਹਨ। ਪਰ ਕਿਸਾਨ ਨਿਡਰ ਹੋ ਕੇ ਭਾਜਪਾ ਦਾ ਵਿਰੋਧ ਕਰ ਰਹੇ ਹਨ। ਬੀਤੇ ਮਹੀਨੇ ਤੋਂ ਅਜਿਹੇ ਵੀਡੀਓ ਸਾਹਮਣੇ ਆ ਰਹੇ ਹਨ ਜਿਨਾਂ ਵਿੱਚ ਪੱਛਮੀ ਯੂ.ਪੀ. ਵਿੱਚ ਕਿਸਾਨਾਂ ਵੱਲੋਂ ਭਾਜਪਾ ਵਿਧਾਇਕਾਂ ਦਾ ਵਿਰੋਧ ਹੋ ਰਿਹਾ ਸੀ ਤੇ ਉਹ ਨਾਅਰੇਬਾਜ਼ੀ ਤੇ ਵਿਰੋਧ ਕਾਰਨ ਭੱਜਣ ਤੱਕ ਮਜਬੂਰ ਹੁੰਦੇ ਦਿਖਾਈ ਦਿੱਤੇ ਅਤੇ ਕੁਝ ਥਾਈਂ ਤਾਂ ਉਹ ਹਮਲਾ ਹੋਣ ਤੋਂ ਵੀ ਵਾਲ਼-ਵਾਲ਼ ਬਚੇ। ਇਸ ਪਿੱਛੇ ਕਾਰਨ ਹੈ ਕਿ ਕਿਸਾਨ ਲਖੀਮਪੁਰ ਖੀਰੀ ਕਾਂਡ ਕਾਰਨ ਯੋਗੀ ਸਰਕਾਰ ਨਾਲ਼ ਨਰਾਜ਼ ਹਨ। ਯਾਦ ਰਹੇ ਕਿ ਜਦੋਂ ਇਲਾਕੇ ਨਾਲ਼ ਸੰਬੰਧਤ ਕੇਂਦਰੀ ਮੰਤਰੀ ਦੇ ਪੁੱਤਰ ਨੇ ਮੁਜ਼ਾਹਰਾਕਾਰੀ ਕਿਸਾਨਾਂ ਨੂੰ ਦਰੜ ਕੇ ਮਾਰ ਦਿੱਤਾ, ਇਹ ਸਥਾਨ ਅੰਦੋਲਨ ਦਾ ਕੇਂਦਰ ਬਿੰਦੂ ਬਣ ਗਿਆ। ਜਾਪਦਾ ਹੈ

ਬਾਕੀ ਸਫ਼ਾ 36 'ਤੇ

## ਪੰਜਾਬ ਵਿੱਚ 1100 ਕਰੋੜ ਦਾ ਬਣਿਆ ਆਈਲੈਟਸ ਕੋਚਿੰਗ ਕਾਰੋਬਾਰ

ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਠੋਸ ਨੀਤੀਆਂ ਦੀ ਘਾਟ ਕਾਰਨ ਬੇਰੁਜ਼ਗਾਰੀ ਵਧਣ ਕਾਰਨ ਨੌਜਵਾਨਾਂ ਨੇ ਕੰਮ ਕਰਨ ਲਈ ਵਿਦੇਸ਼ ਜਾਣ ਵਾਸਤੇ ਪੜਾਈ ਦਾ ਸਹਾਰਾ ਲੈਣਾ ਸ਼ੁਰੂ ਕੀਤਾ ਹੋਇਆ ਹੈ। ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਆਇਰਲੈਂਡ ਤੇ ਯੂ.ਕੇ. ਦੀਆਂ ਕਰੀਬ 10,000 ਯੂਨੀਵਰਸਿਟੀਆਂ ਆਈਲੈਟਸ ਪਾਸ ਵਿਦਿਆਰਥੀਆਂ ਨੂੰ ਦਾਖ਼ਲਾ ਦਿੰਦੀਆਂ ਹਨ। ਇਸ ਤਰਾਂ ਆਈਲੈਟਸ ਕੋਚਿੰਗ ਲਈ ਸੈਂਟਰ ਖੁੱਲਣੇ ਸ਼ੁਰੂ ਹੋ ਗਏ। ਹੁਣ ਹਾਲਾਤ ਇਹ ਹਨ ਕਿ ਪੰਜਾਬ ਅੰਦਰ ਬਹੁਤੇ ਡਿਗਰੀ ਕਾਲਜ ਬੰਦ ਹੋਣ ਕੰਢੇ ਪੁੱਜ ਚੁੱਕੇ ਹਨ । ਇਸ ਦੇ ਉਲਟ ਆਈਲੈਟਸ ਦੀ ਤਿਆਰੀ ਕਰਵਾਉਣ ਵਾਲੇ ਕੋਚਿੰਗ ਸੈਂਟਰਾਂ ਦੀ ਗਿਣਤੀ ਹਜ਼ਾਰਾਂ ਵਿੱਚ ਪੁੱਜ ਚੁੱਕੀ ਹੈ। ਪਿਛਲੇ 6-7 ਸਾਲਾਂ ਦੌਰਾਨ ਕੋਚਿੰਗ ਸੈਂਟਰਾਂ ਦੀ ਗਿਣਤੀ ਧੜਾਧੜ ਵਧੀ ਹੈ। ਇੱਕ ਅਨੁਮਾਨ ਮੁਤਾਬਕ ਇਸ ਵੇਲੇ ਪੰਜਾਬ ਅੰਦਰ 6000 ਦੇ ਕਰੀਬ ਆਈਲੈਟਸ ਕੋਚਿੰਗ ਸੈਂਟਰ ਚੱਲ ਰਹੇ ਹਨ ਤੇ ਇੱਕ ਇਸ ਵੱਖਰੀ ਤਰਾਂ ਦੇ ਕਾਰੋਬਾਰ ਦਾ ਰੂਪ ਧਾਰ ਚੁੱਕਾ ਹੈ। 2019 ਵਿੱਚ ਕੋਚਿੰਗ ਸੈਂਟਰ ਉਦਯੋਗਾਂ ਬਾਰੇ ਛਪੀਆਂ ਰਿਪੋਰਟਾਂ ਮੁਤਾਬਿਕ ਇਸ ਦਾ ਸਾਲਾਨਾ ਕਾਰੋਬਾਰ 1100 ਕਰੋੜ ਤੋਂ ਵੀ ਟੱਪ ਚੁੱਕਾ ਹੈ। ਇੱਕ ਅਨੁਮਾਨ ਮੁਤਾਬਕ 2019 ਵਿੱਚ ਪੰਜਾਬ ਦੇ ਕਰੀਬ 6 ਲੱਖ ਵਿਦਿਆਰਥੀਆਂ ਨੇ ਆਈਲੈਟਸ ਦੀ ਪ੍ਰੀਖਿਆ ਦਿੱਤੀ ਸੀ। ਇਹ ਅੰਕੜਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ।

ਹਰ ਵਿਦਿਆਰਥੀ ਨੂੰ ਆਈਲੈਟਸ ਦੀ ਤਿਆਰੀ ਲਈ ਘੱਟੋ-ਘੱਟ 2 ਮਹੀਨੇ ਕੋਚਿੰਗ ਲੈਣੀ ਹੀ ਪੈਂਦੀ ਹੈ। ਇਸ ਤਰਾਂ ਇੱਕ ਵਿਦਿਆਰਥੀਆਂ ਨੂੰ ਕੋਚਿੰਗ 'ਤੇ 10,000 ਤੋਂ ਲੈ ਕੇ 40,000 ਰੁਪਏ ਖ਼ਰਚਣੇ ਪੈਂਦੇ ਹਨ। ਆਈਲੈਟਸ ਦੀ ਪ੍ਰੀਖਿਆ ਦੇਣ ਲਈ ਫ਼ੀਸ 14-15 ਹਜ਼ਾਰ ਰੁਪਏ ਲੱਗਦੀ ਹੈ ਅਤੇ ਕਈ ਵਿਦਿਆਰਥੀ 2 ਜਾਂ 3 ਵਾਰੀ ਵੀ ਪ੍ਰੀਖਿਆ ਦਿੰਦੇ ਹਨ। ਆਈਲੈਟਸ ਪਾਸ ਕਰਨ 'ਤੇ ਕੋਈ ਵੀ ਵਿਦਿਆਰਥੀ 2 ਸਾਲ ਤੱਕ ਵਿਦੇਸ਼ ਵਿੱਚ ਦਾਖ਼ਲਾ ਲੈਣ ਦੇ ਯੋਗ ਰਹਿੰਦਾ ਹੈ।

ਇੱਕ ਅਨੁਮਾਨ ਮੁਤਾਬਕ ਪੰਜਾਬ ਵਿੱਚੋਂ ਹਰ ਸਾਲ ਕਰੀਬ 20,000 ਨੌਜਵਾਨ ਪੜਾਈ ਲਈ ਵਿਦੇਸ਼ ਜਾ ਰਹੇ ਹਨ। ਪ੍ਰਤੀ ਵਿਦਿਆਰਥੀ ਦੇ ਵਿਦੇਸ਼ ਜਾਣ 'ਤੇ ਮਾਪਿਆ ਵੱਲੋਂ 25 ਤੋਂ 30 ਲੱਖ ਰੁਪਏ ਦਾ ਖ਼ਰਚਾ ਕੀਤਾ ਜਾਂਦਾ ਹੈ ਜਦੋਂਕਿ ਆਈਲੈਟਸ ਦੀ ਕੋਚਿੰਗ ਤੇ ਪ੍ਰੀਖਿਆ 'ਤੇ ਆਉਣ ਵਾਲਾ ਖ਼ਰਚਾ ਵੱਖਰਾ ਹੁੰਦਾ ਹੈ। ਮਾਪੇ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਜ਼ਮੀਨ-ਜਾਇਦਾਦ ਵੇਚ ਕੇ ਜਾਂ ਆਪਣੀ ਜ਼ਿੰਦਗੀ ਭਰ ਦੀ ਪੂੰਜੀ ਖ਼ਰਚ ਅਤੇ ਕਰਜ਼ੇ ਚੁੱਕ ਕੇ ਉਨਾਂ ਨੂੰ ਵਿਦੇਸ਼ ਭੇਜਣ ਲਈ ਮਜਬੂਰ ਹਨ।

# ਬੁਝ ਗਿਆ ਉਹ ਦੀਪ ! ਜਿਹੜਾ ਹਨੇਰਿਆਂ ਵਿੱਚ ਚਾਨਣ ਵੰਡਦਾ ਸੀ




**ਬਘੇਲ ਸਿੰਘ ਪੱਤਰਕਾਰ**

**99142-58142**


***ਜਿਸ ਮਿੱਟੀ ਦੀ ਖ਼ਸਲਤ ਕੌੜੀ ਬੰਜਰ ਵਰਗੀ***
***ਉਹ ਮਿੱਟੀ ਹੈ ਜਿਸ ਮਿੱਟੀ 'ਚੋਂ ਗ਼ੈਰਤ ਮਰ ਗਈ,***
***ਉਹ ਮਿੱਟੀ ਵੀ ਕੀ ਮਿੱਟੀ ਹੈ***

ਇਹ ਸਤਰਾਂ ਲੋਕ ਨਾਇਕ ਵਜੋਂ ਜਿਉਂ ਕੇ ਗਏ ਉਸ ਮਨੁੱਖ ਦੀ ਜ਼ਿੰਦਗੀ ਉੱਪਰ ਢੁਕਦੀਆਂ ਹਨ ਜਿਸ ਨੇ ਸਾਰੀਆਂ ਸੁੱਖ ਸਹੂਲਤਾਂ ਨੂੰ ਛੱਡ ਕੇ ਗ਼ੈਰਤ ਨਾਲ਼ ਜੀਊਣ ਦਾ ਸੰਕਲਪ ਲਿਆ ਅਤੇ ਪੰਜਾਬ ਦੇ ਹਜ਼ਾਰਾਂ ਨਹੀਂ ਬਲਕਿ ਲੱਖਾਂ ਨੌਜਵਾਨਾਂ ਨੂੰ ਵੀ ਇਹ ਸੰਕਲਪ ਦ੍ਰਿੜ ਕਰਵਾਇਆ। ਉਹ ਫ਼ਿਲਮ ਨਗਰੀ ਦਾ ਸਮਰਥ ਅਦਾਕਾਰ ਸੀ, ਉਹ ਲੰਡਨ ਤੋਂ ਵਕਾਲਤ ਕਰਕੇ ਪੇਸ਼ਾਵਰ ਤੇ ਕਾਮਯਾਬ ਵਕੀਲ ਬਣਿਆ, ਉਹ ਵੱਡੀਆਂ ਫ਼ਿਲਮੀ ਹਸਤੀਆਂ ਦੇ ਕੇਸਾਂ ਨੂੰ ਦੇਖਦਾ ਸੀ, ਉਹਦੇ ਕੋਲ਼ ਪੈਸੇ ਦੀ ਕੋਈ ਕਮੀ ਨਹੀਂ ਸੀ, ਬੇਹਦ ਮਹਿੰਗੀਆਂ ਗੱਡੀਆਂ ਤੇ ਸੁੱਖ ਸਾਧਨਾਂ ਨਾਲ਼ ਲਬਰੇਜ਼ ਜ਼ਿੰਦਗੀ ਜਿਉਂ ਰਿਹਾ ਸੀ, ਵਕਾਲਤ ਦੇ ਨਾਲ਼-ਨਾਲ਼ ਉਹਦੇ ਫ਼ਿਲਮਾਂ ਵਿੱਚ ਅਦਾਕਾਰੀ ਦੇ ਸ਼ੌਂਕ ਨੇ ਉਸ ਨੂੰ ਜੋਰਾ 10 ਨੰਬਰੀਆ ਬਣਾ ਦਿੱਤਾ। ਲਿਹਾਜ਼ਾ, ਪੰਜਾਬ ਦੀ ਨੌਜਵਾਨੀ ਉਸਦੀ ਅਦਾਕਾਰੀ ਦੀ ਸ਼ੁਦਾਈ ਹੋ ਗਈ। ਪਰ ਅਚਾਨਕ ਉਹਦੇ ਜੀਵਨ ਵਿੱਚ ਇੱਕ ਅਜਿਹੀ ਤਬਦੀਲੀ ਆਈ ਕਿ ਉਹ ਆਪਣੀ ਮਿੱਟੀ ਨਾਲ਼ ਮੁੜ ਤੋਂ ਜੁੜ ਗਿਆ, ਉਹ ਪੰਜਾਬ ਗੇੜੇ ਮਾਰਨ ਲੱਗਾ, ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਉਸ ਦੇ ਅੰਦਰ ਕੋਈ ਅਜਿਹੀ ਅਦਿੱਖ ਸ਼ਕਤੀ ਉਸ ਨੂੰ ਆਪਣੀ ਕੌਮ ਤੋਂ ਇਹ ਸਾਰੇ ਸੁੱਖ ਸਾਧਨ ਵਾਰ ਦੇਣ ਲਈ ਉਕਸਾ ਰਹੀ ਹੋਵੇ ਜਾਂ ਫਿਰ ਕੌਮ ਨਾਲ਼ ਹੋਈਆਂ ਵਧੀਕੀਆਂ ਦਾ ਵਾਸਤਾ ਪਾ ਕੇ ਮੁੰਬਈ ਵਰਗੀ ਮਹਾਂਨਗਰੀ ਦੀਆਂ ਰੰਗੀਨੀਆਂ ਛੱਡਣ ਲਈ ਉਹਦੀ ਆਤਮਾ ਨੂੰ ਝੰਜੋੜ ਰਹੀ ਹੋਵੇ। ਕੁਝ ਕੁ ਸਮੇਂ ਵਿੱਚ ਪੰਜਾਬ ਦੇ ਹਰ ਬੱਚੇ-ਬੱਚੇ ਦੀ ਜੁਬਾਨ 'ਤੇ ਉਸ ਦਾ ਨਾਂ ਚੜ੍ਹ ਗਿਆ। ਉਹ ਮੋਹ ਮੁਹੱਬਤ ਅਤੇ ਹਰਮਨ ਪਿਆਰਤਾ ਦਾ ਠਾਠਾਂ ਮਾਰਦਾ ਸਮੁੰਦਰ ਬਣ ਗਿਆ। ਉਸ ਦੀ ਇੱਕ ਝਲਕ ਪਾਉਣ ਲਈ ਨੌਜਵਾਨ ਮੁੰਡੇ ਕੁੜੀਆਂ ਉਤਾਵਲੇ ਰਹਿੰਦੇ ਸਨ। ਪੰਜਾਬ ਲਈ ਉਹ ਪੰਜਾਬ ਦਾ ਸਿਆਣਾ, ਸਾਊ ਪੁੱਤ ਸੀ, ਉਹ ਨੌਜਵਾਨਾਂ ਦਾ ਰਾਹ ਦਿਸੇਰਾ ਸੀ, ਉਹ ਬੌਧਿਕਤਾ ਦਾ ਭੰਡਾਰ ਸੀ, ਪੰਜਾਬ ਦਾ ਰੌਸ਼ਨ ਦਿਮਾਗ ਸੀ ਉਹ, ਉਹ ਪੰਜਾਬ ਦਾ ਅਸਲੀ ਦਰਦਮੰਦ ਵੀ ਸੀ, ਉਹ ਪੰਜਾਬ ਦਾ ਅਸਲੀ ਵਾਰਿਸ ਕਹਾਉਣ ਦਾ ਜਿਉਂਦੇ ਜੀਅ ਹੱਕਦਾਰ ਬਣ ਗਿਆ ਸੀ। ਉਸ ਦਾ ਬੌਧਿਕ ਪੱਧਰ ਸਟੇਟ ਦੀ ਹਰ ਸਾਜ਼ਿਸ਼ ਨੂੰ ਸਮਝਣ ਦੇ ਸਮਰਥ ਸੀ। ਉਸ ਨੂੰ ਬੰਦੇ ਦੀ ਪਰਖ ਸੀ, ਉਹ ਜਾਣਦਾ ਸੀ ਕਿ ਪੰਜਾਬ, ਪੰਜਾਬੀਅਤ ਅਤੇ ਸਿੱਖ ਕੌਮ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕਿਵੇਂ ਕਰਨਾ ਹੈ। ਉਹ ਇਹ ਵੀ ਬਹੁਤ ਚੰਗੀ ਤਰਾਂ ਜਾਣਦਾ, ਸਮਝਦਾ ਸੀ ਕਿ ਸਿੱਖ, ਸਿੱਖੀ ਅਤੇ ਅਣਖੀਲੇ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਸਿੱਖ ਵਿਚਾਰਧਾਰਾ ਤੇ ਪਹਿਰਾ ਦੇਣਾ ਵੀ ਜ਼ਰੂਰੀ ਹੈ। ਉਹ ਇਹ ਵੀ ਬਹੁਤ ਚੰਗੀ ਤਰਾਂ ਜਾਣਦਾ ਸੀ ਕਿ ਮੇਰੀ ਕੌਮ ਪ੍ਰਸਤੀ ਦਾ ਅੰਜਾਮ ਕੀ ਹੋਵੇਗਾ, ਉਹਦੇ ਖ਼ੁਦ ਦਾਹੜੀ ਕੇਸ ਕੱਟੇ ਹੋਏ ਸਨ, ਪਰ ਫਿਰ ਵੀ ਉਹ ਨੌਜਵਾਨਾਂ ਨੂੰ ਸਾਬਤ ਸੂਰਤ ਕਰਨ ਲਈ ਦਿਲ ਜਾਨ ਨਾਲ਼ ਕੰਮ ਕਰ ਰਿਹਾ ਸੀ। ਉਹ ਪਿਛਲੇ ਕੁਝ ਦਿਨਾਂ ਤੋਂ ਕੌਮ ਦੇ ਆਗੂ ਸਿਮਰਨਜੀਤ ਸਿੰਘ ਮਾਨ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਤੌਰ 'ਤੇ ਮੁੰਬਈ ਤੋਂ ਪੰਜਾਬ ਪਰਤਿਆ। ਉਹ ਜ਼ਿਲਾ ਸੰਗਰੂਰ ਦੇ ਹਲਕਾ ਅਮਰਗੜ ਵਿੱਚ ਤਿੰਨ ਦਿਨ ਰਹਿਣ ਤੋਂ ਬਾਅਦ ਮਾਨ ਸਾਹਿਬ ਦੇ ਬੇਟੇ ਇਮਾਨ ਸਿੰਘ ਮਾਨ ਦੇ ਹਲਕੇ ਸ੍ਰੀ ਫ਼ਤਿਹਗੜ ਸਾਹਿਬ ਵਿੱਚ ਵੀ ਗਿਆ। ਉਹਨੇ ਕੁਝ ਦਿਨ ਚੋਣਾਂ ਵਿੱਚ ਗ਼ੁਜ਼ਾਰਨ ਤੋਂ ਬਾਅਦ ਵਾਪਸ ਮੁੰਬਈ ਪਰਤਣਾ ਸੀ, ਪਰ ਉਸ ਨੇ ਮੁੰਬਈ ਨਾ ਜਾਣ ਦਾ ਫ਼ੈਸਲਾ ਇਸ ਲਈ ਕਰ ਲਿਆ ਕਿ ਉਹ ਉਸ ਕੌਮੀ ਆਗੂ ਸ. ਸਿਮਰਨਜੀਤ ਸਿੰਘ ਮਾਨ ਨੂੰ ਜਿਤਾਉਣ ਲਈ ਹਲਕੇ ਵਿੱਚ ਰਹਿ ਕੇ ਹੋਰ ਮਿਹਨਤ ਕਰਨੀ ਚਾਹੁੰਦਾ ਸੀ ਜਿਸ ਨੇ ਅਪਣੀ ਠਾਠ-ਬਾਠ ਵਾਲੀ ਉੱਚ ਪਦਵੀ ਛੱਡ ਕੇ ਕੌਮੀ ਹਿਤਾਂ ਲਈ ਲੜਨਾ ਹੀ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ ਹੋਇਆ ਹੈ। ਉਹ ਚੋਣਾਂ ਦੇ ਅੰਜਾਮ ਤੱਕ ਇੱਥੇ ਰਹਿਣ ਦਾ ਫ਼ੈਸਲਾ ਵੀ ਕਰ ਚੁੱਕਾ ਸੀ। ਉਸ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਦੀ ਟੀਮ ਹਲਕਾ ਅਮਰਗੜ ਵਿੱਚ ਪਹੁੰਚ ਚੁੱਕੀ ਸੀ, ਜਿਸਨੇ ਹਲਕੇ ਦੇ ਲੋਕਾਂ ਨੂੰ ਸ. ਮਾਨ ਦੇ ਹੱਕ ਵਿੱਚ ਭੁਗਤਣ ਲਈ ਡਰਾਉਣਾ, ਧਮਕਾਉਣਾ ਜਾਂ ਨਸ਼ਿਆਂ ਦਾ ਲਾਲਚ ਨਹੀਂ ਸੀ ਦੇਣਾ, ਬਲਕਿ ਉਨਾਂ ਨੂੰ ਕੌਮ ਦੇ ਸਾਹਮਣੇ ਦਰਪੇਸ਼ ਸਮੱਸਿਆਵਾਂ ਦਾ ਵਾਸਤਾ ਪਾਉਣਾ ਸੀ। ਉਹ ਜਾਗਦੀ ਜ਼ਮੀਰ ਦਾ ਨਾਮ ਸੀ, ਸੰਦੀਪ ਸਿੰਘ ਸਿੱਧੂ ਉਰਫ਼ ਦੀਪ ਸਿੱਧੂ। ਜਿਸ ਦਾ ਇੱਕ-ਇੱਕ ਸਾਹ ਕੌਮ ਲਈ ਨਿਛਾਵਰ ਕਰਨ ਦਾ ਜਜ਼ਬਾ ਅਤੇ ਦੁਨੀਆ ਦੇ ਇਤਿਹਾਸ ਦੀ ਜਾਣਕਾਰੀ ਉਸ ਦੇ ਉੱਚੇ ਬੌਧਿਕ ਪੱਧਰ ਦੀ ਗਵਾਹੀ ਭਰਦੀ ਅਤੇ ਉਸ ਨੂੰ ਬਾਕੀ ਦੁਨੀਆ ਤੋਂ ਅਲੱਗ ਕਰਦੀ ਹੈ। ਦੀਪ ਸਿੱਧੂ ਪੰਜਾਬੀ ਫ਼ਿਲਮ ਜੋਰਾ ਤੋਂ ਚਰਚਾ ਵਿੱਚ ਆਇਆ, ਪਰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰ ਅਤੇ ਫ਼ਿਲਮੀ ਅਦਾਕਾਰ ਸੰਨੀ ਦਿਓਲ ਦੀ ਚੋਣ ਮੁਹਿੰਮ ਵਿੱਚ ਨਿਭਾਈ ਭੂਮਿਕਾ ਨੇ ਉਸ ਨੂੰ ਸਿਆਸੀ ਗਲਿਆਰਿਆਂ ਵਿੱਚ ਚਰਚਿਤ ਕਰ ਦਿੱਤਾ। ਭਾਜਪਾਈਏ ਉਸ ਦੀ ਲਿਆਕਤ ਦੇ ਕਾਇਲ ਹੋ ਗਏ, ਇਸ ਲਈ ਭਾਜਪਾ ਦੀ ਆਹਲਾ ਕਮਾਨ ਉਸ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੀ ਰਹੀ। ਪਰ ਦੀਪ ਸਿੱਧੂ ਦੇ ਖ਼ੁਦ ਦੱਸਣ ਮੁਤਾਬਿਕ ਉਨਾਂ ਦੀ ਸੌੜੀ ਅਤੇ ਸਿੱਖਾਂ ਸਮੇਤ ਸਮੁੱਚੀਆਂ ਘੱਟਗਿਣਤੀਆਂ ਪ੍ਰਤੀ ਅਪਣਾਈ ਪਹੁੰਚ ਨੂੰ ਉਹ ਸਮਝ ਗਿਆ ਸੀ। ਇਸ ਲਈ ਉਸ ਨੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਕੋਰਾ ਜਵਾਬ ਦੇ ਦਿੱਤਾ। ਇਨਾਂ ਚੋਣਾਂ ਤੋਂ ਬਾਅਦ ਹੀ ਉਸਦੇ ਜੀਵਨ ਵਿੱਚ ਤਬਦੀਲੀ ਆਈ ਅਤੇ ਉਹ ਪੰਜਾਬ ਗੇੜੇ ਮਾਰਨ ਲੱਗ ਪਿਆ ਜਾਂ ਇਹ ਕਹਿਣਾ ਵੀ ਕੋਈ ਗ਼ਲਤ ਨਹੀਂ ਕਿ ਚੋਣਾਂ ਵਿੱਚ ਰਾਜਨੀਤੀ ਨੂੰ ਨੇੜਿਉਂ ਸਮਝਣ ਅਤੇ ਭਾਜਪਾ ਦੇ ਖ਼ਤਰਨਾਕ ਇਰਾਦਿਆਂ ਨੇ ਉਸ ਨੂੰ ਬੇਚੈਨ ਕਰ ਦਿੱਤਾ। ਉਹ ਚਾਹੁੰਦਾ ਸੀ ਪੰਜਾਬ ਦੇ ਸੱਚੇ-ਸੁੱਚੇ ਕਿਰਦਾਰ ਵਾਲੇ ਲੋਕਾਂ ਨੂੰ ਇਕੱਠਾ ਕੀਤਾ ਜਾਵੇ ਤਾਂ ਜੋ ਪੰਜਾਬ, ਪੰਜਾਬੀਅਤ ਅਤੇ ਪੰਥ ਦੀ ਚੜਦੀ ਕਲਾ ਦੇ ਝੰਡੇ ਨੂੰ ਬੁਲੰਦ ਕੀਤਾ ਜਾ ਸਕੇ। ਉਸ ਨੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁੰਮ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਬਾਰੇ ਜੋ ਦੁਨੀਆ ਭਰ ਦੇ ਸਿੱਖਾਂ ਨੂੰ ਸੰਬੋਧਿਤ ਹੁੰਦਿਆਂ ਵੀਡੀਓ ਜਾਰੀ ਕੀਤੀ ਸੀ। ਅਸਲ ਵਿੱਚ ਉਸ ਵੀਡੀਓ ਤੋਂ ਬਾਅਦ ਹੀ ਦੀਪ ਸਿੱਧੂ ਮੁੜ ਚਰਚਾ ਵਿੱਚ ਆਇਆ ਸੀ, ਜਿਸ ਤੋਂ ਬਾਅਦ ਏਜੰਸੀਆਂ ਦੀਪ ਪ੍ਰਤੀ ਚੌਕਸ ਹੋ ਗਈਆਂ। ਉਨਾਂ ਵੱਲੋਂ ਜਾਰੀ ਕੀਤੀਆਂ ਵੀਡੀਓ, ਉਨਾਂ ਤਾਕਤਾਂ ਲਈ ਉਸ ਸਮੇਂ ਤੋਂ ਹੀ ਖ਼ਤਰੇ ਦੀ ਘੰਟੀ ਬਣ ਗਈਆਂ ਸਨ, ਜਦੋਂ ਉਹ ਪੰਜਾਬ ਆ ਕੇ ਪੰਜਾਬ ਲਈ ਫ਼ਿਕਰਮੰਦੀ ਜ਼ਾਹਿਰ ਕਰਨ ਲੱਗ ਪਿਆ ਸੀ। ਕਿਸਾਨ ਅੰਦੋਲਨ ਨੇ ਉਸ ਦੀ ਹਰਮਨ ਪਿਆਰਤਾ ਵਿੱਚ ਢੇਰ ਸਾਰਾ ਵਾਧਾ ਕੀਤਾ। ਉਸ ਨੂੰ ਬਦਨਾਮ ਕਰਨ ਲਈ ਕਿਸਾਨ ਜਥੇਬੰਦੀਆਂ ਸਮੇਤ ਸਾਰਾ ਤੰਤਰ ਇੱਕਜੁੱਟ ਹੋ ਗਿਆ, ਪਰ ਉਹ ਅਡੋਲ ਰਿਹਾ। ਉਸ ਦੇ 'ਤੇ ਲਾਲ ਕਿਲੇ 'ਤੇ ਜਾ ਕੇ ਕੇਸਰੀ ਝੰਡਾ ਲਹਿਰਾਉਣ ਦੇ ਦੋਸ਼ ਤਹਿਤ ਪਰਚਾ ਦਰਜ ਹੋਇਆ। ਉਹ ਰੂਪੋਸ਼ ਵੀ ਰਿਹਾ, ਪਰ ਬਹੁਤ ਜਲਦੀ ਪੇਸ਼ ਹੋ ਕੇ ਕਾਨੂੰਨ ਦਾ ਸਾਹਮਣਾ ਕਰਨ ਲੱਗਾ। ਉਦੋਂ ਤੱਕ ਕਿਸਾਨ ਜਥੇਬੰਦੀਆਂ ਅਤੇ ਏਜੰਸੀਆਂ ਉਸ ਨੂੰ ਆਪਣੇ ਲੋਕਾਂ ਤੋਂ ਅਲੱਗ-ਥਲੱਗ ਕਰਨ ਵਿੱਚ ਵਕਤੀ ਤੌਰ 'ਤੇ ਕਾਮਯਾਬ ਵੀ ਰਹੀਆਂ। ਲਿਹਾਜ਼ਾ ਉਸ ਨੇ ਜ਼ਿੰਦਗੀ ਦੇ ਤਿੰਨ ਮਹੀਨੇ ਦਿੱਲੀ ਦੀ ਤਿਹਾੜ ਜੇਲ ਵਿੱਚ ਕੱਟ ਕੇ ਆਪਣੀ ਕੌਮ ਅੱਗੇ ਆਪਣੀ ਅਡੋਲਤਾ ਅਤੇ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ। ਉਸ ਦੇ ਜੇਲ ਸਫ਼ਰ ਨੇ ਸੱਚ ਅਤੇ ਝੂਠ ਦਾ ਨਿਖੇੜਾ ਕਰਨ ਵਿੱਚ ਉਸ ਦਾ ਸਾਥ ਦਿੱਤਾ। ਉਹ ਜੇਲ ਤੋਂ ਹੋਰ ਤਕੜਾ ਹੋ ਕੇ ਵਾਪਸ ਪਰਤਿਆ। ਪੰਜਾਬ ਦੀ ਉਹ ਸੂਝਵਾਨ ਨੌਜਵਾਨੀ ਜਿਹੜੀ ਪੰਜਾਬ ਲਈ ਫ਼ਿਕਰਮੰਦ ਹੈ ਉਸ ਦੇ ਨਾਲ਼ ਹੋ ਤੁਰੀ। ਉਹ ਤੁਰਦਾ ਗਿਆ, ਲੋਕ ਜੁੜਦੇ ਗਏ ਤੇ ਕਾਫ਼ਲਾ ਵਧਦਾ ਗਿਆ। ਅਖ਼ੀਰ ਉਹ ਦਿਨ ਆ ਗਿਆ ਜਦੋਂ ਪੰਥਕ ਹਲਕਿਆਂ ਵਿੱਚ ਇਹ ਮਹਿਸੂਸ ਕੀਤਾ ਜਾਣ ਲੱਗ ਪਿਆ



ਕਿ ਪੰਜਾਬ ਨੂੰ ਬਚਾਉਣ ਲਈ ਜੇਕਰ ਕੋਈ ਅਗਵਾਈ ਦੇਣ ਦੇ ਸਮਰੱਥ ਨੌਜਵਾਨ ਹੈ ਤਾਂ ਉਹ ਬਿਨਾ ਸ਼ੱਕ ਦੀਪ ਸਿੱਧੂ ਹੈ। ਲੋਕ ਸੱਚ ਕਹਿੰਦੇ ਹਨ ਕਿ ਦੀਪ ਨੇ ਪੰਥਕ ਰਾਜਨੀਤੀ ਦੇ ਖੜੇ ਪਾਣੀਆਂ ਵਿੱਚ ਹਲਚਲ ਮਚਾ ਦਿੱਤੀ। ਜੇਕਰ ਕਿਸਾਨ ਅੰਦੋਲਨ ਵਿੱਚ ਕਿਸੇ ਨੇ ਸਭ ਤੋਂ ਵੱਧ ਹਰਮਨ ਪਿਆਰਤਾ ਹਾਸਿਲ ਕੀਤੀ ਉਹ ਦੀਪ ਸਿੱਧੂ ਸੀ। ਜੇਕਰ ਆਪਣੇ ਕੌਮੀ ਜਜ਼ਬੇ ਨੂੰ ਪ੍ਰਗਟਾਉਂਦਿਆਂ ਲਾਲ ਕਿਲੇ ਤੇ ਕੇਸਰੀ ਨਿਸ਼ਾਨ ਲਹਿਰਾਉਣ ਤੋਂ ਬਾਅਦ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਸਭ ਤੋਂ ਵੱਧ ਲੋਕਾਂ ਦੀ ਨਫ਼ਰਤ ਖੱਟੀ, ਉਹ ਵੀ ਦੀਪ ਸਿੱਧੂ ਹੀ ਹੈ। ਜੇ ਕਿਸੇ ਆਗੂ ਨੇ ਸਿਮਰਨਜੀਤ ਸਿੰਘ ਮਾਨ ਤੋਂ ਬਾਅਦ ਆਪਣੀ ਕਹਿਣੀ ਕਰਨੀ ਤੇ ਅਡੋਲਤਾ ਨਾਲ਼ ਪਹਿਰਾ ਦਿੱਤਾ, ਉਹ ਵੀ ਦੀਪ ਸਿੱਧੂ ਹੀ ਹੈ। ਕਿਉਂਕਿ ਜਿਹੜੇ ਕਿਸਾਨ ਅੰਦੋਲਨ ਦੌਰਾਨ ਆਪਣੀ ਚੌਧਰ ਖੁੱਸਣ ਦੇ ਡਰੋਂ ਦੀਪ ਤੇ ਇਲਜ਼ਾਮ ਲਾਉਂਦੇ ਰਹੇ ਕਿ ਦੀਪ ਭਾਜਪਾ ਦਾ ਬੰਦਾ ਹੈ, ਦੀਪ ਨੇ ਸਿਆਸੀ ਪਾਰਟੀ ਬਣਾਉਣੀ ਹੈ, ਦੀਪ ਨੇ ਚੋਣ ਲੜਨੀ ਹੈ, ਉਹ ਆਰ.ਐੱਸ. ਐੱਸ. ਦਾ ਏਜੰਟ ਹੈ ਆਦਿ ਆਦਿ। ਇਹ ਸਾਰਾ ਕੂੜ ਪ੍ਰਚਾਰ ਕੂੜਾ ਹੀ ਹੋ ਨਿੱਬੜਿਆ ਅਤੇ ਰੱਬ ਦੀ ਐਸੀ ਕਲਾ ਵਰਤੀ ਕਿ ਸਮੇਂ ਨੇ ਸਾਰੇ ਮਖੌਟਾਧਾਰੀ ਚਿਹਰੇ ਨੰਗੇ ਕਰ ਦਿੱਤੇ। ਕਿਸੇ ਨੇ ਪਾਰਟੀ ਬਣਾ ਲਈ, ਕਿਸੇ 'ਤੇ ਆਰ.ਐੱਸ.ਐੱਸ. ਨਾਲ਼ ਮਿਲੇ ਹੋਣ ਦੇ ਦੋਸ਼ ਉਸਦੇ ਆਪਣੇ ਹੀ ਸਾਥੀ ਵੱਲੋਂ ਲਾਏ ਤੇ ਸਿੱਧ ਵੀ ਕੀਤੇ ਗਏ, ਕੋਈ ਜ਼ਿਆਦਾ ਹੀ ਕਿਸਾਨਾਂ ਦਾ ਦਰਦਮੰਦ ਹੋਣ ਦੇ ਨਾਟਕ ਕਰਨ ਵਾਲਾ ਜਾਂ ਭਾਜਪਾ ਵਿੱਚ ਸ਼ਾਮਲ ਹੋ ਗਿਆ, ਪਰ ਲੋਕਾਂ ਦਾ ਦੀਪ ਜਿੱਥੇ ਖੜਾ ਸੀ ਉੱਥੇ ਹੀ ਸ਼ਾਂਤ ਖੜਾ ਮਹਿਕਾਂ ਬਿਖੇਰਦਾ ਰਿਹਾ। ਉਹ ਜਿੱਥੇ ਖੜਦਾ, ਉੱਥੋਂ ਹਨੇਰੇ ਅਲੋਪ ਹੋ ਜਾਂਦੇ ਤੇ ਗਿਆਨ ਦੀ ਲੋਅ ਚਾਨਣ ਵੰਡਣਾ ਸ਼ੁਰੂ ਕਰ ਦਿੰਦੀ। ਸੋ, ਅਜਿਹੇ ਹੀਰੇ ਨੂੰ ਗੁਆ ਲੈਣਾ ਕੌਮ ਅਤੇ ਦੇਸ਼ ਪੰਜਾਬ ਲਈ ਕਿਸੇ ਵੱਡੀ ਸੱਟ ਤੋਂ ਘੱਟ ਨਹੀਂ ਹੈ। ਨੌਜਵਾਨੀ ਦਾ ਰਾਹ ਦਿਸੇਰਾ ਸੀ ਉਹ। ਜੇਕਰ ਰਾਹ ਦਿਸੇਰਾ ਹੀ ਹਨੇਰੇ ਰਾਹਾਂ 'ਤੇ ਛੱਡ ਕੇ ਅਲੋਪ ਹੋ ਜਾਵੇ, ਨੌਜਵਾਨੀ ਦਾ ਔਝੜ ਪੈਣਾ ਸੁਭਾਵਿਕ ਹੈ। ਭਾਰਤ ਦੇ ਗੋਦੀ ਮੀਡੀਆ ਵੱਲੋਂ ਦੀਪ ਸਿੱਧੂ ਦੀ ਮੌਤ 'ਤੇ ਇਹ ਕਹਿਣਾ ਕਿ 'ਲਾਲ ਕਿਲੇ ਦਾ ਅਰੋਪੀ ਨਸ਼ੇ ਦੀ ਹਾਲਤ ਵਿੱਚ ਸੜਕ ਦੁਰਘਟਨਾ ਵਿੱਚ ਮਾਰਿਆ ਗਿਆ' ਭਾਰਤੀ ਤੰਤਰ ਦੇ ਖ਼ੌਫ਼ਜ਼ਦਾ ਹੋਣ ਦਾ ਸਬੂਤ ਹੈ। ਉਨਾਂ ਨੂੰ ਦੀਪ ਦੀ ਮੌਤ ਵੀ ਡਰਾ ਰਹੀ ਪ੍ਰਤੀਤ ਹੋ ਰਹੀ ਹੈ। ਇਹ ਝੂਠਾ ਵਰਤਾਰਾ ਜਿੱਥੇ ਭਾਰਤੀ ਤਾਕਤਾਂ ਦੁਆਰਾ ਫ਼ੈਲਾਈ ਜਾ ਰਹੀ ਨਫ਼ਰਤ ਦੀ ਅੱਗ ਨੂੰ ਹੋਰ ਪ੍ਰਚੰਡ ਕਰਨ ਵਾਲਾ ਹੈ, ਉੱਥੇ ਪੰਜਾਬ ਦੀ ਨੌਜਵਾਨੀ ਦੇ ਜ਼ਖ਼ਮਾਂ 'ਤੇ ਲੂਣ ਪਾ ਕੇ ਉਨਾਂ ਨੂੰ ਨਫ਼ਰਤ ਦੇ ਇਸ ਭਾਂਬੜ ਵਿੱਚ ਝੋਕਣ ਦੇ ਖ਼ਦਸ਼ਿਆਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹੁਣ ਜਦੋਂ ਉਹ ਲੱਖਾਂ ਪੰਜਾਬੀਆਂ ਨੂੰ ਰੋਂਦੇ ਕੁਰਲਾਉਂਦੇ ਛੱਡ ਕੇ ਦੁਨੀਆ ਤੋਂ ਤੁਰ ਗਿਆ ਹੈ ਤਾਂ ਬਹੁਤ ਸਾਰੇ ਮਗਰਮੱਛ ਵੀ ਅੱਥਰੂ ਕੇਰਦੇ ਦਿਖਾਈ ਦਿੰਦੇ ਹਨ। ਪ੍ਰੰਤੂ ਇਹ ਸੱਚ ਹੈ ਕਿ ਦੀਪ ਸਿੱਧੂ ਇੱਕੀਵੀਂ ਸਦੀ ਦਾ ਪਹਿਲਾ ਅਜਿਹਾ ਮਹਾਨ ਵਿਅਕਤੀ ਹੋ ਨਿਬੜਿਆ ਹੈ, ਜਿਸ ਦੇ ਪਿੱਛੇ ਸਾਰਾ ਤਾਣਾ ਬਾਣਾ ਹੱਥ ਧੋਹ ਕੇ ਪਿਆ ਹੋਵੇ। ਸਮੁੱਚੀਆਂ ਸਿਆਸੀ ਜਥੇਬੰਦੀਆਂ, ਲੋਕਾਂ ਦਾ ਸਹਿਯੋਗ ਪ੍ਰਾਪਤ ਕਿਸਾਨ ਯੂਨੀਅਨਾਂ, ਸਮੁੱਚੀਆਂ ਭਾਰਤੀ ਏਜੰਸੀਆਂ ਸਮੇਤ ਭਾਰਤ ਸਰਕਾਰ ਇੱਕਜੁੱਟ ਹੋ ਕੇ ਪਏ ਹੋਣ ਅਤੇ ਫਿਰ ਵੀ ਉਹ ਸੂਰਮਾ ਜੇਤੂ ਹੋ ਕੇ ਨਿਕਲਿਆ। ਜੇਕਰ ਦੀਪ ਦੇ ਮਿਲਣਸਾਰ, ਸਾਊ ਅਤੇ ਹਰ ਇੱਕ ਨੂੰ ਆਪਣਾ ਬਣਾ ਲੈਣ ਦੀ ਕੁਦਰਤੀ ਦਾਤ ਸਮੇਤ ਉਨਾਂ ਅਨੇਕਾਂ ਗੁਣਾਂ ਦਾ ਵਰਨਣ ਕਰਨਾ ਹੋਵੇ ਜਿਹੜੇ ਉਸ ਅਨੋਖੇ ਅਤੇ ਨਿਵੇਕਲੇ ਇਨਸਾਨ ਵਿੱਚ ਪ੍ਰਮਾਤਮਾ ਦੀ ਬਖ਼ਸ਼ਿਸ਼ ਸਦਕਾ ਇੱਕੋ ਸਮੇਂ ਦੇਖੇ ਜਾਂਦੇ ਰਹੇ ਹਨ ਤਾਂ ਸ਼ਾਇਦ ਮੇਰੇ ਸ਼ਬਦ ਉਨਾਂ ਦੇ ਮੇਚ ਦੇ ਨਹੀਂ ਹੋ ਸਕਣਗੇ। ਇਹ ਕੋਈ ਚਮਤਕਾਰ ਤੋਂ ਘੱਟ ਕਿਵੇਂ ਕਿਹਾ ਜਾ ਸਕਦਾ ਹੈ ਕਿ ਉਹ ਅੱਖ ਦੇ ਫੋਰ ਵਿੱਚ ਆਇਆ ਅਤੇ ਲੋਕਾਂ ਨੂੰ ਆਪਣਾ ਬਣਾ ਕੇ ਚਲਾ ਵੀ ਗਿਆ ਤੇ ਲੋਕ ਰਾਹ ਤੱਕਦੇ ਰਹਿ ਗਏ। ਬੇਸ਼ੱਕ ਉਹ ਬਹੁਤ ਸਾਰੇ ਲੋਕਾਂ ਲਈ ਗੁੰਝਲ਼ਦਾਰ ਵੀ ਰਿਹਾ, ਬਹੁਤਿਆਂ ਲਈ ਸ਼ੱਕੀ, ਪਰ ਅਸਲ ਵਿੱਚ ਉਹ ਆਪਣੇ ਵਿਰਸੇ ਦਾ ਸ਼ੁਦਾਈ ਮਨੁੱਖ ਸੀ। ਉਹ ਅਜਿਹਾ ਦੀਪ ਸੀ ਜੋ ਹਨੇਰਿਆਂ ਵਿੱਚ ਅਪਣੇ ਸ਼ਬਦਾਂ ਦਾ ਚਾਨਣ ਵੰਡ ਕੇ ਸਦਾ ਲਈ ਹਨੇਰੇ ਦੂਰ ਕਰਨ ਦੀ ਤਾਕਤ ਰੱਖਦਾ ਸੀ। ਉਹ ਆਪਣੇ ਗਿਆਨ ਦੀ ਰੌਸ਼ਨੀ ਨਾਲ਼ ਪੰਜਾਬ ਨੂੰ ਰੁਸ਼ਨਾਉਣਾ ਚਾਹੁੰਦਾ ਸੀ, ਪਰ ਅਕਾਲ ਪੁਰਖ ਨੂੰ ਇਹ ਮਨਜ਼ੂਰ ਨਹੀਂ ਸੀ। ਉਨਾਂ ਦੀ ਹਰਮਨ ਪਿਆਰਤਾ ਦਾ ਸਬੂਤ ਪਿੰਡ ਥਰੀਕੇ ਵਿੱਚ ਦੇਖਿਆ ਗਿਆ, ਜਿੱਥੇ ਉਨਾਂ ਦੇ ਅੰਤਮ ਸਸਕਾਰ ਮੌਕੇ ਭਾਰੀ ਇਕੱਠ ਜੁੜਿਆ। ਫਿਰ ਵੀ ਇਹ ਕਹਿਣਾ ਵਾਜਿਬ ਹੈ ਕਿ ਚਾਨਣ ਬਿਖੇਰਦਾ ਦੀਪ ਭਾਵੇਂ ਇੱਕ ਵਾਰ ਹਨੇਰਾ ਕਰ ਗਿਆ ਹੈ, ਪਰ ਉਸਦੇ ਵੱਲੋਂ ਪਾਈਆਂ ਇਤਿਹਾਸਕ ਪੈੜਾਂ ਦੇ ਨਿਸ਼ਾਨ ਨੌਜਵਾਨਾਂ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ। ਉਨਾਂ ਦੀ ਹੋਂਦ ਹਜ਼ਾਰਾਂ ਲੱਖਾਂ ਪੰਜਾਬੀਆਂ ਦੇ ਦਿਲਾਂ ਵਿੱਚ ਮਹਿਸੂਸ ਹੁੰਦੀ ਰਹੇਗੀ, ਜਿਹੜੀ ਉਨਾਂ ਨੂੰ ਨਵੀਂ ਸਵੇਰ ਦਾ ਅਗਾਜ਼ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ।


**Homeopathicvibes**

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H

(Ex Homeopathic Medical officer Punjab Govt.)

# ਚੋਣਾਂ ਦੇ ਝਰੋਖੇ 'ਚੋਂ ਅਤੀਤ ਦੇ ਪਰਛਾਵੇਂ

## ਬਾਤਾਂ ਦੇਸ਼ ਪੰਜਾਬ ਦੀਆਂ



ਹਰਦੇਵ ਸਿੰਘ
+91 98880 19505

ਪੰਜਾਬ ਆਪਣੇ ਕੁਦਰਤੀ ਵਸੀਲਿਆਂ, ਅਧਿਆਤਮਿਕਤਾ, ਜੁਝਾਰੂਪਣ ਅਤੇ ਖੁੱਲ-ਦਿਲੀ ਕਰਕੇ ਜਾਣਿਆ ਜਾਂਦਾ ਹੈ। ਹੀਣਤਾ ਅਤੇ ਬੇਇਖ਼ਲਾਕੀ ਨੂੰ ਇਹ ਧਰਤੀ ਝੱਲਦੀ ਨਹੀਂ। ਆਰੀਆ ਦੇ ਉੱਤਰ ਭਾਰਤ ਵੱਲ ਖਿਸਕਣ ਪਿੱਛੋਂ ਪੰਜਾਬ ਦੇ ਲੋਕ ਹਮੇਸ਼ਾ ਦੋਹਰੇ ਸੰਕਟ ਦਾ ਟਾਕਰਾ ਕਰਦੇ ਰਹੇ ਹਨ। ਲਹਿੰਦੇ ਪਾਸਿਓਂ ਯੂਨਾਨ, ਤੁਰਕ, ਮੰਗੋਲ ਅਤੇ ਅਫ਼ਗਾਨ ਹੱਲੇ ਹੁੰਦੇ ਰਹੇ ਅਤੇ ਚੜਦੇ ਪਾਸਿਓਂ ਬ੍ਰਾਹਮਣੀ ਵਰਣ-ਆਸ਼ਰਮ ਪ੍ਰਬੰਧ ਵੱਲੋਂ ਨਫ਼ਰਤ ਮਿਲਦੀ ਰਹੀ। ਲਹਿੰਦੇ ਵਾਲਿਆਂ ਲਈ ਪੰਜਾਬ, ਦਿੱਲੀ ਦੇ ਰਾਹ ਦਾ ਰੋੜਾ ਅਤੇ ਵਰਣ-ਵਿਵਸਥਾ ਤੋਂ ਆਕੀ ਹੋਣ ਕਰਕੇ ਬ੍ਰਾਹਣਵਾਦ ਲਈ ਵਰਣ-ਸ਼ੰਕਰ ਦਾ ਦੋਸ਼ੀ ਰਿਹਾ। ਇਹ ਧਰਤੀ ਬੋਧੀ, ਜੋਗੀ ਅਤੇ ਨਾਥ ਆਦਿ ਗ਼ੈਰ-ਬ੍ਰਾਹਮਣ ਫ਼ਿਰਕਿਆਂ ਦੀ ਆਖ਼ਰੀ ਪਨਾਹ ਰਹੀ। ਇੱਥੇ ਇਹ ਫ਼ਿਰਕੇ ਸੁਤੰਤਰ ਰਹੇ ਜਾਂ ਖ਼ਤਮ ਹੋ ਗਏ ਪਰ ਗੋਰਖਪੁਰ ਦੇ ਮਠਾਧੀਸ਼ ਵਾਂਗ ਹਿੰਦੂਤਵਾ ਦੇ ਪ੍ਰਚਾਰਕ ਨਹੀਂ ਬਣੇ।

ਮੌਜੂਦਾ ਭਾਰਤ ਇੱਕ ਡੂੰਗੇ ਸੰਕਟ ਵਿੱਚ ਫਸਿਆ ਹੋਇਆ ਹੈ। ਹਜ਼ਾਰ ਸਾਲ ਦੀ ਗ਼ੁਲਾਮੀ ਪਿੱਛੋਂ ਮਿਲੀ ਅਜ਼ਾਦੀ ਵਿੱਚ ਵੀ ਬ੍ਰਾਹਮਣਵਾਦੀ ਸਮ੍ਰਿਤੀ ਕਾਨੂੰਨ ਲਾਗੂ ਨਾ ਹੋਣ ਕਰਕੇ ਪਰੰਪਰਾਵਾਦੀ ਹਿੰਦੂ ਦੁਖੀ ਹੈ। ਸੈਕੂਲਰ ਲੋਕ ਵਧ ਰਹੀ ਫ਼ਿਰਕਾਪ੍ਰਤੀ ਤੋਂ ਪ੍ਰੇਸ਼ਾਨ ਹਨ। ਮੁਸਲਮਾਨ ਦੁਖੀ ਹੈ ਕਿਉਂਕਿ ਸਦੀਆਂ ਪਹਿਲਾਂ ਮੁਗ਼ਲ ਹਾਕਮਾਂ ਦੀਆਂ ਵਧੀਕੀਆਂ ਦਾ ਬਦਲਾ ਉਨਾਂ ਤੋਂ ਲਿਆ ਜਾ ਰਿਹੈ। ਲਗਭਗ ਇੱਕ ਸਦੀ ਪਹਿਲਾਂ ਪ੍ਰੋਫ਼ੈਸਰ ਪੂਰਨ ਸਿੰਘ ਨੇ ਸਾਈਮਨ ਕਮੀਸ਼ਨ ਨੂੰ ਲਿਖੀ ਚਿੱਠੀ ਵਿੱਚ ਅਜਿਹੀਆਂ ਸੰਭਾਵਨਾਵਾਂ ਵੱਲ ਇਸ਼ਾਰਾ ਕੀਤਾ ਸੀ। ਪੂਰਨ ਸਿੰਘ ਦੀ ਰਚਨਾ 'ਸਪਿਰਟ ਆਫ਼ ਦਾ ਸਿੱਖ' ਅਨੁਸਾਰ ਵੈਦਿਕ ਪਰੰਪਰਾ ਆਪਣੇ ਆਤਮਿਕ ਸੋਮੇ ਤੋਂ ਟੁੱਟ ਰਹੀ ਹੈ। ਇਸ ਖੱਪੇ ਨੂੰ ਕਰਮਕਾਂਡ ਅਤੇ ਫ਼ਿਰਕਾਪ੍ਰਸਤੀ ਨਾਲ਼ ਭਰਿਆ ਜਾ ਰਿਹਾ ਹੈ। ਭਾਰਤੀ ਸੰਵਿਧਾਨ ਅਜ਼ਾਦੀ ਤੇ ਬਰਾਬਰਤਾ ਦੀ ਗੱਲ ਕਰਦੈ ਅਤੇ ਬ੍ਰਾਹਮਣਵਾਦੀ ਪਰੰਪਰਾ ਚਾਰ ਵਰਣਾਂ ਦੀ। 'ਪਾਰਾਸ਼ਰ ਪ੍ਰਸ਼ਨ' ਵਿੱਚ ਸਿਰਦਾਰ ਕਪੂਰ ਸਿੰਘ ਨੇ ਲਿਖਿਐ ਕਿ ਬ੍ਰਾਹਮਣ, ਦਲਿਤਾਂ ਦੀ ਬਰਾਬਰਤਾ ਦੀ ਵਕਾਲਤ ਕਰਕੇ ਮਹਾਤਮਾ ਗਾਂਧੀ ਨਾਲ਼ ਨਫ਼ਰਤ ਕਰਦਾ ਹੈ। ਸੱਤਰ ਸਾਲਾਂ ਬਾਅਦ ਭਗਵੀਂ ਪਾਰਟੀ ਦੀ ਸਰਕਾਰ ਬੇਸ਼ੱਕ ਰਾਮ ਮੰਦਿਰ ਬਣਾ ਰਹੀ ਹੈ ਪਰ ਉਹ ਵੀ ਸਮ੍ਰਿਤੀ ਮਰਿਯਾਦਾ ਨੂੰ ਲਾਗੂ ਨਹੀਂ ਕਰ ਸਕੇਗੀ। ਭਾਜਪਾ ਨੇ ਸਿਆਸੀ ਲਾਭ ਹਿਤ ਨਕਲੀ ਸ਼ੰਕਰਾਚਾਰਿਆ, ਸਾਧੂ ਸਮਾਜ ਅਤੇ ਗ਼ੈਰ-ਪਰੰਪਰਾਗਤ ਢਾਂਚੇ ਵਾਲੀਆਂ ਨਵੀਆਂ ਸੰਸਥਾਵਾਂ ਬਣਾ ਕੇ ਵੈਦਿਕ ਪਰੰਪਰਾ ਦਾ ਫ਼ਾਇਦਾ ਘੱਟ ਅਤੇ ਨੁਕਸਾਨ ਵਧੀਕ ਕੀਤਾ ਹੈ। ਇਸ ਲਈ ਪਰੰਪਰਾਵਾਦੀ ਸ਼ੰਕਰਾਚਾਰੀਆ ਉਸ ਤੋਂ ਵੀ ਨਾਖ਼ੁਸ਼ ਹਨ।

ਬੇਸ਼ੱਕ ਵਰਣ-ਆਸ਼ਰਮ ਨੂੰ ਵੇਦ ਨਾਲ਼ੋਂ ਛੇਕੜਲੇ ਵੈਦਿਕ ਸਾਹਿਤ ਖ਼ਾਸਕਰ ਸਮ੍ਰਿਤੀ ਦੀ ਉਪਜ ਮੰਨਣਾ ਵਧੇਰੇ ਠੀਕ ਹੈ। ਰਿਗ ਵੇਦ ਅੰਦਰ ਵਰਣ-ਵਿਵਸਥਾ ਦਾ ਬੀਜ ਮੰਨਿਆ ਜਾਂਦਾ ਪੁਰਸ਼ ਸੂਕਤ ਵਾਲਾ ਅਧਿਆਇ ਬਾਅਦ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਦੇ ਬਾਵਜੂਦ ਇਹ ਮੰਨਣਾ ਹੀ ਪੈਣਾ ਹੈ ਕਿ ਬ੍ਰਾਹਮਣਵਾਦ ਨੇ ਵਰਣ ਪ੍ਰਬੰਧ ਨੂੰ ਵੇਦ ਦਾ ਸਿਧਾਂਤ ਪ੍ਰਵਾਨ ਕਰਵਾ ਲਿਆ ਹੈ। ਵੇਦ ਨਿਰਦੇਸ਼ਿਤ ਵਰਣ-ਵਿਵਸਥਾ ਨੂੰ ਕੋਈ ਸਿਆਸੀ, ਸਮਾਜ ਸੇਵੀ ਜਾਂ ਦਾਰਸ਼ਨਿਕ ਆਗੂ ਰੱਦ ਨਹੀਂ ਕਰ ਸਕਦਾ। ਤੌਰੇਤ ਅਤੇ ਇੰਜੀਲ ਦੇ ਸੰਬੰਧ ਵਾਂਗ ਧਰਮ ਗ੍ਰੰਥ ਦੇ ਨਾਂ 'ਤੇ ਪ੍ਰਵਾਨ ਚੜੇ ਆਦੇਸ਼ ਅਤੇ ਮਰਿਆਦਾ ਨੂੰ ਧਰਮ ਗ੍ਰੰਥ ਹੀ ਸੋਧ ਸਕਦਾ ਹੈ। ਭਾਰਤ ਨੂੰ ਇਸ ਸੰਕਟ 'ਚੋਂ ਕੱਢਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਇੱਕੋ-ਇੱਕ ਵਸੀਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਵੱਖ-ਵੱਖ ਖੇਤਰ-ਸਮਾਜ-ਧਾਰਮਿਕ ਪਿਛੋਕੜ ਨਾਲ਼ ਸੰਬੰਧਤ ਭਗਤਾਂ ਤੇ ਸੂਫ਼ੀਆਂ ਦੀ ਬਾਣੀ ਦੇ ਸਤਿਕਾਰ ਦੀ ਰਾਖੀ ਲਈ ਸਿਰ-ਧੜ ਦੀ ਬਾਜੀ ਲਾਉਣ ਵਾਲਾ ਪੰਜਾਬ ਅਸਲ ਵਾਰਸ ਬਣ ਕੇ ਉੱਭਰਿਆ ਹੈ। ਬਾਬਰ ਨੂੰ ਜਾਬਰ ਕਹਿਣ ਤੋਂ ਸਰਬੰਸਦਾਨ ਤੱਕ ਗੁਰੂ ਸਾਹਿਬਾਨ ਦੇ ਰੂਪ ਵਿੱਚ ਪੰਜਾਬ ਸਮੁੱਚੇ ਭਾਰਤ ਲਈ ਲੋਕ-ਪਰਲੋਕ ਦਾ ਨਾਇਕ ਰਿਹਾ ਹੈ। ਇਹ ਨਾਇਕਤਵ ਅਠਾਰਵੀਂ ਸਦੀ ਵਿੱਚ ਵੀ ਕਾਇਮ ਰਿਹਾ। ਇਸ ਸਮੇਂ ਗੁਰਮਤਿ ਸਿਧਾਂਤ ਅਤੇ ਗੁਰਇਤਿਹਾਸ ਦੀਆਂ ਸ੍ਰੀ ਗੁਰਬਿਲਾਸ ਪਾਤਿਸ਼ਾਹੀ ਦਸਵੀਂ ਆਦਿ ਰਚਨਾਵਾਂ ਪੂਰੇ ਉੱਤਰੀ ਭਾਰਤ ਵਿੱਚ ਪ੍ਰਵਾਨ ਚੜ ਰਹੀਆਂ ਸਨ। ਗੁਰਮੁਖੀ ਲਿੱਪੀ ਕਰਕੇ ਇਨਾਂ ਗ੍ਰੰਥਾਂ ਦਾ ਪਾਠੀ ਪਰਪੱਕ ਗੁਰਸਿੱਖ ਹੁੰਦਾ ਪਰ ਬ੍ਰਜ ਭਾਸ਼ਾ ਹੋਣ ਕਰਕੇ ਇਹ ਗ੍ਰੰਥ ਪੰਜਾਬ ਤੋਂ ਬਿਹਾਰ-ਬੰਗਾਲ ਤੱਕ ਸਮਝੇ ਜਾਂਦੇ ਸਨ। ਇਸ ਪੂਰੇ ਖਿੱਤੇ ਵਿੱਚ ਉਦਾਸੀ ਅਤੇ ਨਿਰਮਲ ਸਿੱਖ ਸੰਪ੍ਰਦਾਵਾਂ



ਦੇ ਅਖਾੜੇ ਹੁਣ ਵੀ ਮੌਜੂਦ ਹਨ। ਭਗਤ ਸਾਹਿਬਾਨ ਨੇ ਵੈਦਿਕ ਪਰੰਪਰਾ ਦੇ ਅੰਧ-ਵਿਸ਼ਵਾਸ ਤੇ ਕਰਮਕਾਂਡ ਰੂਪੀ ਛਾਛ ਨੂੰ ਪਾਸੇ ਕਰਕੇ ਇੱਕ ਰੱਬ ਅਤੇ ਸਾਂਝੀਵਾਲਤਾ ਦਾ ਮੱਖਣ ਨਿਤਾਰਿਆ। ਗੁਰੂ ਸਾਹਿਬਾਨ ਵੱਲੋਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਸਥਾਪਨਾ ਰਾਹੀਂ ਧਰਮ ਜੰਗਲ-ਗੁਫ਼ਾ ਵਿੱਚੋਂ ਨਿਕਲ ਕੇ ਅਮਲੀ ਜੀਵਨ ਦਾ ਹਿੱਸਾ ਬਣਨ ਲੱਗਾ ਸੀ। ਬਰਤਾਨਵੀ ਉਪਨਿਵੇਸ਼ ਦੇ ਤਾਕਤਵਰ ਹੋਣ ਨਾਲ਼ ਬਹੁਤ ਵੱਡੀਆਂ ਤਬਦੀਲੀਆਂ ਵਾਪਰੀਆਂ। ਪੰਜਾਬ ਵਿੱਚੋਂ ਉੱਠ ਰਹੇ ਸਿੱਖ ਇਨਕਲਾਬ ਨੂੰ ਅੰਗਰੇਜ਼ ਵਾਚ ਰਹੇ ਸਨ। ਬਾਬਾ ਬੰਦਾ ਸਿੰਘ ਵੱਲੋਂ ਖ਼ਾਲਸਾ ਰਾਜ ਦੀ ਸਥਾਪਨਾ, ਸ਼ਹਾਦਤਾਂ ਅਤੇ ਮਿਸਲਾਂ ਦਾ ਜਥੇਬੰਦਕ ਪ੍ਰਬੰਧ ਉਨਾਂ ਵੇਖ ਲਿਆ ਸੀ। ਇਸ ਇਨਕਲਾਬੀ ਵਿਸ਼ਵਾਸ ਦੀ ਥਾਂ ਉਨਾਂ ਦੀ ਰੁਚੀ ਕਲਾਸੀਕਲ ਸੰਸਕ੍ਰਿਤ, ਮਿਥਿਹਾਸ ਅਤੇ ਟੌਟਮ-ਟੈਬੂ ਜਿਹੇ ਆਦਿਮ ਵਿਸ਼ਵਾਸਾਂ ਵਿੱਚ ਵਧੇਰੇ ਸੀ। ਸ਼ਾਇਦ ਇਹ ਉਨਾਂ ਦੇ ਰਾਜਸੀ ਹਿਤਾਂ ਲਈ ਵਧੇਰੇ ਸੁਰੱਖਿਅਤ ਨੀਤੀ ਵੀ ਸੀ। ਰਾਜਪੂਤ, ਮਰਾਠੇ ਅਤੇ ਜਾਟਾਂ ਨੂੰ ਛੱਡ ਕੇ ਹੋਰ ਸਮੁੱਚੇ ਹਿੰਦੂ ਸਮਾਜ ਨੂੰ ਰਾਜਨੀਤੀ ਅਤੇ ਕੌਮੀਅਤ ਵਿੱਚ ਕੋਈ ਰੁਚੀ ਨਹੀਂ ਸੀ। ਮੁਸਲਮਾਨ ਅਤੇ ਸਿੱਖਾਂ ਅੰਦਰ ਕਦੀ ਵੀ ਕੌਮੀ ਜਜਬਾ ਦੁਬਾਰਾ ਫੁੱਟ ਸਕਦਾ ਸੀ ਅਤੇ ਉਨਾਂ ਦਾ ਹਰੇਕ ਬੰਦਾ ਜੰਗ ਲੜ ਸਕਦਾ ਅਤੇ ਅੰਗਰੇਜ਼ੀ ਰਾਜ ਲਈ ਚੁਣੌਤੀ ਖੜੀ ਕਰ ਸਕਦਾ ਸੀ। ਸ਼ਾਇਦ ਇਸੇ ਕਰਕੇ ਬਤਰਾਨਵੀ ਅਕਾਦਮਿਕ ਅਦਾਰਿਆਂ ਅੰਦਰੋਂ ਵੈਦਿਕ ਪੁਨਰ-ਜਾਗਰਣ ਦੀਆਂ ਲਹਿਰਾਂ ਉੱਠਣ ਲੱਗੀਆਂ। ਕਾਫ਼ੀ ਪਛੜ ਕੇ ਇਨਾਂ ਸ਼ਰਤਾਂ 'ਤੇ ਹੀ ਮੁਲਸਮਾਨ ਅਤੇ ਸਿੱਖ ਸੁਧਾਰ ਲਹਿਰਾਂ ਵੀ ਚੱਲੀਆਂ। ਖ਼ਾਲਸਾ ਰਾਜ ਦੇ ਖ਼ਾਤਮੇ ਅਤੇ ਰਿਆਸਤੀ ਸਿੱਖ ਸਰਦਾਰਾਂ ਦੇ ਸ਼ਖ਼ਸੀ ਨਿਘਾਰ ਨੇ ਇਸ ਪੂਰੇ ਖ਼ਿੱਤੇ ਉਂਪਰ ਸਿੱਖ ਪੰਥ ਦੀ ਦਿੱਬਤਾ ਅਤੇ ਅਜਿੱਤ ਹੋਣ ਦੀ ਛਾਪ ਨੂੰ ਢਾਹ ਲਾਈ। ਅੰਗਰੇਜ਼ੀ ਰਾਜ ਦੌਰਾਨ ਵੀ ਪੰਜਾਬ ਅਤੇ ਭਾਰਤ ਦੇ ਸਰੋਕਾਰ ਸਾਂਝੇ ਸਨ। ਪੰਜਾਬ ਨੇ ਲਾਮਿਸਾਲ ਕੁਰਬਾਨੀਆਂ ਵੀ ਦਿੱਤੀਆਂ ਪਰ ਪੰਜਾਬ ਹੁਣ ਭਾਰਤ ਲਈ ਪਹਿਲਾਂ ਵਾਲਾ ਨਾਇਕ ਨਹੀਂ ਸਗੋਂ ਇੱਕ ਜੁਝਾਰੂ ਅੰਗ ਬਣ ਰਿਹਾ ਸੀ।

ਇਸ ਤਬਦੀਲੀ ਨੂੰ ਸਿੰਘ ਸਭਾ ਲਹਿਰ ਨੇ ਪਛਾਣਿਆ ਜੋ ਅੱਗੇ ਚੱਲ ਕੇ ਗੁਰਦੁਆਰਾ ਸੁਧਾਰ ਲਹਿਰ ਦਾ ਆਧਾਰ ਬਣੀ। ਮਹਾਤਮਾ ਗਾਂਧੀ ਨੇ ਭਾਰਤ ਨੂੰ ਇੱਕ ਕੌਮੀਅਤ ਬਣਾਉਣ ਖ਼ਾਤਰ ਹੋਰ ਪਛਾਣਾਂ ਵਾਂਗ ਪੰਜਾਬ ਨੂੰ ਵਰਗਲਾਉਣ ਦੀ ਕੋਸ਼ਿਸ਼ ਕੀਤੀ। ਉਹ ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਰਤਾਂ ਸਹਿਤ ਸ਼ਾਮਲ ਹੋਇਆ ਅਤੇ ਉਸ ਨੇ ਸਿੱਖ ਸਿਆਸਤ ਨੂੰ ਰਾਸ਼ਟਰੀ ਸਿਆਸਤ ਦੇ ਰਾਹੇ ਪਾਇਆ। ਹਿੰਦੀ-ਹਿੰਦੁਸਤਾਨ ਦੇ ਮੁੱਦਈ ਸ਼ਹੀਦ ਭਗਤ ਸਿੰਘ ਨੂੰ ਕਰਤਾਰ ਸਿੰਘ ਸਰਾਭਾ ਵਰਗੇ ਲਾਮਿਸਾਲ ਯੋਧਿਆਂ ਦੇ ਮੁਕਾਬਲੇ ਵੱਧ ਉਭਾਰਿਆ ਗਿਆ ਜੋ ਸਿੱਖੀ ਸਰੂਪ ਅਤੇ ਪੰਜਾਬ ਦੀ ਮੌਲਿਕਤਾ ਦੇ ਵਧੀਕ ਨੇੜੇ ਸਨ। ਮੁਲਕ ਅਜ਼ਾਦ ਹੋਇਆ। ਕਾਂਗਰਸ ਨੇ ਖੇਤਰੀ ਧਿਰਾਂ ਨੂੰ ਵਿਰੋਧੀ ਖੇਮੇ ਵਿੱਚ ਧੱਕ ਦਿੱਤਾ। ਪੰਜਾਬ ਨੂੰ ਉਸ ਦੀ 'ਅਸਲ ਥਾਂ' ਦੱਸਣ ਦੀ ਕਵਾਇਦ ਸ਼ੁਰੂ ਹੋਈ। ਕਾਂਗਰਸੀ ਰਾਸ਼ਟਰਵਾਦ ਨੇ ਹੌਲੀ-ਹੌਲੀ ਬ੍ਰਾਹਮਣਵਾਦ ਵੱਲ ਝੁਕਣਾ ਸ਼ੁਰੂ ਕਰ ਦਿੱਤਾ ਪਰ ਉਸ ਨੂੰ ਦਿਸਦੇ ਰੂਪ ਵਿੱਚ ਆਪਣੇ ਧਰਮ-ਨਿਰਪੇਖ ਅਕਸ ਨੂੰ ਬਚਾਈ ਰੱਖਣ ਦੀ ਵੀ ਚਿੰਤਾ ਸੀ। ਧਰਮ-ਨਿਰਪੇਖ ਰਾਸ਼ਟਰਵਾਦ ਅਤੇ ਬ੍ਰਾਹਮਣਵਾਦ ਦੇ ਟਾਕਰੇ ਸਦਕਾ ਵਧੀ ਬੇਚੈਨੀ ਨੂੰ ਜਨਸੰਘ ਨੇ ਵੱਟਣਾ ਸ਼ੁਰੂ ਕਰ ਦਿੱਤਾ, ਜਿਸ ਵਿੱਚੋਂ ਨੱਬਵਿਆਂ ਦੌਰਾਨ ਹਿੰਦੂਤਵਾ ਦਾ ਸਿਆਸੀ ਉਭਾਰ ਹੋਇਆ।

ਸੂਬਿਆਂ ਨੂੰ ਵੱਧ ਹੱਕ ਦੇਣ ਦੀ ਮੰਗ ਨਾਲ਼ 'ਧਰਮ ਯੁੱਧ ਮੋਰਚਾ' ਸ਼ੁਰੂ ਹੋਇਆ। ਕੇਂਦਰ ਨੇ ਇਸ ਮੋਰਚੇ ਨੂੰ ਫ਼ਿਰਕੂ ਰੰਗਤ ਦੇ ਕੇ ਪੰਜਾਬ ਨੂੰ ਹਾਸ਼ੀਏ 'ਤੇ ਧੱਕਿਆ ਅਤੇ ਜਬਰ ਚੱਕਰ ਸ਼ੁਰੂ ਕਰ ਦਿੱਤਾ। ਸ੍ਰੀ ਦਰਬਾਰ ਸਾਹਿਬ ਉੱਪਰ ਤੀਜਾ ਘੱਲੂਘਾਰਾ ਵਾਪਰਿਆ।

ਬਾਕੀ ਸਫ਼ਾ 35 'ਤੇ

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਪੰਥ, ਪੰਜਾਬ ਅਤੇ ਅਜ਼ਾਦੀ ਦਾ ਮਸਲਾ

**ਬਿਕਰਮਜੀਤ ਸਿੰਘ**

### *ਸਿੱਖ-ਪਰੰਪਰਾ ਵਿੱਚ ਮੌਜੂਦ ਤਾਕਤਵਰ ਪੰਥ ਜਾਂ ਪੰਥਕ ਭਾਈਚਾਰੇ ਦੀ ਧਾਰਨਾ*

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਨੂੰ ਅਸਲੋਂ ਨਵੇਂ ਅਤੇ ਵੱਖਰੇ (ਤੀਸਰੇ) ਪੰਥ ਦੇ ਰੂਪ ਵਿੱਚ ਪੂਰਨਤਾ ਦੇਣ ਦੇ ਬਾਵਜੂਦ ਬ੍ਰਾਹਮਣਵਾਦੀ ਸੱਤਾ ਦੀ ਗ਼ੁਲਾਮੀ ਦਾ ਅਸਰ ਸਿੱਖਾਂ ਦੇ ਇੱਕ ਵੱਡੇ ਹਿੱਸੇ ਦੇ ਮਨਾਂ ਉੱਤੋਂ ਹਾਲਾਂ ਤੱਕ ਵੀ ਲਹਿਆ ਨਹੀਂ ਹੈ। ਇਸ ਤੱਥ ਨੂੰ ਮੰਨ ਲੈਣ ਵਿੱਚ ਵੀ ਕੋਈ ਬੁਰਾਈ ਨਹੀਂ ਹੈ ਕਿ ਬ੍ਰਾਹਮਣਵਾਦੀ ਬੌਧਿਕ ਧਿਰ ਇੰਨੀ ਤਾਕਤਵਰ ਹੈ ਕਿ ਇਸ ਨੇ ਹੋਰ ਕਈ ਧਰਮਾਂ ਅਤੇ ਪਛਾਣਾਂ ਨੂੰ ਨਿਗਲ ਲਿਆ ਹੈ ਅਤੇ ਸਿੱਖ ਧਰਮ ਨੂੰ ਖ਼ਤਮ ਕਰ ਦੇਣ ਲਈ ਇਸ ਦੇ ਬੌਧਿਕ ਹਮਲੇ ਬਿਨਾਂ ਰੁਕੇ ਜਾਰੀ ਹਨ। ਪਰ ਸਿੱਖ ਕੌਮ ਸਮੂਹਿਕ ਤੌਰ ਉੱਤੇ ਇਨਾਂ ਹਮਲਿਆਂ ਦਾ ਮੁਕਾਬਲਾ ਪੰਥਕ ਭਾਵਨਾ ਦੀ ਜ਼ਬਰਦਸਤ ਤਾਕਤ ਕਰਕੇ ਹੀ ਕਰ ਸਕੀ ਹੈ ਜਾਂ ਇਹ ਕਹੋ ਕਿ ਪਿਛਲੇ ਪੰਜ ਸੌ ਸਾਲ ਤੋਂ ਪੰਥ ਆਪਣੀਆਂ ਕਈਆਂ ਕਮਜ਼ੋਰੀਆਂ ਦੇ ਬਾਵਜੂਦ ਹਰੇਕ ਬ੍ਰਾਹਮਣੀ ਹਮਲੇ ਨੂੰ ਪਛਾੜਦਾ ਆਇਆ ਹੈ। ਮੌਜੂਦਾ ਸਮੇਂ ਵਿੱਚ ਅਤੇ ਖ਼ਾਸ ਕਰਕੇ ਤੀਜੇ ਘੱਲੂਘਾਰੇ ਤੋਂ ਬਾਅਦ ਬ੍ਰਾਹਮਣਵਾਦੀ ਬੌਧਿਕ ਹਮਲੇ ਨੇ ਇੱਕ ਤਰਾਂ ਦੀ ਜੰਗ ਦਾ ਰੂਪ ਧਾਰਿਆ ਹੋਇਆ ਹੈ। ਯਾਦ ਰਹੇ ਇਹ ਮਾਨਸਿਕ ਜੰਗ ਸਿੱਖਾਂ ਦੇ ਕੌਮੀ ਕਿਰਦਾਰ, ਵਿਚਾਰਧਾਰਾ, ਰਾਜਨੀਤਕ-ਧਾਰਮਿਕ ਅਤੇ ਸਮਾਜਕ ਸੰਸਥਾਵਾਂ ਨੂੰ ਤੋੜ-ਭੰਨ ਦੇਣ ਵੱਲ ਸੇਧਿਤ ਹੈ। ਇਸ ਬ੍ਰਾਹਮਣਵਾਦੀ ਜੰਗ ਦਾ ਟੀਚਾ ਆਉਣ ਵਾਲੀਆਂ ਸਿੱਖ ਪੀੜੀਆਂ ਦੇ ਸੋਚਣ, ਸਮਝਣ ਅਤੇ ਮਹਿਸੂਸ ਕਰਨ ਦੇ ਢੰਗ-ਤਰੀਕੇ ਬਦਲ ਦੇਣਾ ਵੀ ਹੈ। ਸਿੱਖਾਂ ਦਾ ਪੜਿਆ-ਲਿਖਿਆ ਰੱਜਿਆ-ਪੁੱਜਿਆ ਤਬਕਾ ਵੀ ਇਸ ਬ੍ਰਾਹਮਣਵਾਦੀ ਹਮਲੇ ਨੂੰ ਉਸ ਸ਼ਿੱਦਤ ਨਾਲ਼ ਮਹਿਸੂਸ ਨਹੀਂ ਕਰ ਰਿਹਾ, ਜਿਸ ਤਰਾਂ ਅਜਿਹੇ ਮਾਨਸਿਕ ਹਮਲਿਆਂ ਦਾ ਵਿਰੋਧ ਕਰਨ ਲਈ ਜ਼ਰੂਰੀ ਹੁੰਦਾ ਹੈ। ਇਸ ਗ਼ੁਲਾਮੀ ਦੇ ਰੁਝਾਨ ਦੇ ਮਾਨਸਿਕ ਬਿਰਤੀ ਵਿੱਚ ਬਦਲ ਜਾਣ ਦੇ ਸਿੱਟੇ ਖ਼ਤਰਨਾਕ ਨਿਕਲੇ ਵੀ ਹਨ ਅਤੇ ਭਵਿੱਖ ਵਿੱਚ ਹੋਰ ਵੀ ਮਾਰੂ ਨਿਕਲਣਗੇ। ਇਹ ਮਾਨਸਿਕ ਬਿਰਤੀ ਦੇ ਪੈਦਾ ਹੋਣ ਪਿੱਛੇ ਇੱਕ ਵੱਡਾ ਕਾਰਨ ਸਿੱਖ-ਪਰੰਪਰਾ ਵਿੱਚ ਮੌਜੂਦ ਤਾਕਤਵਰ ਪੰਥ ਜਾਂ ਪੰਥਕ ਭਾਈਚਾਰੇ ਦੀ ਧਾਰਨਾ ਹੈ। ਇਸ ਧਾਰਨਾ ਨੂੰ ਸਿੱਖਾਂ ਦੇ ਆਪਣੇ ਰਾਜ ਦੀ ਇੱਛਾ ਨੂੰ ਖ਼ਤਮ ਕਰਨ ਲਈ ਰੱਜ ਕੇ ਵਰਤਿਆ ਗਿਆ ਹੈ, ਜਿਸ ਦਾ ਆਮ ਸਿੱਖਾਂ ਉੱਤੇ ਵੀ ਡੂੰਘਾ ਅਸਰ ਪਿਆ ਹੈ। ਇਸ ਧਾਰਨਾ ਅਨੁਸਾਰ ਸਿੱਖ ਧਰਮ ਅਤੇ ਵਿਚਾਰਧਾਰਾ ਪੰਥ ਨੂੰ ਦੁਨਿਆਵੀ ਤਾਕਤ ਦਾ ਮੁੱਖ ਸਰੋਤ ਤਾਂ ਮੰਨਦੀ ਹੈ ਪ੍ਰੰਤੂ ਪੰਥ ਦੀ ਬਣਤਰ ਦਾ ਅਧਾਰ 'ਧਾਰਮਿਕ ਭਾਈਚਾਰਾ' ਹੈ ਜਿਸ ਵਿੱਚ ਸਿੱਖ ਧਰਮ ਨੂੰ ਮੰਨਣ ਵਾਲੇ ਸਾਰੇ ਸਿੱਖ ਆ ਜਾਂਦੇ ਹਨ ਜੋ ਦੁਨੀਆਂ ਦੇ ਕਿਸੇ ਵੀ ਕੋਨੇ ਜਾਂ ਹਿੱਸੇ ਵਿੱਚ ਰਹਿ ਰਹੇ ਹੋ ਸਕਦੇ ਹਨ ਭਾਵ ਪੰਥ ਕਿਸੇ ਖ਼ਾਸ ਖੇਤਰ ਜਾਂ ਧਰਤੀ ਨਾਲ਼ ਜੁੜਿਆ ਹੋਇਆ ਨਹੀਂ ਹੈ। ਸਿੱਖਾਂ ਲਈ ਭਾਈਚਾਰਾ ਇੱਕ ਖੇਤਰ ਨਾਲ਼ ਜੁੜੀ ਹੋਈ ਇਕਾਈ ਨਹੀਂ ਹੈ ਅਤੇ ਨਾ ਹੀ ਸਿੱਖ ਧਰਮ-ਸ਼ਾਸ਼ਤਰ ਯਹੂਦੀਆਂ ਵਾਂਗ ਇੱਕ ਖ਼ਾਸ ਧਰਤੀ, ਖੇਤਰ ਅਤੇ ਲੋਕਾਂ ਵਿਚਕਾਰ ਸੰਬੰਧ ਪੈਦਾ ਕਰਦਾ ਹੈ। ਸਿੱਖ ਧਰਮ-ਸ਼ਾਸ਼ਤਰ ਵੱਲੋਂ ਸਿੱਖਾਂ ਨੂੰ ਕਿਸੇ ਖ਼ਾਸ ਖੇਤਰ ਨਾਲ਼ ਨਾ ਜੋੜਨ ਕਰਕੇ ਸਿੱਖਾਂ ਵੱਲੋਂ ਕਿਸੇ ਖ਼ਾਸ ਖੇਤਰ ਜਾਂ ਧਰਤੀ ਉੱਤੇ ਦਾਅਵਾ ਜਤਾਉਣ ਦਾ ਕੋਈ ਧਾਰਮਿਕ ਅਧਾਰ ਨਹੀਂ ਹੈ। ਇਸ ਤਰਾਂ ਸਿੱਖ ਧਰਮ ਨੂੰ ਰਾਜ ਦੀ ਸਿਰਜਣਾ, ਕੌਮ ਅਤੇ ਕੌਮੀਅਤ ਦੇ ਵਿਕਾਸ ਦਾ ਅਧਾਰ ਬਣਾਉਣ ਵਿੱਚ, ਕਈ ਸਿੱਖਾਂ ਵੱਲੋਂ ਪੰਥ ਅਤੇ ਧਰਮ ਨਾਲ਼ ਡੂੰਘੇ ਵਿਸ਼ਾਹਘਾਤ ਕਰਨ, ਬਹੁ-ਕੌਮੀ ਅਤੇ ਸੈਕੂਲਰ ਰਾਜ ਵੱਲੋਂ ਸਿੱਖਾਂ ਨੂੰ ਵੱਡੇ ਧਰਮ ਵਿੱਚ ਜਜ਼ਬ ਕਰਨ ਦੇ ਅਮਲ ਦਾ ਵਿਰੋਧ ਕਰਨ ਸਮੇਂ ਅੰਦਰੂਨੀ ਏਕੇ ਦੀ ਕਮਜ਼ੋਰੀ ਵਿੱਚੋਂ ਨਿਕਲੇ ਹਨ।

ਇਸ ਵਿਚਾਰ ਦੇ ਅਧਾਰ ਉੱਤੇ ਜੋਇਸ ਪੇਟੀਗਰਿਊ ਨੇ ਸਿੱਟਾ ਕੱਢਿਆ ਹੈ ਕਿ 'ਸਿੱਖ ਪਛਾਣ ਮੀਰੀ-ਪੀਰੀ ਦੀ ਧਾਰਨਾ ਅਨੁਸਾਰ ਅਨਿਆਂ ਦੇ ਵਿਰੋਧ ਵਿੱਚ ਸਿੱਖ ਧਰਮ ਦੀ ਰਾਖੀ ਅਤੇ ਸਿੱਖ ਪਰੰਪਰਾ ਅਨੁਸਾਰ ਨਿਆਂਕਾਰੀ ਰਾਜ-ਪ੍ਰਬੰਧ ਦੀ ਸਥਾਪਨਾ ਲਈ ਨਹੀਂ ਹੈ ਬਲਕਿ ਪੰਥ ਦੀ ਖੇਤਰੀ ਭਾਈਚਾਰੇ ਦੀ ਧਾਰਨਾ ਵਜੋਂ ਸਮਝੌਤਾਵਾਦੀ ਬਿਰਤੀ ਦੀ ਉਪਜ ਹੈ। ਪੰਥ ਦੀ ਧਾਰਨਾ ਸਿੱਖਾਂ ਦੀ ਦੂਜੇ ਭਾਈਚਾਰਿਆਂ ਨਾਲ਼ ਸਹਿ-ਹੋਂਦ ਦੇ ਇਤਿਹਾਸਕ ਤਜਰਬੇ ਦੀ ਸੂਚਕ ਹੈ। ਸਿੱਖਾਂ ਦੇ ਇੱਕ ਵੱਖਰੀ ਖੇਤਰੀ ਇਕਾਈ, ਜੋ ਕਿ ਧਾਰਮਿਕ ਵਿਸ਼ਵਾਸ਼ਾਂ ਅਤੇ ਪਰੰਪਰਾਵਾਂ ਅਨੁਸਾਰ ਰਾਜਨੀਤਕ ਹੱਦਾਂ ਵਿੱਚ ਬੰਨੀ ਹੋਵੇ, ਦੀ ਅਣਹੋਂਦ ਕਾਰਨ ਕੌਮੀ ਵਖਰੇਵੇਂ ਦਾ ਵਿਚਾਰ ਪੰਥ ਦੀ ਧਾਰਨਾ ਦੇ ਉਲਟ ਹੈ। ਜੇ ਮੀਰੀ-ਪੀਰੀ ਦੇ ਸਿਧਾਂਤ ਨੇ ਇਸ ਖ਼ਾਸ ਪੱਧਰ ਉੱਤੇ ਡੂੰਘਾ ਅਸਰ ਪਾਇਆ ਹੈ ਤਾਂ ਇਹ ਹਿੰਦੂ ਪੁਨਰ-ਸੁਰਜੀਤੀ ਲਹਿਰ ਦਾ ਸਿੱਟਾ ਹੈ ਜੋ 1970 ਵਿੱਚ ਇੱਕ ਤਾਕਤ ਵਜੋਂ ਉੱਭਰੀ ਹੈ।'

ਉਪਰੋਕਤ ਵਿਚਾਰ ਜੋਇਸ ਪੇਟੀਗਰਿਊ ਵੱਲੋਂ 1985 ਵਿੱਚ ਛਾਪੇ ਗਏ ਇੱਕ ਲੇਖ ਜੋ ਕਿ ਸਿੱਖ ਮਸਲੇ ਅਤੇ ਤੀਜੇ ਘੱਲੂਘਾਰੇ ਦੇ ਕਾਰਨਾਂ ਦਾ ਭਾਵੇਂ ਸਿੱਖ ਪੱਖ ਤੋਂ ਅਧਿਐਨ ਕਰਨ 'ਤੇ ਅਧਾਰਿਤ ਹੈ ਪਰ ਇਸ ਵਿੱਚ ਪੰਥ ਦੀ ਧਾਰਨਾ ਸੰਬੰਧੀ ਉਭਾਰਿਆ ਗਿਆ ਸਿਧਾਂਤ ਰਾਜਨੀਤਿਕ ਪੱਖ ਤੋਂ ਅਤਿ ਖ਼ਤਰਨਾਕ ਹੈ। ਪੰਥ ਦੀ ਧਾਰਨਾ ਦੀ ਇਸ ਵਿਆਖਿਆ ਨੂੰ ਮੁੱਢੋਂ ਹੀ ਰੱਦ ਕੀਤਾ ਜਾਣਾ ਚਾਹੀਦਾ ਹੈ। ਇਹ ਵਿਆਖਿਆ ਅਸਲ ਵਿੱਚ ਕੁਝ ਮਿਸ਼ਨਰੀ ਅਤੇ ਸਿਰਫ਼ ਧਾਰਮਿਕ ਵਿਚਾਰ ਰੱਖਣ ਵਾਲੇ ਸਿੱਖਾਂ ਲਈ ਵੰਗਾਰ ਹੈ ਜੋ 'ਰਾਜਨੀਤੀ' ਅੱਖਰ ਨੂੰ ਹੀ ਨਫ਼ਰਤ ਦੀ ਨਿਗਾਹ ਨਾਲ਼ ਵੇਖਦੇ ਹਨ। ਆਸਟ੍ਰੇਲੀਆ ਵਿੱਚ ਇੱਕ ਕੌਮਾਂਤਰੀ ਕਾਨਫ਼ਰੰਸ ਵਿੱਚ ਸ਼ਾਮਲ ਕੀਤੇ ਗਏ ਉਪਰੋਕਤ ਖੋਜ-ਪੱਤਰ ਨੇ ਸਿਧਾਂਤਕ ਤੌਰ ਉੱਤੇ ਸਿੱਖਾਂ ਦੀ ਵੱਖਰੀ ਰਾਜਨੀਤਕ ਹੋਂਦ ਉੱਤੇ ਕਿੰਨਾ ਉਲਟਾ ਅਸਰ ਪਾਇਆ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਹ ਵਿਆਖਿਆ ਆਪਾ-ਵਿਰੋਧੀ ਹੈ ਅਤੇ ਇਸ ਦੇ ਵਿਰੋਧ ਵਜੋਂ ਕੁਝ ਮਹੱਤਵਪੂਰਨ ਨੁਕਤੇ ਉਭਾਰੇ ਜਾ ਸਕਦੇ ਹਨ ਜਿਵੇਂ,

1. ਪੰਥ ਦੀ ਇਹ ਵਿਆਖਿਆ ਸਿੱਖ ਭਾਈਚਾਰੇ ਨੂੰ ਰਾਜਨੀਤਕ ਭਾਈਚਾਰੇ ਵਜੋਂ ਵਿਕਸਿਤ ਹੋ ਕੇ 'ਕੌਮ' ਜਾਂ ਨੇਸ਼ਨ ਵਜੋਂ ਸਥਾਪਿਤ ਹੋਣ ਤੋਂ ਰੋਕਣ ਲਈ ਬ੍ਰਾਹਮਣਵਾਦੀ ਧਿਰਾਂ ਵੱਲੋਂ ਉਭਾਰੀ ਗਈ ਤਾਕਤਵਰ ਬੌਧਿਕ ਲਹਿਰ ਦਾ ਹਿੱਸਾ ਬਣਦੀ ਹੈ। ਇਸ ਸਿੱਖ ਵਿਰੋਧੀ ਅਕਾਦਮਿਕ ਲਹਿਰ ਦਾ ਬੇਹੱਦ ਡੂੰਘਾ ਟੀਚਾ ਸਿੱਖ ਭਾਈਚਾਰੇ ਨੂੰ 'ਕੌਮ' ਜਾਂ ਨੇਸ਼ਨ ਵਜੋਂ ਉੱਭਰਨ ਤੋਂ ਇਸ ਲਈ ਰੋਕਣਾ ਹੈ ਕਿਉਂਕਿ ਸਿੱਖ ਇੱਕ ਕੌਮ ਵਜੋਂ ਮਾਨਤਾ ਪ੍ਰਾਪਤ ਕਰਕੇ ਕੌਮਾਂਤਰੀ ਕਨੂੰਨਾਂ ਅਨੁਸਾਰ ਰਾਜ-ਪ੍ਰਬੰਧ ਦੇ ਠੋਸ ਦਾਅਵੇਦਾਰ ਬਣ ਜਾਣਗੇ।

2. ਪੰਥ ਦੀ ਬਣਤਰ ਅਸਥਾਈ ਨਾ ਹੋ ਕੇ ਠੋਸ ਢਾਂਚੇ ਉੱਤੇ ਅਧਾਰਿਤ ਹੈ। ਪੰਥ ਦੀ ਸਿਰਜਣਾ ਗੁਰੂ ਨਾਨਕ ਦੇਵ ਜੀ ਵੱਲੋਂ ਉਸ ਸਮੇਂ ਦੇ ਸਥਾਪਤ ਦੋਵੇਂ ਹਿੰਦੂ ਅਤੇ ਮੁਸਲਿਮ ਧਰਮ ਦੇ ਧਰਮ-ਸ਼ਾਸ਼ਤਰਾਂ, ਜੀਉਣ-ਪ੍ਰਬੰਧ, ਰਸਮਾਂ-ਰਿਵਾਜਾਂ, ਕਦਰਾਂ-ਕੀਮਤਾਂ ਅਤੇ ਸੱਭਿਆਚਾਰਾਂ ਨੂੰ ਰੱਦ ਕਰਕੇ ਕੀਤੀ ਗਈ ਸੀ। ਪਹਿਲੇ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਤੱਕ ਦੇ ਪੰਥਕ ਵਿਗਾਸ ਦੇ ਤਰੀਕੇ ਸਪਸ਼ਟ ਕਰਦੇ ਹਨ ਕਿ ਪੰਥ ਨਾਲ਼ ਸਬੰਧਿਤ ਉਸਾਰੇ ਗਏ ਜੀਉਣ-ਪ੍ਰਬੰਧ, ਧਾਰਮਿਕ-ਪ੍ਰਬੰਧ, ਕਦਰਾਂ-ਕੀਮਤਾਂ ਅਤੇ ਰਸਮਾਂ-ਰਿਵਾਜਾਂ ਅਤੇ ਵੱਖਰੇ ਤਿਉਹਾਰਾਂ ਦੇ ਢਾਂਚੇ ਨੇ ਮੁਸਲਿਮ ਧਰਮ ਨਾਲ਼ੋਂ ਹਿੰਦੂ ਧਰਮ ਉੱਤੇ ਸਿਧਾਂਤਕ ਪੱਧਰ ਉੱਤੇ ਜ਼ਬਰਦਸਤ ਚੋਟ ਮਾਰੀ ਹੈ। ਛੇਵੇਂ ਗੁਰੂ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਅਤੇ ਦਸਵੇਂ ਗੁਰੂ ਸਾਹਿਬ ਵੱਲੋਂ ਖ਼ਾਲਸਾ ਸਿਰਜ ਕੇ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਵਜੋਂ ਸਦਾ ਲਈ ਸਥਾਪਿਤ ਕਰਕੇ ਪੰਥ ਨੂੰ ਇੱਕ



ਠੋਸ ਢਾਂਚਾਗਤ ਰੂਪ ਦਿੱਤਾ ਗਿਆ। ਪੰਥ ਦੇ ਖ਼ਾਲਸਾ ਪੰਥ ਤੱਕ ਪਹੁੰਚਦਿਆਂ ਸਿੱਖ ਇੱਕ ਅਸਲੋਂ ਵੱਖਰੀ ਜੀਉਣ-ਜਾਂਚ ਅਪਣਾ ਚੁੱਕੇ ਸਨ। ਹਿੰਦੂ ਪੂਜਾ ਦੇ ਸਮੇਂ, ਥਾਵਾਂ, ਢੰਗਾਂ ਦੇ ਬਦਲ ਹੋਂਦ ਵਿੱਚ ਆ ਚੁੱਕੇ ਸਨ ਜਿਵੇਂ ਹਿੰਦੂ ਪੂਜਾ ਦਾ ਸਮਾਂ, ਥਾਂ ਅਤੇ ਢੰਗ ਸਵੇਰੇ ਮੰਦਰਾਂ ਵਿੱਚ ਜਾ ਕੇ ਮੂਰਤੀ ਪੂਜਾ ਕਰਨਾ ਸੀ ਪਰ ਸਿੱਖਾਂ ਲਈ ਮੂਰਤੀ ਪੂਜਾ ਵਰਜਿਤ ਸੀ, ਪੂਜਾ ਦੀ ਥਾਂ ਇੱਕੋ ਅਕਾਲ ਦੇ ਨਾਮ-ਸਿਮਰਨ ਦਾ ਹੁਕਮ ਸੀ ਅਤੇ ਸਮਾਂ ਅੰਮ੍ਰਿਤ ਵੇਲੇ ਦਾ ਸੀ। ਹਿੰਦੂ ਤੀਰਥਾਂ ਦੀ ਯਾਤਰਾ ਦੇ ਉਸ ਸਮੇਂ ਦੇ ਪ੍ਰਚਲਿਤ ਰਿਵਾਜ ਦੇ ਬਦਲ ਵਜੋਂ ਸਿੱਖਾਂ ਦੇ ਆਪਣੇ ਤੀਰਥ-ਕੇਂਦਰ ਹੋਂਦ ਵਿੱਚ ਲਿਆਂਦੇ ਜਾ ਚੁੱਕੇ ਸਨ। ਸਿੱਖਾਂ ਨੂੰ ਗੁਰੂ ਸਾਹਿਬਾਨਾਂ ਵੱਲੋਂ ਹਰਿਮੰਦਰ ਸਾਹਿਬ, ਗੋਇੰਦਵਾਲ ਸਾਹਿਬ ਅਤੇ ਖਡੂਰ ਸਾਹਿਬ ਵਰਗੇ ਪਵਿੱਤਰ ਸਥਾਨਾਂ ਉੱਤੇ ਜਾਣ ਦਾ ਹੁਕਮ ਸੀ। ਬਾਅਦ ਵਿੱਚ ਦਸਵੇਂ ਗੁਰੂ ਵੱਲੋਂ ਹਿੰਦੂ ਤਿਉਹਾਰਾਂ ਦੇ ਬਦਲ ਵਜੋਂ ਵੱਖਰੇ ਤਿਉਹਾਰ ਅਤੇ ਵੱਖਰੀ ਪਛਾਣ ਸਿਰਜ ਕੇ ਪੰਥ ਨੂੰ ਇੱਕ ਮਹੱਤਵਪੂਰਨ ਵੱਖਰੇ ਭਾਈਚਾਰੇ ਵਜੋਂ ਵਿਕਸਿਤ ਕਰ ਦਿੱਤਾ ਗਿਆ ਜਿਸ ਦੀਆਂ ਆਪਣੀਆਂ ਠੋਸ ਸੱਭਿਆਚਾਰਕ ਹੱਦਾਂ ਸਨ। ਯਾਦ ਰਹੇ ਰਾਜ ਦੀ ਇੱਛਾ ਨੇ ਪੰਥ ਨੂੰ ਰਾਜਨੀਤਕ ਭਾਈਚਾਰੇ ਦੇ ਰੂਪ ਵਿੱਚ ਬਦਲ ਦਿੱਤਾ।

3. ਕੌਮਾਂਤਰੀ ਕੌਮਵਾਦੀ ਸਿਧਾਂਤ ਇਸ ਨੁਕਤੇ ਨੂੰ ਮਾਨਤਾ ਦਿੰਦਾ ਹੈ ਕਿ ਜਿਉਂ ਹੀ ਕੋਈ ਭਾਈਚਾਰਾ 'ਰਾਜ' ਦੀ ਇੱਛਾ ਰੱਖਣਾ ਸ਼ੁਰੂ ਕਰ ਦਿੰਦਾ ਹੈ ਤਾਂ ਇਹ ਰਾਜਨੀਤਕ ਭਾਈਚਾਰੇ ਵਿੱਚ ਬਦਲ ਜਾਂਦਾ ਹੈ। ਕਿਸੇ ਭਾਈਚਾਰੇ ਵੱਲੋਂ ਰਾਜ ਦੀ ਇੱਛਾ ਦਾ ਸੰਬੰਧ ਕੁਦਰਤੀ ਕਿਸੇ ਖੇਤਰ ਨਾਲ਼ ਜੁੜਦਾ ਹੈ ਕਿਉਂਕਿ 'ਰਾਜ' ਦੀ ਸਿਰਜਣਾ ਹਵਾ ਵਿੱਚ ਤਾਂ ਕੀਤੀ ਨਹੀਂ ਜਾ ਸਕਦੀ ਹੈ। ਪੰਥ ਦੀ ਵਿਆਖਿਆ ਕਰਦਿਆਂ ਜਦੋਂ ਇਹ ਧਾਰਨਾ ਉਭਾਰੀ ਜਾਵੇ ਕਿ ਪੰਥ ਦਾ ਸੰਬੰਧ ਕਿਸੇ ਖੇਤਰੀ ਇਕਾਈ ਨਾਲ਼ ਨਹੀਂ ਹੈ ਤਾਂ ਇਸ ਵਿੱਚੋਂ ਇੱਕ ਵੱਡੀ ਮੰਦ-ਭਾਵਨਾ ਸਾਹਮਣੇ ਆਉਂਦੀ ਹੈ। ਕੌਮਾਂਤਰੀ ਪੱਧਰ ਉੱਤੇ ਕੌਮ ਜਾਂ ਨੇਸ਼ਨ ਦੀ ਵਿਆਖਿਆ ਵਿੱਚ ਇੱਕ ਖ਼ਾਸ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਦੇ ਵੱਖਰੇ ਇਤਿਹਾਸ, ਮਿੱਥਾਂ, ਰਸਮਾਂ-ਰਿਵਾਜਾਂ, ਕਦਰਾਂ-ਕੀਮਤਾਂ, ਤਿਉਹਾਰਾਂ, ਦੇ ਨਾਲ਼-ਨਾਲ਼ ਇਸ ਖੇਤਰ ਨਾਲ਼ ਲਗਾਅ ਅਤੇ ਵੱਖਰੀ ਕੌਮ ਹੋਣ ਦੀ ਇੱਛਾ ਜਾਂ ਦੂਜਿਆਂ ਵੱਲੋਂ ਇਸ ਵਖਰੇਵੇਂ ਨੂੰ ਮਾਨਤਾ ਦੇਣ ਅਤੇ ਰਾਜ ਦੀ ਇੱਛਾ ਰੱਖਣ ਵਰਗੇ ਤੱਤਾਂ ਨੂੰ ਮਾਨਤਾ ਦਿੱਤੀ ਗਈ ਹੈ। ਸਪਸ਼ਟ ਹੈ ਕਿ ਜੇ ਤੱਤ ਰੂਪ ਵਿੱਚ ਪੰਥ ਦਾ ਸੰਬੰਧ ਕਿਸੇ ਖੇਤਰ ਨਾਲ਼ ਨਾ ਹੋਣਾ ਮੰਨ ਲਿਆ ਜਾਂਦਾ ਹੈ ਤਾਂ ਸਿੱਖਾਂ ਦਾ ਪੰਜਾਬ ਦੇ ਖੇਤਰ ਉੱਤੇ ਇੱਕ ਕੌਮ ਵਜੋਂ ਦਾਅਵਾ ਕੌਮਾਂਤਰੀ ਕਾਨੂੰਨ ਅਨੁਸਾਰ ਕਮਜ਼ੋਰ ਹੋ ਜਾਵੇਗਾ।

4. ਦਸ ਗੁਰੂ ਸਾਹਿਬਾਨਾਂ ਦਾ ਜੀਵਨ-ਅਮਲ, ਗੁਰੂ ਗ੍ਰੰਥ ਸਾਹਿਬ, ਸਿੱਖ-ਇਤਿਹਾਸ ਅਤੇ ਸਿੱਖ-ਸੰਸਥਾਵਾਂ 'ਪੰਥ' ਦੀਆਂ ਸੱਭਿਆਚਾਰਕ ਹੱਦਾਂ ਦੀ ਸਿਰਜਣਾ ਕਰਦੇ ਹਨ ਜੋ ਕਿ ਮੌਜੂਦਾ ਕੌਮਵਾਦੀ ਅਤੇ ਕੌਮ ਦੀ ਧਾਰਨਾ ਅਨੁਸਾਰ 'ਕੌਮੀ ਹੱਦਾਂ' ਦੀ ਧਾਰਨਾ ਅਨੁਸਾਰ ਪੰਥ ਨੂੰ ਇੱਕ ਰਾਜਨੀਤਕ ਭਾਈਚਾਰਾ ਜਾਂ ਕੌਮ ਸਾਬਿਤ ਕਰਦੀਆਂ ਹਨ। ਗੁਰੂ ਸਾਹਿਬਾਨਾਂ ਅਤੇ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਭਾਵੇਂ ਸਮੇਂ ਅਤੇ ਥਾਂ ਦੀਆਂ ਹੱਦਾਂ ਤੋਂ ਪਰੇ ਹੈ ਪਰ ਇਹ ਇੱਕ ਖ਼ਾਸ ਜੀਵਨ ਜਾਂਚ ਵੀ ਸਿਰਜਦਾ ਹੈ, ਜਿਸ ਦਾ ਪ੍ਰਗਟਾਵਾ ਪੰਜ ਸੌ ਸਾਲ ਦੇ ਸਿੱਖ ਇਤਿਹਾਸ ਵਿੱਚੋਂ ਝਲਕਦਾ ਹੈ, ਜੋ ਸਿੱਖਾਂ ਨੂੰ ਪੰਜਾਬ ਦੇ ਖੇਤਰੀ ਇਲਾਕੇ ਨਾਲ਼ ਡੂੰਘੀ ਤਰਾਂ ਜੋੜਦਾ ਹੈ। ਪੰਥ ਅਤੇ ਪੰਜਾਬ ਵਿਚਕਾਰ ਅਟੁੱਟ ਰਿਸ਼ਤਾ ਹੈ। ਪੰਜਾਬ ਉੱਤੇ ਪੰਥ ਦਾ ਦਾਅਵਾ ਨਿਸ਼ਚੇਵਾਚਕ ਹੈ, ਜਿਉਣ-ਮਰਨ ਦੇ ਮਸਲੇ ਵਾਂਗ। ਪੰਜਾਬ ਦੀ ਧਰਤੀ ਦਾ ਚੱਪਾ-ਚੱਪਾ ਸਿੱਖਾਂ ਦੇ ਖ਼ੂਨ ਨਾਲ਼ ਸਿੰਜਿਆ ਗਿਆ ਹੈ। ਸਿੱਖਾਂ ਨੇ ਰਾਜਨੀਤਕ ਭਾਈਚਾਰੇ ਵਜੋਂ ਪਹਿਲਾਂ ਸਿੱਖ ਰਾਜ ਪੰਜਾਬ ਵਿੱਚ ਹੀ ਸਿਰਜਿਆ ਹੈ, ਨੰਦੇੜ ਵਿੱਚ ਨਹੀਂ। ਮਿਸਲਾਂ ਪੰਜਾਬ ਵਿੱਚ ਪ੍ਰਭੁਸੱਤਾ ਸੰਪੰਨ ਰਹੀਆਂ ਹਨ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ-ਰਾਜ ਪੰਜਾਬ ਵਿੱਚ ਹੀ ਸਥਾਪਤ ਕੀਤਾ ਸੀ। ਬਾਅਦ ਵਿੱਚ ਹੀ ਇਸ ਨੂੰ ਜੰਗਾਂ-ਜਿੱਤਾਂ ਰਾਹੀਂ ਦੂਜੇ ਖੇਤਰਾਂ ਵਿੱਚ ਫੈਲਾਇਆ ਗਿਆ। ਪੰਥ ਦੇ ਪੰਜਾਬ ਨਾਲ਼ ਪਿਆਰ ਦੀ ਗਵਾਹੀ ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਰਤਾ ਇੱਕ ਕਥਾ ਰਾਹੀਂ ਬਿਆਨ ਕਰਦਾ ਹੈ ਕਿ ਦਸਵੇਂ ਪਾਤਸ਼ਾਹ ਵੱਲੋਂ ਸਿੱਖਾਂ ਨੂੰ ਦੁਨੀਆਂ ਦੀ ਪਾਤਸ਼ਾਹੀ ਮੰਗਣ ਲਈ ਕਹੇ ਬਚਨ ਦੇ ਜੁਆਬ ਵਿੱਚ ਸਿੱਖਾਂ ਨੇ ਤਿੰਨੇ ਵਾਰ ਹੀ 'ਪੰਜਾਬ ਦੀ ਪਾਤਸ਼ਾਹੀ' ਮੰਗੀ। ਵੀਹਵੀਂ ਸਦੀ ਦਾ ਵੱਡਾ ਸ਼ਾਇਰ ਤੇ ਫ਼ਿਲਾਸਫ਼ਰ ਪ੍ਰੋ. ਪੂਰਨ ਸਿੰਘ ਜਿੱਥੇ 'ਸਿੱਖ ਕਿਉਂ ਰੁਲਦੇ ਜਾਂਦੇ ਨੇ' ਦਾ ਫ਼ਿਕਰ ਕਰਦਾ ਹੈ, ਓਥੇ 'ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ' ਗਾਉਂਦਾ ਹੈ ਅਤੇ 'ਕੂਕਾਂ ਮੈਂ ਸਿੱਖ ਪੰਜਾਬ ਨੂੰ' ਦੀ ਬਾਤ ਪਾਕੇ ਪੰਥ ਅਤੇ ਪੰਜਾਬ ਦੇ ਅਟੁੱਟ ਰਿਸ਼ਤੇ ਦੀ ਗਵਾਹੀ ਭਰਦਾ ਹੈ। ਸਿੱਖ ਸੱਭਿਆਚਾਰ ਗੁਰੂ ਨਾਨਕ ਸਾਹਿਬ ਨੂੰ 'ਮਾਹੀ ਨਨਕਾਣੇ ਵਾਲਿਆ' ਵਜੋਂ ਸਿਮਰਦਾ ਹੈ ਅਤੇ ਗੁਰਬਾਣੀ ਦੇ ਹਵਾਲੇ ਨਾਲ਼ ਅੰਮ੍ਰਿਤਸਰ ਨੂੰ 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ' ਅਤੇ 'ਗੁਰੂ ਰਾਮਦਾਸ ਦੀ ਨਗਰੀ' ਵਜੋਂ ਪਛਾਣਦਾ ਹੈ।

5. ਪੰਥ ਦੀ ਧਾਰਨਾ ਦਾ ਸੰਬੰਧ ਦੂਜੇ ਭਾਈਚਾਰਿਆਂ ਨਾਲ਼ ਸਹਿ-ਹੋਂਦ ਦੇ ਇਤਿਹਾਸਕ ਤਜਰਬੇ ਨਾਲ਼ ਕਦੇ ਵੀ ਨਹੀਂ ਰਿਹਾ। ਪੰਥ ਆਪਣੇ ਜਨਮ ਦੇ ਸਮੇਂ ਤੋਂ ਹੀ ਆਪਣੀ ਹੋਂਦ ਬਣਾਈ ਰੱਖਣ ਲਈ ਸੰਘਰਸ਼ਸ਼ੀਲ ਰਿਹਾ ਹੈ। ਰਾਜਨੀਤਿਕ ਤਾਕਤ ਉੱਤੇ ਕਾਬਜ਼ ਹੋਣ ਦੀਆਂ ਨਵੀਆਂ ਤਕਨੀਕਾਂ ਦੇ ਗਿਆਨ ਤੋਂ ਵਿਰਵੇ ਅਤੇ ਬ੍ਰਾਹਮਣਵਾਦ ਦੇ ਡੂੰਘੇ ਅਤੇ ਨਿਗਲ ਜਾਣ ਵਾਲੇ ਸੱਭਿਆਚਾਰਕ ਹਮਲੇ ਦੇ ਸ਼ਿਕਾਰ ਪੰਥ ਦੇ ਇੱਕ ਵੱਡੇ ਹਿੱਸੇ ਵਿੱਚ ਆਪਣੀ ਹੋਂਦ ਤੋਂ ਮੁਨਕਰ ਹੋਣ ਅਤੇ ਵੱਡੀ ਪਛਾਣ ਵਿੱਚ ਜਜ਼ਬ ਹੋਣ ਦਾ ਵਰਤਾਰਾ ਸਾਹਮਣੇ ਆਇਆ ਹੈ। ਪੰਥ ਦੀ ਧਾਰਨਾ ਬਿਨਾਂ ਸ਼ੱਕ ਕੌਮੀ ਜਾਂ ਸੱਭਿਆਚਾਰਕ ਹੱਦਾਂ ਵਿੱਚ ਬੰਨੀ ਹੋਈ ਹੈ, ਜੋ ਬ੍ਰਾਹਮਣਵਾਦੀ ਹਮਲੇ ਦਾ ਲਗਾਤਾਰ ਮੁਕਾਬਲਾ ਕਰਨ ਲਈ ਸਿੱਖਾਂ ਨੂੰ ਤਾਕਤ ਬਖ਼ਸ਼ਦੀ ਰਹੀ ਹੈ। ਪੰਥ ਦੀ ਇਹ ਖ਼ਾਸੀਅਤ ਹੈ ਕਿ ਇਹ ਸਾਰੀ ਦੁਨੀਆਂ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ ਪਰ ਇਸ ਦੀਆਂ ਧਾਰਮਿਕ ਪਰੰਪਰਾਵਾਂ ਅਤੇ ਵਿਸ਼ਵਾਸ਼ਾਂ ਉੱਤੇ ਅਧਾਰਿਤ ਹੱਦਾਂ ਸਮਾਂ ਆਉਣ ਉੱਤੇ ਰਾਜਨੀਤਿਕ ਹੱਦਾਂ ਵਿੱਚ ਬਦਲਣ ਦੀ ਤਾਕਤ ਵੀ ਰੱਖਦੀਆਂ ਹਨ। ਇਹ ਨੁਕਤਾ ਮਹੱਤਵਪੂਰਨ ਹੈ ਕਿ ਅੱਜ ਤੱਕ ਪੰਥ ਦੀਆਂ ਸੱਭਿਆਚਾਰਕ ਹੱਦਾਂ ਨੇ ਹੀ ਸਿੱਖਾਂ ਨੂੰ ਹਿੰਦੂ ਧਰਮ ਵਿੱਚ ਜਜ਼ਬ ਹੋਣ ਤੋਂ ਬਚਾਇਆ ਹੋਇਆ ਹੈ। ਅਸਲ ਮਸਲਾ ਪੰਥ ਅਤੇ ਬ੍ਰਾਹਮਣਵਾਦੀ ਧਿਰਾਂ ਵਿਚਕਾਰ ਪਿਛਲੀ ਅੱਧੀ ਸਦੀ ਤੋਂ ਲਗਾਤਾਰ ਚੱਲ ਰਹੀ ਸਿਧਾਂਤਕ ਅਤੇ ਵਿਚਾਰਧਾਰਕ ਜੰਗ ਦਾ ਹੈ।

6. ਪੰਥਕ ਜਾਂ ਸਿੱਖ ਪਛਾਣ 1970 ਵਿੱਚ ਤਾਕਤ ਵਜੋਂ ਹੋਂਦ ਵਿੱਚ ਆਈ ਹਿੰਦੂ ਪੁਨਰ-ਸਿਰਜਣਾ ਦੀ ਲਹਿਰ ਦੀ ਪੈਦਾਵਾਰ ਨਹੀਂ ਹੈ ਬਲਕਿ ਦਸ ਗੁਰੂ ਸਾਹਿਬਾਨਾਂ ਵੱਲੋਂ ਸਿਰਜੇ ਸੱਭਿਆਚਾਰਕ ਵਰਤਾਰੇ ਦੀ ਉਪਜ ਹੈ। ਖ਼ਾਸ ਕਰਕੇ ਦਸਵੇਂ ਗੁਰੂ ਵੱਲੋਂ ਪੰਥ ਨੂੰ ਖ਼ਾਲਸਾ ਪੰਥ ਦੇ ਰੂਪ ਵਿੱਚ ਪੂਰਨਤਾ ਦੇਣ ਨਾਲ਼ ਸਿੱਖਾਂ ਦੀ ਹਿੰਦੂਆਂ ਨਾਲ਼ੋਂ ਵੱਖਰੀ ਪਛਾਣ ਠੋਸ ਰਾਜਨੀਤਿਕ ਰੂਪ ਧਾਰਨ ਕਰਦੀ ਹੈ ਜਦੋਂ ਸ਼ਸਤਰ ਖ਼ਾਲਸਾ ਹੋਂਦ ਦਾ ਅਟੁੱਟ ਹਿੱਸਾ ਬਣਦਾ ਹੈ। ਬਾਅਦ ਵਿੱਚ ਸਿੰਘ ਸਭਾ ਲਹਿਰ ਅਤੇ ਮੁੜ 1970 ਦੀ ਹਿੰਦੂ ਪੁਨਰ-ਸਿਰਜਣਾ ਲਹਿਰ ਨੇ ਪੰਥਕ ਖ਼ਾਲਸਈ ਪਛਾਣ ਦੀ ਪੁਨਰ-ਸਿਰਜਣਾ ਦਾ ਹੀ ਮਾਹੌਲ ਤਿਆਰ ਕੀਤਾ।

ਇਸ ਤਰਾਂ ਪੰਥ ਦੀ ਪਰੰਪਰਾਂ ਨੂੰ ਪੰਜਾਬ ਅਤੇ ਸਿੱਖਾਂ ਦੀ ਅਜ਼ਾਦੀ ਵਿਚਕਾਰ ਸੰਬੰਧ ਪੈਦਾ ਕਰਨ ਅਤੇ ਸਿੱਖਾਂ ਦੀਆਂ ਕੌਮੀ ਅਤੇ ਰਾਜਨੀਤਿਕ ਹੱਦਾਂ ਸਿਰਜਣ ਵਾਲੀ ਏਜੰਸੀ ਵਜੋਂ ਖ਼ਤਮ ਕਰਨ ਵਾਲੀ ਵਿਆਖਿਆ ਦਾ ਹਰੇਕ ਪੱਧਰ ਉੱਤੇ ਤਕੜਾ ਵਿਰੋਧ ਜ਼ਰੂਰੀ ਹੈ। ਇਸ ਸੰਦਰਭ ਵਿੱਚ ਅਕਾਲੀ ਅਤੇ ਸਿੱਖ ਆਗੂਆਂ ਵੱਲੋਂ 1942 ਤੋਂ 1947 ਤੱਕ ਦੇ ਸਮੇਂ ਦੌਰਾਨ ਅੰਗਰੇਜ਼ ਸ਼ਾਸ਼ਕਾਂ ਨੂੰ ਦਿੱਤੇ ਗਏ ਸੁਝਾਵਾਂ, ਮੰਗ-ਪੱਤਰਾਂ, ਚਿੱਠੀਆਂ ਅਤੇ ਅੰਗਰੇਜ਼ਾਂ ਵੱਲੋਂ ਇਨਾਂ ਦਸਤਾਵੇਜ਼ਾਂ ਦੇ ਅਧਾਰ ਉੱਤੇ ਕੀਤੀਆਂ ਟਿੱਪਣੀਆਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੇ ਸਿੱਖ ਆਗੂਆਂ ਦੀ ਮਾਨਸਿਕਤਾ ਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਵਿੱਚੋਂ ਨਿਸ਼ਚਿਤ ਤੌਰ 'ਤੇ ਉੱਭਰੀ ਗ਼ੁਲਾਮ ਮਾਨਸਿਕਤਾ ਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਇੱਕ ਛੋਟੇ ਜਿਹੇ ਬਿੰਦੂ ਤੋਂ ਪੈਦਾ ਹੋ ਕੇ ਵੱਡੇ ਪਸਾਰੇ ਦਾ ਰੂਪ ਧਾਰਦੀ ਇਸ ਮਾਨਸਿਕਤਾ ਦਾ ਪੰਥ, ਪੰਜਾਬ ਅਤੇ ਸਿੱਖਾਂ ਵਿਚਕਾਰ ਇੱਕ ਅਟੁੱਟ ਰਿਸ਼ਤੇ ਨਾਲ਼ ਵਿਰੋਧ ਹੋਣ ਦੀ ਬਾਤ ਪਾਵੇਗੀ।

ਅੰਮ੍ਰਿਤਸਰ ਟਾਈਮਜ਼ AMRITSAR TIMES
23 ਫ਼ਰਵਰੀ 2022 ਤੋਂ 01 ਮਾਰਚ 2022

# ਸੂਰਬੀਰ ਬਚਨ ਕੇ ਬਲੀ।।

ਅਸੀਂ ਹਰ ਵਰੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਕਰਦੇ ਹਾਂ ਜੋ ਗੁਰਦੁਆਰਿਆਂ ਦੀ ਪਵਿੱਤਰਤਾ ਲਈ ਕੁਰਬਾਨ ਹੋਏ, ਆਪਣੀ ਅਰਦਾਸ ਅਤੇ ਬਚਨਾਂ ਨੂੰ ਨਿਭਾਉਣ ਲਈ ਕੋਈ ਯੱਕ-ਤੱਕ ਨਹੀਂ ਕੀਤਾ ਅਤੇ ਸ਼ਹਾਦਤਾਂ ਦੇ ਕੇ ਗੁਰਦੁਆਰਾ ਜਨਮ ਅਸਥਾਨ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ।

ਕੋਈ ਵੇਲਾ ਸੀ ਜਦੋਂ ਮਹੰਤ ਨਰਾਇਣ ਦਾਸ ਵੱਲੋਂ ਸਰਕਾਰ ਦੀ ਸ਼ਹਿ ਦੇ ਨਾਲ਼ ਗੁਰਦੁਆਰਾ ਨਨਕਾਣਾ ਸਾਹਿਬ ਉੱਤੇ ਕਬਜ਼ਾ ਕੀਤਾ ਹੋਇਆ ਸੀ, ਲਗਾਤਾਰ ਬੇਅਦਬੀਆਂ ਕਰ ਰਿਹਾ ਸੀ। ਸੰਗਤਾਂ ਨੇ ਇਸ ਦੇ ਖ਼ਿਲਾਫ਼ ਮਤੇ ਪਾਏ, ਸਰਕਾਰ ਨੂੰ ਇਹ ਸਭ ਰੋਕਣ ਲਈ ਬੇਨਤੀਆਂ ਕੀਤੀਆਂ ਪਰ ਕੋਈ ਫ਼ਰਕ ਨਾ ਪਿਆ। ਸ਼੍ਰੋਮਣੀ ਕਮੇਟੀ ਦੀ 24 ਜਨਵਰੀ 1921 ਦੀ ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ 4,5 ਅਤੇ 6 ਮਾਰਚ ਨੂੰ ਨਨਕਾਣਾ ਸਾਹਿਬ ਖ਼ਾਲਸੇ ਦਾ ਦੀਵਾਨ ਹੋਵੇਗਾ ਅਤੇ ਮਹੰਤ ਨੂੰ ਸੱਦਾ ਦਿੱਤਾ ਜਾਵੇਗਾ ਕਿ ਆਪਣਾ ਸੁਧਾਰ ਕਰੇ। ਮਹੰਤ ਨੇ ਸਿੱਖਾਂ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਅਤੇ ਬਦਮਾਸ਼ਾਂ ਲੜਾਕੂਆਂ ਨੂੰ ਸ਼ਰਾਬਾਂ ਅਤੇ ਤਨਖ਼ਾਹਾਂ ਦੇ ਕੇ ਗੁਰਦੁਆਰੇ ਅੰਦਰ ਰੱਖ ਲਿਆ। ਕਰਤਾਰ ਸਿੰਘ ਝੱਬਰ ਹੁਰਾਂ ਨੇ ਆਪਣੇ ਜੱਥੇ ਅਤੇ ਭਾਈ ਲਛਮਣ ਸਿੰਘ ਧਾਰੋਵਾਲ ਅਤੇ ਭਾਈ ਬੂਟਾ ਸਿੰਘ ਲਾਇਲਪੁਰ ਨਾਲ਼ ਵਿਚਾਰ ਵਿਟਾਂਦਰਾ ਕਰ ਕੇ ਸਹਿਮਤੀ ਬਣਾਈ ਕਿ ਸਾਨੂੰ ਨੀਅਤ ਤਰੀਕ ਤੋਂ ਪਹਿਲੋਂ ਪਹੁੰਚਣਾ ਚਾਹੀਦਾ ਹੈ ਅਤੇ ਗੁਰਦੁਆਰਾ ਸਾਹਿਬ ਉੱਤੋਂ ਮਹੰਤ ਦੇ ਕਬਜ਼ੇ ਨੂੰ ਛਡਾਉਣਾ ਚਾਹੀਦਾ ਹੈ। ਅਕਾਲੀ ਆਗੂਆਂ ਨੇ ਯਤਨ ਕਰ ਕੇ ਭਾਈ ਕਰਤਾਰ ਸਿੰਘ ਝੱਬਰ ਨੂੰ ਇਸ ਤਰਾਂ ਨਾ ਕਰਨ ਲਈ ਮਨਾ ਲਿਆ।

ਭਾਈ ਲਛਮਣ ਸਿੰਘ ਧਾਰੋਵਾਲ ਆਪਣੇ ਜੱਥੇ ਸਮੇਤ ਨਨਕਾਣਾ ਸਾਹਿਬ ਵੱਲ ਰਵਾਨਾ ਹੋ ਗਏ। ਜੱਥਾ ਰਸਤੇ ਵਿੱਚ ਰੁਕਿਆ ਅਤੇ ਕੁਝ ਸਿੰਘ ਜਥੇਦਾਰ ਝੱਬਰ ਦੇ ਜੱਥੇ ਦਾ ਪਤਾ ਕਰਨ ਲਈ ਗਏ। ਭਾਈ ਟਹਿਲ ਸਿੰਘ ਨੇ ਕਿਹਾ ਕਿ "ਅਸੀਂ ਘਰੋਂ ਨਨਕਾਣਾ ਸਾਹਿਬ ਅਜ਼ਾਦ ਕਰਵਾਉਣ ਜਾਂ ਸ਼ਹੀਦ ਹੋਣ ਦਾ ਪ੍ਰਣ ਕਰ ਕੇ ਤੁਰੇ ਹਾਂ, ਤਾਂ ਕਿਸੇ ਦੀ ਉਡੀਕ ਕਰਨੀ ਜਾਂ ਇੱਧਰ-ਉੱਧਰ ਦੀਆਂ ਓਟਾਂ ਤੱਕਣੀਆਂ ਠੀਕ ਨਹੀਂ ਹਨ। ਜਿਸ ਕਿਸੇ ਨੇ ਸਾਡੇ ਨਾਲ਼ ਚੱਲਣਾ ਹੋਇਆ, ਆਪੇ ਰਸਤੇ ਵਿੱਚ ਆ ਮਿਲੇਗਾ।" ਇਹ ਕਹਿ ਕੇ ਜੱਥੇ ਨੇ ਚਾਲੇ ਪਾ ਦਿੱਤੇ। ਭਾਈ ਲਛਮਣ ਸਿੰਘ ਦੀ ਪਤਨੀ ਬੀਬੀ ਇੰਦਰ ਕੌਰ ਅਤੇ ਉਨਾਂ ਦੀ ਸਹੇਲੀ ਬੀਬੀ ਰਣਜੀਤ ਕੌਰ ਨੂੰ ਭਾਈ ਹਾਕਮ ਸਿੰਘ ਨਾਲ਼ ਗੁਰਦੁਆਰਾ ਤੰਬੂ ਸਾਹਿਬ ਭੇਜ ਦਿੱਤਾ ਗਿਆ। ਇਸ ਸਮੇਂ ਭਾਈ ਟਹਿਲ ਸਿੰਘ ਨੇ ਆਪਣੀ ਜੇਬ ਵਿੱਚੋਂ 18 ਰੁਪਏ ਕੱਢ ਕੇ ਕੀਤੇ ਹੋਏ ਪ੍ਰਣ ਪ੍ਰਤੀ ਆਪਣੀ ਦ੍ਰਿੜਤਾ ਦੁਹਰਾਉਂਦਿਆਂ ਬੀਬੀ ਇੰਦਰ ਕੌਰ ਨੂੰ ਕਿਹਾ ਕਿ "ਤੁਸੀਂ ਸ਼ਹੀਦੀ ਪਿੱਛੋਂ ਸਾਡੇ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾ ਦੇਣਾ।"

ਫਿਰ 20 ਫ਼ਰਵਰੀ 1921 ਨੂੰ ਵਰਿਆਮ ਸਿੰਘ ਭੋਜੀਆਂ ਨੇ ਜੱਥੇ ਨੂੰ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਅਨੁਸਾਰ ਸੱਚੇ ਸੌਦੇ ਤੋਂ ਲਿਖੀ 6 ਸਿੰਘਾਂ ਦੇ ਦਸਤਖ਼ਤਾਂ ਵਾਲੀ ਚਿੱਠੀ ਵਿਖਾਈ ਅਤੇ ਰੁਕਣ ਲਈ ਕਿਹਾ। ਭਾਈ ਟਹਿਲ ਸਿੰਘ ਨੇ ਕਿਹਾ ਕਿ ਅਸੀਂ ਅਰਦਾਸ ਕਰ ਕੇ ਤੁਰੇ ਹਾਂ, ਪਿੱਛੇ ਨਹੀਂ ਮੁੜਾਂਗੇ। ਕੁਝ ਇਤਿਹਾਸਕਾਰਾਂ ਅਨੁਸਾਰ ਹੁਕਮ ਮੰਨ ਲਿਆ ਗਿਆ ਸੀ ਪਰ ਭਾਈ ਟਹਿਲ ਸਿੰਘ ਨੇ ਕਿਹਾ ਕਿ ਸੱਤਵੇਂ ਪਾਤਿਸ਼ਾਹ ਦਾ ਪ੍ਰਕਾਸ਼ ਪੁਰਬ ਹੈ, ਦਰਸ਼ਨ ਕਰ ਕੇ ਹੀ ਜਾਵਾਂਗੇ। ਕਿਸੇ ਨੂੰ ਕੁਝ ਨਹੀਂ ਕਹਾਂਗੇ, ਦਰਸ਼ਨ ਕਰ ਕੇ ਪਰਤ ਆਵਾਂਗੇ। ਭਾਈ ਲਛਮਣ ਸਿੰਘ ਨੇ ਇਸ ਗੱਲ ਨੂੰ ਸਹਿਮਤੀ ਦੇ ਦਿੱਤੀ ਸੀ। ਸਿੰਘ ਇਸ਼ਨਾਨ ਕਰਨ ਉਪਰੰਤ ਗੁਰੂ ਦੇ ਦਰਸ਼ਨਾਂ ਲਈ ਗਏ, ਭਾਈ ਲਛਮਣ ਸਿੰਘ ਧਾਰੋਵਾਲ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ। ਇਕਦਮ ਸਿੰਘਾਂ ਉੱਤੇ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ, ਇੱਟਾਂ ਵੱਟੇ ਮਾਰੇ ਗਏ, ਡਾਂਗਾਂ ਮਾਰੀਆਂ ਗਈਆਂ, ਟਕੂਏ ਅਤੇ ਛਵੀਆਂ ਨਾਲ਼ ਵਾਰ ਕੀਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਗੋਲੀਆਂ ਅਤੇ ਛਵੀਆਂ ਮਾਰੀਆਂ ਗਈਆਂ। ਭਾਈ ਦਲੀਪ ਸਿੰਘ, ਜਿੰਨਾਂ ਨੇ ਸੰਗਤ ਨੂੰ ਇਹ ਬਚਨ ਦਿੱਤਾ ਸੀ ਕਿ ਉਹ ਭਾਈ ਲਛਮਣ ਸਿੰਘ ਨੂੰ ਰੋਕ ਲੈਣਗੇ ਪਰ ਉਹ ਇਹ ਬਚਨ ਪੂਰਾ ਨਾ ਕਰ ਸਕੇ। ਗੁਰਦੁਆਰੇ ਗੋਲੀ ਚੱਲ ਰਹੀ ਸੀ, ਅਵਾਜ਼ਾਂ ਦੂਰ-ਦੂਰ ਤੱਕ ਸੁਣਾਈ ਦੇ ਰਹੀਆਂ ਸਨ। ਭਾਈ ਦਲੀਪ ਸਿੰਘ ਇਹ ਅਵਾਜ਼ਾਂ ਸੁਣ ਕੇ ਗੁਰਦੁਆਰਾ ਸਾਹਿਬ ਵੱਲ ਨੂੰ ਨੱਠ ਗਏ। ਉਹਨਾਂ ਨੂੰ ਰੋਕਿਆ ਵੀ ਗਿਆ ਪਰ ਉਹ ਨਾ ਰੁਕੇ ਅਤੇ ਗੁਰਦੁਆਰਾ ਸਾਹਿਬ ਜਾ ਕੇ ਸ਼ਹੀਦੀ ਪਾਈ।

ਇਸ ਸਾਕੇ ਪਿੱਛੋਂ ਨਨਕਾਣਾ ਸਾਹਿਬ ਨੂੰ ਆਉਂਦੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ ਅਤੇ ਸਰਕਾਰ ਦੁਆਰਾ ਮਹੰਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗੁਰਦੁਆਰਾ ਸਾਹਿਬ ਉੱਤੇ ਸਰਕਾਰ ਨੇ ਕਬਜ਼ਾ ਕਰ ਕੇ ਗੁਰਦੁਆਰਾ ਸਾਹਿਬ ਨੂੰ ਜਿੰਦਰੇ ਮਾਰ ਦਿੱਤੇ।

ਭਾਈ ਕਰਤਾਰ ਸਿੰਘ ਝੱਬਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸਾ ਸੋਧਿਆ, "ਸਾਡੇ ਭਰਾ ਗੁਰਦੁਆਰਾ ਜਨਮ ਅਸਥਾਨ ਨੂੰ ਅਜ਼ਾਦ ਕਰਵਾਉਂਦੇ ਹੋਏ ਸ਼ਹੀਦ ਹੋ ਗਏ ਹਨ। ਹੁਣ ਇਹ ਤੇਰੇ ਟਹਿਲੀਏ ਤੇਰੇ ਦਰਬਾਰ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਕਮਰ ਕੱਸੇ ਕਰਦੇ ਹਨ। ਅੰਗ-ਸੰਗ ਹੋ ਕੇ ਫ਼ਤਹਿ ਬਖ਼ਸ਼ਣੀ, ਜੇ ਅਸੀਂ ਮਹੰਤ ਦਾ ਕਬਜ਼ਾ ਨਾ ਛੁਡਵਾ ਸਕੀਏ ਤਾਂ ਸਾਨੂੰ ਸ਼ਹਾਦਤ ਦੀ ਦਾਤ ਬਖ਼ਸ਼ਣਾ।" ਗੁਰਦੁਆਰਾ ਸਾਹਿਬ ਪਹੁੰਚਣ ਤੱਕ ਪੁਲਿਸ, ਡੀ.ਸੀ ਅਤੇ ਕੁਝ ਆਪਣਿਆਂ ਵੱਲੋਂ ਰੋਕਣ ਦੇ ਯਤਨ ਹੋਏ, ਗੋਲੀ ਚਲਾਉਣ ਦੀ ਗੱਲ ਵੀ ਆਖੀ ਗਈ ਪਰ ਸਿੰਘਾਂ ਦੇ ਰੋਹ ਅੱਗੇ ਸਭ ਫਿੱਕਾ ਪੈ ਗਿਆ ਕਿਉਂਕਿ ਕੀਤੀ ਅਰਦਾਸ ਸਦਕਾ ਸਭ ਦੁਨਿਆਵੀ ਭੈਅ ਖ਼ਤਮ ਹੋ ਚੁੱਕੇ ਸਨ। ਬਹੁਤ ਸਵਾਲ ਜਵਾਬ ਹੋਏ, ਚਾਬੀਆਂ ਲਈ ਸਵੇਰ ਤੱਕ ਉਡੀਕਣ ਦੀ ਗੱਲ ਵੀ ਕਹੀ ਗਈ ਪਰ ਸਭ ਭਰਮ ਭੁਲੇਖੇ ਅਤੇ ਯੱਕ-ਤੱਕ ਮਿੱਟੀ ਹੁੰਦੇ ਗਏ ਅਤੇ ਅੰਤ ਅੰਗਰੇਜ਼ ਸਰਕਾਰ ਨੂੰ ਸਿੰਘਾਂ ਨੂੰ ਚਾਬੀਆਂ ਦੇਣੀਆਂ ਹੀ ਪਈਆਂ।

ਗੁਰੂ ਪਾਤਸ਼ਾਹ ਦੀਆਂ ਜੰਗਾਂ ਵੇਲੇ ਦੋਵਾਂ ਪਾਸਿਓਂ ਲੜਨ ਵਾਲਿਆਂ ਦਾ ਸਸਕਾਰ ਅਤੇ ਇਲਾਜ ਬਿਨਾਂ ਕਿਸੇ ਭੇਦਭਾਵ ਦੇ ਕਰਵਾਇਆ ਜਾਂਦਾ ਸੀ। ਇਸੇ ਰਵਾਇਤ ਨੂੰ ਕਾਇਮ ਰੱਖਦਿਆਂ ਨਨਕਾਣਾ ਸਾਹਿਬ ਦੇ ਸਾਕੇ ਵਕਤ ਨਰੈਣੂ ਮਹੰਤ ਦੇ ਚੇਲੇ ਸੰਤ ਰਾਮ ਦਾ ਵੀ ਸਸਕਾਰ ਕੀਤਾ ਗਿਆ ਭਾਵੇਂ ਕੁਝ ਸਲਾਹਾਂ ਇਸ ਤਰਾਂ ਦੀਆਂ ਵੀ ਆਈਆਂ ਸਨ ਕਿ ਇਸ ਦੀ ਲਾਸ਼ ਨੂੰ ਕੁੱਤਿਆਂ ਅੱਗੇ ਸੁੱਟ ਦੇਣਾ ਚਾਹੀਦਾ ਹੈ ਪਰ ਪੰਥ ਨੂੰ ਉਚੇਰਾ ਲੈ ਕੇ ਜਾਣ ਦੀ ਗੱਲ ਕੋਈ ਵਕਤੀ ਨਹੀਂ ਸੀ ਸਗੋਂ ਇਹਨਾਂ ਸਭਨਾ ਅਮਲਾਂ ਉੱਤੇ ਉਸ ਨੇ ਸਦਾ ਹੀ ਆਪਣਾ ਅਸਰ ਛੱਡਦੇ ਰਹਿਣਾ ਹੈ।

ਸਿੱਖਾਂ ਨੇ ਇੱਕ ਵਾਰ ਫਿਰ ਧੁਰ ਅੰਦਰ ਤੋਂ ਗੁਰੂ ਨੂੰ ਮਹਿਸੂਸ ਕੀਤਾ, ਗੁਰੂ ਦੇ ਦਰਸ਼ਨਾਂ ਅਤੇ ਸੇਵਾ ਸੰਭਾਲ ਦੀ ਤਾਂਘ ਨੇ ਸੁੱਤੇ ਅਤੇ ਧੁੰਦਲੇ ਪੈ ਗਏ ਜਜ਼ਬਿਆਂ ਨੂੰ ਹਲੂਣਿਆਂ, ਸ਼ਹਾਦਤਾਂ ਲਈ ਚਾਅ ਪੈਦਾ ਹੋਇਆ, ਅਰਦਾਸ ਕੀਤੀ ਅਤੇ ਕੀਤੀ ਅਰਦਾਸ ਨੂੰ ਸਵਾਸਾਂ ਤੀਕ ਨਿਭਾਇਆ, ਪੰਜਵੇਂ ਪਾਤਿਸ਼ਾਹ ਦੇ ਬਚਨਾਂ ਨੂੰ ਜੀਅ ਕੇ ਵਿਖਾਇਆ – "ਸੂਰਬੀਰ ਬਚਨ ਕੇ ਬਲੀ।।" ਗੁਰੂ ਪਾਤਿਸ਼ਾਹ ਮਿਹਰ ਕਰਨ ਅਸੀਂ ਵੀ ਆਪਣੇ ਪੁਰਖਿਆਂ ਦੀ ਕਤਾਰ ਵਿੱਚ ਖੜ ਸਕਣ ਲਈ ਅਰਦਾਸ ਕਰੀਏ ਅਤੇ ਗੁਰੂ ਦੇ ਦੱਸੇ ਪੈਂਡੇ ਉੱਤੇ ਕੋਈ ਕਦਮ ਚੱਲ ਸਕੀਏ।

# ਪੰਜਾਬ ਦੀ ਹਸਤੀ ਦੇ ਉਜਾੜੇ ਤੇ ਦੁਖਾਂਤ ਦੇ ਜ਼ਿੰਮੇਵਾਰ ਸਿਆਸਤਦਾਨ





ਗੁਰਮੀਤ ਸਿੰਘ ਪਲਾਹੀ
9815802070

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋ ਚੁੱਕੀਆਂ ਹਨ। ਨਤੀਜੇ ਆਉਣੇ ਬਾਕੀ ਹਨ। ਚੋਣਾਂ ਦੌਰਾਨ ਸਿਆਸੀ ਧਿਰਾਂ ਵੱਲੋਂ, ਸਿਆਸੀ ਨੇਤਾਵਾਂ ਵੱਲੋਂ ਪੰਜਾਬ ਦੇ ਕੋਨੇ-ਕੋਨੇ ਆਵਾਜ਼ ਗੂੰਜ ਰਹੀ ਹੈ, 'ਅਸੀਂ ਨਵਾਂ ਪੰਜਾਬ ਸਿਰਜਣਾ ਹੈ। ਅਸੀਂ ਪੰਜਾਬ ਵਿੱਚ ਨਵੀਂ ਰੂਹ ਫੂਕਣੀ ਹੈ।' ਪੁੱਛੋ ਤਾਂ ਸਹੀ ਉਨਾਂ ਨੂੰ ਕਿ ਉਹ ਕਿਹੋ ਜਿਹਾ ਨਵਾਂ ਪੰਜਾਬ ਸਿਰਜਣਾ ਹੈ? ਪਿਛਲੇ ਵਰਿਆਂ ਵਿੱਚ ਉਹ ਚੁੱਪ ਧਾਰੀ ਕਿਉਂ ਬੈਠੇ ਰਹੇ? ਪੰਜਾਬ ਨੂੰ ਉਜਾੜੇ ਵੱਲ ਜਾਣ ਤੋਂ ਉਨਾਂ ਕਿਉਂ ਨਾ ਰੋਕਿਆ? ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਬਰਬਾਦੀ ਕੀਤੀ ਹੋਈ ਹੈ। ਦੇਸ਼ ਦਾ ਢਿੱਡ ਭਰਦਾ ਪੰਜਾਬ ਅੱਜ ਮਾਰੂਥਲ ਬਣਨ ਦੇ ਕਿਨਾਰੇ ਖੜਾ ਕਰ ਦਿੱਤਾ ਗਿਆ। ਹੁਣ ਜਦ ਪੰਜਾਬ ਉਜਾੜੇ ਵੱਲ ਜਾ ਰਿਹਾ ਹੈ, ਨੇਤਾਵਾਂ ਦਾ ਪੰਜਾਬ ਪ੍ਰਤੀ ਹੇਜ ਕਿਉਂ ਜਾਗ ਰਿਹਾ ਹੈ?

ਕੀ ਉਹ ਜਾਣਦੇ ਹਨ ਕਿ ਪੰਜਾਬ ਦੇ ਲੋਕਾਂ ਦਾ ਦੁਖਾਂਤ ਕੀ ਹੈ? ਕੀ ਉਹ ਜਾਣਦੇ ਹਨ ਕਿ ਪੰਜਾਬ ਦੇ ਲੋਕਾਂ ਦੀਆਂ ਲੋੜਾਂ-ਥੋੜਾਂ ਕੀ ਹਨ? ਕੀ ਉਹ ਜਾਣਦੇ ਹਨ ਕਿ ਸੂਬਾ ਦਾ ਵਾਲ਼-ਵਾਲ਼ ਕਰਜ਼ਾਈ ਹੈ? ਕੀ ਉਹ ਜਾਣਦੇ ਹਨ ਕਿ ਪੰਜਾਬ ਦੇ ਸਰੀਰ ਵਿੱਚੋਂ ਉਸਦੀ ਰੂਹ ਗ਼ਾਇਬ ਹੁੰਦੀ ਜਾ ਰਹੀ ਹੈ? ਕੀ ਉਹ ਜਾਣਦੇ ਹਨ ਕਿ ਪੰਜਾਬ ਦਾ ਨੌਜਵਾਨ ਦੇਸ਼ ਵਿੱਚ ਸਭ ਤੋਂ ਵੱਧ ਆਰਥਿਕ ਚੁਣੌਤੀ, ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੈ? ਕੀ ਨੇਤਾ ਲੋਕ ਜਾਣਦੇ ਹਨ ਕਿ ਉਹ ਜਿਸ ਜਨ-ਕਲਿਆਣ ਦੀ ਗੱਲ ਕਰਦੇ ਹਨ ਉਸ ਵਿੱਚ ਨੌਕਰੀ, ਭੋਜਨ, ਸਿਹਤ, ਸਿੱਖਿਆ, ਸਮਾਜਿਕ ਸੁਰੱਖਿਆ, ਆਰਾਮ ਅਤੇ ਮਨੋਰੰਜਨ ਸ਼ਾਮਿਲ ਹੈ? ਇਸਦਾ ਭਾਵ ਕੀ ਨੇਤਾ ਲੋਕ ਜਾਣਦੇ ਹਨ ਕਿ ਮੁਫ਼ਤ ਸਰਕਾਰੀ ਸੇਵਾਵਾਂ, ਸਿਹਤ ਬੀਮਾ ਯੋਜਨਾ, ਮੁਫ਼ਤ ਤੇ ਸਭ ਲਈ ਬਰਾਬਰ ਦੀ ਸਿੱਖਿਆ, ਸਭ ਲਈ ਸਮਾਜਿਕ ਸੁਰੱਖਿਆ, ਸਰਕਾਰ ਵੱਲੋਂ ਨਿਭਾਇਆ ਜਾਣ ਵਾਲਾ ਵੱਡਾ ਫ਼ਰਜ਼ ਹੈ? ਤਾਂ ਫਿਰ ਨੇਤਾ ਲੋਕ ਇਸ ਤੱਥ ਤੋਂ ਅੱਖਾਂ ਮੀਟਕੇ ਕਿਉਂ ਬੈਠੇ ਰਹੇ? ਆਪਣੇ ਸਵਾਰਥਾਂ ਲਈ ਪੰਜਾਬ ਦੇ ਲੋਕਾਂ ਨੂੰ ਮੰਗਤੇ ਬਣਨ ਦੇ ਰਾਹ ਕਿਉਂ ਪਾਉਂਦੇ ਰਹੇ?

ਪੰਜਾਬ, ਜਿਸਦੇ ਉਦਯੋਗਾਂ, ਖ਼ਾਸ ਕਰਕੇ ਛੋਟੇ ਉਦਯੋਗਾਂ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਸੀ, ਉਹ ਮਰਨ ਕੰਢੇ ਪਿਆ ਹੈ। ਸਹੂਲਤਾਂ ਦੀ ਅਣਹੋਂਦ ਤੇ ਬਿਜਲੀ ਦੀ ਘਾਟ ਨੇ ਪੰਜਾਬ ਵਿੱਚੋਂ ਹਜ਼ਾਰਾਂ ਉਦਯੋਗ ਬੰਦ ਕਰਵਾ ਦਿੱਤੇ। ਸਾਲ 2020-21 ਦੇ ਇੱਕ ਸਰਵੇ ਅਨੁਸਾਰ ਜਦੋਂ ਦੇਸ਼ ਭਰ ਵਿੱਚ ਕੋਵਿਡ-19 ਦੌਰਾਨ 67 ਫ਼ੀਸਦੀ ਛੋਟੇ ਉਦਯੋਗ ਬੰਦ ਰਹੇ, ਪੰਜਾਬ ਵੀ ਅਣਭਿੱਜ ਨਹੀਂ ਰਿਹਾ, ਲੋਕਾਂ ਦੇ ਛੋਟੇ ਕਾਰੋਬਾਰ ਬੰਦ ਰਹੇ। ਪੰਜਾਬ ਦਾ ਨੌਜਵਾਨ ਇਸ ਬੇਰੁਜ਼ਗਾਰੀ ਦੀ ਭੱਠੀ ਵਿੱਚ ਝੁਲਸਦਾ ਰਿਹਾ। ਕਿਸੇ ਸੂਬੇ ਦੀ ਸਰਕਾਰ ਨੇ, ਕਿਸੇ ਕੇਂਦਰ ਦੀ ਸਰਕਾਰ ਨੇ ਪੰਜਾਬ ਦੀ ਸਾਰ ਨਾ ਲਈ। ਵਿਕਾਸ ਦੇ ਦਮਗਜ਼ੇ ਮਾਰੇ।

ਵੱਡਾ ਦੁਖਾਂਤ ਹੈ ਪੰਜਾਬੀਆਂ ਦਾ, ਉਹ ਪੰਜਾਬੀ ਜਿਹੜੇ ਪੂਰੇ ਦੇਸ਼ ਨੂੰ ਭੁੱਖਮਰੀ ਤੋਂ ਬਚਾਉਂਦੇ ਰਹੇ, ਉਨਾਂ ਨੂੰ ਅੱਜ ਸਿਆਸਤਦਾਨ ਰਿਆਇਤਾਂ, ਖ਼ੈਰਾਤਾਂ ਦੇ ਕੇ ਵਰਚਾਉਣਾ ਚਾਹੁੰਦੇ ਹਨ, ਉਨਾਂ ਦੀ ਵੋਟ ਹਥਿਆਉਣਾ ਚਾਹੁੰਦੇ ਹਨ, ਪਰ ਕਿਸੇ ਵੀ ਸਿਆਸੀ ਧਿਰ ਨੇ ਪੰਜਾਬ ਵਿੱਚ ਰੁਜ਼ਗਾਰ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਬਾਤ ਨਹੀਂ ਪਾਈ।

ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਭਰਪਾਈ ਲਈ ਮੋਦੀ ਕੇਂਦਰੀ ਵਾਅਦਾ ਕਿਉਂ ਨਹੀਂ ਕਰਦੇ? ਪਰਵਾਸ ਰੋਕਣ, ਧਰਤੀ ਹੇਠਲੇ ਪਾਣੀ ਦੇ ਨਿੱਤ ਪ੍ਰਤੀ ਘਟਣ ਲਈ ਕੀਤੇ ਜਾਂਦੇ ਯਤਨਾਂ ਪ੍ਰਤੀ ਚੁੱਪੀ ਕਿਉਂ ਸਾਧੀ ਬੈਠ ਗਏ ਹਨ?

ਪੰਜਾਬ ਨੂੰ ਪਹਿਲਾਂ ਅੰਗਰੇਜ਼ ਸਲਤਨਤ ਨੇ ਲੁੱਟਿਆ, ਭਾਵੇਂ ਕਿ ਬਾਕੀ ਭਾਰਤ ਦੇਸ਼ ਦੇ ਮੁਕਾਬਲੇ ਪੰਜਾਬ ਨੇ ਘੱਟ ਸਮਾਂ ਅੰਗਰੇਜ਼ਾਂ ਦੀ ਗ਼ੁਲਾਮੀ ਹੰਢਾਈ। ਪਰ ਹੰਢਾਈ ਗ਼ੁਲਾਮੀ ਤੋਂ ਨਿਜਾਤ ਪਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਇਸ ਸੂਬੇ ਪੰਜਾਬ ਨੇ ਦਿੱਤੀਆਂ, ਜਿਸਦਾ ਦੇਸ਼ ਦੀ ਵੰਡ ਵੇਲੇ ਖ਼ਮਿਆਜ਼ਾ ਵੀ ਪੰਜਾਬੀਆਂ ਨੂੰ ਭੁਗਤਣਾ ਪਿਆ, ਲੱਖਾਂ ਪੰਜਾਬੀ ਘਰੋਂ ਬੇਘਰ ਹੋਏ, ਉਨਾਂ ਜਾਇਦਾਦਾਂ ਗੁਆਈਆਂ, ਮੌਤ ਉਨਾਂ ਦੇ ਗਲੇ ਪਈ, ਵੱਢ-ਵੱਢਾਂਗਾ ਉਨਾਂ ਹੰਢਾਇਆ, ਪਰ ਆਖ਼ਰਕਾਰ ਕੀ ਪੱਲੇ ਪਾਇਆ? ਬਹੁਤੇ ਦੇਸੀ ਹਾਕਮਾਂ ਪੰਜਾਬ ਨਾਲ਼ ਸਦਾ ਦੁਪਰਿਆਰਾ ਸਲੂਕ ਕੀਤਾ।

ਪੰਜਾਬੀਆਂ ਨੇ ਵੰਡ ਤੋਂ ਬਾਅਦ '84 ਦਾ ਵਰਤਾਰਾ ਹੰਢਾਇਆ। ਨਸ਼ਾ ਪੰਜਾਬੀ ਦੇ ਗਲੇ ਦੀ ਹੱਡੀ ਬਣਿਆ। ਬੇਰਜ਼ੁਗਾਰੀ, ਮਾਫ਼ੀਏ, ਸੂਬੇ ਦੇ ਭੈੜੇ ਪ੍ਰਬੰਧਨ ਨੇ ਪੰਜਾਬ ਦੀ ਜਵਾਨੀ ਨੂੰ ਪਰਵਾਸ ਦੇ ਰਾਹ ਤੋਰਿਆ। ਹੁਣ ਵੀ ਇਹ ਵਰਤਾਰਾ ਲਗਾਤਾਰ ਜਾਰੀ ਹੈ। ਪਰ ਪੰਜਾਬ ਦੇ ਸਿਆਸਤਦਾਨ ਇਸ ਵਰਤਾਰੇ ਤੋਂ ਅੱਖਾਂ ਮੀਟੀ ਬੈਠੇ ਨਜ਼ਰ ਆ ਰਹੇ ਹਨ। ਸਿਆਸਤਦਾਨੋਂ! ਜੇ ਪੰਜਾਬ ਦੀ ਜਵਾਨੀ ਪੰਜਾਬ ਦੇ ਪੱਲੇ ਨਾ ਰਹੀ, ਜੇ ਪੰਜਾਬ ਦੇ ਪਾਣੀ ਦੇਸੀ ਕੇਂਦਰੀ ਹਾਕਮਾਂ ਹਥਿਆ ਲਏ, ਜੇ ਪੰਜਾਬ ਮਾਰੂਥਲ ਬਣ ਗਿਆ ਤਾਂ ਫਿਰ ਉੱਜੜੇ ਪੰਜਾਬ 'ਤੇ ਰਾਜ ਕਰੋਗੇ?

ਪੰਜਾਬ ਦੇ ਮੌਜੂਦਾ ਹਾਲਾਤ ਤਸੱਲੀਬਖ਼ਸ਼ ਨਹੀਂ ਹਨ। ਬੁਨਿਆਦੀ ਵਿਕਾਸ ਦੀ ਕਮੀ ਰੜਕਦੀ ਹੈ। ਸਕੂਲ, ਕਾਲਜ, ਹਸਪਤਾਲ ਸਟਾਫ਼ ਤੋਂ ਖ਼ਾਲੀ ਹਨ। ਹਸਪਤਾਲਾਂ ਵਿੱਚ ਦਵਾਈਆਂ ਨਹੀਂ। ਪੰਜਾਬ ਦੇ ਕਾਲਜ, ਯੂਨੀਵਰਸਿਟੀਆਂ ਜਿਨਾਂ ਪੰਜਾਬ ਦੀ ਸਿੱਖਿਆ ਸੁਧਾਰ ਵਿੱਚ ਵੱਡਾ ਯੋਗਦਾਨ ਪਾਇਆ, ਉਹ ਆਰਥਿਕ ਪੱਖੋਂ ਕਮਜ਼ੋਰ ਹੋ ਚੁੱਕੀਆਂ ਹਨ। ਬਹੁਤੇ ਪ੍ਰੋਫ਼ੈਸ਼ਨਲ ਕਾਲਜ, ਇੰਜੀਨੀਅਰਿੰਗ ਕਾਲਜ, ਨੌਜਵਾਨਾਂ ਦੇ ਵਿਦੇਸ਼ ਜਾਣ ਕਾਰਨ ਬੰਦ ਹੋ ਰਹੇ ਹਨ। ਰੁਜ਼ਗਾਰ ਦੀ ਕਮੀ ਪੰਜਾਬੀਆਂ ਵਿੱਚ ਮੁਫ਼ਤ ਰਿਆਇਤਾਂ ਦੀ ਲਾਲਸਾ ਵਧਾ ਰਹੀ ਹੈ। ਪਰਵਾਸੀ ਪੰਜਾਬੀ ਜਿਹੜੇ ਪੰਜਾਬ ਲਈ ਆਰਥਿਕ ਸਹਾਇਤਾ ਭੇਜਦੇ ਸਨ, ਆਪਣੇ ਰੁਜ਼ਗਾਰ ਸਥਾਪਤ ਕਰਨ ਦੇ ਇੱਛੁਕ ਰਹਿੰਦੇ ਸਨ, ਉਦਾਸੀਨ ਹੋ ਚੁੱਕੇ ਹਨ। ਪੰਜਾਬ ਪ੍ਰਤੀ ਕੰਡ ਕਰਕੇ ਬੈਠ ਗਏ ਹਨ।

ਕਰਜ਼ਾਈ ਹੋਇਆ ਪੰਜਾਬ ਮਸਾਂ ਕੰਮ ਚਲਾਊ ਮੁਲਾਜ਼ਮਾਂ ਨਾਲ਼ ਪ੍ਰਸ਼ਾਸਨ ਚਲਾਉਣ 'ਤੇ ਮਜਬੂਰ ਹੈ। ਪਰ ਪੰਜਾਬ ਦੇ ਬਹੁਤੇ ਸਿਆਸਤਦਾਨ ਕੋਝੀਆਂ ਹਰਕਤਾਂ ਕਰਦੇ ਮਾਫ਼ੀਏ ਨਾਲ਼ ਰਲ਼ਕੇ ਆਪਣਾ ਹਲਵਾ-ਮੰਡਾ ਚਲਾ ਰਹੇ ਹਨ, ਬਿਨਾਂ ਇਸ ਡਰ ਭੈਅ ਤੋਂ ਕਿ ਕੋਈ ਉਨਾਂ ਦੀਆਂ ਹਰਕਤਾਂ ਵੇਖ ਰਿਹਾ ਹੈ।

ਹੁਣ ਜਦ ਪੰਜਾਬ ਸੰਕਟਾਂ ਵਿੱਚ ਘਿਰਿਆ ਹੋਇਆ ਹੈ, ਹੁਣ ਜਦ ਪੰਜਾਬ ਮਰਦਾ ਜਾ ਰਿਹਾ ਹੈ ਤਾਂ ਚੋਣਾਂ ਵੇਲੇ ਪੰਜਾਬ ਦੀ ਬੇੜੀ ਬੰਨੇ ਲਾਉਣ ਲਈ ਸਿਆਸਤਦਾਨ ਸਬਜ਼ਬਾਗ਼ ਵਿਖਾ ਰਹੇ ਹਨ, ਮਗਰਮੱਛ ਦੇ ਹੰਝੂ ਵਹਾ ਰਹੇ ਹਨ। ਪਰ ਕੀ ਇਹ ਸਿਆਸਤਦਾਨ ਜਿਹੜੇ ਅਸਲ ਅਰਥਾਂ ਵਿੱਚ ਪੰਜਾਬ ਦੀ ਮੌਜੂਦਾ ਸਥਿਤੀ ਦੇ ਜ਼ਿੰਮੇਵਾਰ ਹਨ, ਪੰਜਾਬ ਨੂੰ ਕਿਸੇ ਤਣ-ਪੱਤਣ ਲਾ ਸਕਣਗੇ?

# ਜ਼ਮੀਨ ਸੁਧਾਰ, ਖੇਤੀ ਖੇਤਰ ਅਤੇ ਡਾ. ਅੰਬੇਡਕਰ

**ਪ੍ਰੋ. ਜਗਮੋਹਨ ਸਿੰਘ**

ਖੇਤੀਬਾੜੀ ਭਾਰਤੀ ਅਰਥਚਾਰੇ ਵਿੱਚ ਆਪਣਾ ਯੋਗਦਾਨ ਪਾ ਕੇ ਆਰਥਿਕ ਵਿਕਾਸ ਅਤੇ ਦਿਹਾਤੀ ਭਾਰਤ ਨੂੰ ਭੁੱਖਮਰੀ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਮੁਲਕ ਦੇ ਆਰਥਿਕ ਵਿਕਾਸ ਵਿੱਚ ਭਾਵੇਂ ਦੋਇਮ ਖੇਤਰ (ਸਨਅਤ) ਦਾ ਦਬਦਬਾ ਹੈ ਤਾਂ ਵੀ 65 ਫ਼ੀਸਦ ਆਬਾਦੀ ਅਜੇ ਵੀ ਮੁੱਢਲੇ (ਖੇਤੀਬਾੜੀ) ਖੇਤਰ ਉੱਤੇ ਨਿਰਭਰ ਹੈ। ਪਿਛਲੇ ਕੁਝ ਸਾਲਾਂ ਤੋਂ ਕੁੱਲ ਘਰੇਲੂ ਪੈਦਾਵਾਰ ਵਿੱਚ ਖੇਤੀਬਾੜੀ ਦੀ ਹਿੱਸੇਦਾਰੀ ਵਿੱਚ ਤਿੱਖੀ ਕਮੀ ਆਈ ਹੈ। ਮੁਲਕ ਅੰਦਰ 58 ਫ਼ੀਸਦ ਰੁਜ਼ਗਾਰ (2001 ਦੀ ਮਰਦਮਸ਼ੁਮਾਰੀ ਅਨੁਸਾਰ) ਖੇਤੀਬਾੜੀ ਖੇਤਰ ਮੁਹੱਈਆ ਕਰਵਾ ਰਿਹਾ ਹੈ ਜਿਸ ਕਰ ਕੇ ਇਸ ਮੁੱਢਲੇ ਖੇਤਰ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਭਾਰਤ ਦੀ ਸੱਤਰ ਫ਼ੀਸਦ ਜਨਸੰਖਿਆ ਪੇਂਡੂ ਇਲਾਕਿਆਂ ਵਿੱਚ ਵਸਦੀ ਹੈ। ਦਲਿਤਾਂ ਦੀ 79.8 ਫ਼ੀਸਦ ਆਬਾਦੀ ਪੇਂਡੂ ਇਲਾਕਿਆਂ ਵਿੱਚ ਰਹਿੰਦੀ ਹੈ ਜਿਸ ਵਿੱਚੋਂ ਕਰੀਬ 70 ਫ਼ੀਸਦ ਬੇਜ਼ਮੀਨੇ ਅਤੇ ਬਹੁਤ ਹੀ ਘੱਟ ਜ਼ਮੀਨ ਦੇ ਮਾਲਕ ਜਾਂ ਬੇਜ਼ਮੀਨੇ ਕਿਸਾਨ ਹਨ। ਜ਼ਮੀਨ ਦਾ ਮਾਲਕਾਨਾ ਹੱਕ ਦਿਹਾਤੀ ਦਲਿਤਾਂ ਦੇ ਜੀਵਨ ਵਿੱਚ ਤਬਦੀਲੀ ਲਿਆਉਂਦਾ ਹੈ ਅਤੇ ਅਰਥਚਾਰੇ ਵਿੱਚ ਯੋਗਦਾਨ ਪਾਉਂਦਾ ਹੈ ਅਤੇ ਉਨਾਂ ਨੂੰ ਮਾਣ ਨਾਲ਼ ਜ਼ਿੰਦਗੀ ਜੀਉਣ ਦੇ ਸਮੱਰਥ ਬਣਾਉਂਦਾ ਹੈ। ਭਾਰਤ ਵਿੱਚ ਜਾਤ ਤੇ ਜਮਾਤ ਇੱਕ ਦੂਜੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ, ਕਿਉਂਕਿ ਸਾਮੰਤੀ ਯੁੱਗ ਵਿੱਚ ਪੈਦਾਵਾਰੀ ਸਾਧਨਾਂ ਉੱਤੇ ਜਿਨਾਂ ਲੋਕਾਂ ਦਾ ਕਬਜ਼ਾ ਸੀ, ਪੂੰਜੀਵਾਦੀ ਯੁੱਗ ਵਿੱਚ ਵੀ ਉਨਾਂ ਲੋਕਾਂ ਦਾ ਹੀ ਕਬਜ਼ਾ ਚੱਲਿਆ ਆ ਰਿਹਾ ਹੈ। ਜਾਤ ਦਾ ਸਵਾਲ ਜ਼ਮੀਨ ਦੀ ਮਾਲਕੀ ਨਾਲ਼ ਨੇੜਿਓਂ ਜੁੜੀ ਹੋਈ ਹੈ। ਜ਼ਮੀਨ ਸੁਧਾਰਾਂ ਦਾ ਮੰਤਵ ਸੁਰੱਖਿਅਤ ਅਤੇ ਬਰਾਬਰ ਹੱਕ ਮੁਹੱਈਆ ਕਰਾਉਣਾ ਹੈ। ਡਾ. ਅੰਬੇਡਕਰ ਰਾਜਕੀ ਸਮਾਜਵਾਦ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਰਹੇ ਸਨ ਜਿਸ ਅਨੁਸਾਰ ਦਿਹਾਤੀ ਲੋਕਾਂ ਨੂੰ ਉਪਜਾਊ ਜ਼ਮੀਨ ਦਾ ਹੱਕ ਮਿਲਣਾ ਚਾਹੀਦਾ ਹੈ। ਇਸ ਅਨੁਸਾਰ ਰਾਜ ਉੱਤੇ ਇਹ ਜ਼ਿੰਮੇਵਾਰੀ ਆਇਦ ਹੁੰਦੀ ਹੈ ਕਿ ਉਹ ਲੋਕਾਂ ਦੇ ਆਰਥਿਕ ਜੀਵਨ ਨੂੰ ਅਜਿਹੀਆਂ ਲੀਹਾਂ ਤੇ ਵਿਉਂਤੇ ਜਿਸ ਨਾਲ਼ ਉੱਚਤਮ ਪੈਦਾਵਾਰ ਦਾ ਰਾਹ ਪੱਧਰਾ ਹੋਵੇ ਤੇ ਨਾਲ਼ ਹੀ ਪ੍ਰਾਈਵੇਟ ਉੱਦਮ ਦਾ ਹਰ ਅਵਸਰ ਬੰਦ ਕਰੇ ਬਗ਼ੈਰ ਸਰਮਾਏ ਦੀ ਬਰਾਬਰ ਵੰਡ ਹੋ ਸਕੇ।

ਰਾਜ ਦੀ ਆਰਥਿਕ ਨੀਤੀ ਨੂੰ ਸਮਾਜ ਦੇ ਨਿਤਾਣੇ ਤਬਕਿਆਂ ਦੀ ਰਾਖੀ ਅਤੇ ਉਨਾਂ ਦਾ ਆਰਥਿਕ ਮਿਆਰ ਉਤਾਂਹ ਚੁੱਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਨਾਲ਼ ਅਰਧ-ਸਾਮੰਤੀ ਯੁੱਗ ਵਿੱਚੋਂ ਉੱਭਰੇ ਭਾਰਤ ਨੂੰ ਸਮਾਜਿਕ ਅਤੇ ਹੰਢਣਸਾਰ ਚੌਗਿਰਦੇ ਵਾਲੇ ਵਿਕਸਤ ਮੁਲਕ ਵਿੱਚ ਤਬਦੀਲ ਕਰਨ ਵਿੱਚ ਮਦਦ ਮਿਲੇਗੀ।

ਵੈੱਬਸਟਰ ਡਿਕਸ਼ਨਰੀ ਮੁਤਾਬਕ ਜ਼ਮੀਨ ਸੁਧਾਰਾਂ ਦਾ ਮਤਲਬ ਹੈ, ਖੇਤੀਯੋਗ ਜ਼ਮੀਨ ਦੀ ਵਧੇਰੇ ਸਮਤਾਪੂਰਨ ਵੰਡ ਕਰਨ ਲਈ ਵਿਉਂਤੇ ਉਪਰਾਲੇ ਤੇ ਖ਼ਾਸਕਰ ਸਰਕਾਰੀ ਕਾਰਵਾਈ। ਵੱਡੇ ਜ਼ਮੀਂਦਾਰਾਂ ਤੋਂ ਜ਼ਮੀਨ ਦੇ ਹੱਕ ਲੈ ਕੇ ਜ਼ਮੀਨ ਦੀ ਵਧੇਰੇ ਸਮਤਾਪੂਰਨ ਤੇ ਸੁਰੱਖਿਅਤ ਰਸਾਈ ਵਾਸਤੇ ਦਿਹਾਤੀ ਗ਼ਰੀਬਾਂ ਨੂੰ ਦਿਵਾ ਕੇ ਮੁੜ ਵੰਡਣਾ ਇਸ ਦਾ ਲਾਜ਼ਮੀ ਹਿੱਸਾ ਹੁੰਦਾ ਹੈ।



ਜ਼ਮੀਨ ਸੁਧਾਰਾਂ ਪਿੱਛੇ ਡਾ. ਅੰਬੇਡਕਰ ਦੀ ਸੋਚ ਦਾ ਮੰਤਵ ਅਛੂਤ ਸਮਝੇ ਜਾਂਦੇ ਲੋਕਾਂ ਦਾ ਉਥਾਨ ਕਰਨਾ ਸੀ ਜਿਨਾਂ ਵਿੱਚ ਜ਼ਿਆਦਾਤਾਰ ਬੇਜ਼ਮੀਨੇ ਅਤੇ ਛੋਟੇ ਵਾਹੀਕਾਰ ਸ਼ਾਮਲ ਸਨ। ਹੌਲ਼ੀ-ਹੌਲ਼ੀ ਕਾਰਜ ਕੁਸ਼ਲਤਾ ਦੀ ਘਾਟ ਕਾਰਨ ਕਾਸ਼ਤਕਾਰੀ ਦੇ ਪੁਰਾਣੇ ਤੌਰ ਤਰੀਕਿਆਂ ਦੀ ਜਗਾ ਸਾਂਝੀ ਜਾਂ ਸਮੂਹਕ ਖੇਤੀਬਾੜੀ ਦੇ ਤਰੀਕੇ ਅਪਣਾਉਣੇ ਪੈ ਰਹੇ ਸਨ ਜੋ ਉਨਾਂ ਦਾ ਮੂਲ ਵਿਚਾਰ ਸੀ। ਉਨਾਂ ਆਪਣੀ ਕਿਤਾਬ **'Small Holdings In India and their Remedies' (The journal of Indian economic society Vol. 1,2,3)** ਵਿੱਚ ਪ੍ਰਚਲਿਤ ਜ਼ਮੀਨ ਮਿਆਦ ਪ੍ਰਣਾਲੀ (ਕੋਠੀ) ਖਿਲਾਫ਼ ਜ਼ੋਰਦਾਰ ਢੰਗ ਨਾਲ਼ ਦਲੀਲ ਦਿੱਤੀ ਸੀ ਜਿਸ ਅਧੀਨ ਦਿਹਾਤੀ ਦਲਿਤ ਅਥਾਹ ਆਰਥਿਕ ਸ਼ੋਸ਼ਣ ਦਾ ਸੰਤਾਪ ਹੰਢਾ ਰਹੇ ਸਨ। ਉਨਾਂ ਸੂਬਾਈ ਅਸੈਂਬਲੀ ਵਿੱਚ ਬਿੱਲ ਪੇਸ਼ ਕੀਤਾ ਸੀ ਜਿਸ ਦਾ ਮਨੋਰਥ ਸ਼ਾਹੂਕਾਰਾਂ ਵੱਲੋਂ ਅਪਣਾਏ ਜਾਂਦੇ ਲੁੱਟ-ਖਸੁੱਟ ਦੇ ਤਰੀਕਿਆਂ ਦੀ ਰੋਕਥਾਮ ਕਰਨਾ ਸੀ। 'ਮਹਾਰ ਵਤਨ' ਜ਼ਮੀਨ ਖ਼ਿਲਾਫ਼ ਉਨਾਂ ਦੇ ਸਫ਼ਲ ਅੰਦੋਲਨ ਸਦਕਾ ਦਿਹਾਤੀ ਗ਼ਰੀਬਾਂ ਦਾ ਬਹੁਤ ਵੱਡੀ ਤਾਦਾਦ ਨੂੰ ਇੱਕ ਕਿਸਮ ਦੀ ਬੰਧੂਆ ਮਜ਼ਦੂਰੀ ਤੋਂ ਨਿਜਾਤ ਮਿਲੀ ਸੀ।

ਡਾ. ਅੰਬੇਡਕਰ ਭਾਰਤ ਦੇ ਅਜਿਹੇ ਪਹਿਲੇ ਵਿਧਾਨਕਾਰ ਸਨ ਜਿਨਾਂ ਖੇਤੀਬਾੜੀ ਵਿੱਚ ਬੰਧੂਆ ਮਜ਼ਦੂਰੀ ਦੇ ਖ਼ਾਤਮੇ ਲਈ ਬਿੱਲ ਪੇਸ਼ ਕੀਤਾ ਸੀ। ਉਹ ਸਾਰੇ ਵਿਧਾਨਕ ਅਤੇ ਸੰਵਿਧਾਨਕ ਸਾਧਨਾਂ ਜ਼ਰੀਏ 'ਮਹਾਰ ਵਤਨ' ਦੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨਾ ਚਾਹੁੰਦੇ ਸਨ। ਉਨਾਂ 1937 ਵਿੱਚ ਬੰਬਈ ਵਿਧਾਨ ਪਰਿਸ਼ਦ ਦੇ ਪੂਨਾ ਸੈਸ਼ਨ ਵਿੱਚ ਇੱਕ ਬਿੱਲ ਲਿਆਂਦਾ ਸੀ ਜਿਸ ਦਾ ਮੰਤਵ ਮਹਾਰ ਵਤਨ ਦਾ ਖ਼ਾਤਮਾ ਕਰਨਾ ਸੀ ਜਿਸ ਦੇ ਖ਼ਿਲਾਫ਼ ਉਹ 1927 ਤੋਂ ਅੰਦੋਲਨ ਕਰ ਰਹੇ ਸਨ।

ਡਾ. ਅੰਬੇਡਕਰ ਜ਼ਮੀਨ ਸੁਧਾਰਾਂ ਅਤੇ ਆਰਥਿਕ ਵਿਕਾਸ ਵਿੱਚ ਸਟੇਟ ਜਾਂ ਰਾਜ ਦੀ ਮੋਹਰੀ ਭੂਮਿਕਾ ਦੀ ਪੈਰਵੀ ਕਰਦੇ ਸਨ। ਉਹ ਜ਼ਮੀਨ ਸੁਧਾਰਾਂ ਨੂੰ ਧੁਰ ਤੱਕ ਅਮਲ ਵਿੱਚ ਲਿਆਉਣ ਤੇ ਜ਼ੋਰ ਦਿੰਦੇ ਸਨ ਅਤੇ ਧਿਆਨ ਦਿਵਾਉਂਦੇ ਸਨ ਕਿ ਕਿਸੇ ਖੇਤੀ ਜੋਤ ਦੇ ਵੱਡੇ ਜਾਂ ਛੋਟੇ ਹੋਣ ਦਾ ਫ਼ੈਸਲਾ ਉਸ ਦੇ ਭੌਤਿਕ ਆਕਾਰ ਤੋਂ ਹੀ ਨਾ ਕੀਤਾ ਜਾਵੇ ਸਗੋਂ ਖੇਤੀ ਘਣਤਾ ਦੇਖੀ ਜਾਵੇ ਜਿਸ ਦਾ ਜ਼ਮੀਨ 'ਤੇ ਕੀਤੇ ਗਏ ਪੈਦਾਵਾਰੀ ਨਿਵੇਸ਼ ਅਤੇ ਕਿਰਤ ਸਮੇਤ ਹੋਰ ਸਾਰੀ ਵਰਤੋਂ ਸਮੱਗਰੀ ਦੀ ਲਾਗਤ ਤੋਂ ਪਤਾ ਲੱਗਦਾ ਹੈ। ਆਦਰਸ਼ ਖੇਤੀ ਜੋਤ ਦੀ ਪਰਿਭਾਸ਼ਾ ਲਈ ਉਨਾਂ ਦੇ ਸਟੈਂਡ ਦਾ ਨੁਕਤਾ ਪੈਦਾਵਾਰ ਨਹੀਂ ਸਗੋਂ ਇਸ ਉੱਤੇ ਹੁੰਦੀ ਖ਼ਪਤ ਸੀ।

'ਉਨਾਂ ਖੇਤੀਬਾੜੀ ਵਿੱਚ ਰਾਜਕੀ ਮਲਕੀਅਤੀ ਅਤੇ ਇਸ ਦੇ ਨਾਲ਼ ਹੀ ਸਨਅਤ ਦੇ ਖੇਤਰ ਵਿੱਚ ਰਾਜਕੀ ਸਮਾਜਵਾਦ ਦਾ ਸੋਧਿਆ ਰੂਪ ਅਪਣਾਉਣ ਦਾ ਸੁਝਾਅ ਦਿੱਤਾ ਸੀ। ਖੇਤੀਬਾੜੀ ਅਤੇ ਇਸ ਦੇ ਨਾਲ਼ ਹੀ ਸਨਅਤ ਲਈ ਲੋੜੀਂਦੀ ਪੂੰਜੀ ਮੁਹੱਈਆ ਕਰਾਉਣ ਦਾ ਜ਼ਿੰਮਾ ਰਾਜ ਦੇ ਮੋਢਿਆਂ ਉੱਤੇ ਪਾਇਆ ਗਿਆ ਸੀ।' **(AWAS, Vol 3, P 408)**

ਡਾ. ਅੰਬੇਡਕਰ ਦੀ ਦਲੀਲ ਸੀ ਕਿ ਖੇਤੀਬਾੜੀ ਦੇ ਸਵਾਲ ਦਾ ਹੱਲ ਖੇਤੀ ਜੋਤਾਂ ਦਾ ਆਕਾਰ ਵਧਾਉਣ ਵਿੱਚ ਨਹੀਂ ਹੈ ਸਗੋਂ ਸੰਘਣੀ ਖੇਤੀ ਵਿੱਚ ਪਿਆ ਹੈ ਜੋ ਸਾਡੇ ਵਰਗੀਆਂ ਖੇਤੀ ਜੋਤਾਂ ਵਿੱਚ ਜ਼ਿਆਦਾ ਪੂੰਜੀ ਅਤੇ ਕਿਰਤ ਦੀ ਖ਼ਪਤ ਕਰ ਸਕਦੀ ਹੈ। ਉਹ ਛੋਟੀਆਂ ਤੇ ਵੰਡੀਆਂ ਹੋਈਆਂ ਅਤੇ ਗ਼ੈਰ-ਲਾਹੇਵੰਦ ਖੇਤੀ ਜੋਤਾਂ ਉੱਤੇ ਜ਼ੋਰ ਦੇਣ ਤੋਂ ਬਹੁਤ ਫ਼ਿਕਰਮੰਦ ਸਨ, ਕਿਉਂਕਿ ਇਹ ਖੇਤੀਬਾੜੀ ਵਿਕਾਸ ਦੇ ਪਤਨ ਦਾ ਮੂਲ ਕਾਰਨ ਹਨ। ਉਹ ਜ਼ਮੀਨ ਦੀ ਉਤਪਾਦਕਤਾ ਵਧਾਉਣ ਤੇ ਬਹੁਤ ਜ਼ੋਰ ਦਿੰਦੇ ਸਨ, ਕਿਉਂਕਿ ਉਨਾਂ ਦੇ ਖ਼ਿਆਲ ਮੁਤਾਬਕ ਜ਼ਮੀਨ ਦੀ ਆਰਥਿਕ ਤੇ ਗ਼ੈਰ-ਆਰਥਿਕ ਕਿਸਮ ਇਸ ਦੇ ਆਕਾਰ ਉੱਤੇ ਨਿਰਭਰ ਨਹੀਂ ਕਰਦੀ ਸਗੋਂ ਉਤਪਾਦਕਤਾ, ਵਰਤੋਂ ਸਮੱਗਰੀ ਆਦਿ ਤੇ ਨਿਰਭਰ ਕਰਦੀ ਹੈ।

ਖੇਤੀਬਾੜੀ ਦੀਆਂ ਅਲਾਮਤਾਂ ਦਾ ਇਲਾਜ ਮੁੱਖ ਤੌਰ 'ਤੇ ਛੋਟੀਆਂ ਖੇਤੀ ਜੋਤਾਂ ਉੱਤੇ ਨਿਰਭਰਤਾ ਨਾਲ਼ ਨਹੀਂ ਹੋ ਸਕਦਾ ਸਗੋਂ ਪੂੰਜੀ ਅਤੇ ਪ੍ਰਮੁੱਖ ਸਨਅਤੀ ਵਸਤਾਂ **(capital goods)** ਨਾਲ਼ ਕੀਤਾ ਜਾ ਸਕਦਾ ਹੈ। ਸਨਅਤੀਕਰਨ ਇਸ ਦਾ ਕੁਦਰਤੀ ਅਤੇ ਸ਼ਕਤੀਸ਼ਾਲੀ ਇਲਾਜ ਹੈ। ਦਿਹਾਤੀ ਭਾਰਤ ਦੀਆਂ ਮੰਗਾਂ ਦੀ ਅਜੇ ਤਾਈਂ ਪੂਰਤੀ ਨਹੀਂ ਹੋ ਸਕੀ ਹੈ ਅਤੇ ਇਸ ਦਾ ਸਿਰਫ਼ ਇੱਕ ਕਾਰਨ ਇਹ ਹੈ ਕਿ 'ਸਨਅਤੀ ਵਿਕਾਸ ਅਤੇ ਜ਼ਮੀਨ ਸੁਧਾਰਾਂ' ਦੇ ਨਾਲ਼ੋ-ਨਾਲ਼ ਅਮਲ ਵਿੱਚ ਨਹੀਂ ਲਿਆਂਦੇ ਜਾ ਰਹੇ।

ਇਸ ਦੇ ਨਾਲ਼ ਹੀ ਉਨਾਂ ਰਾਜ ਦੀ ਭੂਮਿਕਾ ਨੂੰ ਵੀ ਪਰਿਭਾਸ਼ਤ ਕੀਤਾ ਜੋ ਸਮਾਜਵਾਦੀ ਹੀ ਰਹਿੰਦੀ ਹੈ, ਇਸ ਦੀ ਪਹੁੰਚ ਕਲਿਆਣਕਾਰੀ ਹੋਣੀ ਚਾਹੀਦੀ ਹੈ ਤਾਂ ਕਿ ਸਾਮੰਤੀ ਅਰਥਚਾਰੇ ਨੂੰ ਪੂੰਜੀਵਾਦੀ ਤੇ ਬਾਜ਼ਾਰ ਦੀ ਅਗਵਾਈ ਵਾਲੇ ਅਰਥਚਾਰੇ ਵਿੱਚ ਤਬਦੀਲ ਕਰਦਿਆਂ ਲੋਕਾਂ ਨੂੰ ਆਰਥਿਕ ਸ਼ੋਸ਼ਣ ਤੋਂ ਬਚਾਉਣ ਦੀ ਜ਼ਿੰਮੇਵਾਰੀ ਰਾਜ ਦੀ ਹੋਵੇਗੀ। ਤੇਜ਼ ਰਫ਼ਤਾਰ ਸਨਅਤੀਕਰਨ ਵਾਸਤੇ ਰਾਜਕੀ ਸਮਾਜਵਾਦ ਬਹੁਤ ਅਹਿਮੀਅਤ ਰੱਖਦਾ ਹੈ ਜਿਵੇਂ ਅਸੀਂ ਪ੍ਰਾਈਵੇਟ ਪੂੰਜੀਵਾਦ ਦੇ ਉਭਾਰ ਨਾਲ਼ ਆਰਥਿਕ ਨਾ-ਬਰਾਬਰੀਆਂ ਵਿੱਚ ਵਾਧਾ ਹੁੰਦਾ ਦੇਖਿਆ ਹੈ।

ਇਹ ਉਦਾਰਵਾਦੀ ਦਲੀਲ ਦਿੱਤੀ ਜਾਂਦੀ ਸੀ ਕਿ ਜੇ ਸਟੇਟ/ਰਾਜ ਆਰਥਿਕ ਜਾਂ ਸਮਾਜਿਕ ਪ੍ਰਾਈਵੇਟ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਤੋਂ ਗੁਰੇਜ਼ ਕਰਦੀ ਹੈ ਤਾਂ ਅਜ਼ਾਦੀ ਬਚੀ ਰਹਿੰਦੀ ਹੈ। ਇਸ ਦਾ ਜਵਾਬ ਦਿੰਦਿਆਂ ਡਾ. ਅੰਬੇਡਕਰ ਨੇ ਕਿਹਾ, 'ਇਹ ਠੀਕ ਹੈ ਕਿ ਜਦੋਂ ਸਟੇਟ ਦੀ ਦਖ਼ਲਅੰਦਾਜ਼ੀ ਨਹੀਂ ਕੀਤੀ ਜਾਂਦੀ ਤਾਂ ਅਜ਼ਾਦੀ ਬਚੀ ਰਹਿੰਦੀ ਹੈ ਪਰ ਇਹ ਅਜ਼ਾਦੀ ਕਿਸ ਦੀ ਹੈ ਤੇ ਕੀਹਦੇ ਲਈ ਹੈ ? ਜ਼ਾਹਿਰ ਹੈ ਕਿ ਇਹ ਆਜ਼ਾਦੀ ਜ਼ਿਮੀਦਾਰਾਂ ਵੱਲੋਂ ਜ਼ਮੀਨ ਦਾ ਮਾਲੀਆ ਵਧਾਉਣ, ਪੂੰਜੀਪਤੀਆਂ ਵੱਲੋਂ ਕੰਮ ਦੇ ਘੰਟੇ ਵਧਾਉਣ ਅਤੇ ਉਜਰਤਾਂ ਦੀਆਂ ਦਰਾਂ ਘਟਾਉਣ ਦੀ ਹੋਵੇਗੀ।' ਇਸ ਤੋਂ ਅਗਾਂਹ ਉਹ ਕਹਿੰਦੇ ਹਨ, 'ਕਿਸੇ ਆਰਥਿਕ ਪ੍ਰਣਾਲੀ ਵਿੱਚ ਜਦੋਂ ਵੱਡੀ ਸੰਖਿਆ ਵਿੱਚ ਕਾਮੇ ਲਾਏ ਜਾਂਦੇ ਹਨ ਅਤੇ ਨਿਯਮਤ ਸਮਿਆਂ ਤੇ ਵੱਡੇ ਪੈਮਾਨੇ ਉੱਤੇ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਕਿਸੇ ਨਾ ਕਿਸੇ ਨੂੰ ਨੇਮ ਤੈਅ ਕਰਨੇ ਪੈਣਗੇ ਤਾਂ ਕਿ ਕਾਮੇ ਕੰਮ ਕਰ ਸਕਣ ਅਤੇ ਸਨਅਤ ਦਾ ਪਹੀਆ ਚੱਲਦਾ ਰਹੇ। ਜੇ ਇਹ ਕੰਮ ਸਟੇਟ ਨਹੀਂ ਕਰੇਗੀ ਤਾਂ ਪ੍ਰਾਈਵੇਟ ਮਾਲਕ ਕਰਨਗੇ। ਦੂਜੇ ਸ਼ਬਦਾਂ ਵਿੱਚ ਜੋ ਚੀਜ਼ ਰਾਜ ਦੇ ਕੰਟਰੋਲ ਤੋਂ ਪਰੇ ਅਜ਼ਾਦੀ ਕਹੀ ਜਾਂਦੀ ਹੈ, ਉਹ ਪ੍ਰਾਈਵੇਟ ਮਾਲਕ ਦੀ ਤਾਨਾਸ਼ਾਹੀ ਹੁੰਦੀ ਹੈ।'

1) ਮੁੱਖ ਸਨਅਤਾਂ ਦੀ ਮਾਲਕੀ ਅਤੇ ਪ੍ਰਬੰਧਨ ਸਟੇਟ ਦੇ ਹੱਥਾਂ ਵਿੱਚ ਹੋਣਾ ਚਾਹੀਦਾ ਹੈ।

2) ਮੂਲ ਪਰ ਜਿਹੜੀਆਂ ਮੁੱਖ ਨਹੀਂ, ਉਨਾਂ ਸਨਅਤਾਂ ਦੀ ਮਾਲਕੀ ਤੇ ਪ੍ਰਬੰਧਨ ਸਟੇਟ ਜਾਂ ਫਿਰ ਇਸ ਵੱਲੋਂ ਲਾਈਆਂ ਕਾਰਪੋਰੇਸ਼ਨਾਂ ਦੇ ਹੱਥਾਂ ਵਿੱਚ ਹੋਣਾ ਚਾਹੀਦਾ ਹੈ।

3) ਖੇਤੀਬਾੜੀ ਰਾਜਕੀ ਸਨਅਤ ਹੋਣੀ ਚਾਹੀਦੀ ਹੈ ਅਤੇ ਸਾਰੀ ਜ਼ਮੀਨ ਉੱਤੇ ਸਟੇਟ ਦੀ ਮਾਲਕੀ ਹੋਣੀ ਚਾਹੀਦੀ ਹੈ। ਇਸ ਨੂੰ ਵਾਜਿਬ ਖੇਤੀ ਜੋਤਾਂ ਦੇ ਆਕਾਰ ਵਿੱਚ ਪਿੰਡਾਂ ਦੇ ਬਾਸ਼ਿੰਦਿਆਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ, ਇਨਾਂ ਖੇਤੀ ਜੋਤਾਂ ਉੱਤੇ ਪਰਿਵਾਰਾਂ ਦੇ ਸਮੂਹਾਂ ਵੱਲੋਂ ਮਿਲ ਜੁਲ ਕੇ ਖੇਤੀ ਕੀਤੀ ਜਾਣੀ ਚਾਹੀਦੀ ਹੈ।

# ਰਾਜਨੀਤਕਾਂ ਸਿਰ ਦੋਸ਼ ਮੜ ਕੇ ਲੋਕ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੇ

**ਖ਼ੁਸ਼ਵਿੰਦਰ ਸਿੰਘ**

ਪ੍ਰਸਿੱਧ ਦਾਰਸ਼ਨਿਕ ਪਲੂਟੋ ਨੇ ਆਪਣੀ ਪ੍ਰਸਿੱਧ ਕਿਤਾਬ 'ਦ ਰਿਪਬਲਿਕ' ਵਿੱਚ ਲੋਕਤੰਤਰ ਦੀ ਆਲੋਚਨਾ ਕਰਦੇ ਹੋਏ ਉਸ ਵਾਰਤਾਲਾਪ ਦਾ ਜ਼ਿਕਰ ਕੀਤਾ ਹੈ, ਜੋ ਉਸ ਦੇ ਅਤੇ ਉਸ ਦੇ ਗੁਰੂ ਸੁਕਰਾਤ ਵਿੱਚ ਲੋਕਤੰਤਰ ਦੀਆਂ ਖ਼ਾਮੀਆਂ ਨੂੰ ਲੈ ਕੇ ਹੋਇਆ ਸੀ, ਉਦੋਂ ਪਲੂਟੋ ਇੱਕ ਥਾਂ ਕਹਿੰਦਾ ਹੈ ਕਿ ਲੋਕਤੰਤਰ ਵਿੱਚ ਉਦੋਂ ਸਥਿਤੀ ਬਹੁਤ ਖ਼ਤਰਨਾਕ ਹੋ ਜਾਂਦੀ ਹੈ ਜਦੋਂ ਸਮਾਜ ਵਿੱਚ ਰਾਜਨੀਤਕ ਭ੍ਰਿਸ਼ਟਾਚਾਰ ਕਰਕੇ ਅਸਮਾਨਤਾ ਬਹੁਤ ਵੱਧ ਜਾਂਦੀ ਹੈ, ਫਿਰ ਸਮਾਜ ਵਿੱਚ ਸਮਾਨਤਾ ਪ੍ਰਾਪਤ ਕਰਨ ਦੀ ਭਾਵਨਾ ਬਹੁਤ ਪ੍ਰਬਲ ਹੋ ਜਾਂਦੀ ਹੈ ਤੇ ਲੋਕ ਅਸੰਤੁਸ਼ਟ ਹੋ ਕੇ ਇਸ ਨੂੰ ਪ੍ਰਾਪਤ ਕਰਨ ਲਈ ਭਟਕਣ ਲੱਗਦੇ ਹਨ। ਅਜਿਹੇ ਸਮੇਂ ਸਮਾਜ ਦੇ ਗੁਮਰਾਹ ਹੋਣ ਦਾ ਖ਼ਤਰਾ ਸਭ ਤੋਂ ਵੱਧ ਵਧ ਜਾਂਦਾ ਹੈ। ਕਈ ਚਲਾਕ ਬੁੱਧੀ ਦੇ ਲੋਕ ਇਸ ਸਥਿਤੀ ਦਾ ਬਾਖ਼ੂਬੀ ਲਾਭ ਉਠਾ ਜਾਂਦੇ ਹਨ ਤੇ ਲੋਕਾਂ ਨੂੰ ਭਾਵਨਾਮਕ ਪੱਖ ਤੋਂ ਗੁਮਰਾਹ ਕਰਕੇ ਆਪਣੇ ਨਾਲ਼ ਜੋੜ ਕੇ ਸੱਤਾ ਤੱਕ ਪਹੁੰਚ ਜਾਂਦੇ ਹਨ। ਅਕਸਰ ਸਿਆਸਤਦਾਨ ਲੋਕਾਂ ਦੀਆਂ ਭਾਵਨਾਵਾਂ ਦਾ ਇਸਤੇਮਾਲ ਕਰ ਜਾਂਦੇ ਹਨ ਫਿਰ ਚਾਹੇ ਉਹ ਧਰਮ, ਜਾਤ ਜਾਂ ਸਮਾਜ ਦੇ ਕਿਸੇ ਹੋਰ ਖੇਤਰ ਨਾਲ਼ ਜੁੜੀਆਂ ਹੋਣ ਜਾਂ ਕਿਸੇ ਖ਼ਾਸ ਮੁੱਦੇ ਨਾਲ਼।

**20**ਵੀਂ ਸਦੀ ਵਿੱਚ ਹਿਟਲਰ ਨੇ ਵੀ ਜਰਮਨੀ ਵਿੱਚ ਇਸੇ ਤਰਾਂ ਕੀਤਾ ਸੀ। **1930** ਦੇ ਗ੍ਰੇਟ ਡਿਪਰੈਸ਼ਨ ਦੇ ਸਮੇਂ ਹਿਟਲਰ ਜਰਮਨੀ ਦੇ ਨਿਰਾਸ਼ ਲੋਕਾਂ ਦੀ ਇਸ ਭਾਵਨਾ ਨੂੰ ਬਾਖ਼ੂਬੀ ਸਮਝ ਚੁੱਕਾ ਸੀ ਕਿ ਲੋਕ ਪਹਿਲੇ ਵਿਸ਼ਵ ਯੁੱਧ ਵਿੱਚ ਜਰਮਨੀ ਦੀ ਮਿੱਤਰ ਦੇਸ਼ਾਂ ਹੱਥੋਂ ਹੋਈ ਹਾਰ ਤੇ ਫਿਰ ਜੋ ਹਰਜਾਨੇ ਜਰਮਨੀ ਨੂੰ ਇਸ ਦੇ ਬਾਬਤ ਭਰਨੇ ਪਏ, ਕਾਰਨ ਆਪਣੇ ਆਪ ਨੂੰ ਦੁਨੀਆ ਅੱਗੇ ਅਪਮਾਨਿਤ ਹੋਇਆ ਮਹਿਸੂਸ ਕਰਦੇ ਸਨ। ਹਿਟਲਰ ਨੇ ਲੋਕਾਂ ਦੀ ਇਸ ਭਾਵਨਾ ਦਾ ਲਾਭ ਚੁੱਕਿਆ ਤੇ ਆਪਣੀ ਭਾਸ਼ਣ ਕਲਾ ਨਾਲ਼ ਲੋਕਾਂ ਨੂੰ ਇਹ ਯਕੀਨ ਦੁਆ ਦਿੱਤਾ ਕਿ ਉਹ ਨਾ ਸਿਰਫ਼ ਜਰਮਨੀ ਦੀ ਹਾਰ ਦਾ ਮਿੱਤਰ ਦੇਸ਼ਾਂ ਤੋਂ ਬਦਲਾ ਲਵੇਗਾ, ਬਲਕਿ ਜਰਮਨੀ ਦਾ ਖੋਇਆ ਹੋਇਆ ਮਾਣ-ਸਨਮਾਨ ਵੀ ਫਿਰ ਬਹਾਲ ਕਰਵਾਏਗਾ ਤੇ ਦੁਨੀਆ ਨੂੰ ਜਰਮਨੀ ਦੇ ਕਦਮਾਂ ਵਿੱਚ ਲੈ ਆਵੇਗਾ। ਹਿਟਲਰ ਦਾ ਨਿਸ਼ਾਨਾ ਠੀਕ ਲੱਗਾ ਤੇ **1924** ਵਿੱਚ ਬਹੁਤ ਘੱਟ ਸਮਰਥਨ ਪ੍ਰਾਪਤ ਕਰਨ ਵਾਲੀ ਹਿਟਲਰ ਦੀ ਨਾਜ਼ੀ ਪਾਰਟੀ **1933** ਵਿੱਚ ਵੱਡਾ ਬਹੁਮਤ ਪ੍ਰਾਪਤ ਕਰਕੇ ਸੱਤਾ 'ਤੇ ਕਾਬਜ਼ ਹੋ ਗਈ। ਇਸ ਤਰਾਂ ਜਰਮਨੀ ਵਿੱਚ ਲੋਕਤੰਤਰ ਵਿੱਚੋਂ ਹੀ ਨਾਜ਼ੀ ਤਾਨਾਸ਼ਾਹੀ ਦਾ ਉਦੈ ਹੋਇਆ, ਜਿਸ ਨੇ ਅੱਗੇ ਜਾ ਕੇ ਜਰਮਨੀ ਸਮੇਤ ਪੂਰੀ ਦੁਨੀਆ ਨੂੰ ਦੂਜੇ ਸੰਸਾਰ ਯੁੱਧ ਦੀ ਅੱਗ ਵਿੱਚ ਧੱਕ ਦਿੱਤਾ। ਇਸੇ ਲਈ ਪਲੂਟੋ ਅਜਿਹੀ ਸਥਿਤੀ ਨੂੰ ਲੋਕਤੰਤਰ ਲਈ ਖ਼ਤਰਨਾਕ ਮੰਨਦਾ ਹੈ, ਜਦੋਂ ਲੋਕਤੰਤਰ ਵਿੱਚੋਂ ਤਾਨਾਸ਼ਾਹੀ ਜਨਮ ਲੈਂਦੀ ਹੈ। ਇਸ ਲਈ ਭਾਰਤ ਸਮੇਤ ਹੋਰ ਸਭ ਲੋਕਤੰਤਰਿਕ ਦੇਸ਼ਾਂ ਦੇ ਲੋਕਾਂ ਨੂੰ ਇਸ ਗੱਲ ਤੋਂ ਸਦਾ ਜਾਗਰੂਕ ਤੇ ਚੌਕਸ ਰਹਿਣ ਦੀ ਲੋੜ ਹੈ ਕਿ ਉਹ ਕਦੇ ਵੀ ਮਤਦਾਨ ਭਾਵਨਾਵਾਂ ਦੇ ਵੱਸ ਹੋ ਕੇ ਨਾ ਕਰਨ ਬਲਕਿ ਸਦਾ ਰਾਜਨੀਤਕ ਲੋਕਾਂ ਦੇ ਦਾਅਵਿਆਂ ਨੂੰ ਤੱਥਾਂ ਤੇ ਤਰਕ ਦੀ ਕਸੌਟੀ 'ਤੇ ਪਰਖ ਕੇ ਹੀ ਆਪਣੇ ਮਤ ਦਾ ਉਪਯੋਗ ਉਨਾਂ ਦੇ ਹੱਕ ਵਿੱਚ ਕਰਨ। ਜੇਕਰ ਵਿਸ਼ਵਾਸ ਦਾ ਬੀਜ ਤਰਕ ਦੀ ਭੂਮੀ ਵਿੱਚੋਂ ਫੁੱਟੇ ਤਾਂ ਹੀ ਜੀਵਤ ਰਹਿ ਸਕਦਾ ਹੈ। ਇਸ ਤਰਾਂ ਗ਼ਲਤ ਪੱਖ ਵਿੱਚ ਕੀਤਾ ਗਿਆ ਲੋਕਾਂ



ਦਾ ਮਤਦਾਨ ਕਿਸੇ ਤਾਨਾਸ਼ਾਹੀ ਤੱਕ ਨੂੰ ਸਥਾਪਤ ਕਰਵਾ ਸਕਦਾ ਹੈ, ਜਿਸ ਦੇ ਨਤੀਜੇ ਆਮ ਤੌਰ 'ਤੇ ਲੋਕਾਂ ਲਈ ਬਹੁਤ ਵਿਨਾਸ਼ਕਾਰੀ ਹੁੰਦੇ ਹਨ।

ਚੋਣਾਂ ਭਾਵੇਂ ਕਿਸੇ ਦੇਸ਼ ਦੀਆਂ ਹੋਣ ਜਾਂ ਕਿਸੇ ਛੋਟੇ ਰਾਜ ਦੀਆਂ ਉੱਥੋਂ ਦੇ ਵਸਨੀਕਾਂ ਲਈ ਇਹ ਬਹੁਤ ਅਹਿਮ ਹਨ, ਕਿਉਂਕਿ ਚੋਣਾਂ ਹੀ ਲੋਕਤੰਤਰ ਦੀ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਸੱਤਾ ਇੱਕ ਨਿਸ਼ਚਿਤ ਕਾਰਜਕਾਲ ਬਾਅਦ ਵਾਪਸ ਲੋਕਾਂ ਦੇ ਹੱਥਾਂ ਵਿੱਚ ਵਾਪਸ ਆ ਜਾਂਦੀ ਹੈ, ਜਿਸ ਨੂੰ ਉਹ ਅੱਗੇ ਦੋਬਾਰਾ ਅਗਲੇ ਕਾਰਜਕਾਲ ਲਈ ਕਿਸੇ ਹੋਰ ਦੇ ਸਪੁਰਦ ਕਰਦੇ ਹਨ। ਇਹ ਲੋਕਤੰਤਰ ਦਾ ਇੱਕ ਬਹੁਤ ਵੱਡਾ ਲਾਭ ਹੈ, ਵਰਨਾ ਪੁਰਾਣੇ ਸਮੇਂ ਵਿੱਚ ਜਦੋਂ ਸੱਤਾ ਦਾ ਤਬਾਦਲਾ ਹੁੰਦਾ ਸੀ ਤਾਂ ਹਜ਼ਾਰਾਂ ਲੱਖਾਂ ਲੋਕਾਂ ਦਾ ਲਹੂ ਵਹਾ ਕੇ ਇਹ ਪ੍ਰਕਿਰਿਆ ਸਿਰੇ ਚੜਦੀ ਸੀ, ਪਰ ਹੁਣ ਇਹ ਕੰਮ ਲੋਕ ਪਰਦੇ ਪਿੱਛੇ ਜਾ ਕੇ ਇੱਕ ਬਟਨ ਦੱਬ ਕੇ ਹੀ ਕਰ ਸਕਦੇ ਹਨ। ਲੋਕਾਂ ਨੂੰ ਇਹ ਬਹੁਤ ਵੱਡਾ ਅਧਿਕਾਰ ਲੱਖਾਂ ਕੁਰਬਾਨੀਆਂ ਦੇ ਕੇ ਮਿਲਿਆ ਹੈ ਪਰ ਬਹੁਤ ਸਾਰੇ ਲੋਕ ਇਸ ਨੂੰ ਹਲਕੇ ਵਿੱਚ ਲੈਂਦੇ ਹਨ ਤੇ ਛੋਟੇ-ਛੋਟੇ ਲਾਲਚਾਂ ਦੇ ਵੱਸ ਪੈ ਕੇ ਹੀ ਇਸ ਅਨਮੋਲ ਅਧਿਕਾਰ ਨੂੰ ਵੇਚ ਦਿੰਦੇ ਹਨ ਜੋ ਅਸਲ ਵਿੱਚ ਉਨਾਂ ਦੁਆਰਾ, ਉਨਾਂ ਉੱਪਰ ਸ਼ਾਸਨ ਕਰਨ ਦਾ ਰਾਹ ਖੋਲਦਾ ਹੈ।

ਜੇਕਰ ਅੱਜ ਭਾਰਤ ਦੇ ਲੋਕਤੰਤਰ ਦੀ ਗੱਲ ਕਰੀਏ ਤਾਂ ਭਾਵੇਂ ਇਹ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਤਾਂ ਹੈ ਪਰ ਇਸ ਵਿੱਚ ਬਹੁਤ ਕਮੀਆਂ ਹਨ, ਜਿਵੇਂ ਲੋਕਾਂ ਦੀ ਅਨਪੜਤਾ, ਆਪਣੇ ਹੱਕਾਂ ਪ੍ਰਤੀ ਉਦਾਸੀਨਤਾ, ਰਾਜਨੀਤੀ ਵਿੱਚ ਸਿੱਧੀ ਹਿੱਸੇਦਾਰੀ ਦੀ ਕਮੀ ਆਦਿ ਜਿਸ ਕਰਕੇ ਰਾਜਨੀਤਕ ਲੋਕਾਂ ਤੇ ਵੱਡੇ ਪੂੰਜੀਪਤੀਆਂ ਦਾ ਇੱਕ ਗਠਜੋੜ ਜਿਹਾ ਹੋ ਗਿਆ ਹੈ ਜਿਸ ਨੇ ਲੋਕਤੰਤਰ ਦੀ ਅਸਲ ਭਾਵਨਾ ਨੂੰ ਸੱਟ ਮਾਰੀ ਹੈ। ਲੋਕਤੰਤਰ 'ਤੇ ਹੁਣ ਮਾਇਆ ਤੰਤਰ ਹਾਵੀ ਹੁੰਦਾ ਜਾ ਰਿਹਾ, ਜਿਵੇਂ ਕਿ ਪੈਸੇ ਨਾਲ਼ ਵੋਟ ਖ਼ਰੀਦਣੇ, ਝੂਠੇ ਪ੍ਰਚਾਰ, ਮੌਕਾਪ੍ਰਸਤੀ, ਦਲਬਦਲੀ, ਗਿਣਤੀ ਦੇ ਪੂੰਜੀਪਤੀਆਂ ਦੇ ਹਿੱਤਾਂ ਨੂੰ ਬਹੁਗਿਣਤੀ ਆਮ ਲੋਕਾਂ ਦੇ ਹਿਤਾਂ ਨਾਲ਼ੋਂ ਵੱਧ ਤਰਜੀਹ ਦੇਣੀ ਜਿਹੀਆਂ ਕੁਰੀਤੀਆਂ ਨੇ ਭਾਰਤ ਦੇ ਲੋਕਤੰਤਰ ਨੂੰ ਅਪਾਹਿਜ ਜਿਹਾ ਕਰ ਦਿੱਤਾ ਹੈ।

**ਬਾਕੀ ਸਫ਼ਾ 35 'ਤੇ**

# ਫ਼ਿਰਕੂ ਧਰੁਵੀਕਰਨ ਦੀ ਸਿਆਸਤ ਦੀ ਉਪਜ ਹਿਜਾਬ ਮਾਮਲਾ

**ਰਣਵੀਰ ਰੰਧਾਵਾ**

ਕਿਸਾਨ ਘੋਲ ਦੀ ਚੜਤ ਅਤੇ ਜਿੱਤ ਨੂੰ ਇਹ ਸਮਝਣਾ ਕਿ ਸ਼ਾਇਦ ਮੋਦੀ ਸਰਕਾਰ ਦੇ ਕੱਟੜਵਾਦੀ ਰੱਥ ਨੂੰ ਹੁਣ ਬਰੇਕ ਲੱਗ ਚੁੱਕੀ ਹੈ, ਸਰਾਸਰ ਗ਼ਲਤ ਹੈ। ਕਿਸਾਨੀ ਵਿਰੋਧੀ ਬਿੱਲ ਸਰਕਾਰ ਦਾ ਆਰਥਿਕ ਹਮਲਾ ਸਨ ਜਦ ਕਿ ਕੱਟੜਤਾ ਦਾ ਸਿਆਸੀ ਹਮਲਾ ਇਸ ਤੋਂ ਵੱਖਰੀ ਹੋਂਦ ਰੱਖਦਾ ਹੈ। ਕਿਸਾਨੀ ਘੋਲ ਦੀ ਜਿੱਤ ਨੇ ਆਰਥਿਕ ਹਮਲੇ ਨੂੰ ਪਛਾੜਦਿਆਂ ਲੋਕ ਸਫ਼ਾਂ ਅੰਦਰ ਕੇਂਦਰ ਸਰਕਾਰ ਖ਼ਿਲਾਫ਼ ਲੜਨ ਦੀ ਮਜ਼ਬੂਤੀ ਮੁਹੱਈਆ ਕੀਤੀ। ਜੰਮੂ-ਕਸ਼ਮੀਰ ਦੇ ਗੁਪਕਾਰ ਗਠਜੋੜ, ਸੀ.ਏ.ਏ. ਵਿਰੋਧੀ ਸੰਘਰਸ਼ਾਂ ਦੇ ਆਗੂ ਕਿਸਾਨ ਘੋਲ ਤੋਂ ਪ੍ਰੇਰਨਾ ਲੈ ਕੇ ਲੜਨ ਦੀਆਂ ਉਦਾਹਰਨਾਂ ਦੇ ਰਹੇ ਹਨ ਪਰ ਕੇਂਦਰ ਸਰਕਾਰ ਵੱਲੋਂ ਆਪਣੇ ਸਿਆਸੀ ਹਮਲੇ ਨੂੰ ਬਾਦਸਤੂਰ ਜਾਰੀ ਰੱਖਿਆ ਹੋਇਆ ਹੈ ਜੋ ਕਰਨਾਟਕ ਦੇ ਕਾਲਜਾਂ-ਸਕੂਲਾਂ ਅੰਦਰ ਹਿਜਾਬ ਦੀ ਲਾਈ ਪਾਬੰਦੀ ਨਾਲ਼ ਦੁਬਾਰਾ ਚਰਚਾ ਦਾ ਵਿਸ਼ਾ ਹੈ।

ਕਰਨਾਟਕ ਦੀ ਭਾਜਪਾ ਸਰਕਾਰ ਨੇ ਸਕੂਲਾਂ ਕਾਲਜਾਂ ਅੰਦਰ ਇੱਕ ਤਰਾਂ ਦਾ ਡਰੈੱਸ ਕੋਡ ਲਾਗੂ ਕਰਦਿਆਂ ਮੁਸਲਿਮ ਲੜਕੀਆਂ ਦੇ ਹਿਜਾਬ ਪਾ ਕੇ ਆਉਣ ਉੱਤੇ ਪਾਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਹਨ। ਹੁਣ ਇਹ ਵਿਵਾਦ ਪੂਰੇ ਦੇਸ਼ ਵਿੱਚ ਫ਼ੈਲ ਗਿਆ ਹੈ। ਮੁਸਲਿਮ ਲੜਕੀਆਂ ਨੂੰ ਘੇਰ ਕੇ ਉਨਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਹੁਣ ਇਹ ਮਸਲਾ ਹਾਈਕੋਰਟ ਵਿੱਚ ਵਿਚਾਰ-ਅਧੀਨ ਹੋਣ ਕਰਕੇ ਸਕੂਲ ਕਾਲਜ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ।

ਭਾਰਤ ਬਹੁ-ਧਰਮੀ, ਬਹੁ-ਕੌਮੀ ਤੇ ਬਹੁ-ਭਾਸ਼ਾਈ ਮੁਲਕ ਹੋਣ ਕਰਕੇ ਲੋਕਾਂ ਦੇ ਪਹਿਰਾਵੇ, ਖਾਣ-ਪੀਣ, ਬੋਲ-ਚਾਲ ਵਿੱਚ ਵੰਨ-ਸਵੰਨਤਾ ਹੈ। ਇਹ ਵੰਨ-ਸਵੰਨਤਾ ਭਾਰਤ ਦੀ ਖ਼ੂਬਸੂਰਤੀ ਵੀ ਹੈ ਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ) ਲਈ ਫ਼ਿਰਕੂ ਧਰੁਵੀਕਰਨ ਪੈਦਾ ਕਰਨ ਲਈ ਸਹਾਈ ਵੀ ਹੈ। ਇਸ ਫ਼ਿਰਕੂ ਧਰੁਵੀਕਰਨ ਦੀ ਸਿਆਸਤ ਦਾ ਸਹਾਰਾ ਲੈ ਕੇ ਮੁਸਲਮਾਨਾਂ ਖ਼ਿਲਾਫ਼ ਖ਼ਾਸ ਤਰਾਂ ਦੀ ਨਫ਼ਰਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਹਿਜਾਬ ਵਿਵਾਦ ਵੀ ਸੰਘ ਦੀ ਇਸੇ ਫ਼ਿਰਕੂ ਧਰੁਵੀਕਰਨ ਦਾ ਹਿੱਸਾ ਹੈ। ਕੇਂਦਰ ਸਰਕਾਰ ਮੁਲਕ ਦੀ ਵੰਨ-ਸਵੰਨਤਾ ਖਤਮ ਕਰਕੇ ਲੋਕਾਂ ਦੇ ਪਹਿਨਣ, ਖਾਣ-ਪੀਣ, ਬੋਲਣ ਦੇ ਬੁਨਿਆਦੀ ਅਧਿਕਾਰ ਉੱਪਰ ਪਾਬੰਦੀ ਲਾ ਦੇਣਾ ਚਾਹੁੰਦੀ ਹੈ। ਹਿਜਾਬ ਉੱਪਰ ਰੋਕ ਫ਼ਿਰਕੂ ਧਰੁਵੀਕਰਨ ਦੀ ਕੋਸ਼ਿਸ਼ ਅਤੇ ਲੋਕਾਂ ਦੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਹੈ।

ਇੱਕ ਧਾਰਨਾ ਇਹ ਵੀ ਮੰਨਦੀ ਹੈ ਕਿ ਇਹ ਸਿਰਫ਼ ਮੁਸਲਿਮ ਭਾਈਚਾਰੇ ਦੀਆਂ ਲੜਕੀਆਂ ਖ਼ਿਲਾਫ਼ ਫ਼ੈਸਲਾ ਹੈ। ਇਹ ਵੀ ਗ਼ਲਤ ਧਾਰਨਾ ਹੈ। ਮੁਸਲਮਾਨ ਉਨਾਂ ਦਾ ਪਹਿਲਾ ਅਤੇ ਅਸਾਨ ਸ਼ਿਕਾਰ ਹਨ। ਸਮਾਜ ਵਿੱਚ ਉਨਾਂ ਦੇ ਪਹਿਰਾਵੇ, ਸੁਭਾਅ, ਰੀਤੀ-ਰਿਵਾਜਾਂ ਬਾਰੇ ਜਿਸ ਤਰਾਂ ਦਾ ਮਾਹੌਲ ਬਣਾ ਦਿੱਤਾ ਗਿਆ ਹੈ, ਉਨਾਂ ਨੂੰ ਸੌਖਿਆਂ ਹੀ ਹਮਲੇ ਦਾ ਸ਼ਿਕਾਰ ਬਣਾ ਲਿਆ ਜਾਂਦਾ ਹੈ। ਇਹ ਇਕੱਲੇ ਹਿਜਾਬ ਪਹਿਨਣ ਉੱਪਰ ਪਾਬੰਦੀ ਨਹੀਂ ਬਲਕਿ ਲੜਕੀਆਂ ਦੀ ਚੋਣ ਉੱਪਰ ਪਾਬੰਦੀ ਹੈ। ਸੰਘ ਔਰਤਾਂ ਲਈ ਜੀਨ, ਟੌਪ ਆਦਿ ਕੱਪੜੇ ਜੋ ਸੰਘ ਅਨੁਸਾਰ ਭਾਰਤੀ ਸੰਸਕ੍ਰਿਤੀ ਦਾ ਹਿੱਸਾ ਨਹੀਂ ਹਨ, ਉੱਪਰ ਵੀ ਪਾਬੰਦੀ ਲਾਉਣ ਦੀ ਵਕਾਲਤ ਕਰਦਾ ਰਿਹਾ ਹੈ। ਕਈ ਕਾਲਜਾਂ ਨੇ ਪਹਿਲਾਂ ਇਹ ਪਾਬੰਦੀ ਲਾਈ ਵੀ ਹੈ ਜਿੱਥੇ-ਜਿੱਥੇ ਭਾਜਪਾ ਦੀਆਂ ਸਰਕਾਰਾਂ ਰਹੀਆਂ ਹਨ। ਇਸ ਮਸਲੇ ਨੂੰ ਇਕੱਲੀਆਂ ਮੁਸਲਮਾਨ ਲੜਕੀਆਂ ਨਾਲ਼ ਜੋੜ ਕੇ ਪੇਸ਼ ਕਰਨਾ ਸੰਘ ਦੇ ਫ਼ਿਰਕੂ ਧਰੁਵੀਕਰਨ ਦੀ ਨੀਤੀ ਨੂੰ ਹੁਲਾਰਾ ਦੇਣਾ ਹੀ ਹੋਵੇਗਾ।

ਕੁਝ ਅਖੌਤੀ ਸੈਕੂਲਰ ਇਹ ਦਲੀਲ ਵੀ ਦੇ ਰਹੇ ਹੈ ਕਿ ਹਿਜਾਬ ਪਹਿਨਣਾ, ਸਿਰ ਉੱਤੇ ਚੁੰਨੀ ਲੈਣਾ ਸਮਾਜ ਦਾ ਔਰਤਾਂ ਖ਼ਿਲਾਫ਼ ਥੋਪਿਆ ਪਹਿਰਾਵਾ ਹੈ, ਇਸ ਪਹਿਰਾਵੇ ਨਾਲ਼ ਜੁੜੇ ਰਹਿਣਾ ਵੀ ਪਿਛਾਂਹਖਿਚੂ ਵਰਤਾਰਾ ਹੈ ਪਰ ਮੌਜੂਦਾ ਸਮੇਂ ਵਿੱਚ ਇਹ ਵਿਚਾਰ ਕੇਂਦਰ ਸਰਕਾਰ ਵੱਲੋਂ



ਔਰਤਾਂ ਖ਼ਿਲਾਫ਼ ਹਮਲੇ ਲਈ ਸਹਾਈ ਬਣ ਰਿਹਾ ਹੈ। ਇਹ ਵਿਚਾਰ ਉਸ ਭੀੜ ਦੇ ਪੱਖ ਵਿੱਚ ਜਾ ਖੜਦਾ ਹੈ ਜੋ ਸੈਂਕੜੇ ਗੁੰਡਿਆਂ ਦੀ ਭੀੜ ਦੇ ਰੂਪ ਵਿੱਚ ਹਿਜਾਬ ਪਹਿਨੀ ਬੱਚੀ ਨੂੰ ਆ ਘੇਰਦੀ ਹੈ। ਕਿਸੇ ਧਰਮ, ਜਾਤ ਜਾਂ ਸਮਾਜਿਕ ਭਾਈਚਾਰੇ ਦੇ ਰੀਤੀ-ਰਿਵਾਜ, ਪਹਿਰਾਵਾ ਉਨਾਂ ਦੇ ਖ਼ਾਸ ਪਦਾਰਥਕ ਹਾਲਾਤ ਦੀ ਉਪਜ ਹੁੰਦੇ ਹਨ। ਉਨਾਂ ਪਦਾਰਥਕ ਹਾਲਾਤ ਨੂੰ ਬਦਲੇ ਬਿਨਾਂ ਤੁਸੀਂ ਉਨਾਂ ਦੇ ਪਹਿਰਾਵੇ, ਰੀਤੀ-ਰਿਵਾਜਾਂ ਨੂੰ ਜਬਰੀ ਨਹੀਂ ਬਦਲ ਸਕਦੇ। ਇਸ ਦੀ ਉਦਾਹਰਨ ਸਾਨੂੰ ਸਿੱਖ ਲਹਿਰ ਵਿੱਚੋਂ ਵੀ ਮਿਲਦੀ ਹੈ ਜਦੋਂ ਗੁਰੂ ਨਾਨਕ ਦੇਵ ਜੀ ਜਨੇਊ ਧਾਰਨ ਕਰਨ ਤੋਂ ਮਨਾ ਕਰਦੇ ਹਨ ਅਤੇ ਗੁਰੂ ਤੇਗ ਬਹਾਦਰ ਜਨੇਊ ਦੀ ਰੱਖਿਆ ਲਈ ਕੁਰਬਾਨੀ ਦਿੰਦੇ ਹਨ। ਇਨਾਂ ਅਖੌਤੀ ਸੈਕੂਲਰਾਂ ਦੀ ਸਮਾਜਿਕ ਵਰਤਾਰਿਆਂ ਵੱਲ ਪਹੁੰਚ ਅੰਤਰਮੁਖੀ, ਇੱਕਪਾਸੜ ਤੇ ਸਤਹੀ ਹੁੰਦੀ ਹੈ। ਇਹ ਵਰਤਾਰਿਆਂ ਨੂੰ ਸਮੁੱਚਤਾ ਵਿੱਚ ਦੇਖੇ ਬਿਨਾਂ ਅਤੇ ਤੱਤ ਨੂੰ ਬਗ਼ੈਰ ਸਮਝੇ ਵਰਤਾਰੇ ਦੇ ਰੂਪਕ ਪੱਖ ਨੂੰ ਹੀ ਮਹੱਤਵ ਦਿੰਦੇ ਹਨ।

ਇੱਕ ਹੋਰ ਧਾਰਨਾ ਅਨੁਸਾਰ, ਭਾਰਤ ਵਿੱਚ ਫਾਸ਼ੀਵਾਦ ਦਾ ਕੋਈ ਖ਼ਤਰਾ ਮੌਜੂਦ ਨਹੀਂ ਹੈ। ਇਹ ਆਪਾਸ਼ਾਹ ਸਟੇਟ/ਰਿਆਸਤ ਹੈ ਪਰ ਸਾਨੂੰ ਇਹ ਸਮਝਣਾ ਪਵੇਗਾ ਕਿ ਤਾਨਾਸ਼ਾਹੀ ਅਤੇ ਫਾਸ਼ੀਵਾਦੀ ਤਾਨਾਸ਼ਾਹੀ ਵਿੱਚ ਕੀ ਫ਼ਰਕ ਹੈ। ਇਸ ਫ਼ਰਕ ਨੂੰ ਸਮਝੇ ਬਿਨਾਂ ਅਸੀਂ ਕੇਂਦਰ ਸਰਕਾਰ ਖ਼ਿਲਾਫ਼ ਸਹੀ ਢੰਗ ਨਾਲ਼ ਪਾਲਾਬੰਦੀ ਨਹੀਂ ਕਰ ਸਕਦੇ। ਜਿਸ ਤਰਾਂ ਦਮਿਤਰੋਵ ਨੇ ਕਿਹਾ ਸੀ- "ਫਾਸ਼ੀਵਾਦ ਦਾ ਸੱਤਾ ਤੇ ਕਬਜ਼ਾ ਬੁਰਜੂਆ ਸਰਕਾਰ ਦੀ ਥਾਂ ਦੂਜੀ ਬੁਰਜੂਆ ਸਰਕਾਰ ਦਾ ਸਾਧਾਰਨ ਰੂਪ ਵਿੱਚ ਆ ਜਾਣਾ ਨਹੀਂ ਹੈ ਸਗੋਂ ਬੁਰਜੂਆਜੀ ਦੇ ਜਮਾਤੀ ਰਾਜ ਦੇ ਇੱਕ ਰੂਪ, ਬੁਰਜੂਆ ਜਮਹੂਰੀਅਤ ਦੀ ਥਾਂ ਇੱਕ ਦੂਸਰੇ ਰੂਪ ਵਿੱਚ ਨੰਗੀ-ਚਿੱਟੀ ਜਾਬਰ ਤਾਨਾਸ਼ਾਹੀ ਨੂੰ ਦੇਣਾ ਹੈ।"

ਕਰਨਾਟਕਾ ਹਾਈ ਕੋਰਟ ਦੇ ਅੰਤਰਿਮ ਫ਼ੈਸਲੇ ਵਿੱਚ ਹਿਜਾਬ ਅਤੇ ਭਗਵਾਂ ਸ਼ਾਲ ਉੱਪਰ ਓਨਾ ਸਮਾਂ ਰੋਕ ਲਾ ਦਿੱਤੀ ਹੈ ਜਿੰਨਾ ਸਮਾਂ ਆਖ਼ਰੀ ਫ਼ੈਸਲਾ ਨਹੀਂ ਹੋ ਜਾਂਦਾ। ਇਸ ਲਈ ਨਿਆਂ ਪਾਲਿਕਾ ਵੀ ਇਸ ਫ਼ਿਰਕੂ ਧਰੁਵੀਕਰਨ ਦੀ ਸਿਆਸਤ ਆਪਣਾ ਨਿਰਪੱਖਤਾ ਦਾ ਕਿਰਦਾਰ ਬਚਾਅ ਨਹੀਂ ਰੱਖ ਪਾ ਰਹੀ। ਇਸ ਧਾਰਨਾ ਨੂੰ ਸਮਝਦੇ ਹੋਏ ਲੋਕਾਂ ਦੇ ਪਹਿਨਣ, ਖਾਣ-ਪੀਣ ਤੇ ਬੋਲਣ ਦੇ ਬੁਨਿਆਦੀ ਅਧਿਕਾਰ ਦੀ ਰਾਖੀ ਕਰਦੇ ਹੋਏ ਕਰਨਾਟਕ ਦੇ ਵਿਦਿਆਰਥੀਆਂ ਦੇ ਹੱਕ ਵਿੱਚ ਡਟਣਾ ਸਮੇਂ ਦੀ ਲੋੜ ਹੈ।

# ਸ਼ਰੇਆਮ ਹੋ ਰਹੀ ਹੈ ਲੁੱਟ ਤੇ ਖੱਜਲ-ਖੁਆਰੀ ਪਰਵਾਸੀ ਪੰਜਾਬੀਆਂ ਦੀ ਅੰਮ੍ਰਿਤਸਰ ਹਵਾਈ ਅੱਡੇ 'ਤੇ



**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)ਯੂ.ਕੇ.**

ਅੰਮ੍ਰਿਤਸਰ ਦਾ ਹਵਾਈ ਅੱਡਾ ਬੇਸ਼ੱਕ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ 'ਤੇ ਬਣਿਆ ਹੋਇਆ ਹੈ ਅਤੇ ਹਵਾਈ ਅੱਡੇ ਦੇ ਅੰਦਰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਤੇ ਹੋਰ ਵੀ ਬਹੁਤ ਸਾਰੀਆਂ ਇਤਿਹਾਸਕ ਤਸਵੀਰਾਂ ਦੇਖਣ ਨੂੰ ਮਿਲਦੀਆਂ ਹਨ ਜੋ ਇਹ ਪ੍ਰਭਾਵ ਛੱਡਦੀਆਂ ਹਨ ਕਿ ਤੁਸੀਂ ਦੁਨੀਆਂ ਦੇ ਇੱਕ ਬਹੁਤ ਹੀ ਇਤਿਹਾਸਕ ਤੇ ਪਵਿੱਤਰ ਸ਼ਹਿਰ 'ਚ ਉਸਾਰੇ ਗਏ ਹਵਾਈ ਅੱਡੇ 'ਤੇ ਵਿਚਰ ਰਹੇ ਹੋ । ਹਵਾਈ ਅੱਡੇ ਦੇ ਅੰਦਰਲੇ ਨਜ਼ਾਰੇ ਨੂੰ ਦੇਖਕੇ ਇੰਜ ਮਹਿਸੂਸ ਹੁੰਦਾ ਹੈ ਕਿ ਇੱਥੋਂ ਆਉਣ ਤੇ ਜਾਣ ਵਾਲੇ ਮੁਸਾਫ਼ਰਾਂ ਦਾ ਗੁਰਬਾਣੀ ਦੀ ਭਾਵਨਾ ਮੁਤਾਬਿਕ ਬਹੁਤ ਖਿਆਲ ਰੱਖਿਆ ਜਾਵੇਗਾ, ਆਉਣ ਤੇ ਜਾਣ ਵੇਲੇ ਨਿੱਘਾ ਤੇ ਯਾਦਗਾਰੀ ਸਵਾਗਤ ਹੋਵੇਗਾ । ਹਰ ਆਉਣ ਤੇ ਜਾਣ ਵਾਲਾ ਇਸ ਹਵਾਈ ਅੱਡੇ ਤੋਂ ਯਾਦਗਾਰੀ ਪ੍ਰਭਾਵ ਸਮੇਤ ਕਈ ਅਭੁੱਲ ਯਾਦਾਂ ਨਾਲ਼ ਲੈ ਕੇ ਜਾਵੇਗਾ, ਪਰ ਅਫ਼ਸੋਸ ਕਿ ਅਸਲੀਅਤ ਕੁਝ ਹੋਰ ਹੀ ਹੈ । ਇਸ ਹਵਾਈ ਅੱਡੇ 'ਤੇ ਆਉਣ ਤੇ ਜਾਣ ਵਾਲੇ ਐਨ. ਆਰ. ਆਈਜ਼ ਦੀ ਜੋ ਖੱਜਲ-ਖੁਆਰੀ ਤੇ ਲੁੱਟ ਹੋ ਰਹੀ ਹੈ, ਉਸ ਨੂੰ ਦੇਖ ਕੇ ਰੂਹ ਕੰਬ ਉੱਠਦੀ ਹੈ ਤੇ ਮੁਸਾਫ਼ਰਾਂ ਦੇ ਮੂੰਹੋਂ ਬਦੋਬਦੀ ਏਹੀ ਨਿਕਲਦਾ ਹੈ ਕਿ ਵਾਪਸ ਇਸ ਹਵਾਈ ਅੱਡੇ 'ਤੇ ਨਾ ਹੀ ਉਹ ਆਪ ਤੇ ਨਾ ਹੀ ਦੂਸਰਿਆਂ ਨੂੰ ਇਸ ਹਵਾਈ ਅੱਡੇ 'ਤੇ ਉਤਰਨ ਤੇ ਚੜਨ ਦੀ ਹੀ ਸਲਾਹ ਦੇਵੇਗਾ ।

ਯੋਰਪੀਅਨ ਦੇਸ਼ਾਂ ਤੋ ਕੁਝ ਕੁ ਹਫ਼ਤਿਆਂ ਲਈ ਵਤਨ ਪਰਤਣ ਵਾਲੇ ਪਰਵਾਸੀ ਪੰਜਾਬੀਆਂ ਨੂੰ ਇਸ ਹਵਾਈ ਅੱਡੇ 'ਤੇ ਉਤਰਨ ਚੜਨ ਵੇਲੇ ਇਸ ਤਰਾਂ ਰੋਕਿਆ ਜਾਂਦਾ ਹੈ ਜਿਵੇਂ ਕਿਸੇ ਭੇਡਾਂ ਦੇ ਵੱਗ ਨੂੰ । ਜਹਾਜ਼ ਵਿੱਚੋਂ ਉੱਤਰਦਿਆਂ ਹੀ ਇੱਕ ਜਗਾ ਬਿਨਾਂ ਵਜਾ ਬਿਠਾ ਲਿਆ ਜਾਂਦਾ ਹੈ ਤੇ ਫਿਰ ਮਰਜ਼ੀ ਮੁਤਾਬਿਕ ਛਾਂਟ-ਛਾਂਟ ਕੇ ਪੰਜਾਂ ਦਸਾਂ ਦੇ ਗਰੁੱਪਾਂ ਵਿੱਚ ਅੱਗੇ ਭੇਜਿਆ ਜਾਂਦਾ ਹੈ । ਅੱਗੇ ਇਮੀਗਰੇਸ਼ਨ ਵਾਲੇ ਚੈੱਕ ਅੱਪ ਤੋਂ ਬਾਅਦ ਮੁਸਾਫ਼ਰ ਜਦ ਆਪੋ ਆਪਣਾ ਸਮਾਨ ਕਲੇਮ ਚੁੱਕ ਕੇ ਜਦ ਬਾਹਰ ਵੱਲ ਵਧਣ ਲੱਗਦੇ ਹਨ ਤਾਂ ਅੱਗੇ ਉਹਨਾਂ ਨੂੰ ਰੋਕ ਕੇ ਕੋਵਿਡ ਪੀ. ਸੀ. ਆਰ. ਟੈਸਟ ਦੇ ਨਾਮ 'ਤੇ ਉਹਨਾਂ ਦੀ ਲੁੱਟ ਤੇ ਖੱਜਲ—ਖੁਆਰੀ ਕੀਤੀ ਜਾਂਦੀ ਹੈ । ਬੇਸ਼ੱਕ ਕਿਸੇ ਮੁਸਾਫ਼ਰ ਦੀ ਪੀ. ਸੀ. ਆਰ. ਰਿਪੋਰਟ ਕੁਝ ਕੁ ਘੰਟੇ ਪਹਿਲਾਂ ਹੀ ਕਿਸੇ ਦੂਸਰੇ ਮੁਲਕ ਦੀ ਕੀਤੀ ਹੋਵੇ, ਉਸ ਨੂੰ ਏਅਰਪੋਰਟ ਦਾ ਅਮਲਾ ਫੈਲਾ ਮਿੰਟਾਂ ਵਿੱਚ ਹੀ ਇਨਵੈਲਡ ਕਰਾਰ ਦੇ ਕੇ 1200 ਤੋਂ 3000 ਰੁਪਏ ਅਦਾ ਕਰਨ ਦਾ ਹੁਕਮ ਦੇ ਕੇ ਨਵੀਂ ਰਿਪੋਰਟ ਪ੍ਰਾਪਤ ਕਰਨ ਦਾ ਫ਼ਤਵਾ ਚਾੜ ਦੇਂਦਾ । ਮੁਸਾਫ਼ਰ ਦਾ ਪਾਸਪੋਰਟ ਰੱਖ ਲਿਆ ਜਾਂਦਾ ਹੈ ਤੇ ਨਵੀਂ ਰਿਪੋਰਟ ਇੱਕ ਘੰਟੇ ਤੋਂ ਡੇਢ ਘੰਟੇ ਵਿੱਚ ਦੇਣ ਦੇ ਵਾਅਦੇ ਨਾਲ਼ ਪੈਸੇ ਲਏ ਜਾਂਦੇ ਹਨ ਤੇ ਬਾਅਦ ਵਿੱਚ ਚਾਰ ਤੋ ਛੇ ਘੰਟੇ ਹਵਾਈ ਅੱਡੇ ਦੇ ਅੰਦਰ ਖੱਜਲ ਕਰਨ ਤੋਂ ਬਾਅਦ ਰਿਪੋਰਟ ਤੇ ਪਾਸਪੋਰਟ ਦਿੱਤੇ ਜਾਂਦੇ ਹਨ । ਕਈ ਮੁਸਾਫ਼ਰਾਂ ਨੂੰ 12 ਘੰਟੇ ਤੱਕ ਵੀ ਹਵਾਈ ਅੱਡੇ ਦੇ ਅੰਦਰ ਹੀ ਡੱਕੀ ਰੱਖਿਆ ਜਾਂਦਾ ਹੈ । ਇੱਥੇ ਇਹ ਜ਼ਿਕਰਯੋਗ ਹੈ ਕਿ ਕੋਵਿਡ ਨਾਲ਼ ਸੰਬੰਧਿਤ ਸਾਰੇ ਟੈਸਟ ਯੂ.ਕੇ. ਤੇ ਭਾਰਤ ਦੇ ਸਰਕਾਰੀ ਸਿਹਤ ਵਿਭਾਗਾਂ/ਹਸਪਤਾਲਾਂ ਵਿੱਚੋਂ ਮੁਫ਼ਤ ਕਰਵਾਏ ਜਾ ਸਕਦੇ ਹਨ ।

ਦੂਜੇ ਪਾਸੇ ਕਿਸੇ ਮੁਸਾਫ਼ਰ ਨੂੰ ਲੈਣ ਆਏ ਉਸ ਦੇ ਰਿਸ਼ਤੇਦਾਰ ਹਵਾਈ ਅੱਡੇ ਦੇ ਬਾਹਰ ਜਿਸ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹੁੰਦੇ ਹਨ, ਉਹ ਅਲੱਗ ਦੀ ਸਮੱਸਿਆ ਹੈ ,ਕਿਉਂਕਿ ਹਵਾਈ ਅੱਡੇ ਦੇ ਬਾਹਰ ਨਾ ਹੀ ਬੈਠਣ ਤੇ ਨਾ ਹੀ ਪੀਣ ਵਾਲੇ ਪਾਣੀ ਦਾ ਕੋਈ ਢੁਕਵਾਂ ਪ੍ਰਬੰਧ ਹੈ ।

ਏਹੀ ਹਾਲ ਆਪਣੀ ਯਾਤਰਾ ਪੂਰੀ ਕਰਨ ਉਪਰੰਤ ਵਾਪਸ ਜਾਣ ਵਾਲਿਆਂ ਦਾ ਕੀਤਾ ਜਾਂਦਾ ਹੈ । ਹਵਾਈ ਅੱਡੇ ਅੰਦਰ ਦਾਖ਼ਲ ਹੋਣ ਵੇਲੇ ਪੁਲਿਸ ਵਾਲੇ ਕਾਗਜ਼ ਚੈੱਕ ਕਰਕੇ ਅੰਦਰ ਜਾਣ ਦੇਂਦੇ ਹਨ ਤੇ ਹਵਾਈ ਅੱਡੇ ਦੇ ਅੰਦਰ ਵੜਦਿਆਂ ਹੀ ਲੁੱਟ ਦੀ ਦੁਕਾਨ ਦਾ ਸਾਹਮਣਾ ਕਰਨਾ ਪੈਂਦਾ ਹੈ ਜਿੱਥੇ ਕਾਗਜ਼ ਚੈੱਕ ਕਰਨ ਦੇ ਨਾਮ ਹੇਠ ਹਰ ਯਾਤਰੀ ਨੂੰ ਗਧੀ ਗੇੜ ਪਾ ਕੇ ਸਿਰੇ ਦਾ ਪਰੇਸ਼ਾਨ ਕੀਤਾ ਜਾਂਦਾ ਹੈ । ਕਾਗਜ਼ਾਂ 'ਤੇ ਮੀਨ ਮੇਖ ਕੀਤੀ ਜਾਂਦੀ ਹੈ, ਇਤਰਾਜ਼ ਲਾਏ ਜਾਂਦੇ ਹਨ, ਕਈਆਂ ਨੂੰ ਇਹ ਵੀ ਕਿਹਾ ਜਾਂਦਾ ਹੈ ਉਹਨਾ ਦੀ ਫ਼ੋਟੋ ਪਾਸਪੋਰਟ ਵਾਲੀ ਫ਼ੋਟੋ ਨਾਲ਼ ਮੇਲ ਨਹੀਂ ਖਾਂਦੀ, ਕਈਆਂ ਉੱਤੇ ਜਾਅਲੀ ਦਸਤਾਵੇਜ਼ ਪੇਸ਼ ਕਰਨ ਦਾ ਦੋਸ਼ ਵੀ ਮੜਿਆ ਜਾਂਦਾ ਹੈ । ਕਹਿਣ ਦਾ ਭਾਵ ਇਹ ਕਿ ਇਸ ਹਵਾਈ ਅੱਡੇ ਦੇ ਅੰਦਰ ਵੜਦਿਆਂ ਹੀ ਪਰੇਸ਼ਾਨੀ ਸ਼ੁਰੂ ਹੋ ਜਾਂਦੀ ਹੈ, ਜਿਸ ਕਾਰਨ ਕਈਆਂ ਦੀਆਂ ਉਡਾਣਾਂ ਨਿਕਲ ਜਾਂਦੀਆਂ ਹਨ ਤੇ ਉਹਨਾਂ ਨੂੰ ਵਾਪਸ ਮੁੜਕੇ ਦੁਬਾਰਾ ਨਵੀਂਆਂ ਟਿਕਟਾਂ ਲੈਣ ਵਾਸਤੇ ਟਰੈਵਲ ਏਜੰਟਾਂ ਦੀ ਦੂਹਰੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ । ਇਸ ਹਵਾਈ ਅੱਡੇ 'ਤੇ ਮੈ ਲੋਕ ਰੋਂਦੇ ਦੇਖੇ ਹਨ, ਆਪਣੀਆਂ ਨੌਕਰੀਆਂ ਦਾ ਵਾਸਤਾ ਪਾਉਂਦੇ ਤੇ ਇਹ ਕਹਿੰਦੇ ਸੁਣੇ ਹਨ ਕਿ ਉਹ ਆਪਣੀ ਜ਼ਿੰਦਗੀ ਵਿੱਚ ਇਸ ਹਵਾਈ ਅੱਡੇ 'ਤੇ ਮੁੜ ਕਦੇ ਵੀ ਨਹੀਂ ਨਾ ਹੀ ਉਤਰਨਗੇ ਤੇ ਨਾ ਹੀ ਇੱਥੋਂ ਚੜਨਗੇ ।

ਹੈਰਾਨੀ ਦੀ ਹੱਦ ਤਾਂ ਉਦੋਂ ਹੁੰਦੀ ਹੈ ਕਿ ਜਦੋਂ ਇਸ ਹਵਾਈ ਅੱਡੇ ਦਾ ਅਮਲਾ ਫੈਲਾ ਕਿਸੇ ਮੁਸਾਫ਼ਰ ਦੇ ਲੋੜੀਂਦੇ ਦਸਤਾਵੇਜ਼ ਪੂਰੇ ਹੋਣ ਦੇ ਬਾਵਜੂਦ ਵੀ ਕੋਈ ਹੋਰ ਆਨੇ ਬਹਾਨੇ ਲਭਕੇ ਉਸ ਨੂੰ ਜਹਾਜ਼ ਚੜਨ ਤੋਂ ਰੋਕਣ ਦੀ ਕੋਸ਼ਿਸ਼ ਕਰਕੇ ਪਰੇਸ਼ਾਨ ਕਰਦਾ ਹੈ । ਮੈਂ ਆਪਣੀ ਵਾਪਸੀ ਉਪਰੰਤ ਵਾਇਆ ਦੁਬਈ, ਬਰਮਿੰਘਮ ਪਹੁੰਚਿਆ ਹਾਂ । ਅੰਮ੍ਰਿਤਸਰ ਤੋਂ ਦੁਬਈ ਜਾਣ ਵਾਸਤੇ ਟਿਕਟ ਸਮੇਤ ਸਿਰਫ਼ ਇੱਕ ਆਨਲਾਈਨ ਸੈਲਫ਼ ਡੈਕਲਾਰੇਸ਼ਨ ਦੇਣ ਦੀ ਜ਼ਰੂਰਤ ਹੁੰਦੀ ਹੈ ਤੇ ਕੋਵਿਡ-19 ਸੰਬੰਧੀ ਦਿੱਤੀਆਂ ਗਾਈਡ ਲਾਈਨਜ਼ ਅਨੁਸਾਰ ਨੱਕ, ਮੂੰਹ 'ਤੇ ਮਾਸਕ ਪਹਿਨਣਾ ਜ਼ਰੂਰੀ ਹੈ । ਪੀ. ਸੀ. ਆਰ. ਟੈਸਟ ਦੀ ਬਿਲਕੁਲ ਵੀ ਲੋੜ ਨਹੀਂ , ਜਿਸ ਨੇ ਦੁਬਈ ਤੋ ਅੱਗੇ ਸਫ਼ਰ ਕਰਨਾ ਹੈ, ਉਸ ਵਾਸਤੇ ਕਿਸੇ ਤਰਾਂ ਦਾ ਵੀਜ਼ਾ ਲੈਣ ਦੀ ਵੀ ਜ਼ਰੂਰਤ ਨਹੀਂ ਹੁੰਦੀ, ਪਰ ਮੇਰੀ ਹੈਰਾਨੀ ਦੀ ਉਸ ਵੇਲੇ ਹੱਦ ਨਹੀਂ ਰਹੀ ਜਦੋਂ ਪਹਿਲਾਂ ਤਾਂ ਅੰਮ੍ਰਿਤਸਰ ਹਵਾਈ ਅੱਡੇ ਦੇ ਅਮਲੇ ਫੈਲੇ ਨੇ ਮੈਨੂੰ 12 ਸੌ ਰੁਪਇਆ ਜਮਾਂ ਕਰਾ ਕੇ ਪੀ. ਸੀ. ਆਰ. ਟੈਸਟ ਕਰਾਉਣ ਵਾਸਤੇ ਕਿਹਾ । ਜਦੋਂ ਉਹਨਾ ਨੂੰ ਮੈਂ ਆਪਣੇ ਤਾਜ਼ੇ ਕਰਵਾਏ ਦੋ ਪੀ. ਸੀ. ਆਰ. ਟੈਸਟ ਦਿਖਾਏ ਤਾਂ ਉਹਨਾਂ ਨੇ ਇਹਨਾਂ ਦੋਹਾਂ ਟੈਸਟਾਂ ਨੂੰ ਇਹ ਕਹਿਕੇ ਮੰਨਣ ਤੋਂ ਆਨਾਕਾਨੀ ਕੀਤੀ ਕਿ ਇਹਨਾਂ ਦੋਵੇਂ ਟੈਸਟਾਂ ਉੱਤੇ ਇੱਕ 'ਤੇ ਬਾਰਕੋਡ ਨਹੀਂ ਤੇ ਦੂਸਰੇ ਉੱਤੇ ਟੈਸਟ ਕਰਨ ਵਾਲੇ ਨੋਡਲ ਅਧਿਕਾਰੀ ਦਾ ਨਾਮ 'ਤੇ ਸਟੈਂਪ ਨਹੀਂ । ਦੋਵੇਂ ਟੈਸਟ ਸਿਵਲ ਹਸਪਤਾਲ ਫ਼ਰੀਦਕੋਟ ਤੋਂ ਕਰਵਾਏ ਗਏ ਸਨ । ਫਿਰ ਉਹਨਾਂ ਦੀ ਤਸੱਲੀ ਵਾਸਤੇ ਮੈਂ ਉਹਨਾਂ ਨੂੰ ਟੈਸਟਾਂ ਦੀ ਅਸਲ ਈ-ਮੇਲ ਦਿਖਾਈ ਤੇ ਨਾਲ਼ ਹੀ ਇਹ ਵੀ ਦੱਸਿਆ ਕਿ ਦੁਬਈ ਹਵਾਈ ਅੱਡੇ 'ਤੇ ਇਹਨਾ ਟੈਸਟਾਂ ਦੀ ਕੋਈ ਲੋੜ ਨਹੀਂ ਤੇ ਇਹ ਤਾਂ ਸਿਰਫ਼ ਮੈਂ ਆਪਣੀ ਸਿਹਤ ਦਾ ਸ਼ੰਕਾ ਕੱਢਣ ਵਾਸਤੇ ਕਰਵਾਏ ਹਨ ਤਾਂ ਉਹ ਅਧਿਕਾਰੀ ਇਸ ਵਿਸ਼ੇ 'ਤੇ ਹੀ ਮੇਰੇ ਨਾਲ਼ ਬਹਿਸ ਕਰਨ ਲੱਗ ਪਿਆ । ਜਦੋਂ ਉਸ ਨੂੰ ਦੁਬਈ ਸਰਕਾਰ ਦੀਆ ਆਨਲਾਈਨ ਕੋਵਿਡ ਗਾਈਡ ਲਾਈਨਜ਼ ਕੱਢਕੇ ਦਿਖਾਈਆਂ ਤਾਂ ਚੁੱਪ ਕਰ ਗਿਆ । ਇਹ ਉਕਤ ਮਸਲਾ ਤਾਂ ਹੱਲ ਹੋ ਗਿਆ ਹੁਣ ਉਸ ਨੇ ਮੈਨੂੰ ਰੋਕਣ ਦੀ ਅਗਲੀ ਢੁੱਚਰ ਇਹ ਡਾਹੀ ਕਿ ਤੇਰੇ ਕੋਲ਼ ਦੁਬਈ ਦਾ ਵੀਜ਼ਾ ਨਹੀਂ ਹੈ, ਇਸ ਕਰਕੇ ਤੈਨੂੰ ਉੱਥੇ ਹਵਾਈ ਅੱਡੇ 'ਤੇ ਉਤਰਨ ਨਹੀਂ ਦਿੱਤਾ ਜਾਵੇਗਾ ਤਾਂ ਮੈ ਉਸ ਨੂੰ ਇੱਕ ਹੀ ਜਵਾਬ ਦਿੱਤਾ ਕਿ ਇਸ ਮਸਲੇ ਨਾਲ਼ ਤੁਹਾਡਾ ਕੋਈ ਲੈਣ ਦੇਣ ਨਹੀਂ ਹੈ, ਤੁਸੀ ਆਪਣਾ ਕੰਮ ਕਰੋ ਤੇ ਦੁਬਈ ਮੇਰੇ ਨਾਲ਼ ਕੀ ਹੁੰਦਾ ਹੈ ਜਾਂ ਨਹੀਂ ਉਸ ਦਾ ਹੱਲ ਮੈ ਦੁਬਈ ਜਾ ਕੇ ਕਰਾਂਗਾ । ਜਦੋਂ ਉਹ ਨਾ ਮੰਨਿਆ ਤਾਂ ਮੈਂ ਉਸ ਨੂੰ ਉਸਦੇ ਕਿਸੇ ਵੱਡੇ ਅਧਿਕਾਰੀ ਨਾਲ਼ ਮਿਲਾਉਣ ਜਾਂ ਗੱਲ ਕਰਾਉਣ ਨੂੰ ਕਿਹਾ, ਜਿਸ ਨੂੰ ਬਹਿਸ ਕਰਕੇ ਮੇਰਾ ਸਮਾਂ ਖ਼ਰਾਬ ਕਰ ਰਹੇ ਕਰਮਚਾਰੀ ਨੇ ਫ਼ੋਨ ਕਰਕੇ ਸੱਦ ਲਿਆ । ਉੱਚ ਅਧਿਕਾਰੀ ਨੇ ਮੇਰੀ ਸਾਰੀ ਗੱਲ ਧਿਆਨ ਨਾਲ਼ ਸੁਣੀ ਤੇ ਸਮਝੀ, ਤਾਂ ਜਾ ਕੇ ਮੈਨੂੰ ਹਵਾਈ ਜਹਾਜ਼ ਵਿੱਚ ਬੈਠਣ ਦੀ ਇਜਾਜ਼ਤ ਮਿਲੀ ।

ਇਸੇ ਦੌਰਾਨ ਮੈਂ ਬਹੁਤ ਸਾਰੇ ਯਾਤਰੀ ਹਵਾਈ ਅੱਡੇ ਦੇ ਅਮਲੇ ਨਾਲ਼ ਝਗੜਦੇ ਬਹਿਸ ਕਰਦੇ ਵੀ ਦੇਖੇ , ਪਰੇਸ਼ਾਨੀ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਮਸਲੇ ਦੇ ਹੱਲ ਵਾਸਤੇ ਫ਼ੋਨ ਕਰਦੇ ਵੀ ਦੇਖੇ, ਕੁਝ ਕੁ ਭੁੱਬਾਂ ਮਾਰ-ਮਾਰ ਰੋਂਦੇ ਵੀ ਦੇਖੇ ਤੇ ਮਾਯੂਸ ਹੋ ਕੇ ਉਡਾਣ ਫੜੇ ਬਿਨਾਂ ਹੀ ਜਾਂ ਮਿਸ ਹੋ ਜਾਣ ਕਾਰਨ ਵਾਪਸ ਮੁੜਦੇ ਵੀ ਦੇਖੇ।

ਇਸੇ ਦੌਰਾਨ ਇਹ ਦੇਖਣ ਵਿੱਚ ਵੀ ਆਇਆ ਕਿ ਹਵਾਈ ਅੱਡੇ ਦੇ ਅੰਦਰ ਜਿਸ ਦੀ ਲਾਠੀ ਉਸ ਦੀ ਮੱਝ ਵਾਲਾ ਰੂਲ ਵੀ ਪੂਰੀ ਤਰਾਂ ਲਾਗੂ ਹੈ ।

ਸ਼ਿਫਾਰਸ਼ੀਆਂ ਨੂੰ ਬਿਨਾਂ ਕਿਸੇ ਪੁੱਛ ਗਿੱਛ ਅੰਦਰ ਜਹਾਜ਼ ਤੱਕ ਪਹੁੰਚਾਇਆ ਜਾਂਦਾ ਹੈ ਤੇ ਉਤਾਰ ਕੇ ਬਿਨਾਂ ਕਿਸੇ ਰੋਕ-ਟੋਕ ਬਾਹਰ ਲਿਆਂਦਾ ਜਾਂਦਾ ਹੈ । ਕੁਝ ਲੀਡਰ ਵੀ ਦੇਖੇ ਜੋ ਗੰਨਮੈਨ ਲੈ ਕੇ ਅੰਦਰ ਇਮੀਗਰੇਸ਼ਨ ਚੈੱਕ ਦੇ ਪਾਰ ਜਾ ਕੇ ਆਪਣੇ ਰਿਸ਼ਤੇਦਾਰਾਂ ਨੂੰ ਲੈ ਕੇ ਵੀ ਆਏ ਤੇ ਛੱਡਕੇ ਆਏ ।

ਅੰਮ੍ਰਿਤਸਰ ਗੁਰੂ ਰਾਮਦਾਸ ਹਵਾਈ ਅੱਡੇ 'ਤੇ ਵਾਪਰਿਆ ਇਹ ਸਭ ਉਕਤ ਵਰਤਾਰਾ ਅੱਖੀਂ ਦੇਖ ਕੇ ਮਨ ਅਤਿ ਦੁਖੀ ਹੋਇਆ ਤੇ ਸੋਚਣ ਨੂੰ ਮਜਬੂਰ ਵੀ ਹੋਇਆ ਕਿ ਜੋ ਲੋਕ ਆਰਥਿਕ ਤੰਗੀਆ ਤੁਰਸ਼ੀਆਂ ਕਾਰਨ ਪਰਵਾਸੀ ਦਾ ਟੈਗ ਲਗਵਾ ਕੇ ਆਪਣੇ ਵਤਨ ਤੋਂ ਉਜੜੇ ਸਨ, ਹੁਣ ਜਦ ਕਦੇ ਵਤਨ ਦੇ ਮੋਹ ਦੇ ਖਿੱਚੇ ਵਾਪਸ ਪਰਤਦੇ ਹਨ ਤਾਂ ਫਿਰ ਹਵਾਈ ਅੱਡੇ ਤੇ ਲੁੱਟ ਅਤੇ ਖੱਜਲ-ਖੁਆਰੀ ਦਾ

# ਸੰਘ ਪਰਿਵਾਰ ਸ਼ਹੀਦਾਂ ਉੱਪਰ ਕਬਜ਼ਾ ਕਰਨ ਲੱਗਾ

### ਵਿਸ਼ਵਾ ਮਿੱਤਰ

ਵੈਸੇ ਤਾਂ ਕਿਸੇ ਵੀ ਦੇਸ਼ ਦੇ ਸ਼ਹੀਦ ਉਸ ਦੇ ਸਾਰੇ ਲੋਕਾਂ ਦੇ ਸ਼ਹੀਦ ਹੁੰਦੇ ਹਨ ਪਰ ਉਸ ਦੇਸ਼ ਦੇ ਗ਼ੱਦਾਰਾਂ ਨੂੰ ਇਹ ਕਹਿਣ ਦਾ ਕੋਈ ਹੱਕ ਨਹੀਂ ਹੁੰਦਾ ਕਿ ਉਹ ਲੋਕਾਂ ਲਈ ਕੁਰਬਾਨੀਆਂ ਦੇਣ ਵਾਲੀਆਂ ਨੂੰ ਆਪਣਾ ਸ਼ਹੀਦ ਪ੍ਰਚਾਰਨ। ਜਿਹੜੇ ਲੋਕਾਂ ਨੇ ਇੱਕ ਜਾਂ ਵਧੇਰੇ ਸ਼ਹੀਦਾਂ ਨੂੰ ਅੱਧੀ ਸਦੀ ਤੋਂ ਵੱਧ ਸਮੇਂ ਲਈ ਆਪਣਾ ਸ਼ਹੀਦ ਨਹੀਂ ਮੰਨਿਆ, ਉਹ ਹੁਣ ਆ ਕੇ ਜੇਕਰ ਸਾਰਾ ਜ਼ੋਰ ਇਸ ਗੱਲ 'ਤੇ ਲਗਾ ਦੇਣ ਕਿ ਇਹ ਸਾਡੇ ਸ਼ਹੀਦ ਹਨ ਤਾਂ ਗੱਲ ਹਾਸੋਹੀਣੀ ਹੋ ਜਾਂਦੀ ਹੈ। ਸੁਭਾਸ਼ ਚੰਦਰ ਬੋਸ ਜਿਹੜਾ ਕਿ ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਅਜ਼ਾਦ ਕਰਵਾਉਣ ਲਈ ਕਿਸੇ ਕਾਰਨ ਰੂਸ ਨਾ ਜਾ ਸਕਿਆ ਅਤੇ ਅੰਗਰੇਜ਼ੀ ਹਕੂਮਤ ਦੇ ਦੁਸ਼ਮਣ ਜਰਮਨ ਚਲਾ ਗਿਆ, ਜਰਮਨ ਅਤੇ ਜਾਪਾਨ ਵੱਲੋਂ ਕੈਦ ਕੀਤੇ ਅੰਗਰੇਜ਼ੀ ਸਰਕਾਰ ਦੇ ਭਾਰਤੀ ਫ਼ੌਜੀਆਂ ਤੋਂ ਅਜ਼ਾਦ ਹਿੰਦ ਫ਼ੌਜ ਬਣਾਈ, ਉਸ ਨੂੰ ਅੱਧੀ ਸਦੀ ਤੱਕ ਭਾਜਪਾ ਨੇ ਆਪਣਾ ਸ਼ਹੀਦ ਨਹੀਂ ਮੰਨਿਆ। ਹੋਰ ਤਾਂ ਹੋਰ ਸਾਵਰਕਰ ਜੋ ਕਿ ਆਰ.ਐੱਸ.ਐੱਸ. ਦੀ ਅਹਿਮ ਹਸਤੀ ਸੀ, ਜਦੋਂ ਅਜ਼ਾਦ ਹਿੰਦ ਫ਼ੌਜ ਭਾਰਤ ਦੇ ਉੱਤਰ ਪੂਰਬ ਤੱਕ ਪਹੁੰਚ ਗਈ ਤਾਂ ਉਸ ਨੇ 1941 ਵਿੱਚ ਹਿੰਦੂ ਮਹਾਂ ਸਭਾ ਦੇ 23ਵੇਂ ਇਜਲਾਸ ਵਿੱਚ ਭਾਗਲਪੁਰ ਵਿਖੇ ਭਾਸ਼ਣ ਦਿੱਤਾ, 'ਜੰਗ ਸਾਡੀਆਂ ਬਰੂਹਾਂ ਤੱਕ ਪੁੱਜ ਚੁੱਕੀ ਹੈ। ਇਸ ਨਾਲ਼ ਇੱਕ ਖ਼ਤਰਾ ਵੀ ਪੈਦਾ ਹੋ ਗਿਆ ਹੈ ਅਤੇ ਇੱਕ ਮੌਕਾ ਵੀ ਮਿਲਿਆ ਹੈ। ਹਿੰਦੂ ਮਹਾਂ-ਸਭਾ ਦੀਆਂ ਸਾਰੀਆਂ ਇਕਾਈਆਂ ਅਤੇ ਹੋਰ ਹਿੰਦੂ ਸੰਗਠਨ ਆਪ ਵੀ ਹਥਿਆਰਬੰਦ ਹੋਣ ਅਤੇ ਬਾਕੀ ਹਿੰਦੂਆਂ ਨੂੰ ਵੀ ਇਸ ਲਈ ਪ੍ਰੇਰਿਤ ਕਰਨ, ਅੰਗਰੇਜ਼ੀ ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਵਿੱਚ ਭਰਤੀ ਹੋਵੋ ਅਤੇ ਯੁੱਧ ਸਮੱਗਰੀ ਤਿਆਰ ਕਰਨ ਵਾਲੇ ਅਦਾਰਿਆਂ ਵਿੱਚ ਭਰਤੀ ਹੋਵੋ।' ਹੁਣ ਪਤਾ ਨਹੀਂ ਇਹ ਕਿਸ ਮੂੰਹ ਨਾਲ਼ ਸੁਭਾਸ਼ ਚੰਦਰ ਨੂੰ ਆਪਣਾ ਸ਼ਹੀਦ ਮੰਨ ਰਹੇ ਹਨ।

ਇਹੋ ਵਰਤਾਰਾ ਇਨਾਂ ਨੇ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨਾਲ਼ ਕੀਤਾ। ਪਹਿਲਾਂ ਤਾਂ ਆਰ.ਐੱਸ. ਐੱਸ ਅਤੇ ਉਸ ਤੋਂ ਉਪਜੇ ਹਿੰਦੂ ਮਹਾਂ ਸਭਾ, ਸ਼ਿਵ ਸੈਨਾ, ਬਜਰੰਗ ਦਲ, ਵਿਸ਼ਵ ਹਿੰਦੂ ਪਰਿਸ਼ਦ, ਅਖਿਲ ਭਾਰਤੀਯ ਵਿਦਿਆਰਥੀ ਪਰਿਸ਼ਦ, ਭਾਜਪਾ ਅਤੇ ਉਸ ਤੋਂ ਪਹਿਲਾਂ ਬਣੇ ਜਨਤਾ ਪਾਰਟੀ ਦਾ ਵੱਡਾ ਹਿੱਸਾ ਅਤੇ ਭਾਰਤੀਯ ਜਨਸੰਘ ਆਦਿ ਇਹਨਾਂ ਨੂੰ ਸ਼ਹੀਦ ਨਹੀਂ ਮੰਨਦੇ ਸਨ। ਕਾਰਣ ਇਹ ਕਿ ਸੰਘ ਪਰਿਵਾਰ ਸਾਰੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ 1925 ਵਿੱਚ ਹੋਂਦ ਵਿੱਚ ਆਉਣ ਤੋਂ ਹੀ ਕਾਰਜਸ਼ੀਲ ਹੈ ਪਰ ਭਗਤ ਸਿੰਘ ਕਮਿਊਨਿਸਟ ਵਿਚਾਰਧਾਰਾ ਦਾ ਸਮਰਥਕ ਸੀ। ਕਿਉਂਕਿ ਕਮਿਊਨਿਸਟ ਕਦੇ ਵੀ ਜਾਤ, ਧਰਮ, ਨਸਲ ਜਾਂ ਲਿੰਗ ਭੇਦ ਵੱਲ ਤਵੱਜੋ



ਨਹੀਂ ਦਿੰਦੇ ਇਸ ਲਈ ਹਿੰਦੂਤਵ ਦੇ ਸਮਰਥਕ ਭਗਤ ਸਿੰਘ ਨੂੰ ਆਪਣਾ ਸ਼ਹੀਦ ਮੰਨਣ ਤੋਂ ਇਨਕਾਰੀ ਸਨ। ਅੰਗਰੇਜ਼ਾਂ ਦੇ ਜਾਣ ਤੋਂ 30 ਸਾਲ ਬਾਅਦ ਭਗਤ ਸਿੰਘ ਨੂੰ ਸ਼ਹੀਦ ਤਾਂ ਕਹਿਣ ਲੱਗ ਪਏ ਪਰ ਉਸ ਨੂੰ ਆਪਣਾ ਆਦਰਸ਼ ਮੰਨਣ ਤੋਂ ਇਨਕਾਰੀ ਰਹੇ। ਸਿਆਸਤ ਦੇ ਰੰਗ ਵੇਖੋ, ਮੋਦੀ ਜੀ ਜਿਹੜੇ ਪਹਿਲਾਂ ਕਹਿੰਦੇ ਸਨ, 'ਮੈਂ ਹਿੰਦੂ ਰਾਸ਼ਟਰਵਾਦੀ ਹਾਂ'। ਉਨਾਂ ਨੇ 2016 ਵਿੱਚ ਬਿਆਨ ਦਿੱਤਾ ਕਿ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਭਾਰਤ ਦੇ ਮਹਾਨ ਸ਼ਹੀਦ ਹਨ। ਭਾਜਪਾ ਦੇ ਸਾਰੇ ਵਰਕਰ 23 ਮਾਰਚ ਤੋਂ ਤਿੰਨ ਦਿਨਾਂ ਲਈ ਸ਼ਹੀਦਾਂ ਦਾ ਗਾਇਆ ਗੀਤ, 'ਮੇਰਾ ਰੰਗ ਦੇ ਬਸੰਤੀ ਚੋਲ਼ਾ' ਗਾਉਣ।

ਯੁੱਗ ਭਾਵੇਂ ਬਦਲ ਜਾਵੇ ਪਰ ਪਿਛਲਾ ਇਤਿਹਾਸ ਕਦੇ ਨਹੀਂ ਬਦਲਦਾ। ਭਗਤ ਸਿੰਘ ਦੇ ਸਾਥੀ, ਸੁਭਾਸ਼ ਚੰਦਰ ਬੋਸ, ਗ਼ਦਰੀ ਬਾਬੇ, ਕੂਕੇ ਅਤੇ ਉਸ ਵੇਲੇ ਦੇ ਅਕਾਲੀ ਦੇਸ਼ ਪ੍ਰੇਮੀਆਂ ਦੇ ਸ਼ਹੀਦ ਹਨ, ਸੰਘ ਪਰਿਵਾਰ ਦੇ ਕਦੇ ਸ਼ਹੀਦ ਨਹੀਂ ਬਣ ਸਕਦੇ।

ਦੂਜਿਆਂ ਦੇ ਸ਼ਹੀਦਾਂ ਨੂੰ ਜੱਫਾ ਮਾਰਨ ਤੋਂ ਵੀ ਵੱਧ ਪਾਪ ਜਿਹੜਾ ਅੱਜ ਕੱਲ ਸੰਘ ਪਰਿਵਾਰ ਕਰ ਰਿਹਾ ਹੈ ਉਹ ਹੈ ਆਪਣੀ ਸਿਆਸਤ ਜਾਂ ਵਿਚਾਰਧਾਰਾ ਵਿਰੋਧੀ ਪਾਰਟੀ ਦੇ ਸ਼ਹੀਦਾਂ ਜਾਂ ਕਾਰਕੁੰਨਾਂ ਨੂੰ ਝੂਠੀਆਂ ਅਤੇ ਮਨਘੜਤ ਕਹਾਣੀਆਂ ਪ੍ਰਚਾਰ ਕੇ ਬਦਨਾਮ ਕਰਨਾ। ਸੰਘ ਪਰਿਵਾਰ ਚਾਹੁੰਦਾ ਹੈ ਕਿ ਸਾਰੇ ਭਾਰਤ ਵਿੱਚ ਕੇਵਲ ਹਿੰਦੂ ਰਹਿਣ, ਬਾਕੀ ਜਾਂ ਤਾਂ ਇੱਥੋਂ ਪ੍ਰਵਾਸ ਕਰ ਜਾਣ ਜਾਂ ਉਹ ਹਿੰਦੂ ਧਰਮ ਵਿੱਚ ਸ਼ਾਮਿਲ ਹੋ ਜਾਣ। ਧਰਮ ਨਿਰਪੱਖਤਾ ਦੀ ਗੱਲ ਕਰਨ ਵਾਲੇ ਬਦਨਾਮ ਕੀਤੇ ਜਾਣ ਅਤੇ ਇਤਿਹਾਸ ਦੀਆਂ ਪੁਸਤਕਾਂ ਵਿੱਚੋਂ ਕੱਢ ਦਿੱਤੇ ਜਾਣ। ਨਹਿਰੂ, ਗਾਂਧੀ, ਪਟੇਲ, ਮੌਲਾਨਾ ਆਜ਼ਾਦ ਅਤੇ ਅਦਬੁਲ ਗ਼ਫ਼ਾਰ ਖ਼ਾਂ ਵਰਗੇ ਲੋਕਤੰਤਰ ਦੇ ਹਾਮੀ ਸਨ ਜਿਸ ਵਿੱਚ ਹਰ ਮਜ਼ਹਬ, ਧਰਮ, ਜਾਤ ਅਤੇ ਰੰਗ ਦੇ ਲੋਕ ਮਿਲਜੁਲ ਕੇ ਰਹਿਣ। ਸੰਘ ਪਰਿਵਾਰ ਦੀਆਂ ਅੱਖਾਂ ਵਿੱਚ ਜ਼ਿਆਦਾ ਨਹਿਰੂ ਅਤੇ ਗਾਂਧੀ ਹੀ ਰੜਕਦੇ ਹਨ। ਗਾਂਧੀ ਦੇ ਕਾਤਲ ਗੌਡਸੇ ਅਤੇ ਉਸ ਦੇ ਮਾਰਗ ਦਰਸ਼ਕ ਸਾਵਰਕਰ ਅਤੇ ਆਪਟੇ ਨੂੰ ਸਹੀ ਠਹਿਰਾਉਣ ਲਈ ਗਾਂਧੀ ਨੂੰ ਭਾਰਤ ਪਾਕਿਸਤਾਨ ਦੀ ਵੰਡ ਅਤੇ ਲੱਖਾਂ ਮੌਤਾਂ ਦਾ ਜ਼ਿੰਮੇਵਾਰ ਦੱਸਦੇ ਹਨ। ਜਦਕਿ ਅਸਲੀਅਤ ਇਹ ਹੈ ਕਿ ਜਿਸ ਵਕਤ ਦਿੱਲੀ ਵਿੱਚ ਨਹਿਰੂ ਅਤੇ ਪਟੇਲ ਨੂੰ ਮਾਊਂਟ ਬੈਟਨ ਨੇ ਕਿਹਾ ਕਿ ਜੇਕਰ ਛੇਤੀ ਤੋਂ ਛੇਤੀ ਭਾਰਤ ਪਾਕਿਸਤਾਨ ਦੀ ਵੰਡ ਨਾ ਕੀਤੀ ਗਈ ਤਾਂ ਸਾਰੇ ਪਾਸੇ ਮਾਰ ਕਾਟ ਸ਼ੁਰੂ ਹੋ ਜਾਏਗੀ, ਇਸ ਲਈ ਵੰਡ 'ਤੇ ਹਸਤਾਖ਼ਰ ਕਰ ਦਿਓ। ਜਿਸ ਵਕਤ ਨਹਿਰੂ ਅਤੇ ਪਟੇਲ ਨੇ ਵੰਡ 'ਤੇ ਹਸਤਾਖ਼ਰ ਕੀਤੇ ਉਸ ਵਕਤ ਗਾਂਧੀ ਬੰਬਈ ਵਿੱਚ ਫ਼ਿਰਕੂ ਦੰਗਿਆਂ 'ਤੇ ਕਾਬੂ ਪਾਉਣ ਲਈ ਗਿਆ ਹੋਇਆ ਸੀ। ਗਾਂਧੀ ਜਦੋਂ ਵਾਪਸ ਦਿੱਲੀ ਆਇਆ ਤਾਂ ਉਹ ਨਹਿਰੂ ਅਤੇ ਪਟੇਲ ਨਾਲ਼ ਕਾਫ਼ੀ ਦਿਨ ਨਾਰਾਜ਼ ਰਿਹਾ। ਪ੍ਰਤੱਖ ਹੈ ਕਿ ਭਾਰਤ ਦੀ ਵੰਡ ਵਿੱਚ ਗਾਂਧੀ ਦਾ ਕੋਈ ਰੋਲ਼ ਨਹੀਂ ਸੀ।

ਭਾਵੇਂ ਕਿ ਅੰਗਰੇਜ਼ੀ ਹਕੂਮਤ ਹਿੰਦ ਨੂੰ ਦੋ ਜਾਂ ਉਸ ਉਸ ਤੋਂ ਵੱਧ ਹਿੱਸਿਆਂ ਵਿੱਚ ਵੰਡਣਾ ਚਾਹੁੰਦੀ ਸੀ ਪਰ ਹੋ ਸਕਦਾ ਹੈ ਕਿ ਜਿਨਾਹ 1940 ਵਿੱਚ ਮੁਸਲਿਮ ਲੀਗ ਖੜੀ ਕਰਕੇ ਪਾਕਿਸਤਾਨ ਦੀ ਮੰਗ ਨਾ ਕਰਦਾ ਜੇਕਰ ਸਾਵਰਕਰ ਨੇ 1937 ਵਿੱਚ ਹਿੰਦੂ ਅਤੇ ਮੁਸਲਮਾਨ ਦੋ ਰਾਸ਼ਟਰਾਂ ਦਾ ਸਿਧਾਂਤ ਨਾ ਦਿੱਤਾ ਹੁੰਦਾ। ਕਿੰਨਾ ਬੇਸਮਝੀ ਅਤੇ ਨਲਾਇਕੀ ਦਾ ਕਾਰਾ ਹੈ ਕਿ ਸਦੀਆਂ ਤੋਂ ਇਕੱਠੇ ਰਹਿੰਦੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਧਰਮਾਂ ਦੀ ਭਿੰਨਤਾ ਦੇ ਅਧਾਰ 'ਤੇ ਦੋ ਰਾਸ਼ਟਰ ਕਹਿ ਦਿੱਤਾ ਜਿਸ ਨਾਲ਼ ਦਿਲਾਂ ਵਿੱਚ ਇੱਕ ਦੂਜੇ ਪ੍ਰਤੀ ਸ਼ੱਕ, ਨਫ਼ਰਤ ਅਤੇ ਵੈਰ ਪੈਦਾ ਕਰ ਦਿੱਤੇ। ਭਾਰਤ ਦੀ ਵੰਡ ਹੋ ਗਈ, ਲੱਖਾਂ ਲੋਕ ਮਾਰੇ ਗਏ, ਲੁੱਟੇ ਗਏ ਅਤੇ ਔਰਤਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ। ਵੰਡ ਵੀ ਉਹਨਾਂ ਕਾਰਨ ਹੋਈ ਜਿਹੜੇ ਅੱਜ ਸਭ ਤੋਂ ਵੱਡੇ ਭਾਰਤ ਦੀ ਅਖੰਡਤਾ ਦੇ ਮੁਦਈ ਬਣੇ ਫ਼ਿਰਦੇ ਹਨ।

30 ਜਨਵਰੀ ਨੂੰ ਮਹਾਤਮਾ ਗਾਂਧੀ ਦੀ ਬਰਸੀ 'ਤੇ ਯੂ.ਪੀ. ਅਤੇ ਮੱਧ ਪ੍ਰਦੇਸ਼ ਵਿੱਚ ਗੌਡਸੇ-ਆਪਟੇ ਸਮਰਿਤੀ ਦਿਨ ਮਨਾਇਆ ਗਿਆ। ਇਸ ਦਿਨ ਗਾਂਧੀ ਦੇ ਕਾਤਲਾਂ ਦੀ ਵਡਿਆਈ ਕੀਤੀ ਗਈ ਅਤੇ ਮਹਾਤਮਾ ਗਾਂਧੀ ਬਾਰੇ ਅਪਸ਼ਬਦ ਕਹਿਣ ਵਾਲਿਆਂ ਸਮੇਤ ਪੰਜ ਭਗਵਾਂ ਵਰਕਰਾਂ ਨੂੰ ਗੌਡਸੇ-ਆਪਟੇ ਭਾਰਤ ਰਤਨ ਦਿੱਤਾ ਗਿਆ। ਅਜੇ ਲਗਭਗ ਛੇ ਦਰਜਨ ਹੋਰ ਹਿੰਦੂ ਮਹਾਂ ਸਭਾ ਦੀਆਂ ਹਸਤੀਆਂ ਨੂੰ ਗੌਡਸੇ-ਆਪਟੇ ਭਾਰਤ ਰਤਨ ਐਵਾਰਡ ਦੇਣਾ ਹੈ। ਕਿਹਾ ਗਿਆ ਕਿ ਅਜ਼ਾਦੀ ਗਾਂਧੀ ਦੇ ਚਰਖੇ ਨਾਲ਼ ਨਹੀਂ ਆਈ। ਅਸੀਂ ਵੀ ਸਹਿਮਤ ਹਾਂ ਪਰ ਅਸੀਂ ਇਸ ਗੱਲ ਨਾਲ਼ ਸਹਿਮਤ ਨਹੀਂ ਕਿ ਅਜ਼ਾਦੀ ਮਾਫੀਆਂ ਮੰਗ ਕੇ ਜਾਂ ਹਿੰਦੂ ਮੁਸਲਮਾਨ ਵਿੱਚ ਦੁਫੇੜ ਪਾ ਕੇ ਆਈ। ਅਜ਼ਾਦੀ ਸ਼ਹੀਦੀਆਂ ਨਾਲ਼ ਆਈ, ਜਿਹੜੀਆਂ ਐਨੇ ਵਿਅਕਤੀਆਂ ਅਤੇ ਸੰਗਠਨਾਂ ਨੇ ਦਿੱਤੀਆਂ, ਜਿਨਾਂ ਦੀ ਲਿਸਟ ਐਨੀ ਲੰਬੀ ਹੈ ਕਿ ਕਦੇ ਵੀ ਪੂਰੀ ਨਹੀਂ ਹੋ ਸਕਦੀ ਕਿਉਂਕਿ ਅਨੇਕਾਂ ਅਗਿਆਤ ਸ਼ਹੀਦ ਵੀ ਹਨ। ਅਜ਼ਾਦੀ ਦੂਜੀ ਸੰਸਾਰ ਜੰਗ ਵਿੱਚ ਅੰਗਰੇਜ਼ੀ ਹਕੂਮਤ ਦੀ ਚੌਧਰ ਖ਼ਤਮ ਹੋਣ ਨਾਲ਼ ਆਈ।

# ਭਾਜਪਾ ਵੱਲੋਂ ਤ੍ਰੋੜ-ਮ੍ਰੋੜ ਕਿ ਲਿਖੇ ਸਿੱਖ ਇਤਿਹਾਸ ਵਿਰੁੱਧ ਸਿੱਖ ਪੰਥ ਲਾਮਬੰਦ ਹੋਵੇ ਦਾ ਹੋਕਾ



### ਡਾ. ਚਰਨਜੀਤ ਸਿੰਘ ਗੁਮਟਾਲਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਵਿਦਵਾਨਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਿਛਲੇ ਸਾਲ **14** ਦਸੰਬਰ ਨੂੰ ਕਾਸ਼ੀ ਵਿਖੇ ਵਿਸ਼ਵਨਾਥ ਕੋਰੀਡੋਰ ਦਾ ਉਦਘਾਟਨ ਕਰਨ ਸਮੇਂ ਇੱਕ ਕਿਤਾਬਚਾ (ਬੁਕਲੈਟ) 'ਸ੍ਰੀ ਕਾਸ਼ੀ ਵਿਸ਼ਵਨਾਥ ਧਾਮ ਕਾ ਗੌਰਵਸ਼ਾਲੀ ਇਤਿਹਾਸ' ਰੀਲੀਜ਼ ਕੀਤਾ ਗਿਆ ਜਿਸ ਵਿੱਚ ਸਿੱਖ ਇਤਿਹਾਸ ਨੂੰ ਤ੍ਰੋੜ-ਮ੍ਰੋੜ ਕੇ ਪੇਸ਼ ਕੀਤਾ ਗਿਆ ਹੈ ਤੇ ਇਸ ਦੀ ਚਾਰੇ ਪਾਸਿਓਂ ਨਿੰਦਾ ਹੋ ਰਹੀ ਹੈ ਤੇ ਇਸ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ। ਭਾਰਤ ਸਰਕਾਰ ਵੱਲੋਂ ਅਜੇ ਤੀਕ ਇਸ 'ਤੇ ਕੋਈ ਪ੍ਰਤੀਕਰਮ ਨਹੀਂ ਆਇਆ । ਇਹ ਪੁਸਤਕ ਉੱਤਰ ਪ੍ਰਦੇਸ਼ ਦੇ ਸੂਚਨਾ ਤੇ ਪਬਲਿਕ ਰਿਲੇਸ਼ਨ ਵਿਭਾਗ ਵੱਲੋਂ ਛਪਵਾਈ ਗਈ ਹੈ।

ਇਸ ਪੁਸਤਕ ਵਿੱਚ ਲਿਖਿਆ ਗਿਆ ਹੈ ਕਿ ਕਾਸ਼ੀ ਸ਼ਹਿਰ ਜੋ ਬੋਧੀਆਂ ਅਤੇ ਜੈਨੀਆਂ ਦੀ ਖਿੱਚ ਦਾ ਕੇਂਦਰ ਰਿਹਾ ਹੈ ਤੇ ਸਿੱਖਾਂ ਦਾ ਵੀ ਕੇਂਦਰ ਸੀ। ਇਸ ਵਿੱਚ ਅੱਗੇ ਇਹ ਲਿਖਿਆ ਹੋਇਆ ਹੈ ਸਿੱਖ ਧਰਮ ਦੀ ਸਥਾਪਨਾ ਸਨਾਤਨ ਧਰਮ ਨੂੰ ਮੁਗ਼ਲਾਂ ਤੋਂ ਬਚਾਉਣ ਲਈ ਹੋਈ ਹੈ। ਇਸ ਕਿਤਾਬਚੇ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਖ਼ਾਲਸਾ ਪੰਥ ਦੀ ਸਾਜਨਾ ਲਈ ਚੁਣੇ ਗਏ ਪੰਜ ਪਿਆਰਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪਹਿਲਾਂ ਕਾਸ਼ੀ ਭੇਜਿਆ ਤਾਂ ਜੋ ਉਹ ਸਨਾਤਨ ਧਰਮ ਬਾਰੇ ਪੂਰਾ ਗਿਆਨ ਪ੍ਰਾਪਤ ਕਰ ਸਕਣ ਤੇ ਇਸ ਦੀ ਰੱਖਿਆ ਲਈ ਤਿਆਰ ਹੋ ਸਕਣ। ਅਖ਼ੀਰ ਵਿੱਚ ਇਹ ਲਿਖਿਆ ਹੈ ਕਿ ਇਸ ਧਾਰਮਿਕ ਸਿੱਖਿਆ ਕਰਕੇ ਪੰਜ ਪਿਆਰਿਆਂ ਦਾ ਕਾਸ਼ੀ ਨਾਲ਼ ਗੂੜਾ ਸੰਬੰਧ ਰਿਹਾ। ਇਸ



ਦੀ ਸਿੱਖ ਬੁੱਧੀਜੀਵੀਆਂ ਵੱਲੋਂ ਸਖ਼ਤ ਆਲੋਚਨਾ ਹੋ ਰਹੀ ਹੈ।ਸਾਬਕਾ ਆਈ.ਏ.ਐੱਸ. ਗੁਰਤੇਜ ਸਿੰਘ ਅਨੁਸਾਰ ਸਿੱਖ ਧਰਮ ਮੁਗ਼ਲਾਂ ਤੋਂ ਹਿੰਦੂਆਂ ਦੀ ਰੱਖਿਆ ਕਰਨ ਲਈ ਨਹੀਂ ਸੀ ਬਣਾਇਆ ਗਿਆ। ਇਹ ਵਿਸ਼ਵਵਿਆਪੀ ਧਰਮ ਹੈ ਜੋ ਹਰ ਤਰਾਂ ਦੇ ਜ਼ੁਲਮ ਖ਼ਿਲਾਫ਼ ਹੈ ਭਾਵੇਂ ਉਹ ਹਿੰਦੂਆਂ ਦੁਆਰਾ ਹੋਵੇ ਜਾਂ ਮੁਗ਼ਲਾਂ ਦੁਆਰਾ। ਸਿੱਖ ਧਰਮ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਾ ਹੈ ਉਹ ਭਾਵੇਂ ਕਿਸੇ ਵੀ ਧਰਮ ਵੱਲੋਂ ਹੋਵੇ। ਉਨਾਂ ਅਨੁਸਾਰ ਸਿੱਖ ਇਤਿਹਾਸ ਵਿੱਚ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਪੰਜ ਪਿਆਰਿਆਂ ਨੂੰ ਸਨਾਤਨ ਧਰਮ ਦਾ ਗਿਆਨ ਪ੍ਰਾਪਤ ਕਰਨ ਲਈ ਕਾਸ਼ੀ ਭੇਜਿਆ ਗਿਆ। ਪੰਜ ਪਿਆਰਿਆਂ ਦੀ ਚੋਣ **80** ਹਜ਼ਾਰ ਦੀ ਸੰਗਤ ਵਿੱਚੋਂ ਕੀਤੀ ਗਈ। ਉਨਾਂ ਅਨੁਸਾਰ ਗੁਰੂ ਨਾਨਕ ਜੀ ਨੇ ਹਿੰਦੂ ਧਰਮ ਨੂੰ ਉਸ ਸਮੇਂ ਹੀ ਰੱਦ ਕਰ ਦਿੱਤਾ ਜਦ **10** ਸਾਲ ਦੀ ਉਮਰ ਵਿੱਚ ਉਨਾਂ ਜਨੇਊ ਪਹਿਨਣ ਤੋਂ ਨਾਂਹ ਕਰ ਦਿੱਤੀ ਸੀ।

ਗੁਰੁ ਨਾਨਕ ਯੂਨੀਵਰਸਿਟੀ ਦੇ ਸਾਬਕਾ ਪ੍ਰੋ.ਫ਼ੈਸਰ ਡਾ. ਧਰਮ ਸਿੰਘ ਅਨੁਸਾਰ ਇਹ ਪਹਿਲੀ ਵਾਰ ਨਹੀਂ ਹੋਇਆ, ਪਹਿਲਾ ਵੀ ਸੰਘ ਪਰਿਵਾਰ ਵੱਲੋਂ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹੀ ਵਿਸਥਾਰ ਕਿਹਾ ਜਾਂਦਾ ਰਿਹਾ ਹੈ ਪਰ ਹੁਣ ਤਾਂ ਬਹੁਤ ਹੀ ਗ਼ਲਤ ਬਿਆਨ ਬਾਜ਼ੀ ਕੀਤੀ ਜਾ ਰਹੀ ਹੈ। ਉਨਾਂ ਅਨੁਸਾਰ ਸਿੱਖ ਧਰਮ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਹੈ ਨਾ ਕਿ ਸਨਾਤਨ ਧਰਮ ਦੀ ਸੁਰੱਖਿਆ ਲਈ।

ਸੀਨੀਅਰ ਪੱਤਰਕਾਰ ਸ. ਜਗਤਾਰ ਸਿੰਘ ਅਨੁਸਾਰ ਸਿੱਖ ਧਰਮ ਦੀ ਆਪਣੀ ਵਿਲੱਖਣ ਪਛਾਣ ਹੈ ਤੇ ਇਸ ਕਿਤਾਬਚੇ ਵਿੱਚ ਬਹੁਤ ਹੀ ਗ਼ਲਤ ਬਿਆਨੀ ਕੀਤੀ ਗਈ ਹੈ। ਉਨਾਂ ਅਨੁਸਾਰ ਪਹਿਲਾਂ ਵੀ **1999** ਵਿੱਚ ਖ਼ਾਲਸਾ ਪੰਥ ਦੀ **300** ਸਾਲਾ ਸਥਾਪਨਾ ਸਮੇਂ ਸੱਜੇ ਪੱਖੀ ਜਥੇਬੰਦੀ ਨੇ ਪੰਜਾਬੀ ਵਿੱਚ ਇੱਕ ਛਾਪਿਆ ਸੀ ਜਿਸ ਵਿੱਚ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਇਆ ਗਿਆ ਸੀ। ਜਿਸ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਸਿੱਖ ਜਥੇਬੰਦੀਆਂ ਨੇ ਵਿਰੋਧਤਾ ਕੀਤੀ ਗਈ। ਹੁਣ ਮੁੜ ਇਨਾਂ ਨੇ ਇਹੋ ਗ਼ਲਤੀ ਕੀਤੀ ਹੈ। ਜਿਸ ਦੀ ਆਲੋਚਨਾ ਚਾਰੇ ਪਾਸੇ ਤੋਂ ਹੋ ਰਹੀ ਹੈ। ਹੁਣ ਭਾਜਪਾ ਲੀਡਰ ਵੋਟਾਂ ਮੰਗਣ ਆ ਰਹੇ ਹਨ, ਇਨਾਂ ਤੋਂ ਵੋਟਰਾਂ ਨੂੰ ਜ਼ਰੂਰ ਪੁੱਛਣਾ ਚਾਹੀਦਾ ਹੈ ਕਿ ਉਹ ਸਿੱਖ ਧਰਮ ਬਾਰੇ ਗ਼ਲਤ ਬਿਆਨੀ ਕਿਉਂ ਕਰ ਰਹੇ ਹਨ ? ਇਸ ਦਾ ਇਹੋ ਹੱਲ ਹੈ ਕਿ ਇਸ ਉੱਪਰ ਪਾਬੰਦੀ ਲਾਉਣ ਲਈ ਵਿਸ਼ਵ ਭਰ ਦੇ ਸਿੱਖਾਂ ਤੇ ਭਾਜਪਾ ਦੇ ਸਮਰਥਨ ਕਰ ਰਹੇ ਤੇ ਚੋਣ ਲੜ ਰਹੇ ਉਮੀਦਵਾਰਾਂ ਉੱਤੇ ਦਬਾਅ ਬਣਾਇਆ ਜਾਵੇ। ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੇ ਇਸ ਕਿਤਾਬਚੇ ਉੱਪਰ ਪਾਬੰਦੀ ਲਾਉਣ ਦੀ ਮੰਗ ਦੋ ਮਹੀਨੇ ਪਹਿਲਾਂ ਕੀਤੀ ਸੀ ਪਰ ਇਸ ਦਾ ਭਾਰਤ ਸਰਕਾਰ ਨੇ ਕੋਈ ਨੋਟਿਸ ਨਹੀਂ ਲਿਆ। ਆਉਣ ਵਾਲੇ ਸਮੇਂ ਇਹ ਗਲਤ ਬਿਆਨੀ ਸਿੱਖ ਇਤਿਹਾਸ ਬਣ ਜਾਵੇਗੀ। ਵਿਸ਼ਵ ਭਰ ਦੇ ਸਿੱਖਾਂ ਨੂੰ ਇਸ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ ਤੇ ਜਿਹੜਾ ਵੀ ਸਿੱਖ ਇਤਿਹਾਸ ਕਿਸੇ ਨੇ ਤੋੜ-ਮ੍ਰੋੜ ਕੇ ਹੁਣ ਤੀਕ ਲਿਖਿਆ ਹੈ ਉਸ ਵਿੱਚ ਸੁਧਾਈ ਕਰਵਾਉਣੀ ਚਾਹੀਦੀ ਹੇ ਅਤੇ ਜਿਹੜਾ ਗ਼ਲਤ ਇਤਿਹਾਸ ਛੱਪ ਚੁੱਕਾ ਹੈ ਉਸ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ।




# .ਗਲਤ ਖਾਣ ਪੀਣ ਅਤੇ ਬਦਲਦਾ ਬਚਪਨ

**ਗੁਰਮੀਤ ਸਚਦੇਵਾ**

ਕੁਝ ਸਮਾਂ ਪਹਿਲਾਂ ਮੈਂ ਇੱਕ ਵੀਡੀਓ ਵੇਖੀ ਸੀ, ਜਿਸ ਵਿੱਚ ਇੱਕ ਮਾਸੂਮ ਬੱਚੇ ਦੇ ਪੇਟ ਵਿੱਚ ਲੈਂਜ਼ ਪਾ ਕੇ ਵਿਖਾਇਆ ਜਾ ਰਿਹਾ ਸੀ ਕਿ ਉਸਦੀਆਂ ਆਂਤੜੀਆਂ ਦੇ ਇਰਦ ਗਿਰਦ ਨੂਡਲਜ਼ ਦੇ ਗੁੱਛੇ ਬੜੀ ਬੁਰੀ ਤਰਾਂ ਉਲਝੇ ਹੋਏ ਸਨ ਤੇ ਇਨਾਂ ਨੂੰ ਕੱਢਣ ਲਈ ਹੀ ਆਪ੍ਰੇਸ਼ਨ ਕੀਤਾ ਜਾ ਰਿਹਾ ਸੀ।

ਮੈਂ ਸਮਾਜ ਵਿੱਚ ਕੰਮਾਂ ਵਾਲੀਆਂ ਮੇਡ ਮਦਦਗਾਰਾਂ ਤੋਂ ਲੈ ਕੇ ਨੌਕਰੀਪੇਸ਼ਾ, ਵੱਡੇ-ਵੱਡੇ ਡਾਕਟਰਾਂ, ਵਕੀਲਾਂ, ਅਧਿਆਪਕਾਂ, ਬਿਜ਼ਨੈਸਮੈਨਾਂ ਦੇ ਪਰਿਵਾਰਾਂ ਵਿੱਚ ਵੀ ਵੇਖਿਆ ਹੈ ਕਿ ਉਹ ਆਪਣੇ ਬੱਚਿਆਂ ਨੂੰ ਖ਼ੁਸ਼ ਕਰਨ ਲਈ ਜਾਂ ਸਮੇਂ ਦੀ ਘਾਟ ਕਾਰਨ ਝਟਪਟ ਮੈਗੀ ਜਾਂ ਦੂਜੀਆਂ ਨੂਡਲਜ਼ ਬਣਾ ਕੇ ਬੱਚਿਆਂ ਅੱਗੇ ਪੇਸ਼ ਕਰ ਦਿੰਦੇ ਹਨ ਤੇ ਬੱਚਿਆਂ ਦੇ ਚਿਹਰਿਆਂ ’ਤੇ ਖ਼ੁਸ਼ੀ ਦੀ ਝਲਕ ਵੇਖ ਕੇ ਬੜੀ ਸੰਤੁਸ਼ਟੀ ਮਹਿਸੂਸ ਕਰਦੇ ਹਨ। ਮੇਰੇ ਘਰ ਇੱਕ ਕੰਮ ਕਰਨ ਵਾਲੀ ਔਰਤ ਆਪਣੇ ਨਿੱਕੇ-ਨਿੱਕੇ ਬੱਚਿਆਂ ਦੇ ਲੰਚ ਬਾਕਸ ਹਰ ਰੋਜ਼ ਮੈਗੀ ਨਾਲ਼ ਭਰ ਕੇ ਭੇਜਦੀ ਸੀ ਤਾਂ ਜੋ ਬੱਚੇ ਵੀ ਖ਼ੁਸ਼ ਰਹਿਣ ਤੇ ਉਸਦਾ ਵੀ ਰੋਟੀ-ਸਬਜ਼ੀ ਬਨਾਉਣ ਤੋਂ ਖਹਿੜਾ ਛੁੱਟਿਆ ਰਹੇ। ਇਨਾਂ ਕੰਮਕਾਜੀ ਔਰਤਾਂ ਦੀ ਸੋਚ-ਸਮਝ ਤਾਂ ਫੇਰ ਵੀ ਸਮਝ ਵਿੱਚ ਆਉਂਦੀ ਹੈ, ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਕਈ ਡਾਕਟਰਾਂ ਦੇ ਪਰਿਵਾਰਾਂ ਵਿੱਚ ਵੀ ਡੇਢ-ਦੋ ਸਾਲ ਦੇ ਬੱਚਿਆਂ ਦੀਆਂ ਮੈਗੀ ਜਾਂ ਨੂਡਲਜ਼ ਦੇ ਲੰਬੇ-ਲੰਬੇ ਟੁਕੜੇ ਸੁੜਕਦੇ ਹੋਇਆਂ ਦੀਆਂ ਵੀਡੀਓ ਬਣਾਈਆਂ ਜਾਂਦੀਆਂ ਹਨ। ਬੱਚੇ ਲਈ ਮੈਗੀ ਨੂਡਲਜ਼ ਨੂੰ ਇੱਕੋ ਸਾਹ ਵਿੱਚ ਅੰਦਰ ਨੂੰ ਸੁੜਕ ਜਾਣਾ ਵੇਖਣ ਵਿੱਚ ਬੜਾ ਅਨੰਦਮਈ ਲੱਗਦਾ ਹੈ। ਇਸੇ ਤਰਾਂ ਦੀ ਇੱਕ ਵੀਡੀਓ ਵੇਖ ਕੇ ਹੀ ਮੈਨੂੰ ਆਪ੍ਰੇਸ਼ਨ ਦੌਰਾਨ ਬੱਚੇ ਦੇ ਪੇਟ ਵਿੱਚ ਬਿਨਾਂ ਟੁੱਟੀਆਂ ਅਤੇ ਬਿਨਾਂ ਪਚੀਆਂ ਨੂਡਲਜ਼ ਦੇ ਗੁੱਛੇ ਯਾਦ ਆ ਗਏ। ਅੱਜ ਜਿਹੜੇ ਮਾਂ-ਬਾਪ ਇੰਨੇ ਛੋਟੇ ਬੱਚਿਆਂ ਨੂੰ ਜਿਨਾਂ ਦੇ ਹਾਲੇ ਪੂਰੇ ਦੰਦ ਵੀ ਨਹੀਂ ਉੱਗੇ, ਨੂੰ ਨੂਡਲਜ਼ ਸੁੜਕਦੇ ਵੇਖ ਖ਼ੁਸ਼ ਹੋ ਰਹੇ ਹਨ, ਹੱਸ ਰਹੇ ਹਨ, ਪੂਰਾ ਚਾਂਸ ਹੈ ਕਿ ਉਨਾਂ ਵਿੱਚੋਂ ਕਈ ਕੱਲ ਨੂੰ ਆਪਰੇਸ਼ਨ ਥੀਏਟਰਾਂ ਦੇ ਬਾਹਰ ਵੱਡੀਆਂ ਸਕਰੀਨਾਂ ਤੇ ਇਨਾਂ ਨੂਡਲਜ਼ ਦੇ ਗੁੱਛੇ ਕੱਢਣ ਲਈ ਡਾਕਟਰਾਂ ਨੂੰ ਜੱਦੋ-ਜਹਿਦ ਕਰਦੇ ਵੇਖ ਰਹੇ ਹੋਣ।



ਪਹਿਲਾਂ ਘਰਾਂ ਵਿੱਚ ਛੋਟੇ ਬੱਚਿਆਂ ਤੋਂ ਲੈ ਕੇ ਵੱਡੇ ਬੰਦਿਆਂ ਤੱਕ ਲਈ ਰੋਟੀ ਤੋਂ ਇਲਾਵਾ ਭੁੱਖ ਲੱਗਣ ਤੇ ਖਾਣ ਲਈ ਅਤੇ ਹੋਰ ਖ਼ੁਰਾਕ ਦੀਆਂ ਕਮੀਆਂ ਦੂਰ ਕਰਨ ਲਈ ਪਿੰਨੀਆਂ/ਪੰਜੀਰੀਆਂ ਬਣਾਈਆਂ ਜਾਂਦੀਆਂ ਸਨ। ਬੇਕਰੀਆਂ ਤੋਂ ਆਟੇ ਦੇ ਬਿਸਕੁਟ ਬਣਵਾ ਕੇ ਰੱਖੇ ਜਾਂਦੇ ਸਨ। ਨਮਕੀਨ ਖਾਣ ਲਈ ਤਾਜ਼ੇ ਪਕੌੜੇ ਕੱਢ ਲਏ ਜਾਂਦੇ ਸਨ, ਜੇ ਕਈ ਘਰਾਂ ਵਿੱਚ ਸਮੋਸੇ, ਬਰਫ਼ੀ ਤੇ ਗੁਲਾਬ ਜਾਮਨ ਮੰਗਵਾਣ ਦਾ ਰੁਝਾਨ ਸੀ ਤਾਂ ਉਹ ਵੀ ਅੱਜ ਦੇ ਨੂਡਲਜ਼ ਤੇ ਬਰਗਰਾਂ ਨਾਲ਼ੋਂ ਕਿਧਰੇ ਜ਼ਿਆਦਾ ਸਿਹਤਮੰਦ ਆਪਸ਼ਨ ਸੀ। ਕਿਉਂਕਿ ਇਹ ਚੀਜ਼ਾਂ ਫੇਰ ਵੀ ਕਾਫ਼ੀ ਹੱਦ ਤੱਕ ਤਾਜ਼ੇ ਮਟੀਰੀਅਲ ਤੋਂ ਅਤੇ ਬਿਨਾਂ ਕੈਮੀਕਲਾਂ ਤੋਂ ਤਿਆਰ ਹੁੰਦੀਆਂ ਹਨ। ਅੱਜ ਦੇ ਸਨੈਕਸ ਦੀਆਂ ਆਈਟਮਾਂ ਦੀ ਤਰਾਂ ਨਹੀਂ ਕਿ ਜਿਨਾਂ ਵਿੱਚ ਅਜੀਨੋਮੋਟੋ ਵਰਗੇ ਹਾਨੀਕਾਰਕ ਕੈਮੀਕਲ ਇਸਤੇਮਾਲ ਹੁੰਦੇ ਹੀ ਹਨ।

ਕਈ ਘਰਾਂ ਵਿੱਚ ਚਾਰ-ਛੇ ਮਹੀਨਿਆਂ ਦੇ ਬੱਚਿਆਂ ਨੂੰ ਕੋਲਡ ਡਰਿੰਕਸ ਫੀਡਰਾਂ ਵਿੱਚ ਭਰ ਕੇ ਮੂੰਹ ਨੂੰ ਲਗਾ ਦਿੱਤੀਆਂ ਜਾਂਦੀਆਂ ਹਨ ਤੇ ਬੜੀ ਸ਼ਾਨ ਸਮਝੀ ਜਾਂਦੀ ਹੈ। ਇੰਨੇ ਛੋਟੇ ਬੱਚਿਆਂ ਦੇ ਮੂੰਹ ਨੂੰ ਚਾਕਲੇਟਾਂ ਤੇ ਆਇਸ ਕਰੀਮਾਂ ਚਖਾਉਂਦਿਆਂ ਹੋਇਆਂ ਮੈਂ ਆਪਣੀਆਂ ਨੇੜਲੀਆਂ ਰਿਸ਼ਤੇਦਾਰੀਆਂ ਵਿੱਚ ਆਪ ਵੇਖਿਆ ਹੈ। ਜੇ ਕਿਸੇ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜਵਾਬ ਮਿਲਿਆ ਕਿ ਬੱਚਿਆਂ ਨੇ ਵੱਡੇ ਹੋ ਕੇ ਕਿਹੜਾ ਸਾਡੇ ਆਖੇ ਲੱਗਣੈ। ਸੋ ਬਿਹਤਰ ਹੈ ਕਿ ਹੁਣ ਤੋਂ ਹੀ ਇਨਾਂ ਮਾਸੂਮਾਂ ਦੇ ਪੇਟ ਕੇਕ-ਪੇਸਟਰੀਆਂ, ਚਾਕਲੇਟਾਂ ਅਤੇ ਆਈਸ ਕਰੀਮਾਂ ਦੇ ਆਦੀ ਬਣਾ ਦਿੱਤੇ ਜਾਣ (ਤੁਸੀਂ ਹੈਰਾਨ ਹੋਵੋਗੇ ਕਿ ਇਹ ਜਵਾਬ ਇੱਕ ਡਾਕਟਰ ਦੇ ਹਨ। ਜੇ ਕੋਈ ਡਾਕਟਰ ਸਾਹਿਬਾਨ ਇਹ ਲੇਖ ਪੜਨ ਤਾਂ ਮੈਨੂੰ ਇਸ ਗੱਲ ਦੀ ਸਟੀਕ ਜਾਣਕਾਰੀ ਦਲੀਲ ਨਾਲ਼ ਦੇਣ ਤਾਂ ਕਿ ਮੈਂ ਅੱਗੇ ਤੋਂ ਕਿਸੇ ਨੂੰ ਦਲੀਲ ਨਾਲ਼ ਹੀ ਸਮਝਾ ਸਕਾਂ ਤੇ ਜਾਂ ਫੇਰ ਚੁੱਪ ਹੀ ਰਹਿ ਜਾਇਆ ਕਰਾਂ.. ਹਾਲਾਂਕਿ ਗੂਗਲ ਤੇ ਜਾਣਕਾਰੀਆਂ ਦੀ ਭਰਮਾਰ ਹੈ। ਪਰ ਡਾਕਟਰਾਂ ਦਾ ਤਜ਼ਰਬਾ ਜ਼ਿਆਦਾ ਮਦਦਗਾਰ ਹੋਵੇਗਾ)।

ਜਿੱਥੋਂ ਤੱਕ ਮੇਰੀ ਸਮਝ ਹੈ, ਉਸ ਅਨੁਸਾਰ ਬੇਸ਼ਕ ਬੱਚਿਆਂ ਨੇ ਸਕੂਲ ਅਤੇ ਸਮਾਜ ਵਿੱਚ ਜਾ ਕੇ ਫ਼ਾਸਟ ਫ਼ੂਡ ਖਾਣ ਤੋਂ ਰੁਕਣਾ ਹੀ ਨਹੀਂ ਹੈ, ਪਰ ਇਸਦਾ ਮਤਲਬ ਇਹ ਤਾਂ ਨਹੀਂ ਕਿ ਸਾਲ ਦੋ ਸਾਲ ਦੀ ਉਮਰ ਤੋਂ ਹੀ ਉਨਾਂ ਨੂੰ ਫ਼ਾਸਟ ਫ਼ੂਡ ਦੀ ਆਦਤ ਪਾਓ ਤੇ ਫੇਰ ਬਾਕੀ ਦੀ ਉਮਰ ਤੇ ਕੀਮਤੀ ਸਮਾਂ ਉਸਦੇ ਆਪੇ ਪੈਦਾ ਕੀਤੇ ਪੇਟ ਦੇ ਮਸਲੇ ਚਾਈਲਡ ਸਪੈਸ਼ਲਿਸਟਾਂ ਦੇ ਗੇੜੇ ਲਾ-ਲਾ ਕੇ ਗੁਜ਼ਾਰ ਦਿਓ। ਬਲਕਿ ਜਿੰਨਾ ਵੀ ਹੋ ਸਕੇ, ਘਰ ਰਹਿ ਕੇ ਆਪ ਵੀ ਸੋਹਣੀ, ਸੁਆਦਲੀ ਤੇ ਪੌਸ਼ਟਿਕ ਖ਼ੁਰਾਕ ਖਾਓ ਤੇ ਖ਼ਾਸ ਕਰਕੇ ਬੱਚਿਆਂ ਦੇ ਸਾਹਮਣੇ ਬੈਠ ਕੇ ਖਾਓ ਤਾਂ ਕਿ ਬੱਚਿਆਂ ਦੀਆਂ ਪਹਿਲੀਆਂ ਜਾਣਕਾਰੀਆਂ ਵਿੱਚ ਦੇਸੀ ਖ਼ੁਰਾਕ ਹੀ ਆਏ ਅਤੇ ਦੇਸੀ ਖ਼ੁਰਾਕ ਪ੍ਰਤੀ ਉਨਾਂ ਦੀਆਂ ਟੇਸਟ ਬਡਜ਼ ਵਿਕਸਿਤ ਹੋ ਸਕਣ। ਜੇ ਇੱਕ ਵਾਰ ਛੋਟੀ ਉਮਰ ਵਿੱਚ ਹੀ ਬੱਚਿਆਂ ਨੂੰ ਘਰ ਦੀਆਂ ਪਿੰਨੀਆਂ-ਪੰਜੀਰੀਆਂ ਤੇ ਖੀਰਾਂ-ਗਜਰੇਲਿਆਂ ਵਰਗੀਆਂ ਪੌਸ਼ਟਿਕ ਚੀਜ਼ਾਂ ਦਾ ਸਵਾਦ ਪੈ ਗਿਆ ਤਾਂ ਇਹ ਸਾਰੀ ਉਮਰ ਹੀ ਕਾਇਮ ਰਹੇਗਾ ਅਤੇ ਜੇ ਟੇਸਟ ਬਡਜ਼ ਚਾਕਲੇਟਾਂ ਆਇਸ ਕਰੀਮਾਂ ਤੇ ਸਨੈਕਸ ਦੇ ਸਵਾਦਾਂ ਵਿੱਚ ਵਿਕਸਿਤ ਕਰ ਦਿੱਤੀਆਂ ਗਈਆਂ ਤਾਂ ਇੱਕ ਡਾਕਟਰ ਦੁਆਰਾ **ਬਾਕੀ ਸਫ਼ਾ 35 ’ਤੇ**

# ਮਾਵਾਂ ਦਾ ਪਿਆਰ ਜੱਗੋਂ ਵੱਖਰਾ

ਮੈਨੂੰ ਖੁਰੇ ਵਿੱਚ ਲਿਜਾਣ ਤੋਂ ਪਹਿਲੋਂ ਉਹ ਕਿੰਨੀ ਸਾਰੀ ਤਿਆਰੀ ਕਰਦੀ, ਤੌਲੀਆ, ਰੂੰ, ਤੇਲ, ਚਿੱਟਾ ਕੁੜਤਾ ਪਜਾਮਾ, ਖ਼ੁਸ਼ਬੂਦਾਰ ਸਾਬਣ ਦੀ ਚਾਕੀ, ਕਾਲ਼ਾ ਸੁਰਮਾ ਅਤੇ ਸੁਰਮਚੂ ਅਤੇ ਹੋਰ ਵੀ ਕਿੰਨਾ ਕੁਝ।



ਫੇਰ ਚੁੱਲੇ ਤੇ ਰੱਖਿਆ ਗਰਮ ਪਾਣੀ ਦਾ ਪਤੀਲਾ ਆਪਣੇ ਸੂਟ ਦੀਆਂ ਦੋਵੇਂ ਕੰਨੀਆਂ ਨਾਲ਼ ਚੁੱਕ ਤੁਰੀ ਜਾਂਦੀ ਨੂੰ ਵੇਖ ਮੇਰਾ ਰੋਣ ਨਿਕਲ ਜਾਇਆ ਕਰਦਾ, ਅਹਿਸਾਸ ਹੋ ਜਾਂਦਾ ਕਿ ਹੁਣ ਸ਼ਾਮਤ ਆਉਣ ਵਾਲੀ ਏ।

ਉਹ ਫੇਰ ਮੇਰੇ ਸਾਰੇ ਕੱਪੜੇ ਲਾਹੁੰਦੀ, ਆਪ ਪੀੜੀ ’ਤੇ ਬੈਠ ਮੈਨੂੰ ਆਖਦੀ ਹੁਣ ਅੱਖੀਆਂ ਮੀਟ ਲੈ, ਮੈਂ ਨਜ਼ਰਅੰਦਾਜ਼ ਕਰ ਦਿੰਦਾ, ਉਹ ਫੇਰ ਗਰਮ ਠੰਡੇ ਪਾਣੀ ਦੇ ਮਿਸ਼ਰਣ ਵਾਲਾ ਮੱਗ ਛੇਤੀ ਨਾਲ਼ ਮੇਰੇ ਸਿਰ ਤੇ ਉਲੱਦ ਦਿੰਦੀ, ਮੇਰਾ ਤ੍ਰਾਹ ਨਿਕਲ ਜਾਂਦਾ। ਅੰਦਰ ਦਾ ਸਾਹ ਅੰਦਰ ਤੇ ਬਾਹਰ ਵਾਲਾ ਬਾਹਰ। ਉੱਚੀ-ਉੱਚੀ ਰੋਂਦਾ ਮੈਂ ਉਸ ਵੱਲ ਨੂੰ ਹੁੰਦਾ, ਉਹ ਮੈਨੂੰ ਆਪਣੇ ਤੋਂ ਪਰੇ ਧੱਕ ਮੇਰੀਆਂ ਦੋਵੇਂ ਨਾਸਾਂ ਘੁੱਟ ਕੇ ਆਖਦੀ ‘ਸੂੰ’ ਕਰ, ਮੈਨੂੰ ਕਰਨਾ ਨਾ ਆਉਂਦਾ ਤਾਂ ਉਹ ਦੂਜਾ ਮੱਗ ਵੀ ਪਾ ਦਿੰਦੀ, ਇਸ ਵੇਰ ਪਾਣੀ ਏਨਾ ਠੰਡਾ ਨਾ ਹੁੰਦਾ ਪਰ ਮੈਂ ਫੇਰ ਵੀ ਓਨੀ ਹੀ ਤੀਬਰਤਾ ਨਾਲ਼ ਰੋਈ ਜਾਂਦਾ। ਉਹ ਨਾਲ਼-ਨਾਲ਼ ਕਿੰਨੀਆਂ ਗੱਲਾਂ ਵੀ ਕਰੀ ਜਾਂਦੀ, ਲੋਰੀਆਂ ਵੀ ਸੁਣਾਉਂਦੀ, ਫੇਰ ਰੂੰ ਗਿੱਲਾ ਕਰ ਕੰਨ ਸਾਫ ਕਰਦੀ, ਗਲ ਢਿੱਡ ਬਾਹਵਾਂ ਅਤੇ ਹੋਰ ਵੀ ਕਿੰਨਾ ਕੁਝ, ਮਲ-ਮਲ ਕੇ ਸਾਫ਼ ਕਰਦੀ। ਫੇਰ ਬੁੱਲ ਜਿਹੇ ਚੜਾਉਂਦੀ ਹੋਈ ਆਖਦੀ ਪਤਾ ਨੀਂ ਕਿੱਥੋਂ ਏਨਾ ਮੈਲ਼ਾ ਹੋ ਕੇ ਆਇਆ।

ਓਹਲਾ ਸੰਗ ਸ਼ਰਮ ਨੰਗੇਜ਼, ਮੈਂ ਇਸ ਸਭ ਤੋਂ ਪੂਰੀ ਤਰਾਂ ਅਣਜਾਣ, ਬੱਸ ਰੋਈ ਹੀ ਜਾਂਦਾ। ਸਾਲ ਕੁ ਪਹਿਲੋਂ ਉਸਦੇ ਵਜੂਦ ਦਾ ਹਿੱਸਾ ਹੀ ਤਾਂ ਹੋਇਆ ਕਰਦਾ ਸਾਂ।

ਉਹ ਇੱਕ ਵੇਰ ਫੇਰ ਆਖਦੀ ਹੁਣ ਚੰਗੀ ਤਰਾਂ ਅੱਖੀਆਂ ਮੀਟ ਲੈ। ਨਾਲ਼ ਹੀ ਫੇਰ ਮੂੰਹ ਤੇ ਸਾਬਣ ਲਾ ਦਿੰਦੀ, ਮੇਰੀਆਂ ਅੱਖਾਂ ਮੱਚ ਜਾਂਦੀਆਂ, ਉਹ ਛੇਤੀ ਨਾਲ਼ ਕਿੰਨੇ ਸਾਰੇ ਮੱਗ ਮੇਰੇ ਸਿਰ ਤੇ ਉਲਟਾ ਆਪਣਾ ਕੰਮ ਮੁਕਾ ਦਿੰਦੀ। ਫੇਰ ਨਰਮ ਤੌਲੀਏ ਵਿੱਚ ਲਪੇਟ ਛੇਤੀ ਨਾਲ਼ ਅੰਦਰ ਖੜ ਇੱਕ ਨਰਮ ਮੁਲਾਇਮ ਬਿਸਤਰੇ ਤੇ ਪੁੱਠਾ ਲੰਮਾ ਪਾ ਦਿੰਦੀ, ਫੇਰ ਕੌਲ਼ੀ ਵਿੱਚ ਲਿਆਂਦੇ ਦੇਸੀ ਘਿਓ ਨਾਲ਼ ਮਾਲਿਸ਼ ਸ਼ੁਰੂ ਹੋ ਜਾਂਦੀ। ਮੈਂ ਅਨੰਦ ਨਾਲ਼ ਭਰ ਜਾਂਦਾ, ਉਹ ਫੇਰ ਇੱਧਰ ਓਧਰ ਵੇਖ ਆਪਣਾ ਸੂਟ ਚੁੱਕ ਉਸ ਮਿੱਠੇ ਅੰਮ੍ਰਿਤ ਦੀ ਧਾਰਾ ਮੇਰੇ ਮੂੰਹ ਨੂੰ ਲਾ ਦਿੰਦੀ ਜਿਹੜਾ ਏਨਾ ਅਨੰਦਮਈ ਹੁੰਦਾ ਕੇ ਮੇਰੀਆਂ ਅੱਖੀਆਂ ਮੀਟੀਆਂ ਜਾਣ ਲੱਗਦੀਆਂ।

ਫੇਰ ਮੈਂ ਸੁਫ਼ਨਿਆਂ ਦੀ ਉਸ ਦੁਨੀਆ ਵਿੱਚ ਅੱਪੜ ਜਾਂਦਾ ਜਿਸਨੂੰ ਉਹ ਪਿਛਲੇ ਜਨਮ ਨਾਲ਼ ਜੁੜੀ ਹੋਈ ਕਿਸੇ ਬਿਦ ਦਾ ਨਾਮ ਦਿਆ ਕਰਦੀ।

ਕਿੰਨੇ ਲੋਕ ਕਮਰੇ ਵਿੱਚ ਆਉਂਦੇ ਤੇ ਮੇਰੇ ਸੁੱਤੇ ਪਏ ਦਾ ਮੂੰਹ ਚੁੰਮ ਹੌਲੀ ਜਿਹੀ ਵਾਪਿਸ ਪਰਤ ਜਾਇਆ ਕਰਦੇ। ਮੈਂ ਨੀਂਦ ਵਿੱਚ ਹੀ ਨਿੰਮਾ ਜਿਹਾ ਮੁਸਕੁਰਾ ਹਰੇਕ ਦਾ ਧੰਨਵਾਦ ਕਰਦਾ।

ਫੇਰ ਦੋ ਤਿੰਨ ਘੰਟਿਆਂ ਬਾਅਦ ਜਦੋਂ ਜਾਗ ਆਉਂਦੀ ਤਾਂ ਸਭ ਆਪੋ ਆਪਣੇ ਕੰਮਾਂ ਕਾਰਾਂ ਵਿੱਚ ਲੱਗੇ ਹੁੰਦੇ। ਮੈਂ ਹੌਲ਼ੀ ਜਿਹੀ ਹੇਠਾਂ ਉੱਤਰ ਫੇਰ ਗਲੀ ਵਿੱਚੋਂ ਦੀ ਹੁੰਦਾ ਹੋਇਆ ਬਾਹਰ ਨੂੰ ਤੁਰ ਪਿਆ ਕਰਦਾ।

ਇੱਕ ਵਾਰ ਫੇਰ ਦੂਜੀ ਮਾਂ ਦੀ ਬੁੱਕਲ ਵਿੱਚ ਪੱਸਰੇ ਹੋਏ ਮਣਾਂ-ਮੂਹੀਂ ਮਿੱਟੀ ਘੱਟੇ ਵਿੱਚ ਚੰਗੀ ਤਰਾਂ ਗੰਦਾ ਹੋਣ ਲਈ।

**ਹਰਪ੍ਰੀਤ ਸਿੰਘ ਜਵੰਦਾ**

# ਬਾਲ ਮਨਾਂ ਦੀ ਘਾੜਤ



**ਹਰਕੀਰਤ ਕੌਰ**
**9779118066**

ਛੋਟੇ ਬੱਚਿਆਂ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ। ਨੰਨੇ ਮੁੰਨੇ ਬੱਚਿਆਂ ਦੇ ਮਨ ਫੁੱਲਾਂ ਵਾਂਗ ਕੋਮਲ ਤੇ ਪਿਆਰੇ ਹੁੰਦੇ ਹਨ। ਬਾਲ ਅਵਸਥਾ ਇੱਕ ਅਜਿਹੀ ਅਵਸਥਾ ਹੈ ਜਿਸ ਵਿੱਚ ਬੱਚੇ ਦੀ ਮਾਨਸਿਕਤਾ ਹਾਲੇ ਪੂਰੀ ਤਰਾਂ ਮਜ਼ਬੂਤ ਨਹੀਂ ਹੋਈ ਹੁੰਦੀ, ਉਸਦੀ ਚੇਤਨਤਾ ਹਾਲੇ ਬਣ ਰਹੀ ਹੁੰਦੀ ਹੈ ਅਤੇ ਫਿਰ ਉਸਦਾ ਵਿਕਾਸ ਹੋਵੇਗਾ। ਬੱਚਿਆਂ ਵਿੱਚ ਕਿਸੇ ਵੀ ਆਦਤ ਨੂੰ ਗ੍ਰਹਿਣ ਕਰਨ ਦੀ ਸ਼ਮਤਾ ਵਿਕਸਿਤ ਮਨੁੱਖ ਦੇ ਮੁਕਾਬਲੇ ਜ਼ਿਆਦਾ ਹੁੰਦੀ ਹੈ। ਉਸਦੀ ਚੀਜ਼ਾਂ ਨੂੰ ਵਰਤਣ ਪ੍ਰਤੀ ਖਿੱਚ, ਜਿਸ ਕੰਮ ਤੋਂ ਰੋਕਿਆ ਜਾਣਾ, ਉਸੇ ਕੰਮ ਨੂੰ ਕਰਨ ਪ੍ਰਤੀ ਉਤਸੁਕਤਾ ਕਈ ਗੁਣਾ ਤੀਬਰ ਹੁੰਦੀ ਹੈ।

ਮਾਪਿਆਂ ਲਈ ਉਨਾਂ ਦੇ ਬੱਚਿਆਂ ਦਾ ਬਚਪਨ ਸਭ ਤੋਂ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਇਸ ਵਿੱਚ ਘਰ ਦਾ ਮਾਹੌਲ, ਪਰਿਵਾਰ ਦੇ ਜੀਆਂ ਦਾ ਵਿਵਹਾਰ, ਮਾਪਿਆਂ ਦੀਆਂ ਰੁਚੀਆਂ, ਮਾਪਿਆਂ ਦੀਆਂ ਕਿਰਿਆਵਾਂ ਬਹੁਤ ਅਹਿਮ ਹੁੰਦੀਆਂ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਇਸ ਅਵਸਥਾ ਵਿੱਚ ਬੱਚੇ ਗੱਲਾਂ ਦੇ ਅਰਥ ਭਾਵੇਂ ਘੱਟ ਸਮਝਦੇ ਹਨ ਪਰ ਉਨਾਂ ਨੂੰ ਸਿੱਖਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਕਿਸੇ ਵੀ ਵਿਅਕਤੀ ਦੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਬਚਪਨ ਦੀਆਂ ਆਦਤਾਂ ਬਹੁਤ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਇਸ ਅਵਸਥਾ ਵਿੱਚ ਪਰਿਵਾਰ ਦੇ ਜੀਆਂ ਨੂੰ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਜਿਵੇਂ ਕਿ ਬੱਚਿਆਂ ਸਾਹਮਣੇ ਕਦੇ ਵੀ ਲੜਾਈ ਝਗੜਾ ਨਾ ਕਰਨਾ, ਗ਼ਲਤ ਸ਼ਬਦਾਵਲੀ ਦੀ ਵਰਤੋਂ ਨਾ ਕਰਨਾ, ਬੱਚਿਆਂ ਨੂੰ ਗੁਰਬਾਣੀ ਸਰਵਣ ਕਰਾਉਣੀ। ਘਰ ਪਰਿਵਾਰ ਵਿੱਚ ਸੁਚੱਜੇ ਤਰੀਕੇ ਨਾਲ਼ ਵਿਚਰਿਆ ਜਾਵੇ, ਹਰ ਕੰਮ ਯੋਜਨਾਬੱਧ ਤਰੀਕੇ ਨਾਲ਼ ਕੀਤਾ ਜਾਵੇ ਤਾਂ ਜੋ ਬੱਚੇ ਦੇ ਮਨ ਦਾ ਵਿਕਾਸ ਉਸੇ ਤਰਾਂ ਕੀਤਾ ਜਾ ਸਕੇ। ਮੈਂ ਅਜਿਹੇ ਬਹੁਤ ਸਾਰੇ ਮਾਪੇ ਦੇਖੇ ਹਨ ਜੋ ਬਿਨਾਂ ਕੁਝ ਸੋਚੇ ਸਮਝੇ ਬੱਚਿਆਂ ਦੇ ਸਾਹਮਣੇ ਬਹਿਸਦੇ ਰਹਿੰਦੇ ਹਨ ਫਿਰ ਜਦੋਂ ਬੱਚੇ ਦੀ ਕੋਈ ਮੰਗ ਜਾਂ ਜ਼ਰੂਰਤ ਪੂਰੀ ਨਹੀਂ ਕੀਤੀ ਜਾਂਦੀ ਤਾਂ ਬੱਚੇ ਦੇ ਦਿਮਾਗ਼ ਵੱਲੋਂ ਹੂਬਹੂ ਉਸੇ ਤਰਾਂ ਵਿਵਹਾਰ ਕੀਤਾ ਜਾਂਦਾ ਹੈ ਜਿਵੇਂ ਉਸਨੇ ਆਪਣੇ ਪਰਿਵਾਰ ਦੇ ਜੀਆਂ ਦਾ ਦੇਖਿਆ ਹੁੰਦਾ ਹੈ। ਕਈ ਘਰਾਂ ਵਿੱਚ ਗਾਲਾਂ ਕੱਢਣ ਦਾ ਰਿਵਾਜ ਹੁੰਦਾ ਹੈ, ਜਿਸ ਦਾ ਬੱਚੇ ਦੀ ਸ਼ਖ਼ਸੀਅਤ ਉੱਪਰ ਬਹੁਤ ਨਕਾਰਾਤਮਕ ਪ੍ਰਭਾਵ ਪੈਂਦਾ ਹੈ।

ਬਾਲ ਅਵਸਥਾ ਵਿੱਚ ਬੱਚਾ ਬਹੁਤ ਗੰਭੀਰਤਾ ਨਾਲ਼ ਆਪਣੇ ਆਲੇ-ਦੁਆਲੇ ਹੋਣ ਵਾਲੀਆਂ ਕਿਰਿਆਵਾਂ ਨੂੰ ਗ੍ਰਹਿਣ ਕਰਦਾ ਹੈ। ਕਈ ਵਾਰ ਬੱਚਿਆਂ ਨੂੰ ਸਹੀ ਅਗਵਾਈ ਅਤੇ ਧਿਆਨ ਨਾ ਮਿਲਣ ਕਾਰਨ ਬੱਚੇ ਅਣਆਗਿਆਕਾਰੀ ਹੋ ਜਾਂਦੇ ਹਨ। ਅਜਿਹੇ ਵਿੱਚ ਮਾਪਿਆਂ ਨੂੰ ਬੱਚਿਆਂ ਨਾਲ਼ ਸਿੱਝਣ ਲਈ ਸੁਹਜਤਾ ਦੀ ਵਰਤੋਂ ਕਰਨੀ ਚਾਹੀਦੀ ਹੈ, ਕਦੇ ਵੀ ਬੱਚਿਆਂ ਨੂੰ ਜ਼ਰੂਰਤ ਤੋਂ ਵੱਧ ਡਾਂਟਣਾ ਨਹੀਂ ਚਾਹੀਦਾ। ਅਜਿਹਾ ਕਰਨ ਨਾਲ਼ ਕਈ ਕਮਜ਼ੋਰ ਦਿਲ ਬੱਚੇ ਮਾਪਿਆਂ ਦਾ ਅਜਿਹਾ ਭੈਅ ਦਿਲ ਵਿੱਚ ਬਿਠਾ ਲੈਂਦੇ ਹਨ ਕਿ ਉਹ ਉਮਰ ਭਰ ਆਪਣੇ ਮਾਪਿਆਂ ਨਾਲ਼ ਖੁੱਲ ਨਹੀਂ ਪਾਉਂਦੇ ਅਤੇ ਹਮੇਸ਼ਾ ਉਨਾਂ ਤੋਂ ਝਿਜਕਦੇ ਰਹਿੰਦੇ ਹਨ।

ਮਾਪਿਆਂ ਨੂੰ ਬੱਚਿਆਂ ਦੇ ਸਾਹਮਣੇ ਗੁਰਬਾਣੀ, ਕਿਤਾਬਾਂ ਜ਼ਰੂਰ ਪੜਨੀਆਂ ਚਾਹੀਦੀਆਂ ਹਨ ਤਾਂ ਜੋ ਬੱਚਿਆਂ ਦੀ ਮਾਨਸਿਕਤਾ ਇਸ ਤਰਾਂ ਵਿਕਸਿਤ ਹੋਵੇ ਕਿ ਉਨਾਂ ਨੂੰ ਕਿਤਾਬਾਂ ਪੜਨਾ ਜ਼ਰੂਰੀ ਲੱਗਣ ਲੱਗੇ। ਮਾਪੇ ਬੱਚਿਆਂ ਦੇ ਸਾਹਮਣੇ ਘੱਟ ਤੋਂ ਘੱਟ ਮੋਬਾਇਲ ਦੀ ਵਰਤੋਂ ਕਰਨ। ਉਨਾਂ ਦਾ ਮਨ ਗੁਰਬਾਣੀ, ਕਿਤਾਬਾਂ ਤੇ ਕੁਦਰਤ ਵਿੱਚ ਲਗਾ ਕੇ ਰੱਖੋ।

ਇਨਾਂ ਕੁਝ ਤਰੀਕਿਆਂ ਨਾਲ਼ ਅਸੀਂ ਬਾਲ ਮਨਾਂ ਦੀ ਇੱਕ ਸੁਚੱਜੀ ਘਾੜਤ ਘੜ ਸਕਦੇ ਹਾਂ । ਇੱਕ ਬੱਚੇ ਦਾ ਵਿਵਹਾਰ ਵੱਡੇ ਹੋ ਕੇ ਕਿਵੇਂ ਦਾ ਹੋਵੇਗਾ ਇਸ ਵਿੱਚ ਉਸ ਦਾ ਬਚਪਨ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਪਰਿਵਾਰ ਦੇ ਮੈਂਬਰਾਂ ਦਾ ਵਿਵਹਾਰ ਬੱਚਿਆਂ ਦੇ ਮਨ ਦੀ ਘਾੜਤ ਵਿੱਚ ਮੂਹਰੇ ਆਉਂਦਾ ਹੈ ਕਿਉਂਕਿ ਬੱਚੇ ਕੀ ਕਹਿੰਦੇ ਹਨ, ਨਾਲ਼ੋਂ ਅਸੀਂ ਕੀ ਕਰਦੇ ਹਾਂ ਬਾਰੇ ਵਧੇਰੇ ਜਾਨਣਾ ਚਾਹੁੰਦੇ ਹਨ। ਬੱਚਿਆਂ ਨੂੰ ਉਸ ਦੇ ਮਨ ਦੀ ਸੁਚੱਜੀ ਘਾੜਤ ਲਈ ਮਾਪਿਆਂ ਦੇ ਸਮਰਥਨ ਦੀ ਭਰਪੂਰ ਜ਼ਰੂਰਤ ਹੁੰਦੀ ਹੈ।

# ਕਹਿਰ ਹੈ ਉਸ ਦਾ ਵਿਛੜ ਜਾਣਾ, ਜੋ ਕੁੱਲ ਕਾਇਨਾਤ ਨੂੰ ਹੰਝੂ ਦੇ ਗਿਆ




**ਕਰਮਜੀਤ ਸਿੰਘ ਚੰਡੀਗੜ੍ਹ**

**9915091063**


ਏਨੀ ਛੇਤੀ ਉਹ ਲੰਮੀ ਉਡਾਰੀ ਮਾਰ ਕੇ ਚਲਿਆ ਜਾਵੇਗਾ, ਕਿਸੇ ਦੇ ਚਿੱਤ ਚੇਤੇ ਵਿੱਚ ਵੀ ਨਹੀਂ ਸੀ। ਹਜ਼ਾਰਾਂ ਜਵਾਨ-ਅੱਖਾਂ ਉਸ ਨੂੰ ਯਾਦ ਕਰਕੇ ਰੋ ਰਹੀਆਂ ਹਨ ਅਤੇ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲੇ ਵੀ ਅੰਦਰੋਂ ਰੋ ਰਹੇ ਹਨ, ਜਿਵੇਂ ਕੁਝ ਪਲਾਂ ਲਈ ਰੱਬ ਨੂੰ ਵੀ ਉਲਾਂਭਾ ਦੇ ਰਹੇ ਹੋਣ।

ਇਸ ਹੱਦ ਤੱਕ ਦੀਪ ਸਿੱਧੂ ਲੋਕਾਂ ਦੇ ਦਿਲਾਂ ਵਿੱਚ ਉੱਤਰ ਗਿਆ ਸੀ ਪਈ ਇਉਂ ਲੱਗਦਾ ਸੀ ਜਿਵੇਂ ਬੜੀ ਦੇਰ ਪਿੱਛੋਂ ਪੰਜਾਬੀ ਜਜ਼ਬਿਆਂ ਦੇ ਕਿਸੇ ਹਾਣੀ ਨੇ ਪੰਜ ਦਰਿਆਵਾਂ ਦੀ ਧਰਤੀ ਉੱਤੇ ਫੇਰਾ ਪਾਇਆ ਹੈ। ਕਹਿੰਦੇ ਹਨ ਕਿ ਮਰਨ ਸਮੇਂ ਮਨੁੱਖ ਵੱਡਾ ਹੋ ਜਾਂਦਾ ਹੈ ਪਰ ਉਹ ਤਾਂ ਜਿਉਂਦਾ ਹੀ ਵੱਡਾ ਹੋ ਰਿਹਾ ਸੀ।

ਇਲਮ ਦੀ ਪੰਡ ਵਿੱਚੋਂ ਮੈਨੂੰ ਕੋਈ ਵੀ ਸ਼ਬਦ ਨਹੀਂ ਲੱਭਦਾ,ਕੋਈ ਵੀ ਢੁੱਕਵਾਂ ਵਾਕ ਨਹੀਂ ਮਿਲਿਆ ਜੋ ਏਸ ਅਚਨਚੇਤ ਪਰ ਦਰਦਨਾਕ ਵਿਛੋੜੇ ਦਾ ਹਮਸਫ਼ਰ ਬਣ ਸਕੇ। ਉਸ ਦੀ ਚੜ੍ਹਤ ਇੱਕ ਚਮਤਕਾਰ ਤੋਂ ਘੱਟ ਨਹੀਂ ਸੀ। ਕਿੰਨੀਆਂ ਹੀ ਗੱਲਾਂ ਸਨ ਜੋ ਇਸ ਬੰਦੇ ਵਿੱਚ ਇੱਕੋ ਸਮੇਂ ਇਕੱਠੀਆਂ ਹੋ ਕੇ ਉਸ ਨੂੰ ਗੁੰਝਲਦਾਰ ਵੀ, ਦਿਲਕਸ਼ ਵੀ, ਕਿਸੇ ਹੱਦ ਤੱਕ ਹੈਰਾਨੀਜਨਕ ਵੀ, ਸ਼ੱਕੀ ਵੀ ਅਤੇ ਪਿਆਰੀਆਂ ਵੀ ਬਣਾ ਰਹੀਆਂ ਸਨ।

ਉਸ ਦਾ ਵਿਰੋਧ ਵੀ ਰੱਜ ਕੇ ਹੋਇਆ-ਸ਼ਰੀਕਾਂ ਵੱਲੋਂ ਵੀ, ਆਪਣਿਆਂ ਵੱਲੋਂ ਵੀ ਅਤੇ ਦੁਸ਼ਮਣਾਂ ਵੱਲੋਂ ਵੀ। ਇਸ ਵਿਰੋਧ ਵਿੱਚ ਦਾਨਿਸ਼ਵਰ, ਪੱਤਰਕਾਰ, ਕਥਿਤ ਸਿਧਾਂਤਕਾਰ, ਉਦਾਰਵਾਦੀ, ਮੀਡੀਆ, ਕਿਸਾਨ ਮੋਰਚੇ ਦੇ ਕਈ ਆਗੂ ਥੋੜ੍ਹੇ ਬਹੁਤੇ ਫ਼ਰਕ ਨਾਲ਼ ਸਭ ਦੇ ਸਭ ਇੱਕੋ ਪਲੇਟਫ਼ਾਰਮ ਤੇ ਇਕੱਠੇ ਹੋ ਗਏ ਸਨ। ਕਾਸ਼, ਕੋਈ ਜਣਾ ਇਸ ਕਾਫ਼ਲੇ ਦੀ ਧੁਰ ਅੰਦਰਲੀ ਮਾਨਸਿਕਤਾ, ਇੱਕ ਦੂਜੇ ਨਾਲ਼ ਦੂਰ ਨੇੜੇ ਦੀ ਸਾਂਝ, ਈਰਖਾ ਅਤੇ ਸਾੜੇ ਦਾ ਗੰਭੀਰ ਵਿਸ਼ਲੇਸ਼ਣ ਕਰ ਸਕੇ ਤਾਂ ਜੋ ਸੋਚਣ ਅਤੇ ਮਹਿਸੂਸ ਕਰਨ ਦਾ ਇੱਕ ਸੁਤੰਤਰ ਤੇ ਉੱਚੀ ਪੱਧਰ ਦਾ ਮਾਹੌਲ ਪੈਦਾ ਹੋਵੇ।

ਕਿਸੇ ਨੇ ਵੀ ਇਹ ਸੂਹ ਲੈਣ ਦਾ ਯਤਨ ਨਹੀਂ ਕੀਤਾ ਕਿ ਦੀਪ ਸਿੱਧੂ ਨੌਜਵਾਨਾਂ ਵਿੱਚ ਹਰਮਨ ਪਿਆਰਾ ਕਿਉਂ ਹੋ ਗਿਆ ਸੀ ? ਕੀ ਪੰਜਾਬ ਦੀ ਜਵਾਨੀ 'ਜੋਰਾ' ਫ਼ਿਲਮ ਵਿੱਚ ਉਸ ਦੇ ਰੋਲ਼ ਕਰਕੇ ਖਿੱਚੀ ਗਈ ਸੀ ? ਪਰ ਇਹ ਅਧੂਰਾ ਸੱਚ ਹੈ ਅਤੇ ਉਸ ਦੀ ਸ਼ਖ਼ਸੀਅਤ ਨਾਲ਼ ਪੂਰਾ ਨਿਆਂ ਨਹੀਂ ਕਰਦਾ। ਕੀ ਉਸ ਦੀ ਸ਼ਖ਼ਸੀਅਤ ਦਾ ਦਾ ਬਾਹਰਲਾ ਸਰੂਪ, ਯਾਨੀ ਉੱਚਾ ਲੰਮਾ ਕੱਦ, ਸੋਹਣਾ ਸੁਨੱਖਾ, ਉਸ ਦੇ ਬੋਲਣ ਦਾ ਅੰਦਾਜ਼, ਪੰਜਾਬ ਦੀ ਰੁਲ਼ਦੀ ਜਵਾਨੀ ਦੇ ਜਜ਼ਬਿਆਂ ਦੇ ਧੁਰ ਅੰਦਰ ਤੱਕ ਝਾਕਣ ਦੀ ਅਥਾਹ ਸਮਰੱਥਾ, ਸਮਝ ਅਤੇ ਅਪਣੱਤ ਕਰਕੇ ਉਹ ਪ੍ਰਸਿੱਧੀ ਦੀ ਸਿਖ਼ਰ ਨੂੰ ਛੂਹ ਰਿਹਾ ਸੀ ? ਇਹ ਵੀ ਪੂਰਾ ਸੱਚ ਨਹੀਂ ਹਾਲਾਂਕਿ ਪ੍ਰਸਿੱਧੀ ਦੇ ਸਫ਼ਰ ਦੇ ਮੁੱਢਲੇ ਦੌਰ ਵਿੱਚ ਉਹ ਇਨਾਂ ਗੱਲਾਂ ਕਰਕੇ ਹਰਮਨ ਪਿਆਰਾ ਜ਼ਰੂਰ ਬਣ ਚੁੱਕਾ ਸੀ ।

ਪਰ ਜਿਸ ਗੱਲ ਨੇ ਪੰਜਾਬ ਦੇ ਜਾਗਦੇ ਲੋਕਾਂ ਵਿੱਚ 'ਸੋਚਣ ਅਤੇ ਮਹਿਸੂਸ' ਕਰਨ ਦਾ ਇੱਕ ਵੱਖਰਾ ਮਾਹੌਲ ਪੈਦਾ ਕੀਤਾ ਅਤੇ ਇੱਕ ਤਰਾਂ ਨਾਲ਼ ਹਨੇਰੀ ਲਿਆ ਦਿੱਤੀ, ਉਹ ਸੀ ਤਿੰਨ ਕਾਲ਼ੇ ਕਾਨੂੰਨਾਂ ਨੂੰ ਪੰਜਾਬ ਦੀ ਹੋਂਦ ਦੇ ਮੁੱਦੇ ਨਾਲ਼ ਜੋੜ ਦੇਣਾ, ਕਿਸਾਨਾਂ ਨੂੰ ਆਪਣੇ ਖ਼ੁਰਦੇ ਵਜੂਦ ਦਾ ਅਹਿਸਾਸ ਕਰਵਾ ਦੇਣ, ਪਦਾਰਥਕ ਲੋੜਾਂ ਤੱਕ ਸੀਮਤ ਰੱਖਣ ਦੀ ਕਾਮਰੇਡ-ਬਿਰਤੀ ਨੂੰ ਪਦਾਰਥਕ ਲੋੜਾਂ ਤੋਂ ਉੱਪਰ ਉਠਾ ਕੇ ਕਿਸਾਨਾਂ ਅੰਦਰ ਸੋਚਣ ਦੀ ਜਗਿਆਸਾ ਪੈਦਾ ਕਰਨ ਦਾ ਸੁਹਿਰਦ ਯਤਨ ਕਰਨਾ ਦੀਪ ਸਿੱਧੂ ਦੀ ਇਤਿਹਾਸਕ ਪ੍ਰਾਪਤੀ ਸੀ। ਇਹ ਜਗਿਆਸਾ ਇੱਕ ਵੱਡੀ ਲਹਿਰ ਬਣੇਗੀ ਜਾਂ ਨਹੀਂ ਜਾਂ ਕੋਈ ਕਾਫ਼ਲਾ ਇਸ ਵਿਰਾਸਤ ਨੂੰ ਸੰਭਾਲਣ ਲਈ ਅੱਗੇ ਆਵੇਗਾ ਜਾਂ ਨਹੀਂ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਸਾਡੇ ਸਭਨਾਂ ਲਈ ਇੱਕ ਵੱਡੀ ਚੁਣੌਤੀ ਹੈ ਅਤੇ ਖ਼ਾਸ ਕਰ ਕੇ ਉਸ ਨੂੰ ਪਿਆਰ ਕਰਨ ਵਾਲੇ ਉਸ ਦੇ ਨੇੜਲੇ ਸਾਥੀਆਂ ਦਾ ਇਮਤਿਹਾਨ ਹੈ ਕਿ ਉਹ ਦੀਪ ਸਿੱਧੂ ਦੀਆਂ ਪ੍ਰਾਪਤੀਆਂ ਨੂੰ ਠੋਸ ਸ਼ਕਲ ਅਤੇ ਸੇਧ ਦੇਣ ਵਿੱਚ ਕਿੰਨਾ ਕੁ ਕਾਮਯਾਬ ਹੁੰਦੇ ਹਨ।

ਸੜਕ ਹਾਦਸਿਆਂ ਨੇ ਦੁਨੀਆਂ ਨੂੰ ਵੱਡੇ ਦਰਦ ਦਿੱਤੇ ਹਨ। ਵਿਸ਼ਵ ਸਿਹਤ ਸੰਸਥਾ ਦੇ ਇੱਕ ਸਰਵੇਖਣ ਮੁਤਾਬਕ ਹਰ ਸਾਲ ਤੇਰਾਂ ਲੱਖ ਲੋਕ ਦੁਨੀਆ ਵਿੱਚ ਕਾਰ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ।

ਦੀਪ ਸਿੱਧੂ ਦਾ ਵਿਛੜ ਜਾਣਾ ਸਾਨੂੰ ਪ੍ਰਸਿੱਧ ਐਕਟਰ ਜੇਮਜ਼ ਡੀਨ (1931-55) ਦੀ ਯਾਦ ਦਿਵਾਉਂਦਾ ਹੈ ਜੋ 24 ਸਾਲ ਦੀ ਉਮਰ ਵਿੱਚ ਹੀ ਇੱਕ ਕਾਰ ਹਾਦਸੇ ਵਿੱਚ ਮਾਰਿਆ ਗਿਆ ਸੀ। ਪਰ ਉਹ ਆਪਣੀਆਂ ਦੋ ਤਿੰਨ ਫ਼ਿਲਮਾਂ ਕਰਕੇ ਹੀ ਉਸ ਦੌਰ ਦੀ ਚੜ੍ਹਦੀ ਜਵਾਨੀ ਦੀਆਂ ਉਦਾਸੀਆਂ, ਮਾਯੂਸੀਆਂ ਅਤੇ ਬੇਚੈਨੀਆਂ ਦੇ ਕਲਚਰ ਦਾ ਨਾਇਕ ਬਣ ਕੇ ਚਮਕਿਆ ਸੀ। ਉਸ ਨੂੰ ਪੰਜਾਹ ਵਿਆਂ ਦਾ 'ਕਲਚਰਲ ਆਈਕਨ' ਕਰਕੇ ਯਾਦ ਕੀਤਾ ਜਾਂਦਾ ਹੈ । ਜੇਮਜ਼ ਡੀਨ ਦਾ ਇੱਕ ਪਿਆਰਾ ਕਥਨ ਦੀਪ ਸਿੱਧੂ ਉੱਤੇ ਵੀ ਢੁੱਕਦਾ ਹੈ ਕਿ 'ਇੱਕ ਚੰਗਾ ਐਕਟਰ ਬਣਨਾ ਬੜਾ ਔਖਾ ਹੁੰਦਾ ਹੈ, ਪਰ ਇੱਕ ਚੰਗਾ ਇਨਸਾਨ ਬਣਨਾ ਉਸ ਤੋਂ ਵੀ ਕਿਤੇ ਔਖਾ ਹੁੰਦਾ ਹੈ। ਮੈਂ ਵੀ ਮਰਨ ਤੋਂ ਪਹਿਲਾਂ ਦੋਵੇਂ ਕੰਮ ਕਰ ਕੇ ਇਸ ਸੰਸਾਰ ਨੂੰ ਅਲਵਿਦਾ ਕਹਾਂਗਾ।' ਜਿਵੇਂ ਜੇਮਜ਼ ਡੀਨ ਦੀ ਝਾਕਣੀ ਵਿੱਚ ਇੱਕ ਬਾਗ਼ੀਆਨਾ ਝਲਕ ਸੀ ਉਹ ਝਲਕ ਤੇ ਚਮਕ ਦੀਪ ਸਿੱਧੂ ਵਿੱਚ ਸੀ। ਉਸ ਨੇ ਅੰਦਰ ਅਤੇ ਬਾਹਰ ਦੇ ਫ਼ਰਕ ਨੂੰ ਕਿਸੇ ਹੱਦ ਤੱਕ ਮਿਟਾ ਦਿੱਤਾ ਸੀ।

ਜੇ ਦੀਪ ਸਿੱਧੂ ਦੇ ਵੰਨ ਸੁਵੰਨੇ ਸਫ਼ਰ ਉੱਤੇ ਇੱਕ ਤਰਦੀ ਝਾਤ ਮਾਰੀ ਜਾਵੇ ਤਾਂ ਇਹ ਹਕੀਕਤ ਸਾਹਮਣੇ ਆਵੇਗੀ ਕਿ ਉਸ ਦਾ 'ਅੰਦਰਲਾ ਤੇ ਬਾਹਰਲਾ' ਸਹਿਜੇ ਸਹਿਜੇ ਸਿੱਖੀ ਦੀ ਤਰਜ਼-ਏ-ਜ਼ਿੰਦਗੀ ਵੱਲ ਕਦਮ ਪੁੱਟ ਰਿਹਾ ਸੀ। ਪਰ ਉਸ ਨੂੰ ਸਮਝਣਾ ਏਨਾ ਆਸਾਨ ਨਹੀਂ ਸੀ। ਜੁਝਾਰੂ ਲਹਿਰ ਉਸ ਨੂੰ ਖਿੱਚ ਪਾਉਂਦੀ ਸੀ। ਇਸ ਲਹਿਰ ਦਾ ਇੱਕ ਮਹਾਨ ਨਾਇਕ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਉਸ ਦਾ ਦੂਰ ਨੇੜੇ ਦਾ ਰਿਸ਼ਤੇਦਾਰ ਵੀ ਸੀ। ਉਹ ਮਹਿਸੂਸ ਕਰਦਾ ਸੀ ਕਿ ਜੁਝਾਰੂ ਲਹਿਰ ਸਿੱਖਾਂ ਦੀ ਖੁੱਸਦੀ ਸ਼ਾਨ ਨੂੰ ਬਹਾਲ ਕਰਨ ਦਾ ਇੱਕ ਇਤਿਹਾਸਕ ਕਾਰਨਾਮਾ ਸੀ। ਇਹੋ ਖਿੱਚ ਉਸ ਨੂੰ ਅਮਰਗੜ੍ਹ ਦੇ ਹਲਕੇ ਵੱਲ ਲੈ ਗਈ ਜਿੱਥੇ ਉਹ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ ਪ੍ਰਚਾਰ ਕਰਦਾ ਨਜ਼ਰ ਆਇਆ। ਉਸ ਦਾ ਪੱਕਾ ਯਕੀਨ ਬਣ ਰਿਹਾ ਸੀ ਕਿ ਸਿਮਰਨਜੀਤ ਸਿੰਘ ਮਾਨ ਹੀ ਹੁਣ ਇੱਕੋ ਇੱਕ ਆਵਾਜ਼ ਹੈ ਜੋ ਸਿੱਖਾਂ ਦੇ ਦਰਦ ਦੀ ਤਰਜਮਾਨੀ ਕਰਦੀ ਹੋਈ ਜੱਦੋ-ਜਹਿਦ ਕਰ ਰਹੀ ਹੈ।

ਬਹੁਤ ਘੱਟ ਲੋਕਾਂ ਨੂੰ ਇਹ ਪਤਾ ਹੋਵੇਗਾ ਕਿ ਉਸ ਨੇ ਮਾਨਵ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਉੱਤੇ ਵੀ ਇੱਕ ਫ਼ਿਲਮ ਬਣਾਉਣ ਦਾ ਮਨ ਬਣਾ ਲਿਆ ਸੀ।

ਦੀਪ ਸਿੱਧੂ ਦੀ ਮੌਤ ਦੀ ਖ਼ਬਰ ਸੁਣ ਕੇ ਹਰੇਕ ਨੂੰ ਇਹ ਮਹਿਸੂਸ ਹੋਇਆ ਜਿਵੇਂ ਇਹ ਨਹੀਂ ਹੋ ਸਕਦਾ, ਇਹ ਕਦੇ ਨਹੀਂ ਹੋ ਸਕਦਾ, ਕਿਉਂਕਿ ਮੰਨੋ ਤੇ ਭਾਵੇਂ ਨਾ ਮੰਨੋ ਉਸ ਨੇ ਸਿੱਖ ਕੌਮ ਦੇ ਅਵਚੇਤਨ ਮਨ ਦੇ ਕਿਸੇ ਪਵਿੱਤਰ ਕੋਨੇ ਵਿੱਚ ਆਪਣੀ ਥਾਂ ਬਣਾ ਲਈ ਸੀ। ਮਨੋਵਿਗਿਆਨ ਦੇ ਵਿਸ਼ੇ ਨਾਲ਼ ਜੁੜੇ ਇੱਕ ਦੋਸਤ ਨੇ ਇਸ ਵਰਤਾਰੇ ਦੀ ਵਿਆਖਿਆ ਕਰਦਿਆਂ ਟਿੱਪਣੀ ਕੀਤੀ ਕਿ ਸਿੱਖ ਕੌਮ ਜਿਵੇਂ ਉਦਾਸੀਆਂ ਦੇ ਦੌਰ ਵਿੱਚੋਂ ਲੰਘ ਰਹੀ ਸੀ, ਜਿਵੇਂ ਕੌਮ ਅੰਦਰ ਇੱਕ ਵੱਡਾ ਖਲਾਅ ਪੈਦਾ ਹੋ ਗਿਆ ਸੀ। ਉਸ ਦੌਰ ਵਿੱਚ ਦੀਪ ਸਿੱਧੂ ਉਸ ਖਲਾਅ ਦੀ ਨੁਮਾਇੰਦਗੀ ਕਰ ਰਿਹਾ ਸੀ। ਉਸ ਨੇ ਭੇਖ ਵੀ ਨਹੀਂ ਧਾਰਿਆ, ਕੋਈ ਪਾਖੰਡ ਵੀ ਨਹੀਂ ਕੀਤਾ



ਉਹ ਨਿਰਛਲ ਤੇ ਨਿਧੜਕ ਹੋ ਕੇ ਆਪਣੀ ਗੱਲ ਕਰਦਾ ਰਿਹਾ ਅਤੇ ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਉਹ ਭਾਰਤੀ ਸਟੇਟ ਲਈ ਇੱਕ ਗੰਭੀਰ ਖ਼ਤਰਾ ਬਣ ਚੁੱਕਾ ਸੀ। ਇਹ ਵੀ ਹੈਰਾਨੀ ਵਾਲੀ ਗੱਲ ਸ਼ਾਇਦ ਨਾ ਹੋਵੇ ਕਿ ਉਸ ਦੀ ਮੌਤ ਬਰਤਾਨੀਆ ਦੀ ਰਾਜਕੁਮਾਰੀ ਡਿਆਨਾ ਦੀ ਮੌਤ ਵਾਂਗ ਇੱਕ ਸਾਜ਼ਿਸ਼ ਹੀ ਹੋਵੇ।

ਭਾਵੇਂ ਜ਼ਿੰਦਗੀ ਤੇ ਮੌਤ ਰੱਬ ਦੇ ਭਾਣੇ ਵਿੱਚ ਹੀ ਹੁੰਦੀਆਂ ਹਨ ਪਰ ਜਦੋਂ ਦੀਪ ਸਿੱਧੂ ਦੀ ਮੌਤ ਦੀ ਖ਼ਬਰ ਆਈ ਤਾਂ ਵਿਰੋਧੀਆਂ ਤੇ ਹਮਾਇਤੀਆਂ ਦੇ ਅੰਦਰ ਇਕਦਮ ਸੁੰਨ ਮਸਾਨ ਅਤੇ ਹੈਰਾਨੀ ਵਰਤ ਗਈ ਹਾਲਾਂਕਿ ਇਸ ਹੈਰਾਨਗੀ ਦੀਆਂ ਬਰੀਕ ਪਰਤਾਂ ਨੂੰ ਪ੍ਰਗਟ ਕਰਨਾ ਔਖਾ ਹੈ।

ਮੈਨੂੰ ਕਈ ਵਾਰ ਇਉਂ ਮਹਿਸੂਸ ਹੁੰਦਾ ਸੀ ਕਿ ਦੀਪ ਸਿੱਧੂ ਇੱਕ ਵੱਡੀ ਭੀੜ ਵਿੱਚ ਇਕੱਲਾ ਹੈ। ਉਸ ਦੇ ਇਕੱਲੇਪਣ ਨੂੰ, ਉਸ ਦੀ ਉਦਾਸੀ ਨੂੰ ਸ਼ਬਦ ਦੇਣੇ ਅਤੇ ਉਸ ਦੀ ਬੇਚੈਨ ਰੂਹ ਤੱਕ ਪਹੁੰਚਣਾ ਮੇਰੀ ਤਾਂਘ ਸੀ ਜੋ ਪੂਰੀ ਨਾ ਹੋ ਸਕੀ। ਕੁਝ ਚਿਰ ਪਹਿਲਾਂ ਫ਼ਤਹਿਗੜ੍ਹ ਸਾਹਿਬ ਵਿਖੇ ਇੱਕ ਸੈਮੀਨਾਰ ਵਿੱਚ ਉਸ ਨੇ ਮੈਨੂੰ ਵਿਸ਼ੇਸ਼ ਸੱਦਾ ਦਿੱਤਾ ਅਤੇ ਬੜੇ ਮੋਹ ਨਾਲ਼ ਮਿਲਿਆ। ਸਮਾਂ ਲੱਭ ਕੇ ਮੈਂ ਆਪਣੀ ਖ਼ਾਹਿਸ਼ ਉਸ ਦੇ ਅੱਗੇ ਫ਼ਿਲਮੀ ਡਾਇਲਾਗਾਂ ਵਾਂਗ ਪ੍ਰਗਟ ਕੀਤੀ ਜਿਸ ਦੇ ਖਿੱਲਰੇ ਖੁੱਲਰੇ ਸ਼ਬਦ ਅਜੇ ਵੀ ਯਾਦ ਹਨ :- 'ਦੀਪ ਸਾਹਿਬ, ਤੁਹਾਡੇ ਨਾਲ਼ ਇੱਕ ਲੰਮੀ ਮੁਲਾਕਾਤ ਕਰਨੀ ਹੈ ਬੜੇ ਸਵਾਲ ਕਰਨੇ ਹਨ ਜੋ ਕਿਸੇ ਦੇ ਹਿੱਸੇ ਨਹੀਂ ਆਏ ਕਿਸੇ ਨੇ ਕਰ ਹੀ ਨਹੀਂ ਸਕਣੇ ਤੁਹਾਨੂੰ, ਕਿਹੜੀਆਂ ਕਿਤਾਬਾਂ ਤੁਸੀਂ ਪੜੀਆਂ ਅਤੇ ਕਿਹੜੇ ਨਾਇਕ ਹਨ ਜੋ ਤੁਹਾਨੂੰ ਸੌਣ ਨਹੀਂ ਦਿੰਦੇ, ਰਾਤਾਂ ਦੀਆਂ ਨੀਂਦਰਾਂ ਉਡਾ ਦਿੰਦੇ ਹਨ ਕਿਹੜੀਆਂ ਫ਼ਿਲਮਾਂ ਦੇ ਹੀਰੋ ਤੁਹਾਨੂੰ ਸਿਰ ਤੋਂ ਪੈਰਾਂ ਤੱਕ ਕੰਬਣੀ ਛੇੜ ਦਿੰਦੇ ਹਨ, ਝੰਜੋੜਦੇ ਹਨ ਪੰਜਾਬ ਤੁਹਾਨੂੰ ਕਿਉਂ ਸਤਾਉਂਦਾ ਅਤੇ ਰਵਾਉਂਦਾ ਹੈ, ਸਿੱਖ ਕਿਉਂ ਰੁਲ਼ਦੇ ਜਾਂਦੇ ਹਨ ਹੋਂਦ ਦੇ ਸਵਾਲ ਦੀ ਪਿਆਸ ਕਿਸ ਨੇ ਲਾਈ ? ਕਾਨੂੰਨ ਦੀ ਦੁਨੀਆਂ ਵਿੱਚ ਕਿਵੇਂ ਚਲੇ ਗਏ ? ਸੁਣਿਆ ਹੈ, ਫ਼ਿਲਾਸਫ਼ੀ ਦੇ ਵਿਸ਼ੇ ਨੂੰ ਵੀ ਮੂੰਹ ਮਾਰਦੇ ਹੋ ਕਿਹੜਾ ਫ਼ਿਲਾਸਫ਼ਰ ਤੁਹਾਨੂੰ 'ਰੋਜ਼' ਮਿਲਦਾ ਹੈ ਕਿਸ ਮੰਜ਼ਿਲ ਤੱਕ ਪਹੁੰਚਣ ਦਾ ਇਰਾਦਾ ਹੈ। 26 ਜਨਵਰੀ ਸਮੇਂ ਨਿਸ਼ਾਨ ਸਾਹਿਬ ਝੁਲਾਉਣ ਦੇ ਇਤਿਹਾਸਕ ਚਮਤਕਾਰ ਪਿੱਛੋਂ ਜਦੋਂ ਪੰਥ ਨੇ ਤੁਹਾਡੀ ਸਾਰ ਨਹੀਂ ਲਈ ਤਾਂ ਕਿਸ ਤਰਾਂ ਦੇ ਉਦਾਸੀ ਦੇ ਦਿਨ ਸਨ ਉਹ ਜੇਲ ਦੀ ਜ਼ਿੰਦਗੀ ਨੂੰ ਕਿਵੇਂ ਮਹਿਸੂਸ ਕੀਤਾ।'

ਦੀਪ ਸਿੱਧੂ ਦੇ ਚਿਹਰੇ ਨੂੰ ਪੜ੍ਹਨਾ ਅਤੇ ਸਮਝਣਾ ਮੇਰੇ ਲਈ ਮੁਸ਼ਕਲ ਨਹੀਂ ਸੀ ਕਿਉਂਕਿ ਉਹ ਹੈਰਾਨ ਵੀ ਅਤੇ ਖ਼ੁਸ਼ ਵੀ ਸੀ ਕਿ ਕੋਈ ਉਸ ਦੀ ਰੂਹ ਦੇ ਦਰਦ ਨੂੰ ਜਾਣਨਾ ਚਾਹੁੰਦਾ ਹੈ। ਉਸ ਦੀ ਹਾਂ ਪਿੱਛੋਂ ਅੱਜ ਮਿਲਦੇ ਹਾਂ, ਕੱਲ ਮਿਲਦੇ ਹਾਂ, ਬਸ ਇਵੇਂ ਹੀ ਦਿਨ ਲੰਘ ਗਏ ਅਤੇ ਮੁਲਾਕਾਤ ਦੀ ਰੀਝ ਅਧੂਰੀ ਰਹਿ ਗਈ।

ਉਹ ਚਲੇ ਗਿਆ ਹੈ ਅਣਗਿਣਤ ਯਾਦਾਂ ਛੱਡ ਕੇ ਜੋ ਦੇਰ ਤੱਕ ਸਾਨੂੰ ਉਦਾਸ ਵੀ ਕਰਨਗੀਆਂ ਪਰ ਰੋਸ਼ਨੀ ਵੀ ਦੇਣਗੀਆਂ। ਕੁਝ ਸ਼ਾਇਰਾਂ ਦੀਆਂ ਇਨਾਂ ਸਤਰਾਂ ਨਾਲ਼ ਅਲਵਿਦਾ ਕਹਿ ਰਿਹਾ ਹਾਂ :-

ਮੈਂ ਫ਼ਿਜ਼ਾਓਂ ਮੇਂ ਬਿਖ਼ਰ ਜਾਊਂਗਾ, ਖ਼ੁਸ਼ਬੂ ਬਨ ਕਰ, ਨਾ ਰੰਗ ਹੋਗਾ, ਨਾ ਬਦਨ ਹੋਗਾ, ਨਾ ਚਿਹਰਾ ਹੋਗਾ।

ਇੱਕ ਮੋਇਆ ਪੁੱਤ ਪੰਜਾਬ ਦਾ ਕੁੱਲ ਦੁਨੀਆਂ ਰੋਈ।

ਸੰਨ 1978 ਦੇ ਵਿਸਾਖੀ ਕਾਂਡ ਪਿੱਛੋਂ ਮੈਂ ਲਗਾਤਾਰ ਖ਼ਾਲਸਾ ਪੰਥ ਦੀਆਂ ਧਾਰਮਿਕ ਤੇ ਰਾਜਨੀਤਕ ਸਰਗਰਮੀਆਂ ਨੂੰ ਅਤੇ ਇਨਾਂ ਸਰਗਰਮੀਆਂ ਨਾਲ਼ ਜੁੜੇ ਆਗੂਆਂ ਦੇ ਉਤਰਾਵਾਂ ਚੜਾਵਾਂ ਨੂੰ ਦੂਰ ਨੇੜੇ ਰਹਿ ਕੇ ਕਈ ਪੱਖਾਂ ਤੋਂ ਵੇਖਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਜਿੱਥੋਂ ਤੱਕ ਮੈਨੂੰ ਯਾਦ ਹੈ ਕਿ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਅਤੇ ਉਨਾਂ ਦੇ ਵਿਛੋੜੇ ਨੇ ਖ਼ਾਲਸਾ ਪੰਥ ਅੰਦਰ ਹੰਝੂਆਂ ਦੇ ਦਰਿਆ ਵਗਾ ਦਿੱਤੇ ਸਨ ਅਤੇ ਹੈਰਾਨੀ ਤੇ ਖ਼ੁਸ਼ੀ ਵਾਲੀ ਗੱਲ ਇਹ ਹੈ ਕਿ ਇੰਨੇ ਸਾਲ ਬੀਤ ਜਾਣ ਪਿੱਛੋਂ ਵੀ ਕੌਮ ਉਨਾਂ ਨੂੰ ਸਿੱਲੀਆਂ ਅੱਖਾਂ ਨਾਲ਼ ਯਾਦ ਕਰਦੀ ਹੈ।

ਸੰਤ ਜੀ ਤੋਂ ਪਿੱਛੋਂ ਜੁਝਾਰੂ ਲਹਿਰ ਕਈ ਪੜਾਵਾਂ ਵਿੱਚੋਂ ਲੰਘੀ। ਵੱਡੇ ਜਰਨੈਲ ਆਏ, ਵੱਡੇ-ਬਹੁਤ ਵੱਡੇ ਕੰਮ ਹੋਏ, ਫ਼ਾਂਸੀਆਂ ਵੀ ਵੇਖਣ ਵਿੱਚ ਆਈਆਂ। ਉਨਾਂ ਦੀ ਯਾਦ ਵਿੱਚ ਇਕੱਠ ਵੀ ਬੜੇ ਵੱਡੇ ਦੇਖੇ ਗਏ। ਉਸ ਦੌਰ ਉੱਤੇ ਜਿੰਨਾ ਮਾਣ ਕਰੀਏ, ਉਹ ਥੋੜ੍ਹਾ ਹੈ। ਜੇ ਪੰਥ ਵਿੱਚ ਓੜਕਾਂ ਦਾ ਜੋਸ਼ ਅਤੇ ਖ਼ੁਸ਼ੀ ਦੀ ਲਹਿਰ ਵੇਖੀ ਗਈ ਤਾਂ ਉਹ ਉਸ ਸਮੇਂ ਵੇਖੀ ਗਈ, ਜਦੋਂ ਸਰਬੱਤ ਖ਼ਾਲਸਾ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਅਕਾਲ ਤਖ਼ਤ ਦਾ ਜਥੇਦਾਰ ਥਾਪਣ ਦਾ ਐਲਾਨ ਕੀਤਾ। ਦੋਸਤੋ, ਮੈਂ ਉਨਾਂ ਜੋਸ਼ੀਲੇ ਅਤੇ ਇਤਿਹਾਸਕ ਪਲਾਂ ਦਾ ਚਸ਼ਮਦੀਦ ਗਵਾਹ ਹਾਂ।

ਪਰ ਕਿਸੇ ਦੇ ਜਾਣ ਉੱਤੇ ਖ਼ਾਲਸਾ ਪੰਥ ਨੇ ਜਿਵੇਂ ਹੰਝੂ ਵਹਾਏ, ਜਿਵੇਂ ਸਾਰੀ ਕੌਮ ਗ਼ਮ ਦੇ ਸਮੁੰਦਰ ਵਿੱਚ ਡੁੱਬ ਗਈ, ਜਿਵੇਂ ਮੁੰਡੇ ਕੁੜੀਆਂ ਧਾਹਾਂ ਮਾਰਦੇ ਰੋਂਦੇ ਵੇਖੇ ਅਤੇ ਸੁਣੇ ਗਏ, ਜਿਵੇਂ ਟੱਬਰਾਂ ਦੇ ਟੱਬਰਾਂ ਵਿੱਚ ਹਰ ਜੀਅ ਸੁੰਨ ਮਸੁੰਨ ਹੋ ਕੇ ਰਹਿ ਗਿਆ ਅਤੇ ਜਿਵੇਂ ਇੱਕ ਦਿਨ ਲਈ ਚੋਣਾਂ ਦਾ ਰੌਲਾ ਗੌਲਾ ਅਤੇ ਉਤਸ਼ਾਹ ਸਭ ਵਿਅਰਥ ਅਤੇ ਫ਼ਜ਼ੂਲ ਹੋ ਕੇ ਜਾਪਣ ਲੱਗਾ ਅਤੇ ਜਦੋਂ ਸੱਤ ਸਮੁੰਦਰੋਂ ਪਾਰ ਧਰਤੀਆਂ ਤੇ ਵੱਸਦੇ ਸਿੱਖ ਨੌਜਵਾਨ ਆਪਣੇ ਰੋਜ਼ਾਨਾ ਕੰਮਾਂ ਕਾਰਾਂ ਵਿੱਚ ਗ਼ਮ ਵਿੱਚ ਡੁੱਬੇ ਹੋਏ ਉਦਾਸ ਸੁਣੇ ਗਏ ਤਾਂ ਮੈਨੂੰ ਇਹ ਕਹਿਣ ਦੀ ਖੁੱਲ ਦਿਓ ਕਿ ਸੰਤ ਜਰਨੈਲ ਸਿੰਘ ਤੋਂ ਪਿੱਛੋਂ ਦੇਸ਼ਾਂ ਵਿਦੇਸ਼ਾਂ ਵਿੱਚ ਕੌਮ ਦੀਆਂ ਅੱਖਾਂ ਵਿੱਚੋਂ ਜੋ ਹੰਝੂ ਵਗੇ ਉਹ ਦੀਪ ਸਿੱਧੂ ਦੀ ਯਾਦ ਵਿੱਚ ਸਨ।

ਇਨਾਂ ਹੰਝੂਆਂ ਦੇ ਡੂੰਘੇ ਅਰਥ ਕੀ ਹੋ ਸਕਦੇ ਹਨ। ਇਨਾਂ ਦੀ ਵਿਆਖਿਆ ਕਿਵੇਂ ਕੀਤੀ ਜਾਵੇ, ਇਹ ਹੰਝੂ ਭਵਿੱਖ ਵਿੱਚ ਕਿੱਥੇ ਲੈ ਕੇ ਜਾਣਗੇ, ਕੌਣ ਵਾਰਿਸ ਬਣਨਗੇ ਇਨਾਂ ਪਵਿੱਤਰ ਹੰਝੂਆਂ ਦੇ ? ਮੇਰੀ ਕਲਮ ਹਾਲ ਦੀ ਘੜੀ ਸਾਥ ਨਹੀਂ ਦਿੰਦੀ।

ਦੋਸਤੋ, ਇੱਥੇ ਅਸੀਂ ਸੰਤ ਜਰਨੈਲ ਸਿੰਘ ਨਾਲ਼ ਮੁਕਾਬਲਾ ਨਹੀਂ ਕਰ ਰਹੇ। ਕਰਨਾ ਵੀ ਨਹੀਂ ਚਾਹੀਦਾ, ਕਿਉਂਕਿ ਸੰਤ ਜਰਨੈਲ ਸਿੰਘ ਅਸਮਾਨ ਜਿੱਡੇ ਵਿਸ਼ਾਲ ਹੋ ਗਏ ਸਨ। ਸਿੱਖ ਜਜ਼ਬਿਆਂ ਦੀ ਇੱਕ ਸਦੀ ਉਨਾਂ ਨੇ ਆਪਣੇ ਨਾਂ ਨਾਲ਼ ਲਿਖਾ ਲਈ ਸੀ। ਜੁਝਾਰੂ ਲਹਿਰ ਵੀ ਉਨਾਂ ਨੂੰ ਹੀ ਸਮਰਪਿਤ ਸੀ। ਪਰ ਦੋਸਤੋ, ਦੀਪ ਸਿੱਧੂ ਉਨਾਂ ਹੀ ਜਜ਼ਬਿਆਂ ਨੂੰ ਅੱਗੇ ਤੋਰ ਰਿਹਾ ਸੀ ਜੋ ਕਿਸੇ ਹੋਰ ਦੇ ਹਿੱਸੇ ਨਹੀਂ ਸੀ ਆ ਸਕਿਆ। ਇਹ ਸੱਚ ਹੈ ਕਿ ਨੌਜਵਾਨਾਂ ਨੂੰ ਉਸ ਦੇ ਅੰਦਰ ਸੰਤ ਜਰਨੈਲ ਸਿੰਘ ਦੇ ਦੀਦਾਰ ਹੁੰਦੇ ਸਨ। ਉਸ ਦੇ ਸ਼ਬਦਾਂ ਵਿੱਚ, ਉਸ ਦੀ ਪੇਸ਼ਕਾਰੀ ਵਿੱਚ, ਉਸ ਦੇ ਬੋਲਾਂ ਵਿੱਚ ਇਤਿਹਾਸ ਸਾਕਾਰ ਅਤੇ ਸੱਜਰੀ ਸਵੇਰ ਵਾਂਗ ਚਮਕ ਉੱਠਦਾ ਸੀ। ਜੇ ਸੰਤ ਜਰਨੈਲ ਸਿੰਘ ਸੂਰਜ ਸਨ ਤਾਂ ਉਸ ਸੂਰਜ ਦੀਆਂ ਕੁਝ ਕਿਰਨਾਂ ਉਸ ਨੂੰ ਵੀ ਨਸੀਬ ਹੋਈਆਂ ਅਤੇ ਉਹ ਚੜ੍ਹਦੀ ਜਵਾਨੀ ਦਾ ਨਾਇਕ ਹੋ ਨਿਬੜਿਆ।

ਅੱਜ ਸੋਸ਼ਲ ਮੀਡੀਆ 'ਤੇ ਕੁਝ ਟਿੱਪਣੀਆਂ ਤੁਹਾਡੇ ਨਾਲ਼ ਸਾਂਝੀਆਂ ਕਰਨ ਜਾ ਰਿਹਾ ਹਾਂ, ਜੋ ਵੱਖ-ਵੱਖ ਵੀਰਾਂ ਤੇ ਭੈਣਾਂ ਨੇ ਦੀਪ ਸਿੱਧੂ ਦੀ ਯਾਦ ਵਿੱਚ ਪੇਸ਼ ਕੀਤੀਆਂ, ਕੁਝ ਫ਼ੋਨ ਵੀ ਸੁਣੇ ਗਏ। ਇਨਾਂ ਟਿੱਪਣੀਆਂ ਤੋਂ ਪਤਾ ਲੱਗਦਾ ਹੈ ਕਿ ਇੱਕ ਨਵਾਂ ਬਿਰਤਾਂਤ, ਇੱਕ ਨਵਾਂ ਨੈਰੇਟਿਵ, ਇੱਕ ਨਵਾਂ ਪੈਰਾਡਾਈਮ-ਸ਼ਿਫ਼ਟ, ਇੱਕ ਅਣਦਿਸਦੀ ਕਲਚਰਲ-ਸ਼ਿਫ਼ਟ ਧਰਤੀ 'ਤੇ ਉੱਤਰ ਰਹੀ ਹੈ ਜਿਸ ਦੀ ਰਵਾਇਤੀ ਸਿਆਸਤਦਾਨਾਂ ਨੂੰ ਉੱਕਾ ਹੀ ਸਮਝ ਨਹੀਂ। ਕੀ ਆਪਾਂ ਵੇਖ ਨਹੀਂ ਰਹੇ ਕਿ ਦੀਪ ਸਿੱਧੂ ਲਈ ਉਨਾਂ ਦਾ ਅੰਦਰ ਇਸ ਹੱਦ ਤੱਕ ਸੁਕ ਸੜ ਗਿਆ ਹੈ ਕਿ ਉਹ ਦੋ ਸ਼ਬਦ ਵੀ ਰਸਮੀ ਰੂਪ ਵਿੱਚ ਨਹੀਂ ਬੋਲ ਸਕੇ। ਇਸ ਦੌਰ ਦੀ ਰਾਜਨੀਤਿਕ ਜਮਾਤ ਨੂੰ ਭਵਿੱਖ ਦਾ ਇਤਿਹਾਸ ਲਾਹਣਤਾਂ ਹੀ ਦੇਵੇਗਾ।

ਪਿੱਟ ਏ ਅੰਮ੍ਰਿਤਸਰ ਦੀਪ ਸਿੱਧੂ ਦੇ ਵਿਛੋੜੇ ਉੱਤੇ ਇਹ ਟਿੱਪਣੀ ਕਰ ਰਹੇ ਹਨ : 'ਅੱਜ ਰੋਈ ਧਰਤ ਪੰਜਾਬ ਦੀ ਕਰ ਉੱਚੀਆਂ ਬਾਹਵਾਂ'।

ਦੋਸਤੋ, ਵਿਦੇਸ਼ ਵਿੱਚ ਬੈਠੀ ਨਵਦੀਪ ਕੌਰ ਸੇਖੋਂ ਗੁਰਲਾਲ ਸਿੰਘ ਦੀ ਪੋਸਟ 'ਤੇ ਇਹ ਟਿੱਪਣੀ ਕਰ ਰਹੀ ਹੈ:- ਅਸੀਂ ਬਾਹਰ ਬੈਠੇ ਯੋਧੇ ਦੀ ਅੰਤਮ ਵਿਦਾਇਗੀ ਵਿੱਚ ਵੀ ਸ਼ਾਮਲ ਨਹੀਂ ਹੋ ਸਕੇ। ਆਪੇ ਰੋ ਕੇ ਆਪੇ ਹੀ ਚੁੱਪ ਹੋ ਜਾਂਦੇ ਹਾਂ।

ਵਾਰਿਸ ਸਿੰਘ ਖ਼ਾਲਸਾ ਕਹਿ ਰਹੇ ਹਨ ਕਿ ਉਮੀਦ ਸੀ ਕਿ ਦੀਪ ਦੇ ਬੁੱਝਣ 'ਤੇ ਕਈ ਹੋਰ ਦੀਪ ਜਗਣਗੇ ।

ਭਾਈ ਅਜਮੇਰ ਸਿੰਘ ਜੋ ਦੀਪ ਸਿੱਧੂ ਦੇ ਬਹੁਤ ਨੇੜੇ ਸਨ, ਉਹ ਵੀ ਸਸਕਾਰ ਦੇ ਮੌਕੇ ਪਹੁੰਚੇ ਹੋਏ ਸਨ। ਕਿਸੇ ਦੋਸਤ ਨੇ ਉਨਾਂ ਦੇ ਉਦਾਸ ਚਿਹਰੇ ਨੂੰ ਵੇਖ ਕੇ ਇਉਂ ਮਹਿਸੂਸ ਕੀਤਾ ਜਿਵੇਂ ਕੁਝ ਸਾਲ ਉਨਾਂ ਦੀ ਉਮਰ ਘਟ ਗਈ ਸੀ।

ਮਨਜੀਤ ਸਿੰਘ ਭੋਮਾ ਦੱਸ ਰਹੇ ਹਨ ਕਿ ਉਹ ਖੋਜੀ ਬਿਰਤੀ ਵਾਲੀ ਚੁੰਬਕੀ ਰੂਹ ਸੀ।

**ਬਾਕੀ ਸਫ਼ਾ 35 'ਤੇ**

# ਭਾਨੀਮਾਰ ਸਮਾਜ ਦਾ ਨਿਸ਼ਕਾਮ ਸੇਵਕ

### ਜਗਵੰਤ ਸਿੰਘ ਢਿੱਲੋਂ

*ਭਾਨੀਮਾਰ ਸਮਾਜ ਦਾ ਨਿਸ਼ਕਾਮ ਸੇਵਕ ਹੈ, ਪਰ ਸਮਾਜ ਅਕਸਰ ਉਸ ਨੂੰ ਹਿਕਾਰਤ ਦੀ ਨਿਗਾ ਨਾਲ਼ ਵੇਖਦਾ ਹੈ। ਭਾਨੀਮਾਰ ਸ਼ਬਦ ਦਾ ਜ਼ਿਕਰ ਉਦੋਂ ਹੀ ਆਉਂਦਾ ਹੈ ਜਦੋਂ ਰਿਸ਼ਤੇ ਦੀ ਗੱਲ ਚੱਲਦੀ ਹੈ।*

ਉਂਜ ਇਹ ਆਮ ਬੋਲ-ਚਾਲ ਦਾ ਸ਼ਬਦ ਨਹੀਂ। ਰਿਸ਼ਤਿਆਂ ਵਿੱਚ ਵਿਚੋਲੇ ਨੂੰ ਮਾਨ-ਸਨਮਾਨ ਮਿਲਦਾ ਹੈ ਅਤੇ ਕਈ ਕਿਸਮ ਦੇ ਤੋਹਫ਼ਿਆਂ ਨਾਲ਼ ਨਿਵਾਜਿਆ ਜਾਂਦਾ ਹੈ ਅਤੇ ਭਾਨੀਮਾਰ ਨੂੰ ਲਾਹਨਤਾਂ! ਵਿਚੋਲਾ ਲਾਲਚ-ਵੱਸ ਕਈ ਵਾਰ ਬੇਜੋੜ ਰਿਸ਼ਤੇ ਕਰਵਾ ਕੇ ਬਰਬਾਦੀ ਕਰਦਾ ਹੈ, ਉੱਥੇ ਭਾਨੀਮਾਰ ਬਿਨਾਂ ਕਿਸੇ ਲਾਲਚ ਤੋਂ ਕਈ ਘਰ ਬਰਬਾਦੀ ਤੋਂ ਬਚਾਉਂਦਾ ਹੈ। ਜਿੱਥੇ ਵਿਚੋਲਾ ਵਿਆਹ ਵਿੱਚ ਹੁੱਬ ਕੇ ਆਪਣੇ ਆਪ ਨੂੰ ਦਰਸਾਉਂਦਾ ਹੈ, ਉੱਥੇ ਭਾਨੀਮਾਰ ਆਪਣੇ ਆਪ ਨੂੰ ਗੁਪਤ ਰੱਖਣਾ ਚਾਹੁੰਦਾ ਹੈ। ਵਿਚੋਲਾ, ਵਿਚੋਲਣ ਜਿੱਥੇ ਲਿੰਗ-ਪੁਲਿੰਗ ਹੁੰਦੇ ਹਨ, ਉੱਥੇ ਭਾਨੀਮਾਰ ਸਿਰਫ਼ ਭਾਨੀਮਾਰ ਹੀ ਹੁੰਦਾ ਹੈ। ਮੇਰਾ ਤਾਂ ਨਿੱਜੀ ਵਿਚਾਰ ਹੈ, ਰਿਸ਼ਤਾ ਕਰਨ ਤੋਂ ਪਹਿਲਾਂ ਭਾਨੀਮਾਰ ਦੀਆਂ ਸੇਵਾਵਾਂ ਜ਼ਰੂਰ ਲੈਣੀਆਂ ਚਾਹੀਦੀਆਂ ਹਨ। ਭਾਨੀਮਾਰ ਵੱਲੋਂ ਦਿੱਤੀ ਜਾਣਕਾਰੀ **100** ਫ਼ੀਸਦੀ ਸਹੀ ਹੁੰਦੀ ਹੈ ਅਤੇ ਤੱਥਾਂ ਸਮੇਤ ਹੁੰਦੀ ਹੈ। ਆਨਲਾਈਨ ਰਿਸ਼ਤੇ ਹੋਣ ਕਰਕੇ ਭਾਨੀਮਾਰ ਦੀ ਵੁੱਕਤ ਘਟਦੀ ਜਾ ਰਹੀ ਹੈ ਅਤੇ ਤਲਾਕ ਦੀ ਦਰ ਵਧਦੀ ਜਾ ਰਹੀ ਹੈ। ਪੁਰਾਣੇ ਸਮੇਂ ਵਿੱਚ ਭਾਨੀਮਾਰ ਕਈ ਵਾਰ ਜੁੱਤੀਆਂ ਤੋਂ ਡਰਦਾ 'ਸੰਕੇਤਕ' ਸ਼ਬਦ ਵਰਤਦਾ ਸੀ।

ਜਿਵੇਂ ਮੁੰਡੇ ਨੂੰ ਸ਼ਗਨ ਲੱਗ ਹੀ ਰਿਹਾ ਸੀ ਤਾਂ ਇੱਕ ਖਚਰੀ ਜਿਹੀ ਬੁੜੀ ਨੇ ਵਿਚਕਾਰੋਂ ਹੀ ਉੱਠ ਕੇ ਮੁੰਡੇ ਦਾ ਸਿਰ ਪਲੋਸਦਿਆਂ ਅਸ਼ੀਰਵਾਦ ਦਿੱਤਾ, "ਲੈ ਪੁੱਤ ਜਿਸ ਤਰਾਂ ਮੰਗਿਆ ਗਿਆ, ਰੱਬ ਕਰੇ ਉਸੇ ਤਰਾਂ ਮਿਰਗੀ ਵੀ ਹਟ ਜੇ।" ਬਹੁਤਾ ਚਿਰ ਨਾ ਬੈਠਣ ਦਾ ਦੋਸ਼, ਗੋਡਿਆਂ ਸਿਰ ਮੜ ਕੇ ਲੋਪ ਹੋ ਗਈ।

ਮੈਂ ਸਾਰੀ ਜ਼ਿੰਦਗੀ ਇਨਾਂ ਝੰਜਟਾਂ ਤੋਂ ਦੂਰ ਹੀ ਰਹਿਣ ਦੀ ਕੋਸ਼ਿਸ਼ ਕੀਤੀ ਹੈ, ਪਰ ਇੱਕ ਦਿਨ ਅਚਾਨਕ ਰਿਸ਼ਤੇਦਾਰੀ ਵਿੱਚੋਂ ਫ਼ੋਨ ਆ ਗਿਆ ਕਿ "ਕੱਲ ਐਤਵਾਰ ਹੈ, ਘਰ ਹੀ ਰਹਿਣਾ, ਕੋਈ ਰਿਸ਼ਤੇ ਦੀ ਗੱਲ ਕਰਨੀ ਹੈ।" ਇਹ ਸੁਨੇਹਾ ਨਹੀਂ ਹੁਕਮ ਸੀ। ਉਦੋਂ ਅਜੇ ਮੋਬਾਈਲ ਨਹੀਂ ਸਨ। ਫ਼ੋਨ ਦੀ ਬੈੱਲ ਸੁਣ ਕੇ ਸ੍ਰੀਮਤੀ ਨੇ ਕੰਨ ਕਸ ਲਏ ਅਤੇ ਸੁਨੇਹਾ ਸੁਣ ਲਿਆ। ਖਾਣ-ਪੀਣ ਦੀ ਇੱਕ ਲੰਮੀ ਲਿਸਟ ਮੇਰੇ ਹੱਥ ਫੜਾ ਦਿੱਤੀ। ਫ਼ੋਨ ਸ੍ਰੀਮਤੀ ਦੀ ਰਿਸ਼ਤੇਦਾਰੀ ਵਿੱਚੋਂ ਸੀ। ਉਨਾਂ ਨੂੰ ਆਪਣੀ ਨਰਸਿੰਗ ਕਰਦੀ ਧੀ ਵਾਸਤੇ, ਸਾਡੀ ਕਾਲੋਨੀ ਵਿੱਚ ਰਹਿੰਦੇ ਇੱਕ ਖਾਂਦੇ-ਪੀਂਦੇ ਪਰਿਵਾਰ ਦੇ ਮੁੰਡੇ ਦੀ ਦੱਸ ਪਈ ਸੀ ਤੇ ਮੈਨੂੰ ਨਾਲ਼ ਚੱਲਣ ਲਈ ਕਿਹਾ ਸੀ।

ਮੈਂ ਰਿਸ਼ਤੇਦਾਰਾਂ ਸਮੇਤ ਘਰ ਜਾ ਕੇ ਸੰਪਰਕ ਕੀਤਾ। ਸਾਰਾ ਕੁਝ ਵਧੀਆ ਸੀ। ਮਾਂ-ਪਿਓ ਅਧਿਆਪਕ ਰਿਟਾਇਰ ਸਨ। ਦੋ ਹੀ ਬੱਚੇ ਲੜਕਾ-ਲੜਕੀ, ਹੇਠਾਂ ਗਲੀ ਵਿੱਚ ਤਿੰਨ ਦੁਕਾਨਾਂ ਅਤੇ ਉੱਪਰ ਰਿਹਾਇਸ਼ ਸੀ। ਪਿੰਡ **8** ਕਿੱਲੇ ਜ਼ਮੀਨ ਸੀ, ਮੁੰਡੇ ਨੇ ਫ਼ਾਰਮੇਸੀ ਕੀਤੀ ਸੀ। ਇੱਕ ਦੁਕਾਨ ਮੈਡੀਕਲ ਦੀ ਮੁੰਡਾ ਆਪ ਕਰਦਾ ਸੀ। ਮੁੰਡਾ ਸੋਹਣਾ-ਸੁਨੱਖਾ ਸੀ। ਲੜਕੇ ਦਾ ਪਿਤਾ ਕਾਹਲਾ ਪੈ ਰਿਹਾ ਸੀ ਕਿ ਸ਼ਗਨ ਦੇ ਦਿੱਤਾ ਜਾਵੇ ਤਾਂ ਜੋ ਰਿਸ਼ਤਾ ਹੱਥੋਂ ਨਿਕਲ ਨਾ ਜਾਵੇ। ਮੇਰਾ ਰਿਸ਼ਤਿਆਂ ਵਿੱਚ ਭਾਵੇਂ ਕੋਈ ਤਜਰਬਾ ਨਹੀਂ ਸੀ, ਪਰ ਮੈਂ ਕੋਈ ਵੀ ਕੰਮ ਕਾਹਲੀ ਵਿੱਚ ਨਾ ਕਰਨ ਦਾ ਹਾਮੀ ਸੀ। ਇਸੇ ਕਰਕੇ ਇੱਕ ਹਫ਼ਤੇ, ਭਾਵ ਅਗਲੇ ਐਤਵਾਰ ਤੱਕ ਦਾ ਸਮਾਂ ਲੈ ਲਿਆ। ਦੋਹਾਂ ਪਰਿਵਾਰਾਂ ਨੇ ਧੱਕੇ ਨਾਲ਼ ਮੈਨੂੰ ਵਿਚੋਲਾ ਐਲਾਨ ਦਿੱਤਾ।

ਅਗਲੇ ਦਿਨ ਹੀ ਲੜਕੀ ਦੇ ਪਿਤਾ ਨੇ ਫ਼ੋਨ ਕਰਕੇ ਮੈਨੂੰ ਹੈਰਾਨ ਕਰ ਦਿੱਤਾ, ਭਾਨੀਮਾਰ ਨੇ ਜੋ ਕਿਹਾ ਸੀ, ਹੈਰਾਨੀ ਉਸ ਗੱਲ ਦੀ ਨਹੀਂ ਸੀ, ਹੈਰਾਨੀ ਤਾਂ ਇਸ ਗੱਲ ਦੀ ਸੀ ਕਿ ਭਾਨੀਮਾਰ ਨੂੰ ਲੜਕੀ ਦੇ ਪਿਤਾ ਦਾ ਟੈਲੀਫ਼ੋਨ ਨੰਬਰ ਕਿੱਥੋਂ ਪਤਾ ਲੱਗਾ, ਸ਼ਹਿਰ ਦੀ ਗੱਲ ਛੱਡੋ, ਜ਼ਿਲਾ ਵੀ ਹੋਰ ਸੀ। ਸ਼ੱਕ ਦੀ ਸੂਈ ਸਾਰਿਆਂ ਵੱਲ ਘੁੰਮਣ ਲੱਗੀ। ਉਨਾਂ ਵਿੱਚ ਮੈਂ ਵੀ ਸੀ। ਉੱਤੋਂ ਭਾਨੀਮਾਰ ਨੇ ਫਿਰ ਚਲਾਕੀ ਖੇਡੀ, ਉਸ ਨੇ ਪੀਸੀਓ ਬਦਲ ਕੇ ਫਿਰ ਆਪਣੇ ਵੱਲੋਂ ਲਗਾਏ ਦੋਸ਼ ਦੁਹਰਾ ਦਿੱਤੇ। ਇਸ ਤਰਾਂ ਹਮਦਰਦੀ ਪ੍ਰਗਟ ਕੀਤੀ ਜਿਵੇਂ ਪਿਓ ਤੋਂ ਵੱਧ ਉਸ ਨੂੰ ਫ਼ਿਕਰ ਹੋਵੇ। ਦੂਸਰੇ ਪਾਸੇ ਸਾਰਾ ਜ਼ੋਰ ਇਸ ਗੱਲ 'ਤੇ ਲੱਗਾ ਕਿ ਪਤਾ ਕੀਤਾ ਜਾਵੇ ਭਾਨੀਮਾਰ ਹੈ ਕੌਣ? ਦੋਵੇਂ ਧਿਰਾਂ ਆਪੋ-ਆਪਣੀ ਥਾਂ ਡਟੀਆਂ ਸਨ। ਇੱਕ ਦਿਨ ਤਾਂ ਹੱਦ ਹੋ ਗਈ ਜਦੋਂ ਉਸ ਨੇ ਪੀਸੀਓ ਬਦਲ ਕੇ ਲੜਕੀ ਦੇ ਪਿਤਾ ਨੂੰ ਮਿੱਠੀਆਂ-ਮਿੱਠੀਆਂ ਝਿੜਕਾਂ ਦੇ ਕੇ ਉਸ ਵੱਲੋਂ ਲਗਾਏ ਦੋਸ਼ਾਂ ਨੂੰ ਅੱਖੋਂ ਓਹਲੇ ਕਰਕੇ ਅੱਕੀ ਪਲਾਹੀ ਹੱਥ ਨਾ ਮਾਰਨ ਦੀ ਨਸੀਹਤ ਕੀਤੀ। ਉਸ ਦਾ ਮਤਲਬ ਸੀ ਉਸ 'ਤੇ ਇਤਬਾਰ ਨਾ ਕਰਕੇ ਆਪਣੀ ਪੱਧਰ 'ਤੇ ਘੋਖ ਕੀਤੀ ਜਾਵੇ। ਗੱਲ ਉਸ ਦੀ ਮੈਨੂੰ ਜਚੀ ਸੀ, ਕਿਉਂਕਿ ਹੁਣ ਤੱਕ ਸਾਰਾ ਜ਼ੋਰ ਭਾਨੀਮਾਰ ਦੀ ਸਨਾਖ਼ਤ ਕਰਨ ਵੱਲ ਲੱਗਾ ਸੀ। ਭਾਨੀਮਾਰ ਇੱਕੋ ਗੱਲ 'ਤੇ ਪੱਕਾ ਸੀ ਕਿ ਮੁੰਡਾ ਸਮੈਕ ਪੀਂਦਾ ਹੈ। ਮੁੰਡੇ ਦੀ ਪੜਾਈ, ਜਾਇਦਾਦ, ਡਿਗਰੀ ਆਦਿ ਨਾਲ਼ ਪੂਰੀ ਤਰਾਂ ਸਹਿਮਤ ਸੀ, ਪਰ ਨਸ਼ੇ ਵਾਲੀ ਗੱਲ ਤੋਂ ਟੱਸ ਤੋਂ ਮੱਸ ਨਹੀਂ ਸੀ ਹੁੰਦਾ।

ਅਖ਼ੀਰ ਸਾਡੇ ਰਿਸ਼ਤੇਦਾਰਾਂ ਨੇ ਬੈਠ ਕੇ ਫ਼ੈਸਲਾ ਕੀਤਾ ਕਿ ਭਾਨੀਮਾਰ ਦਾ ਐਡਰੈੱਸ ਲੱਭਣ ਦੀ ਥਾਂ ਉਸ ਵੱਲੋਂ ਲਗਾਏ ਦੋਸ਼ਾਂ ਵਿੱਚ ਸਹਿਯੋਗ ਕਰਨ ਦੀ ਬੇਨਤੀ ਕੀਤੀ ਜਾਵੇ। ਦੋਸ਼ ਸਾਬਿਤ ਨਾ ਹੋਣ ਦੀ ਸੂਰਤ ਵਿੱਚ ਵਿਆਹ ਦੀ ਤਾਰੀਖ਼ ਪੱਕੀ ਕੀਤੀ ਜਾਵੇ। ਫਿਰ ਭਾਨੀਮਾਰ ਦਾ ਫ਼ੋਨ ਆਉਣ 'ਤੇ ਉਸ ਨੂੰ ਕੋਈ ਠੋਸ ਸਬੂਤ ਨਾ ਹੋਣ ਕਰਕੇ ਜਦੋਂ ਝੂਠ-ਮੂਠ ਵਿਆਹ ਦੀ ਤਾਰੀਕ ਦੱਸੀ ਗਈ ਤਾਂ ਤੀਰ ਟਿਕਾਣੇ ਲੱਗਾ, ਭਾਨੀਮਾਰ ਨੇ ਝੱਟ ਹੀ ਇੱਕ ਵਿਧਵਾ ਔਰਤ ਦਾ ਨਾਂ, ਉਸ ਦੀ ਗਲੀ ਦਾ ਨਾਂ ਅਤੇ ਮੁਹੱਲਾ ਦੱਸ ਕੇ ਸਦਾ ਵਾਸਤੇ ਆਪਣਾ ਪਿੱਛਾ ਛੁਡਾ ਲਿਆ। ਅਖ਼ੀਰ ਮੈਂ ਆਪਣੀ ਪਤਨੀ ਤੇ ਲੜਕੀ ਦੀ ਮਾਤਾ ਨੂੰ ਨਾਲ਼ ਲੈ ਦੱਸੇ ਐਡਰੈੱਸ 'ਤੇ ਪਹੁੰਚ ਗਏ। ਬਜ਼ੁਰਗ ਔਰਤ ਪਹਿਲਾਂ ਤਾਂ ਹੈਰਾਨ ਹੋਈ, ਫਿਰ ਪਤਾ ਨਹੀਂ ਕਿਵੇਂ ਇਸ਼ਾਰੇ ਨਾਲ਼ ਉਸ ਨੇ ਆਂਢ-ਗੁਆਂਢ ਦੀਆਂ ਦੋ ਹੋਰ ਔਰਤਾਂ ਨੂੰ ਬੁਲਾ ਲਿਆ ਤੇ ਹੌਸਲੇ ਵਿੱਚ ਹੋ ਗਈ। ਮਾਤਾ ਦੇ ਚਾਹ-ਪਾਣੀ ਦਾ ਆਹਰ ਕਰਨ ਵਿੱਚ ਰੁੱਝੀ ਹੋਣ ਕਰਕੇ ਗੁਆਂਢ ਤੋਂ ਆਈਆਂ ਔਰਤਾਂ ਤੋਂ ਇੰਨਾ ਕੁ ਪਤਾ ਲੱਗ ਗਿਆ ਕਿ ਮਾਤਾ ਦਾ ਧੀ-ਜਵਾਈ ਵੀ ਨਾਲ਼ ਹੀ ਰਹਿੰਦਾ ਹੈ। ਜਵਾਈ ਮਾੜੇ ਕੰਮਾਂ ਵਿੱਚ ਪਿਆ ਹੈ ਅਤੇ ਧੀ ਕਿਸੇ ਦੇ ਘਰ ਮਜ਼ਦੂਰੀ ਕਰਨ ਗਈ ਹੈ। ਇੰਨੇ ਨੂੰ ਮਾਤਾ ਚਾਹ ਲੈ ਕੇ ਆ ਗਈ ਤਾਂ ਸਾਨੂੰ "ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ" ਦਾ ਵਾਸਤਾ ਪਾਇਆ।

ਬਸ ਫਿਰ ਕੀ ਸੀ ਮਾਤਾ ਦੇ ਸ਼ੁਰੂ ਹੋਣ ਦੀ ਦੇਰ ਸੀ, ਗੁਆਂਢ ਤੋਂ ਆਈਆਂ ਔਰਤਾਂ ਨੇ ਵੀ ਕੋਈ ਕਸਰ ਨਾ ਛੱਡੀ। ਬੜਾ ਝੁੰਜ ਪਾਇਆ ਕਿ ਕਿਵੇਂ ਦੁਕਾਨ ਵਾਲਾ ਮੁੰਡਾ ਤੇ ਉਸ ਦਾ ਜਵਾਈ ਗੋਲੀ-ਗੱਪੇ ਤੋਂ ਸ਼ੁਰੂ ਹੋ ਕੇ ਟੀਕੇ ਤੇ ਫਿਰ ਸਮੈਕ ਤੱਕ ਜਾ ਪਹੁੰਚੇ। ਪਰ ਮੂੰਹ ਕਾਲ਼ਾ ਉਦੋਂ ਹੋਇਆ ਜਦੋਂ ਨਸ਼ੇ ਖ਼ਾਤਰ ਇੱਕ ਔਰਤ ਦੀਆਂ ਵਾਲੀਆਂ ਖਿੱਚਦਿਆਂ ਮੌਕੇ 'ਤੇ ਫੜੇ ਗਏ। ਇੱਕ ਦਿਨ ਉਨਾਂ ਦੇ ਘਰੋਂ ਨਸ਼ੇ ਵਾਲੀਆਂ ਗੋਲੀਆਂ, ਜੋ ਦੁਕਾਨ 'ਤੇ ਵੇਚਣੀਆਂ ਸਨ, ਕਾਫ਼ੀ ਮਾਤਰਾ ਵਿੱਚ ਪੁਲਿਸ ਨੇ ਬਰਾਮਦ ਕੀਤੀਆਂ ਤੇ ਮਾਂਵਾਂ-ਧੀਆਂ ਵੀ ਰਾਤ ਥਾਣੇ ਕੱਟ ਕੇ ਆਈਆਂ ਸਨ।

"ਬੇੜਾ ਬਹਿ ਜੇ ਉਸ ਧੌਲ ਦਾੜੀਏ ਦਾ ਜਿਹਨੂੰ ਬੈਠੇ ਬਠਾਏ ਨੂੰ ਥੱਬਾ ਨੋਟਾਂ ਦਾ...।"

ਮਾਤਾ ਨੂੰ ਗੁੱਸਾ ਸੀ ਕਿ ਉਨਾਂ ਦੇ ਘਰੋਂ ਫੜੀਆਂ ਨਸ਼ੀਲੀਆਂ ਗੋਲੀਆਂ ਦੁਕਾਨ 'ਤੇ ਵੇਚਣ ਵਾਸਤੇ ਸਨ, ਪਰ ਦੁਕਾਨ ਵਾਲੇ ਮੁੰਡੇ ਦੇ ਪਿਓ ਨੇ ਪੁਲੀਸ ਨਾਲ਼ ਗੰਢ-ਤੁੱਪ ਕਰਕੇ ਸਾਰੀਆਂ ਉਨਾਂ 'ਤੇ ਪਵਾ ਦਿੱਤੀਆਂ ਸਨ। ਬਸ ਫਿਰ ਗੱਲ ਸਾਫ਼ ਹੋ ਗਈ। ਰਿਸ਼ਤਾ ਕੀਹਨੇ ਕਰਨਾ ਸੀ। ਕੁੜੀ ਅੱਜਕੱਲ ਆਸਟਰੇਲੀਆ ਸੈੱਟ ਹੈ। ਭਲਾ ਹੋਵੇ ਭਾਨੀਮਾਰ ਦਾ। ਸਾਡੇ ਪਿੰਡ ਦਾ ਪ੍ਰੀਤੂ 'ਗਾਲੜ' ਗੱਲਾਂ ਵਿੱਚ ਕਿਸੇ ਨੂੰ ਗੱਲ ਨਹੀਂ ਸੀ ਕਰਨ ਦਿੰਦਾ, ਪਰ ਸਰੀਰਕ ਪੱਖੋਂ ਓਨਾ ਹੀ ਕਮਜ਼ੋਰ ਸੀ। ਕਿਸੇ ਗੱਲੋਂ ਖੇਤਾਂ ਵਿੱਚ ਉਸ ਦਾ ਆਪਣੇ ਨਾਲ਼ ਵਾਲੇ ਗੁਆਂਢੀ ਨਾਲ਼ ਵੱਟ ਤੋਂ ਤਕਰਾਰ ਹੋ ਗਿਆ। ਵਿਰੋਧੀ ਧਿਰ ਸਰੀਰ ਪੱਖੋਂ ਤਕੜੀ ਸੀ, ਬਸ ਫਿਰ ਕੀ ਪ੍ਰੀਤੂ ਅੰਦਰੋਂ-ਅੰਦਰੀਂ ਵੱਟ ਖਾ ਕੇ ਪਿੱਛੇ ਹਟ ਗਿਆ, ਪਰ ਹਰ ਵੇਲੇ ਉਸ ਦੇ ਅੰਦਰ ਬਦਲਾ ਲੈਣ ਦੀ ਅੱਗ ਧੁਖਦੀ ਰਹਿੰਦੀ ਸੀ, ਕੋਈ ਮੌਕਾ ਮੇਲ ਨਹੀਂ ਸੀ ਬਣ ਰਿਹਾ। ਫਿਰ ਇੱਕ ਦਿਨ ਪ੍ਰੀਤੂ ਦੀ ਰੱਬ ਨੇ ਸੁਣ ਲਈ, ਉਸ ਨੇ ਕਿਤੋਂ ਉੱਡਦੀ-ਉੱਡਦੀ ਗੱਲ ਸੁਣੀ ਕਿ ਉਸ ਦੇ ਖੇਤਾਂ ਵਿਚਲੇ ਗੁਆਂਢੀ ਮੇਹਰ ਸਿੰਘ ਦੇ ਇਕਲੌਤੇ ਲੜਕੇ ਨੂੰ ਵੇਖਣ ਵਾਸਤੇ ਕੋਈ ਸਰਦੇ-ਪੁੱਜਦੇ ਘਰ ਦੇ ਸਰਦਾਰ ਆ ਰਹੇ ਹਨ। ਬਸ! ਹੁਣ ਪ੍ਰੀਤੂ ਤੇ ਪ੍ਰੀਤੂ ਦੀ ਘਰਵਾਲੀ ਨੂੰ ਅਚਵੀ ਲੱਗੀ ਹੋਈ ਸੀ ਕਿ ਰਿਸ਼ਤਾ ਹੋਣ ਤੋਂ ਪਹਿਲਾਂ-ਪਹਿਲਾਂ ਇੱਕ ਵਾਰੀ ਕਿਤੇ ਉਨਾਂ ਨਾਲ਼ ਮੁਲਾਕਾਤ ਹੋ ਜਾਵੇ। ਪ੍ਰੀਤੂ ਆਨੇ-ਬਹਾਨੇ ਪਿੰਡ ਦੇ ਬੱਸ ਅੱਡੇ 'ਤੇ ਕਈ ਚੱਕਰ ਮਾਰਦਾ ਤੇ ਓਪਰੀਆਂ ਸਵਾਰੀਆਂ ਦਾ ਪਤਾ ਕਰਦਾ, ਆਨੇ-ਬਹਾਨੇ ਗੱਲ ਤੋਰਦਾ, ਪਰ ਕੋਈ ਥਹੁ ਨਾ ਲੱਗਦਾ।

ਫਿਰ ਇੱਕ ਦਿਨ ਅਬੜਵਾਹੇ ਜਦੋਂ ਪ੍ਰੀਤੂ ਦੇ ਮੂੰਹ 'ਤੇ ਨਾਈ ਨੇ ਅਜੇ ਪਾਣੀ ਮਾਰਿਆ ਸੀ, ਪ੍ਰੀਤੂ ਨੇ ਗਲ ਵਿੱਚ ਵਿਛਾਇਆ ਪਰਨਾ (ਮੂਕਾ) ਪਰਾਂ ਵਗਾਹ ਮਾਰਿਆ ਤੇ ਬੱਸ 'ਚੋਂ ਉੱਤਰੀਆਂ ਚਾਰ ਸਵਾਰੀਆਂ ਦੇ ਨਾਲ਼ ਜਾ ਰਲ਼ਿਆ। ਉਨਾਂ ਨੂੰ ਇਵੇਂ ਵਿਖਾਇਆ ਜਿਵੇਂ ਉਹ ਵੀ ਬੱਸ ਵਿੱਚੋਂ ਉਨਾਂ ਦੇ ਨਾਲ਼ ਹੀ ਉਤਰਿਆ ਹੋਵੇ। ਰਸਮੀ ਗੱਲਾਂ-ਬਾਤਾਂ ਤੋਂ ਬਾਅਦ ਪ੍ਰੀਤੂ ਦਾ ਤੀਰ ਟਿਕਾਣੇ ਵੱਜਾ। ਜਦੋਂ ਉਨਾਂ ਨੂੰ ਗੱਲਾਂ-ਬਾਤਾਂ ਵਿੱਚ ਹੀ ਪ੍ਰੀਤੂ ਨੇ ਆਪਣੇ ਆਪ ਨੂੰ ਪਿੰਡ ਦਾ ਸਾਬਕਾ ਮੈਂਬਰ ਪੰਚਾਇਤ ਹੋਣ ਦਾ ਵਿਸ਼ਵਾਸ ਦਿਵਾ ਦਿੱਤਾ ਤੇ ਆਪਣੇ ਮੈਂਬਰ ਪੰਚਾਇਤ ਹੁੰਦਿਆਂ ਪਿੰਡ ਵਿੱਚ ਹੋਏ ਵਿਕਾਸ ਦਾ ਵੇਰਵਾ ਦਿੱਤਾ ਤੇ ਫਿਰ ਚੁੱਪ ਵੱਟ ਲਈ। ਅੰਤ ਚੁੱਪ ਉਸ ਗੱਲ 'ਤੇ ਟੁੱਟੀ ਜਿਸ ਦੀ ਪ੍ਰੀਤੂ ਨੂੰ ਪੂਰੀ ਉਮੀਦ ਸੀ। ਹੁਣ ਤੱਕ ਉਨਾਂ ਨੇ ਪਿੰਡ ਪਹੁੰਚਣ ਵਾਲਾ ਅੱਧਾ ਰਸਤਾ ਤੈਅ ਕਰ ਲਿਆ ਸੀ।

"ਅੱਛਾ ਜੀ ਮੈਂਬਰ ਸਾਹਿਬ, ਅਸਾਂ ਜਾਣਾ ਮਿਹਰ ਸਿੰਘ ਦੇ ਘਰ।"

ਪ੍ਰੀਤੂ ਵਿੱਚੋਂ ਹੀ ਬੋਲ ਪਿਆ ਮੇਹਰ ਸਿੰਘ, ਕਿਹੜਾ ਮੇਹਰ ਸਿੰਘ, ਮੇਹਰ ਸਿੰਘ ਤਾਂ ਪਿੰਡ 'ਚ ਕੋਈ ਨਹੀਂ, "ਅੱਛਾ, ਅੱਛਾ ਤੁਸੀਂ ਕਿਤੇ ਮਹਿਰੂ ਦੇ ਘਰ 'ਤੇ ਨਹੀਂ ਜਾਣਾ? ਉਹ "ਨੰਗਿਆਂ ਪੈਰਾਂ ਵਾਲਾ ਮਹਿਰੂ" ਉਹ ਤਾਂ ਬੜਾ ਭਲਾਮਾਣਸ ਬੰਦਾ ਤੇ ਉਹਦਾ ਮੁੰਡਾ ਨਿਰਾ ਕੁੱਤੇ ਦੀ ਪੂਛ। ਪਿਓ ਦੇ ਗੱਲ ਵਿੱਚ ਗੂਠਾ ਦੇ ਕੇ ਨਵਾਂ ਟਰੈਕਟਰ ਕਢਾਇਆ। ਅਖੇ ਕਿਰਾਇਆ ਵਾਹਿਆ ਕਰਾਂਗੇ। ਹੁਣ ਤੁਸੀਂ ਆਪ ਸਿਆਣੇ ਓ ਕਦੇ ਕਿਰਾਏ ਵਾਹ ਕੇ ਟਰੈਕਟਰ ਦੀਆਂ ਕਿਸ਼ਤਾਂ ਮੁੜੀਆਂ ਨੇ ਤੇ ਹੁਣ ਨਾ ਰਿਹਾ ਟਰੈਕਟਰ ਤੇ ਨਾ ਰਹੇ ਸਿਆੜ। ਇੰਨਾ ਕਹਿ ਕੇ ਪ੍ਰੀਤੂ ਟੇਢਾ ਮੋੜ ਕੱਟ ਕੇ ਲੋਪ ਹੋ ਗਿਆ। ਉਹ ਵਿਚਾਰੇ ਹੁਣ ਨਾ ਅਗਾਂਹ ਜੋਗੇ ਨਾ ਪਿਛਾਂਹ ਜੋਗੇ। ਮੇਰੇ ਪਿੰਡ 'ਚੋਂ ਕੇਵਲ ਇੱਕ ਹੀ ਕੁੜੀ ਨੇ ਐੱਲ.ਐੱਲ.ਬੀ. ਕਰਨ ਦਾ ਹੌਸਲਾ ਕੀਤਾ ਤੇ ਅਖ਼ਬਾਰ ਰਾਹੀਂ ਲੁਧਿਆਣੇ ਲਾਗੇ ਕਿਸੇ ਆਸਟਰੇਲੀਆ ਤੋਂ ਆਏ ਦਸ ਪਾਸ ਮੁੰਡੇ ਨਾਲ਼ ਰਿਸ਼ਤਾ ਪੱਕਾ ਕਰ ਦਿੱਤਾ। ਵੇਖ-ਵਿਖਾਈ ਤੋਂ ਬਾਅਦ ਕੁੜੀ ਵਾਲਿਆਂ ਨੇ ਬੜਾ ਜ਼ੋਰ ਪਾਇਆ ਕਿ ਲੈਣ-ਦੇਣ ਦੀ ਗੱਲ ਖੋਲ ਲਈ ਜਾਵੇ ਕਿਉਂਕਿ ਕੁੜੀ ਸਾਡੀ ਪੜੀ-ਲਿਖੀ ਹੈ। ਉਹ ਨਹੀਂ ਚਾਹੁੰਦੀ ਕਿ ਬਾਅਦ ਵਿੱਚ ਕੋਈ ਗੱਲ ਨਿਕਲੇ, ਬਸ ਜੀ ਮੁੰਡੇ ਵਾਲੇ ਇੱਕੋ ਰਟ ਰੱਬ ਦਾ ਦਿੱਤਾ ਬੜਾ ਕੁਝ ਹੈ। ਅਖ਼ੀਰ ਜਦ ਕੁੜੀ ਵਾਲਿਆਂ ਨੇ ਜ਼ਿਆਦਾ ਜ਼ੋਰ ਪਾਇਆ ਤੇ ਨਾਲ਼ ਹੀ ਵਿੱਚ ਕੋਈ ਵਿਚੋਲਾ ਨਾ ਹੋਣ ਕਰਕੇ ਗੱਲ ਸਾਫ਼ ਕਰਨ ਲਈ ਕਿਹਾ ਤਾਂ ਲੜਕੇ ਵਾਲਿਆਂ ਨੇ ਇੰਨਾ ਹੀ ਕਿਹਾ, "ਜੇਕਰ ਵਿਆਹ ਅੰਮ੍ਰਿਤਸਰ ਦੀ ਥਾਂ ਲੁਧਿਆਣਾ ਕਰ ਦਿੱਤਾ ਜਾਵੇ ਤਾਂ ਬੜੀ ਮਿਹਰਬਾਨੀ ਹੋਵੇਗੀ। ਬਾਕੀ ਸ਼ਗਨ ਵਿਹਾਰ ਭਾਵੇਂ ਘਰ ਈ ਕਰ ਲਏ ਜਾਣ।" ਕੁੜੀ ਵਾਲਿਆਂ ਨੇ ਹਾਮੀ ਭਰ ਦਿੱਤੀ। ਵਿਆਹ ਦੀ ਤਾਰੀਕ ਪੱਕੀ ਕਰਕੇ ਪੈਲੇਸ ਬੁੱਕ ਕਰਵਾ ਦਿੱਤਾ। ਬਾਕੀ ਸ਼ਗਨ ਵਿਹਾਰ ਸਾਧਾਰਨ ਤਰੀਕੇ ਨਾਲ਼ ਘਰ ਈ ਕੀਤੇ ਗਏ। ਵਿਆਹ ਤੋਂ ਤਿੰਨ ਦਿਨ ਪਹਿਲਾਂ ਮੁੰਡੇ ਵਾਲਿਆਂ ਨੇ ਫ਼ਾਰਚੂਨਰ ਦੀ ਮੰਗ ਰੱਖ ਦਿੱਤੀ। ਮੰਗ ਕੀ ਰੱਖੀ ਹੁਕਮ ਕੀਤਾ ਕਿ ਵਿਆਹ ਵਾਲੇ ਦਿਨ ਵੇਲੇ ਸਿਰ ਫ਼ਾਰਚੂਨਰ ਪੈਲੇਸ ਵਿੱਚ ਖਲੋਤੀ ਚਾਹੀਦੀ। ਨਾਲ਼ ਹੀ ਸੂਚਿਤ ਕੀਤਾ ਕਿ ਇਲਾਕੇ ਦਾ ਐੱਮ.ਐੱਲ.ਏ. ਬਰਾਤ ਵਿੱਚ ਆ ਰਿਹਾ, ਭਾਵੇਂ ਬਾਅਦ ਵਿੱਚ ਪਤਾ ਲੱਗਾ ਕਿ ਪੰਜਾਹ ਹਜ਼ਾਰ ਰੁਪਏ ਦੇ ਕੇ ਦੋ ਘੰਟੇ ਆਉਣ ਲਈ ਮਨਾਇਆ ਸੀ।

ਕੁੜੀ ਵਾਲਿਆਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਜੇ ਜਵਾਬ ਦਿੱਤਾ, ਕੁੜੀ ਨੂੰ ਦਾਗ਼ ਲੱਗਦਾ, ਜੇ ਮੰਗ ਪੂਰੀ ਕੀਤੀ ਅਗਾਂਹ ਕੀ ਪਤਾ। ਘਰ ਵਿੱਚ ਝੂੜੀ ਵਿਛੀ ਪਈ ਸੀ। ਅਖ਼ੀਰ ਭਾਨੀਮਾਰ ਨੇ ਸਾਰਿਆਂ ਦੇ ਚਿਹਰੇ 'ਤੇ ਰੌਣਕ ਲੈ ਆਂਦੀ। ਪਤੰਦਰ ਨੇ ਸਕੀਮ ਹੀ ਅਜਿਹੀ ਦੱਸੀ ਕਿ ਵਕਾਲਤ ਪਾਸ ਕੀਤੀ ਵਿਆਹ ਵਾਲੀ ਕੁੜੀ ਵੀ ਹੈਰਾਨ ਰਹਿ ਗਈ। ਬਸ ਜੋ ਮੈਂ ਕਹਿੰਦਾ ਕਰੀ ਚਲੋ, ਜਵਾਬ ਨਹੀਂ ਦੇਣਾ। ਹਾਂ ਕਰ ਦਿਓ, ਪਰ ਹਰ ਗੱਲ ਗੁਪਤ ਰੱਖਣੀ। ਭਾਨੀਮਾਰ ਦੀ ਸਕੀਮ ਅਨੁਸਾਰ ਹਾਂ ਕਰ ਦਿੱਤੀ ਗਈ, ਸਗੋਂ ਫ਼ਾਰਚੂਨਰ ਦਾ ਕਲਰ ਤੇ ਮਾਡਲ ਪੁੱਛ ਕੇ ਲੜਕੇ ਪਰਿਵਾਰ ਨੂੰ ਬਾਗੋ-ਬਾਗ ਕਰ ਦਿੱਤਾ ਤੇ ਵੀਡੀਓ ਕਾਲ ਰਾਹੀਂ ਕਲਰ ਨਾਲ਼ ਮਿਲਦੀ-ਜੁਲਦੀ ਕਿਸੇ ਫਾਰਚੂਨਰ ਦੀ ਫੋਟੋ ਭੇਜਣ ਲਈ ਕਹਿ ਕੇ ਫੋਟੋ ਮੰਗਵਾ ਲਈ। ਵਿਆਹ ਵਾਲੇ ਦਿਨ ਵੇਲੇ ਸਿਰ ਹੀ ਵੀਡੀਓ ਕਾਲ 'ਤੇ ਸਾਰੀ ਏਜੰਸੀ ਦੇ ਦਰਸ਼ਨ ਕਰਵਾ ਕੇ ਮੈਨੇਜਰ ਤੋਂ ਕਹਾ ਦਿੱਤਾ। ਮਨਪਸੰਦ ਕਲਰ ਏਜੰਸੀ 'ਤੇ ਮੌਜੂਦ ਨਹੀਂ, ਗਿਆਰਾਂ ਵਜੇ ਨਵਾਂ ਲਾਟ ਆ ਰਿਹਾ, ਉਸ ਵਿੱਚ ਸਾਰੇ ਕਲਰ ਹਨ, ਨਾਲ਼ ਹੀ ਸਾਰੀ ਪੇਮੈਂਟ ਹੋਣ ਦੀ ਖ਼ੁਸ਼ਖ਼ਬਰੀ ਸੁਣਾ ਦਿੱਤੀ।

ਫਿਰ ਸੁਭਾਵਿਕ ਸੀ ਕਿ ਜੇਕਰ ਲਾਟ ਲੇਟ ਹੈ ਤਾਂ ਕੁੜੀ ਵਾਲੇ ਪੈਲੇਸ ਵਿੱਚ ਲੇਟ ਹੀ ਪੁੱਜਣਗੇ। ਇਸ ਦਾ ਵੀ ਭਾਨੀਮਾਰ ਨੇ ਹੱਲ ਸੋਚ ਲਿਆ ਤੇ ਫ਼ੋਨ 'ਤੇ ਲੜਕੇ ਦੇ ਪਿਓ ਨੂੰ ਬੇਨਤੀ ਕੀਤੀ ਕਿ ਲੇਟ ਪਹੁੰਚਣ ਲਈ ਖ਼ਿਮਾ, ਤੁਸੀਂ ਪੈਲੇਸ ਦੇ ਮੈਨੇਜਰ ਨੂੰ ਐੱਮ.ਐੱਲ.ਏ ਪਾਸੋਂ ਦਾਬਾ ਮਰਵਾਓ ਕਿ ਖਾਣ-ਪੀਣ ਸ਼ੁਰੂ ਕਰਵਾਵੇ, ਜੇ ਨਾ ਮੰਨੇ ਥੋੜੀ-ਬਹੁਤੀ ਪੇਮੈਂਟ ਮੱਥੇ ਮਾਰੋ, ਬਾਕੀ ਅਸੀਂ ਆ ਕੇ ਪਾਈ-ਪਾਈ ਦੇ ਦੇਣਦਾਰ ਹਾਂ।

ਪਤਾ ਨਹੀਂ ਕਿਵੇਂ ਲੜਕੇ ਵਾਲਿਆਂ ਨੇ ਫ਼ੋਨ 'ਤੇ ਦੱਸ ਦਿੱਤਾ ਕਿ ਐੱਮ.ਐੱਲ.ਏ. ਸਾਹਿਬ ਦੇ ਹੁਕਮ ਨਾਲ਼ ਖਾਣ-ਪੀਣ ਸ਼ੁਰੂ ਹੋ ਗਿਆ। ਬਸ ਤੁਸੀਂ ਪਹੁੰਚੋ। ਹੁਣ ਭਾਨੀਮਾਰ ਦੀ ਵਾਰੀ ਸੀ। ਉਸ ਨੇ ਭੈੜਾ ਜਿਹਾ ਮੂੰਹ ਬਣਾ ਕੇ ਲਗਪਗ ਬਾਰਾਂ ਵੱਜ ਕੇ ਤੀਹ ਮਿੰਟ 'ਤੇ ਕਾਲ ਕਰਕੇ ਸੂਚਿਤ ਕੀਤਾ। ਲਓ ਜੀ ਬੇੜਾ ਗਰਕ ਕਰੀਮ ਕਲਰ ਤੇ ਇਸ ਲਾਟ ਵਿੱਚ ਵੀ ਨਹੀਂ ਆਇਆ। ਪਰ ਤੁਸੀਂ ਹੌਸਲਾ ਨਾ ਛੱਡੋ, ਅਸਾਂ ਏਜੰਸੀ 'ਚ ਗੱਲ ਕਰ ਲਈ ਹੈ। ਇਸੇ ਪੇਮੈਂਟ ਨਾਲ਼ ਆਪਾਂ ਲੁਧਿਆਣੇ ਸ਼ੋਅਰੂਮ ਤੋਂ ਗੱਡੀ ਲੈ ਸਕਦੇ ਹਾਂ। ਬਸ ਤੁਸੀਂ ਦਸ ਮਿੰਟ ਸਮਾਂ ਕੱਢ ਕੇ ਸ਼ੋਅਰੂਮ ਤੋਂ ਵੀਡੀਓ ਕਾਲ ਕਰੋ। ਕਲਰ, ਮਾਡਲ, ਰੇਟ ਸਭ ਸੈੱਟ ਕਰ ਲਵਾਂਗੇ। ਬਸ ਅਸੀਂ ਹੁਣ ਚਾਲੇ ਪਾ ਦਿੱਤੇ, ਫ਼ੋਨ ਆਨ ਰੱਖਣਾ। ਆਉਂਦਿਆਂ ਹੀ ਪਹਿਲਾਂ ਆਪਾਂ ਫੇਰੇ ਕਰਨੇ। ਹਾਂ ਸੱਚ ਇੱਕ ਸ਼ਗਨਾਂ ਵਾਲੀ ਫੁਲਕਾਰੀ ਮੰਗਾ ਲੈਣੀ। ਇੰਨੇ ਚਿਰ ਵਿੱਚ ਲੜਕਾ, ਲੜਕੇ ਦੇ ਪਿਤਾ, ਲੜਕੇ ਦੀ ਮਾਤਾ, ਲੜਕੇ ਦੇ ਛੋਟੇ ਭਰਾ ਨੇ ਲੁਧਿਆਣਾ ਫ਼ਾਰਚੂਨਰ ਏਜੰਸੀ 'ਤੇ ਪਹੁੰਚ ਕੇ ਫ਼ਾਰਚੂਨਰ ਦਾ ਰੰਗ, ਮਾਡਲ, ਕੀਮਤ ਤੇ ਹੋਰ ਕਈ ਸਿਫ਼ਤਾਂ ਦੱਸੀਆਂ। ਹਰ ਇੱਕ ਨੇ ਕੁਝ ਨਾ ਕੁਝ ਯੋਗਦਾਨ ਪਾਇਆ। ਸਾਰੀ ਦੀ ਸਾਰੀ ਵੀਡੀਓ ਕਾਲ ਲੜਕੀ ਦੇ ਪਿਤਾ ਦੇ ਫ਼ੋਨ ਵਿੱਚ ਪਹੁੰਚ ਗਈ ਸੀ, ਫ਼ੋਨ ਭਾਵੇਂ ਭਾਨੀਮਾਰ ਵਰਤ ਰਿਹਾ ਸੀ। ਐੱਮ.ਐੱਲ.ਏ. ਜਾਣ ਲਈ ਕਾਹਲਾ ਸੀ। ਮੈਨੇਜਰ ਪੇਮੈਂਟ ਮੰਗ ਰਿਹਾ ਸੀ। ਬਾਕੀ ਸਾਰੇ ਖਾਣ-ਪੀਣ ਵਿੱਚ ਮਗਨ ਸਨ। ਪੂਰੇ ਚਾਰ ਵਜੇ ਪੈਲੇਸ ਨੂੰ ਪੁਲੀਸ ਨੇ ਘੇਰ ਲਿਆ। ਡਾਂਸ ਸਟੇਜ ਉੱਪਰ ਫ਼ਾਰਚੂਨਰ ਦੇ ਰੰਗ, ਮਾਡਲ, ਕੀਮਤ ਆਦਿ ਨੂੰ ਸਬੂਤ ਵਜੋਂ ਚਲਾਇਆ ਜਾ ਰਿਹਾ ਸੀ। ਇਹ ਵੀ ਦੱਸ ਦਿੱਤਾ ਸੀ ਕਿ ਦਾਜ ਮੰਗਣ ਦੇ ਦੋਸ਼ ਵਿੱਚ **4981** ਅਧੀਨ ਕੇਸ ਰਜਿਸਟਰ ਹੋ ਚੁੱਕਾ ਹੈ। ਸਹਿ ਦੋਸ਼ੀਆਂ ਦੀ ਪੜਤਾਲ ਵਾਸਤੇ ਕੋਈ ਵੀ ਪੈਲੇਸ ਤੋਂ ਬਾਹਰ ਜਾਣ ਦੀ ਕੋਸ਼ਿਸ਼ ਨਾ ਕਰੇ। ਫਿਰ ਕੀ ਸੀ ਐੱਮ. ਐੱਲ.ਏ. ਪਿਛਲੇ ਰਸਤੇ ਰਾਹੀਂ ਖਿਸਕ ਗਿਆ। ਜਿਹੜੇ ਵੀਡੀਓ ਵਿੱਚ ਸਾਫ਼ ਸਨ, ਥਾਣੇ ਪਹੁੰਚ ਗਏ। ਬਾਅਦ ਵਿੱਚ ਕੁੜੀ ਏ.ਡੀ.ਓ. ਲੱਗ ਗਈ। ਕਿਸੇ ਪੀ.ਸੀ.ਐੱਸ. ਅਫ਼ਸਰ ਨਾਲ਼ ਵਿਆਹ ਦੀ ਗੱਲ ਪੱਕੀ ਹੋ ਗਈ ਹੈ। ਸਾਰਾ ਪਰਿਵਾਰ ਖ਼ੁਸ਼ ਹੈ। ਇੱਥੋਂ ਤੱਕ ਕਿ ਸਾਰਾ ਪਿੰਡ ਖ਼ੁਸ਼ ਹੈ। ਪਿੰਡ ਦੀ ਧੀ ਉੱਚੇ ਅਹੁਦੇ 'ਤੇ, ਪਿੰਡ ਦਾ ਜਵਾਈ ਉਸ ਤੋਂ ਵੀ ਉੱਚੇ ਅਹੁਦੇ 'ਤੇ। ਲੋਕ ਖ਼ੁਸ਼ੀ ਵਿੱਚ ਕੱਛਾਂ ਵਜਾ ਰਹੇ ਹਨ ਅਤੇ ਭਾਨੀਮਾਰ ਨੂੰ ਅਸੀਸਾਂ ਦੇ ਰਹੇ ਹਨ ਕਿ ਉਸ ਨੇ ਦਾਜ ਦੇ ਲੋਭੀਆਂ ਨੂੰ ਚੰਗਾ ਸਬਕ ਸਿਖਾਇਆ ਹੈ।

# ਅੱਖੀਆਂ ਦੀ ਉਡੀਕ ਕੀ ਹੁੰਦੀ ਹੈ ?

**ਲਲਿਤ ਨਿਬੰਧ**
**ਕੰਵਲਜੀਤ ਹਰੀਨੋ**
**ਮੋਬਾਈਲ : 0017803405002**

ਬਹੁਤ ਸਮਾਂ ਪਹਿਲਾਂ ਜਦੋਂ ਨੁਸਰਤ ਫ਼ਤਹਿ ਅਲੀ ਖ਼ਾਂ ਸਾਹਿਬ ਦੀ ਇਹ ਕਵਾਲੀ ਆਈ ਤਾਂ ਹੋਰ ਲੋਕਾਂ ਵਾਂਗ ਮੈਨੂੰ ਵੀ ਚੰਗੀ ਲੱਗੀ ਸੀ। ਅਸਲ ਵਿੱਚ ਅੱਖੀਆਂ ਦੀ ਉਡੀਕ ਕੀ ਹੁੰਦੀ ਹੈ ? ਇਹ ਫ਼ਿਲਮੀ ਪਰਦੇ ਉੱਤੇ ਹੀ ਪਤਾ ਲੱਗਦਾ ਅਤੇ ਅਸਲ ਜ਼ਿੰਦਗੀ 'ਚ ਕਦੇ ਅੱਖੀਆਂ ਦੀ ਉਡੀਕ ਦੇ ਖ਼ਾਲੀਪਨ ਦਾ ਦਰਦ ਮਹਿਸੂਸ ਨਹੀਂ ਹੋਇਆ ਸੀ। ਪਰ ਜਦੋਂ-ਜਦੋਂ ਵੀ ਜ਼ਿੰਦਗੀ 'ਚ ਇਸ ਦਰਦ ਨੂੰ ਦੇਖਣ-ਸੁਣਨ ਦਾ ਮੌਕਾ ਮਿਲਿਆ ਤਾਂ ਮਹਿਸੂਸ ਹੋਇਆ ਕਿ ਜਿਨਾਂ ਲੋਕਾਂ ਨੇ ਇਸ ਨੂੰ ਹੰਢਾਇਆ ਹੈ ਉਨਾਂ ਦੇ ਸਾਹਾਂ 'ਚ ਹੌਕੇ ਤੇ ਆਵਾਜ਼ 'ਚੋਂ ਵੀ ਹੰਝੂ ਟਪਕਦੇ ਹਨ।

ਪਹਿਲੀ ਵਾਰ ਇਹ ਦਰਦ ਉਦੋਂ ਦੇਖਿਆ ਜਦੋਂ ਨੁਸਰਤ ਸਾਹਿਬ ਦੀ ਮੌਤ ਹੋਈ ਤਾਂ ਉਨਾਂ ਦੇ ਚਾਲੀਵੇਂ ਦੀ ਕਵਾਲੀ ਦੀ ਰਸਮ ਚੱਲ ਰਹੀ ਸੀ। ਉਨਾਂ ਦਾ ਭਤੀਜਾ ਰਾਹਤ ਫਤਹਿ ਅਲੀ ਖ਼ਾਂ ਸਾਰੀ ਕਵਾਲ ਪਾਰਟੀ ਸਮੇਤ ਸਟੇਜ ਉੱਤੇ ਸੀ। ਬਹੁਤ ਵੱਡਾ ਪੰਡਾਲ ਲੱਗਾ ਸੀ ਜੋ ਲੋਕਾਂ ਨਾਲ਼ ਖਚਾਖਚ ਭਰਿਆ ਹੋਇਆ ਸੀ। ਸਟੇਜ ਉੱਤੇ ਹੀ ਕਵਾਲਾਂ ਦੇ ਪਿੱਛੇ ਇੱਕ ਵੱਡੀ ਸਕਰੀਨ ਲੱਗੀ ਹੋਈ ਸੀ। ਦੋ ਕੁ ਕਵਾਲੀਆਂ ਗਾਉਣ ਪਿੱਛੋਂ ਸਕਰੀਨ ਉਤੇ 'ਅੱਖੀਆਂ ਉਡੀਕਦੀਆਂ' ਗਾਉਂਦਿਆਂ ਦੀ ਨੁਸਰਤ ਸਾਹਿਬ ਦੀ ਵੀਡੀਓ ਚਲਾਈ ਗਈ। ਸਾਰੇ ਸਾਹ ਰੋਕ ਕੇ ਸਿੱਲੀਆਂ ਅੱਖਾਂ ਨਾਲ਼ ਸਕਰੀਨ ਵੱਲ ਦੇਖਦੇ ਹੋਏ ਕਵਾਲੀ ਸੁਣ ਰਹੇ ਸਨ ਤਾਂ ਜਦੋਂ ਹੀ ਨੁਸਰਤ ਸਾਹਿਬ ਦੀ ਵੀਡੀਓ ਅਤੇ ਆਵਾਜ਼ ਬੰਦ ਹੋਈ ਅਤੇ ਰਾਹਤ ਫਤਹਿ ਅਲੀ ਖਾਂ ਨੇ 'ਅੱਖੀਆਂ ਉਡੀਕ ਦੀਆਂ ਦਿਲ ਵਾਜਾਂ ਮਾਰਦਾ' ਦਾ ਅੱਗੇ ਅਲਾਪ ਲਿਆ ਤਾਂ ਲੋਕਾਂ ਦੀਆਂ ਧਾਹਾਂ ਨਿਕਲ ਗਈਆਂ। ਲੋਕਾਂ ਨੂੰ ਇਕਦਮ ਲੱਗਾ ਕਿ ਨੁਸਰਤ ਸਾਹਿਬ ਕਿੱਥੇ ਚਲੇ ਗਏ ? ਲੋਕ ਸਕਰੀਨ, ਕੰਧਾਂ, ਬੂਹੇ ਆਦਿ ਵੱਲ ਗਰਦਨ ਉੱਚੀ ਚੁੱਕ-ਚੁੱਕ ਦੇਖ ਰਹੇ ਸਨ ਕਿ ਸ਼ਾਇਦ ਨੁਸਰਤ ਸਾਹਿਬ ਹੁਣੇ ਹੀ ਕਿਤੋਂ ਆ ਜਾਣਗੇ ਪਰ ਰੋਂਦਾ ਹੋਇਆ ਰਾਹਤ ਗਾਉਂਦਾ ਰਿਹਾ ਸੀ ਅਤੇ ਉਸ ਉਡੀਕ ਦੇ ਖ਼ਾਲੀ ਵੀਰਾਨੇ 'ਚੋਂ ਕੋਈ ਨਾ ਆਇਆ ਸਿਰਫ਼ ਬੋਲ ਸਨ ਕਿ 'ਅੱਖੀਆਂ ਉਡੀਕ ਦੀਆਂ ਦਿਲ 'ਵਾਜਾਂ ਮਾਰਦਾ, ਆਜਾ ਜਾਣ ਵਾਲਿਆ ਕਿ ਵਾਸਤਾ ਈ ਪਿਆਰ ਦਾ' ਟੀ.ਵੀ. ਉੱਤੇ ਇਹ ਦਰਦ ਅਤੇ ਤੜਫਣ ਦੇਖ ਕੇ ਮੇਰਾ ਸਰੀਰ ਸੁੰਨ ਹੋ ਗਿਆ ਸੀ।

ਦੂਜੀ ਘਟਨਾ ਇੰਜ ਹੋਈ ਕਿ ਮੇਰਾ ਇੱਕ ਬਹੁਤ ਪਿਆਰਾ ਦੋਸਤ ਸੀ ਸੁਖਬੀਰ ਨਿੱਕੂ, ਮਾਨਸਾ ਤੋਂ। ਉਸਨੇ ਕਿਤੇ ਫ਼ਰੀਦਕੋਟ ਜਾਣਾ ਸੀ ਅਤੇ ਵਾਪਸੀ ਉੱਤੇ ਉਸ ਨੇ ਮੇਰੇ ਕੋਲ਼ ਕੋਟਕਪੂਰੇ ਕਿਸੇ ਦੁਕਾਨ 'ਤੇ ਰੁਕਣਾ ਸੀ, ਭਾਵ ਮਿਲਣਾ ਸੀ। ਮੈਂ ਭੁੱਲ ਗਿਆ ਕਿ ਅੱਜ ਨਿੱਕੂ ਨੇ ਆਉਣਾ ਹੈ। ਮੋਬਾਈਲ ਉਦੋਂ ਹੁੰਦੇ ਨਹੀਂ ਸਨ ਅਤੇ ਘਰ ਵੀ ਕਿਸੇ ਕਿਸੇ ਦੇ ਫ਼ੋਨ ਹੁੰਦਾ ਸੀ। ਉਹ ਤਿੰਨ ਚਾਰ ਘੰਟੇ ਕੋਟਕਪੂਰੇ ਦੁਕਾਨ 'ਤੇ ਬੈਠਾ ਉਡੀਕਦਾ ਰਿਹਾ ਅਤੇ ਜਾਣ ਵੇਲੇ ਮੇਰੇ ਲਈ ਇੱਕ ਚਿੱਠੀ ਲਿਖ ਕੇ ਦੁਕਾਨ ਵਾਲੇ ਨੂੰ ਫੜਾ ਗਿਆ। ਮੈਂ ਘੰਟਾ ਕੁ ਬਾਅਦ ਹੀ ਉਸ ਦੁਕਾਨ 'ਤੇ ਗਿਆ ਤਾਂ ਦੁਕਾਨ ਵਾਲਾ ਕਹਿੰਦਾ, 'ਤੂੰ ਹੁਣ ਤੱਕ ਕਿੱਥੇ ਸੀ ਯਾਰ ?' ਮੈਂ ਪੁੱਛਿਆ, ਕਿਉਂ ? ਦੁਕਾਨ ਵਾਲੇ ਨੇ ਚਿੱਠੀ ਫੜਾਉਂਦਿਆਂ ਕਿਹਾ, 'ਉਹ ਮਾਨਸਾ ਵਾਲਾ ਮੁੰਡਾ ਉਡੀਕ-ਉਡੀਕ ਕੇ ਗਿਆ ਹੈ', ਮੈਂ ਚਿੱਠੀ ਖੋਲੀ ਤੇ ਚਿੱਠੀ ਦੇ ਅਖੀਰ 'ਚ ਲਿਖਿਆ ਸੀ, 'ਮੈਂ ਤੈਨੂੰ ਬਹੁਤ ਉਡੀਕਿਆ, ਤੂੰ ਨਾ ਆਇਆ ਤਾਂ ਆਹ ਚਿੱਠੀ ਦੇ ਕੇ ਜਾ ਰਿਹਾ ਹਾਂ, ਸਭ ਠੀਕ-ਠਾਕ ਹੈ, ਹੁਣ ਚਲਦਾ ਹਾਂ ਤੇ ਚੱਲ ਕਦੇ ਫੇਰ ਮਿਲਦੇ ਹਾਂ' ਤੇਰਾ ਵੀਰ ਨਿੱਕੂ।

ਦੋ ਕੁ ਦਿਨ ਸੁਨੇਹਾ ਆਇਆ ਕਿ ਜਿਸ ਦਿਨ ਨਿੱਕੂ ਇਥੋਂ ਗਿਆ ਸੀ, ਉਸੇ ਰਾਤ ਉਹਦੀ ਮੌਤ ਹੋ ਗਈ ਸੀ। ਮੈਂ ਕਈ ਦਿਨ ਉਸ ਦੁਕਾਨ 'ਤੇ ਜਾ ਕੇ ਇਕੱਲਾ ਬੈਠਾ ਰੋਂਦਾ ਰਿਹਾ, ਚਿੱਠੀ ਅੱਜ ਵੀ ਮੇਰੇ ਕੋਲ਼ ਹੈ, ਜਦੋਂ ਵੀ ਪੜ੍ਹਾਂ ਰੁਆ ਦਿੰਦੀ ਹੈ।

ਤੀਜੀ ਘਟਨਾ ਸਾਡੇ ਆਪਣੇ ਘਰ ਦੀ ਹੀ ਹੈ। ਮੇਰੇ ਸਕੇ ਤਾਇਆ ਜੀ ਦੀ ਬੇਟੀ ਅਬੋਹਰ ਕੋਲ਼ ਵਿਆਹੀ ਹੈ। ਭੈਣ ਜੀ ਅਤੇ ਜੀਜਾ ਜੀ ਦੋਵੇਂ ਮਾਸਟਰ ਸਨ। ਵਿਆਹ ਤੋਂ ਚਾਰ-ਪੰਜ ਸਾਲ ਬਾਅਦ ਜੀਜਾ ਜੀ ਸ਼ਰਾਬ ਬਹੁਤ ਪੀਣ ਲੱਗ ਗਏ। ਸਭ ਨੇ ਸਮਝਾਇਆ, ਉਨਾਂ ਆਪ ਵੀ ਸ਼ਰਾਬ ਛੱਡਣ ਦੀ ਕੋਸ਼ਿਸ਼ ਕੀਤੀ ਪਰ ਨਹੀਂ ਛੱਡ ਸਕੇ। ਇੱਕ ਦਿਨ ਉਨਾਂ ਦੇ ਪਿੰਡੋਂ ਇੱਕ ਬਸ ਇੱਕ ਧਾਰਮਿਕ ਡੇਰੇ ਜਾ ਰਹੀ ਸੀ। ਕਿਸੇ ਨੇ ਭੈਣ ਜੀ ਨੂੰ ਕਿਹਾ ਕਿ ਹਰਚੰਦ (ਜੀਜਾ ਜੀ) ਨੂੰ ਸਾਡੇ ਨਾਲ਼ ਭੇਜ ਦਿਓ। ਸ਼ਾਇਦ ਉੱਥੇ ਜਾ ਕੇ ਸ਼ਰਾਬ ਛੱਡ ਦੇਣ, ਨਹੀਂ ਤਾਂ ਉਥੇ ਹਸਪਤਾਲ ਵਿੱਚ ਦਾਖ਼ਲ ਹੋ ਕੇ ਸ਼ਰਾਬ ਛੁਡਵਾ ਦਿੱਤੀ ਜਾਂਦੀ ਹੈ। ਚਲੋ ਜੀਜਾ ਡੇਰੇ ਚਲੇ ਗਏ ਜਾਣ ਸਾਰ ਸਾਰਾ ਸਮਾਨ ਬਟੂਆ, ਘੜੀ ਆਦਿ ਜਮਾਂ ਕਰਵਾ ਅੰਦਰ ਚਲੇ ਗਏ। ਸਾਰੀ ਸੰਗਤ ਤਿੰਨ ਕੁ ਦਿਨ ਬਾਅਦ ਪਿੰਡ ਮੁੜ ਆਈ ਪਰ ਜੀਜਾ ਜੀ ਨਾ ਆਏ। ਪਿੰਡ ਵਾਲੀ ਸੰਗਤ ਵਾਲਿਆਂ ਨੇ ਦੱਸਿਆ ਕਿ ਉੱਥੋਂ ਤੁਰਨ ਤੋਂ ਪਹਿਲਾਂ ਹੀ ਅਸੀਂ ਹਰਚੰਦ ਸਿਹੁੰ ਨੂੰ ਉਡੀਕਦੇ ਲੱਭਦੇ ਰਹੇ, ਫੇਰ ਸੋਚਿਆ ਸ਼ਾਇਦ ਬਾਬਾ ਜੀ ਨੇ ਸ਼ਰਾਬ ਛਡਵਾਉਣ ਲਈ ਹਸਪਤਾਲ ਭੇਜ ਦਿਤਾ ਹੋਵੇਗਾ ਤੇ ਅਸੀਂ ਆ ਗਏ।

ਬਾਈ ਜੀ ਹਫ਼ਤਾ ਦਸ ਦਿਨ ਬਾਅਦ ਤੱਕ ਵੀ ਨਾ ਆਏ। ਫ਼ੋਨ ਉਦੋਂ ਨਹੀਂ ਸਨ, 86-87 ਦੀ ਗੱਲ ਹੈ। ਦਸ ਕੁ ਦਿਨ ਬਾਅਦ ਜਾ ਕੇ ਪਤਾ ਕੀਤਾ ਪਰ ਉੱਥੇ ਕੋਈ ਹਰਚੰਦ ਸਿਹੁੰ ਨਹੀਂ ਸੀ। ਫਿਰ ਕਿਸੇ ਸੇਵਾਦਾਰ ਨੇ ਦੱਸਿਆ ਕਿ ਫਲਾਣੇ ਦਿਨ ਸਤਿਸੰਗ ਵਾਲੀ ਸ਼ਾਮ ਜੋ ਬੰਦਾ ਨਲਕੇ ਕੋਲ਼ ਮਰਿਆ ਪਿਆ ਲੱਭਾ ਸੀ, ਉਹ ਕੌਣ ਸੀ ? ਦੂਜੇ ਸੇਵਾਦਾਰ ਕਹਿੰਦੇ ਉਹ ਤਾਂ ਕੋਈ ਲਾਵਾਰਸ ਸੀ, ਸਾਮਾਨ ਜਮਾਂ ਹੋਣ ਕਰਕੇ ਜੀਜਾ ਦੀ ਜੇਬ ਤਾਂ ਕੋਈ ਸ਼ਨਾਖਤ ਹੈ ਹੀ ਨਹੀਂ ਸੀ। ਜਦੋਂ ਘਰਦਿਆਂ ਨੂੰ ਕੱਪੜੇ ਦਿਖਾਏ ਤਾਂ ਉਹ ਬਾਈ ਜੀ ਹਰਚੰਦ ਸਿਹੁੰ ਦੇ ਕੱਪੜੇ ਹੀ ਸਨ। ਡੇਰੇ ਵਾਲਿਆਂ ਲਾਵਾਰਿਸ ਸਮਝ ਕੇ ਸੰਸਕਾਰ ਕਰ ਦਿੱਤਾ ਸੀ। ਰੋ-ਧੋ ਕੇ ਪਿੰਡ ਆ ਗਏ। ਪਿੰਡ ਆ ਕੇ ਭੋਗ ਪਾ ਦਿੱਤਾ। ਸਮਾਂ ਬੀਤਦਾ ਗਿਆ ਭੈਣ ਜੀ ਵੀ ਸੰਭਲ ਗਏ ਪ੍ਰਤੀਤ ਹੁੰਦੇ ਸਨ।

ਮੈਂ ਜਦੋਂ 2014 ਵਿੱਚ ਕੈਨੇਡਾ ਤੋਂ ਇੰਡੀਆ ਗਿਆ ਤਾਂ ਮੈਨੂੰ ਕਿਸੇ ਜਾਣ-ਪਛਾਣ ਵਾਲੇ ਨੇ ਕਿਹਾ ਕੇ ਤੈਨੂੰ ਕੱਲ ਨੂੰ ਡੇਰੇ ਲੈ ਕੇ ਜਾਣਾ ਹੈ। ਮੈਂ ਹਾਂ ਆਖ ਦਿੱਤੀ। ਪਿੰਡ ਭੈਣ ਜੀ ਦਾ ਅਚਾਨਕ ਫ਼ੋਨ ਆ ਗਿਆ ਤੇ ਮੇਰੇ ਮੰਮੀ ਨੇ ਦੱਸਿਆ ਕਿ ਕੱਲ ਨੂੰ ਕੰਵਲ ਨੇ ਡੇਰੇ ਜਾਣਾ ਹੈ। ਭੈਣ ਜੀ ਕਹਿੰਦੇ ਮੇਰੀ ਕੰਵਲ ਨਾਲ਼ ਹੁਣੇ ਗੱਲ ਕਰਵਾਓ, ਮੈਂ ਨਹਾ ਰਿਹਾ ਸੀ ਤੇ ਗੱਲ ਨਾ ਹੋ ਸਕੀ। ਭੈਣ ਜੀ ਫ਼ੋਨ ਕਰਦੇ ਰਹੇ ਪਰ ਕਿਸੇ ਵਜ੍ਹਾ ਕਰਕੇ ਉਸ ਦਿਨ ਗੱਲ ਨਾ ਹੋਈ। ਅਗਲੇ ਦਿਨ ਸਵੇਰੇ ਮੈਂ ਡੇਰੇ ਨੂੰ ਤੁਰ ਪਿਆ ਤੇ ਭੈਣ ਜੀ ਦਾ ਸਵੇਰੇ ਹੀ ਫ਼ੋਨ ਆ ਗਿਆ, ਕਹਿੰਦੇ, 'ਕੰਵਲ ਮੈਂ ਤਾਂ ਸਾਰੀ ਰਾਤ ਸੁੱਤੀ ਹੀ ਨਹੀਂ ਤੇ ਫਿਰ ਜਿਹੜੇ ਦਰਦ ਤੇ ਆਸ ਨਾਲ਼ ਉਨਾਂ ਗੱਲ ਆਖੀ, ਸੁਣ ਅੱਖਾਂ ਭਰ ਆਈਆਂ। ਭੈਣ ਜੀ ਕਹਿੰਦੇ, 'ਮੇਰਾ ਵੀਰ ਸਤਿਸੰਗ ਸੁਣ ਕੇ ਲੰਗਰ ਵਿੱਚ ਜ਼ਰੂਰ ਜਾਵੀਂ', ਕੀ ਪਤਾ ਤੇਰਾ ਬਾਈ ਹਰਚੰਦ ਅਜੇ ਵੀ ਉਥੇ ਹੀ ਸੇਵਾ ਕਰਦਾ ਫ਼ਿਰਦਾ ਹੋਵੇ ? ਕੰਵਲ ਤੂੰ ਉਹਨੂੰ ਚਿੱਟੀ ਦਾੜੀ ਵਿੱਚ ਪਛਾਣ ਤਾਂ ਲਵੇਂਗਾ ਨਾ ?' ਮੇਰਾ ਇਹ ਕੰਮ ਲਾਜ਼ਮੀ ਕਰੀਂ ਮੇਰਾ ਭਰਾ, ਮੇਰਾ ਗਲ਼ਾ, ਅੱਖਾਂ ਭਰ ਗਈਆਂ ਤੇ ਮੇਰੇ ਕੋਲ਼ੋਂ 'ਠੀਕ ਹੈ ਭੈਣੇ' ਵੀ ਨਾ ਮੂੰਹੋਂ ਆਖਿਆ ਗਿਆ।

# ਹਿੰਸਾ ਦੇ ਪੁਜਾਰੀ

## ਅਦਿੱਤਿਆਨਾਥ ਦਾ ਦਹਿਸ਼ਤੀ ਰਾਜ

*(ਰਾਜਨੀਤਕ ਮਾਮਲਿਆਂ ਦੇ ਉੱਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਅਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖ਼ਨਾਥ ਮੱਠ ਦਾ ਮਹੰਤ ਬਣਨ ਅਤੇ ਆਖ਼ਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਇਕ ਪ੍ਰਮੁੱਖ ਚਿਹਰਾ ਬਣ ਕੇ ਉੱਭਰਨ ਦੇ ਰਾਜਨੀਤਕ ਸਫ਼ਰ ਉੱਪਰ ਝਾਤ ਪਵਾਉਂਦੀ ਹੈ। ਝਾਅ ਮਸ਼ਹੂਰ ਕਿਤਾਬ ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸ਼ਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ ਦੇ ਲੇਖਕ ਅਤੇ ਅਯੁੱਧਿਆ: ਦ ਡਾਰਕ ਨਾਈਟ ਦੇ ਸਹਿ-ਲੇਖਕ ਹਨ। ਉਨ੍ਹਾਂ ਦੀ ਤਾਜ਼ਾ ਕਿਤਾਬ ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਅਤੇ ਦੀ ਮੇਕਿੰਗ ਆਫ ਹਿੰਦੂ ਵੋਟ ਹੈ ਜੋ ਅਪ੍ਰੈਲ 2019 ਵਿਚ ਛਪੀ ਸੀ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦਾ ਅਨੁਵਾਦ ਪੇਸ਼ ਹੈ। - ਸੰਪਾਦਕ)*

**ਅਨੁਵਾਦ : ਬੂਟਾ ਸਿੰਘ**

ਅਦਿੱਤਿਆਨਾਥ ਸਰਕਾਰ ਰਾਜ ਦੀ ਬਹੁਗਿਣਤੀ ਆਬਾਦੀ ਦੇ ਪਦਾਰਥਕ ਹਾਲਾਤ 'ਚ ਕੋਈ ਠੋਸ ਸੁਧਾਰ ਲਿਆਉਣ 'ਚ ਅਸਫ਼ਲ ਰਹੀ ਹੈ। ਉੱਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ ਸਿਹਤ, ਸਿੱਖਿਆ ਅਤੇ ਜੀਵਨ ਪੱਧਰ 'ਤੇ ਨੀਤੀ ਆਯੋਗ ਦੇ ਨਵੇਂ ਸੂਚਕ ਅੰਕ ਵਿਚ ਬਹੁ-ਪਾਸਾਰੀ ਤੌਰ 'ਤੇ ਗ਼ਰੀਬ ਲੋਕਾਂ ਦੇ ਸਭ ਤੋਂ ਵੱਧ ਅਨੁਪਾਤ ਵਾਲੇ ਰਾਜ ਹਨ। ਅਦਿੱਤਿਆਨਾਥ ਦੇ ਰਾਜ ਦੇ ਸਾਲਾਂ ਵਿਚ 2017 ਅਤੇ 2021 ਦਰਮਿਆਨ ਰਾਜ ਦੀ ਜੀ.ਡੀ.ਪੀ. (ਕੁਲ ਘਰੇਲੂ ਪੈਦਾਵਾਰ) ਵਿਚ ਸਿਰਫ਼ 1.95 ਫ਼ੀ ਸਦੀ ਦਾ ਮਿਸ਼ਰਤ ਸਾਲਾਨਾ ਵਾਧਾ ਦੇਖਿਆ ਗਿਆ ਹੈ। ਇਸਦੇ ਮੁਕਾਬਲੇ, 2012 ਅਤੇ 2017 ਦਰਮਿਆਨ ਮਿਸ਼ਰਿਤ ਸਾਲਾਨਾ ਆਰਥਕ ਵਾਧਾ ਦਰ ਲਗਭਗ ਸੱਤ ਫ਼ੀ ਸਦੀ ਸੀ।

ਅਦਿੱਤਿਆਨਾਥ ਨਾ ਤਾਂ ਐਸਾ ਪਹਿਲਾ ਅਤੇ ਨਾ ਹੀ ਆਖ਼ਰੀ ਮੁੱਖ ਮੰਤਰੀ ਹੈ ਜਿਨ੍ਹਾਂ ਦੀ ਆਰਥਕ ਧਾਰਨਾਵਾਂ ਅਤੇ ਸਰਕਾਰ ਦੇ ਕੰਮਕਾਜ ਉੱਪਰ ਮਜ਼ਬੂਤ ਪਕੜ ਨਹੀਂ ਹੈ। ਆਮ ਤੌਰ 'ਤੇ ਅਜਿਹੇ ਹਾਲਾਤ 'ਚ ਆਗੂ ਸਲਾਹਕਾਰਾਂ ਦੀ ਮੱਦਦ ਨਾਲ ਆਪਣੀਆਂ ਰੁਕਾਵਟਾਂ 'ਤੇ ਕਾਬੂ ਪਾਉਂਦੇ ਹਨ। ਪਰ ਅਦਿੱਤਿਆਨਾਥ ਆਪਣੀ ਅਜੀਬ ਸਵੈ-ਮਗਨਤਾ ਕਾਰਨ ਆਪਣੇ ਸਲਾਹਕਾਰਾਂ, ਨੌਕਰਸ਼ਾਹਾਂ ਅਤੇ ਇੱਥੋਂ ਤੱਕ ਕਿ ਆਪਣੇ ਮੰਤਰੀ ਸਹਿਕਰਮੀਆਂ ਨਾਲ ਨਜ਼ਦੀਕੀ ਕੰਮਕਾਜੀ ਸੰਬੰਧਾਂ ਦੇ ਅਯੋਗ ਹੈ।

ਉੱਤਰ ਪ੍ਰਦੇਸ਼ ਸਰਕਾਰ ਦੇ ਇਕ ਸੀਨੀਅਰ ਮੰਤਰੀ ਨੇ ਮੈਨੂੰ ਦੱਸਿਆ, "ਉਹ ਜ਼ਿਆਦਾਤਰ ਮੰਤਰੀਆਂ ਅਤੇ ਪਾਰਟੀ ਵਿਧਾਇਕਾਂ 'ਤੇ ਭਰੋਸਾ ਨਹੀਂ ਕਰਦੇ। ਸ਼ਾਇਦ ਉਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਟੀਮ ਦਾ ਹਿੱਸਾ ਨਹੀਂ ਸਮਝਿਆ।" ਮੰਤਰੀ ਨੇ ਕਿਹਾ, ਭਾਵੇਂ ਅਦਿੱਤਿਆਨਾਥ ਨੇ ਆਪਣੀਆਂ ਸਾਰੀਆਂ ਚੋਣਾਂ ਭਾਜਪਾ ਦੀ ਟਿਕਟ 'ਤੇ ਜਿੱਤੀਆਂ, ਉਸ ਨੇ ਕਦੇ ਵੀ ਪਾਰਟੀ ਨੂੰ ਆਪਣਾ ਘਰ ਨਹੀਂ ਸਮਝਿਆ। "ਜਦੋਂ ਤੱਕ ਉਹ ਮੁੱਖ ਮੰਤਰੀ ਨਹੀਂ ਬਣਿਆ ਉਹ ਹਮੇਸ਼ਾ ਇਹੀ ਸਮਝਦਾ ਸੀ ਕਿ ਪੂਰਵਾਂਚਲ ਲਈ ਸਾਰੇ ਫ਼ੈਸਲੇ ਉਸ ਨੂੰ ਇਕੱਲੇ ਨੂੰ ਲੈਣੇ ਚਾਹੀਦੇ ਹਨ ਅਤੇ ਪਾਰਟੀ ਨੂੰ ਖੇਤਰ 'ਚ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਪਣੀ ਹਿੰਦੂ ਯੁਵਾ ਵਾਹਿਨੀ ਦੀ ਮਦਦ ਨਾਲ ਉਸ ਨੇ ਨਾ ਸਿਰਫ਼ ਸਪਾ (ਸਮਾਜਵਾਦੀ ਪਾਰਟੀ) ਅਤੇ ਬਸਪਾ (ਬਹੁਜਨ ਸਮਾਜ ਪਾਰਟੀ) ਤੋਂ ਸਗੋਂ ਭਾਜਪਾ ਨੇਤਾਵਾਂ ਤੋਂ ਵੀ ਆਪਣੇ ਗੜ੍ਹ ਨੂੰ ਜ਼ੋਰਦਾਰ ਤਰੀਕੇ ਨਾਲ ਬਚਾਇਆ। ਇਸੇ ਕਰਕੇ ਭਾਜਪਾ ਸਰਕਾਰ ਦਾ ਮੁਖੀ ਹੋਣ ਦੇ ਬਾਵਜੂਦ ਉਹ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ 'ਚ ਪੂਰਾ ਭਰੋਸਾ ਨਹੀਂ ਬਣਾ



ਸਕਿਆ ਅਤੇ ਆਮ ਤੌਰ 'ਤੇ ਉਹ ਉਨ੍ਹਾਂ ਵਿੱਚੋਂ ਬਹੁਤਿਆਂ ਬਾਰੇ ਸ਼ੱਕੀ ਹੈ।"

ਮੰਤਰੀ ਮੁਤਾਬਕ ਅਦਿੱਤਿਆਨਾਥ ਨੂੰ ਆਪਣੀ ਸਰਕਾਰ ਦੇ ਜ਼ਿਆਦਾਤਰ ਨੌਕਰਸ਼ਾਹਾਂ 'ਤੇ ਵੀ ਭਰੋਸਾ ਨਹੀਂ ਹੈ। ਉਸ ਨੇ ਕਿਹਾ, "ਉਸ ਦਾ ਭੈੜਾ ਸੁਭਾਅ ਅਤੇ ਵਾਰ-ਵਾਰ ਅਪਮਾਨਜਨਕ ਭਾਸ਼ਾ ਵਰਤਣ ਦੀ ਉਸ ਦੀ ਆਦਤ ਨੇਕ ਸਿਵਲ ਅਮਲੇ ਅਤੇ ਸਲਾਹਕਾਰਾਂ ਨੂੰ ਡਰਾਉਂਦੀ ਹੈ। ਉਹ ਆਪਣੇ ਮਨ ਦੀ ਗੱਲ ਕਹਿਣ ਦੀ ਬਜਾਏ ਚੁੱਪ ਰਹਿਣਾ ਪਸੰਦ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਕਦੇ ਵੀ ਯਕੀਨ ਨਹੀਂ ਹੁੰਦਾ ਕਿ ਜੇ ਉਹ ਆਪਣਾ ਮੂੰਹ ਖੋਲ੍ਹਣਗੇ ਤਾਂ ਉਨ੍ਹਾਂ ਨੂੰ ਦਬਾਇਆ ਨਹੀਂ ਜਾਵੇਗਾ।" ਆਪਣੇ ਤਜ਼ਰਬੇ ਦੇ ਆਧਾਰ 'ਤੇ ਮੰਤਰੀ ਨੇ ਅੱਗੇ ਕਿਹਾ, "ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਨੌਕਰਸ਼ਾਹ ਇਸ ਤਰ੍ਹਾਂ ਆਪਣਾ ਬਚਾਓ ਕਰਦੇ ਹਨ - ਜੇ ਕਰ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਬੌਸ ਚਿੜਚਿੜਾ ਅਤੇ ਉਸ ਦਾ ਮਿਜ਼ਾਜ ਸਮਝੋ ਬਾਹਰ ਹੈ, ਤਾਂ ਉਹ ਚੁੱਪ ਕਰ ਜਾਂਦੇ ਹਨ। ਅਜਿਹੀ ਸਥਿਤੀ ਅਕਸਰ ਯੋਗੀ ਜੀ ਨੂੰ ਸੰਕਟ ਨਾਲ ਨਜਿੱਠਣ ਲਈ ਇਕੱਲਾ ਜਾਂ ਕੁਝ ਪੁਲਿਸ ਅਫ਼ਸਰਾਂ ਸਮੇਤ ਮੁੱਠੀ ਭਰ ਚਾਪਲੂਸਾਂ ਨਾਲ ਸਲਾਹ-ਮਸ਼ਵਰਾ ਕਰਨ ਲਈ ਛੱਡ ਦਿੰਦੀ ਹੈ।"

2021 ਦੀਆਂ ਗਰਮੀਆਂ 'ਚ ਕਿਆਸ ਅਰਾਈਆਂ ਤੇਜ਼ ਹੋ ਗਈਆਂ ਕਿ ਮੋਦੀ ਅਦਿੱਤਿਆਨਾਥ ਨੂੰ ਹਟਾਉਣ, ਜਾਂ ਘੱਟੋ-ਘੱਟ ਉਸਦੇ ਖੰਭ ਕੁਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜੂਨ ਵਿਚ ਕਿਆਸ ਅਰਾਈਆਂ ਤੇਜ਼ ਹੋ ਗਈਆਂ, ਜਦੋਂ ਭਾਜਪਾ ਅਤੇ ਆਰ.ਐੱਸ.ਐੱਸ. ਦੇ ਕਈ ਪ੍ਰਮੁੱਖ ਆਗੂਆਂ ਨੇ ਲਖਨਊ ਦਾ ਦੌਰਾ ਕੀਤਾ ਅਤੇ ਅਦਿੱਤਿਆਨਾਥ ਅਤੇ ਮਹੱਤਵਪੂਰਨ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ। ਹਾਲਾਂਕਿ ਪਾਰਟੀ ਨੇ ਇਨ੍ਹਾਂ ਮੀਟਿੰਗਾਂ ਨੂੰ ਵਿਧਾਨ ਸਭਾ ਚੋਣਾਂ ਲਈ ਇਕ "ਰੁਟੀਨ ਕਵਾਇਦ" ਦੱਸਿਆ, ਪਰ ਇਹ ਸਪਸ਼ਟ ਸੀ ਕਿ ਅਦਿੱਤਿਆਨਾਥ ਦੀ ਭਾਜਪਾ ਹਾਈ ਕਮਾਨ ਨਾਲ ਸਮੀਕਰਨ ਵਿਚ ਸਭ ਕੁਝ ਠੀਕ ਨਹੀਂ ਸੀ।

ਅਫ਼ਵਾਹਾਂ ਦਾ ਕੁਝ ਆਧਾਰ ਤਾਂ ਸੀ, ਇਸ ਦੀ ਤਸਦੀਕ ਮਹੀਨਿਆਂ ਬਾਦ ਆਰ.ਐੱਸ.ਐੱਸ. ਦੇ ਇਕ ਸੀਨੀਅਰ ਮੈਂਬਰ ਨੇ ਕੀਤੀ। ਆਰ.ਐੱਸ.ਐੱਸ. ਮੈਂਬਰ ਨੇ ਮੈਨੂੰ ਦੱਸਿਆ, "ਜੂਨ ਵਿਚ, ਉਸ ਦੀ ਅਥਾਰਟੀ ਨੂੰ ਘਟਾਉਣ ਲਈ ਕੁਝ ਗੰਭੀਰ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਉਦੇਸ਼ ਉਸ ਨੂੰ ਅਹੁਦੇ ਤੋਂ ਹਟਾਉਣਾ ਨਹੀਂ ਸੀ, ਸਗੋਂ ਉਸ ਨੂੰ ਕੁਝ ਨਿਸ਼ਾਨਦੇਹੀ ਕੀਤੇ ਸਹਿਕਰਮੀਆਂ ਨਾਲ ਆਪਣੀਆਂ ਕੁਝ ਸ਼ਕਤੀਆਂ ਸਾਂਝੀਆਂ ਕਰਨਾ ਸੀ। ਪਰ ਉਹ ਕੋਸ਼ਿਸ਼ਾਂ ਤੁਰੰਤ ਰੋਕ ਦਿੱਤੀਆਂ ਗਈਆਂ ਜਦੋਂ ਇਹ ਮਹਿਸੂਸ ਹੋਇਆ ਕਿ ਯੋਗੀ ਜੀ ਕੰਮਕਾਜ ਨੂੰ ਆਪਣੇ ਹੱਥੋਂ ਖਿਸਕਣ ਨਾ ਦੇਣ ਲਈ ਬਹੁਤ ਦ੍ਰਿੜ ਸਨ।"

ਇਕ ਹੋਰ ਅਫ਼ਵਾਹ ਵੀ ਸੀ ਕਿ ਬੀ.ਜੇ.ਪੀ. ਦੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਦੀ ਸੂਰਤ 'ਚ ਅਦਿੱਤਿਆਨਾਥ ਨੂੰ ਦੂਜਾ ਮੌਕਾ ਨਹੀਂ ਦਿੱਤਾ ਜਾਵੇਗਾ। ਆਰ.ਐੱਸ.ਐੱਸ. ਆਗੂ ਨੇ ਕਿਹਾ, "ਅਫ਼ਵਾਹਾਂ ਨੇ ਵਿਧਾਨ ਸਭਾ ਚੋਣਾਂ ਤੋਂ ਬਾਦ ਅਦਿੱਤਿਆਨਾਥ ਦੀ ਕਿਸਮਤ ਨੂੰ ਲੈ ਕੇ ਸਾਡੇ ਹਮਾਇਤੀਆਂ ਦੇ ਮਨਾਂ 'ਚ ਬੇਯਕੀਨੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਨਾਲ ਬੀ.ਜੇ.ਪੀ. ਦੀਆਂ ਸੰਭਾਵਨਾਵਾਂ ਨੂੰ ਨੁਕਸਾਨ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਅਤੇ ਇਹ ਜ਼ਰੂਰੀ ਸੀ ਕਿ ਪਾਰਟੀ ਦੇ ਚੋਟੀ ਦੇ ਆਗੂ ਸ਼ੱਕ ਦੂਰ ਕਰਨ।"

# ਬੱਪੀ ਲਹਿਰੀ ਦੀ ਮੌਤ ਨਾਲ਼ 'ਡਿਸਕੋ' ਸੰਗੀਤ ਦੇ ਇੱਕ ਯੁੱਗ ਦਾ ਅੰਤ

## ਬਾਲੀਵੁੱਡ ਵਿੱਚ ਤਿੰਨ ਸਾਲ ਵਿੱਚ ਹੀ ਬਣਾ ਲਈ ਸੀ ਆਪਣੀ ਜਗਾ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਬੱਪੀ ਲਹਿਰੀ ਦੀ ਮੌਤ ਨਾਲ਼ ਬਾਲੀਵੁੱਡ ਸੰਗੀਤ ਜਗਤ ਦੇ 'ਡਿਸਕੋ' ਸੰਗੀਤ ਦੇ ਇੱਕ ਯੁੱਗ ਦਾ ਅੰਤ ਹੋ ਗਿਆ ਅਤੇ ਇਹ ਯੁੱਗ ਉਨਾਂ ਨੇ ਹੀ ਸ਼ੁਰੂ ਕੀਤਾ ਸੀ । 27 ਨਵੰਬਰ 1952 ਨੂੰ ਜਲਪਾਈਗੁੜੀ (ਬੰਗਾਲ) ਵਿੱਚ ਪੈਦਾ ਹੋਏ ਬੱਪੀ ਲਹਿਰੀ ਦਾ ਅਸਲੀ ਨਾਂ ਆਲੋਕੇਸ ਲਹਿਰੀ ਸੀ। ਉਨਾਂ ਦੇ ਪਰਿਵਾਰ ਵਿੱਚ ਉਨਾਂ ਦੀ ਪਤਨੀ ਚਿਤ ਰਾਣੀ ਦੇ ਨਾਲ਼-ਨਾਲ਼ ਉਨਾਂ ਦਾ ਪੁੱਤਰ ਬੱਪਾ ਲਹਿਰੀ ਤੇ ਪੁੱਤਰੀ ਰਮਾ ਭਾਰਤੀ ਫ਼ਿਲਮਾਂ ਵਿੱਚ ਸੰਗੀਤਕਾਰ ਹਨ। ਉਹ ਬੰਗਾਲੀ ਫੋਕ ਮਿਊਜ਼ਿਕ ਦੇ ਨਾਲ਼-ਨਾਲ਼ ਸੂਫ਼ੀ ਸੰਗੀਤ ਦੀਆਂ ਧੁਨਾਂ ਨਾਲ਼ ਡਿਸਕੋ-ਮਿਊਜ਼ਿਕ ਤਿਆਰ ਕਰ ਰਹੇ ਸਨ। ਇਸ ਨੂੰ ਸੰਯੋਗ ਹੀ ਕਿਹਾ ਜਾ ਸਕਦਾ ਹੈ ਕਿ ਬੱਪੀ ਲਹਿਰੀ ਸਚਿਨ ਦੇਵ ਬਰਮਨ ਦੇ ਦੀਵਾਨੇ ਸਨ ਤੇ ਉਨਾਂ ਦੀਆਂ ਸ਼ਾਸਤਰੀ ਧੁਨਾਂ ਤੋਂ ਪ੍ਰਭਾਵਿਤ ਹੋ ਕੇ ਉਹ ਫ਼ਿਲਮਾਂ ਵਿੱਚ ਆਏ ਸਨ ਪਰ ਮਾਇਆਨਗਰੀ ਨੇ ਬੱਪੀ ਦੀਆਂ ਸ਼ਾਸਤਰੀ ਧੁਨਾਂ ਨੂੰ ਦਰਕਿਨਾਰ ਕਰਕੇ ਉਨਾਂ ਨੂੰ 'ਡਿਸਕੋ ਕਿੰਗ' ਬਣਾ ਦਿੱਤਾ । ਕੁਝ ਬੰਗਲਾ ਫ਼ਿਲਮਾਂ ਕਰਨ ਤੋਂ ਬਾਅਦ ਹਿੰਦੀ ਫ਼ਿਲਮਾਂ ਵਿੱਚ ਬਤੌਰ ਸੰਗੀਤ ਨਿਰਦੇਸ਼ਕ ਬੱਪੀ ਲਹਿਰੀ ਦੀ ਸ਼ੁਰੂਆਤ 1973 ਦੀ ਫ਼ਿਲਮ 'ਨੰਨਾ ਸ਼ਿਕਾਰੀ' ਨਾਲ਼ ਹੋਈ ਸੀ । ਉਸ ਸਮੇਂ ਲਕਸ਼ਮੀਕਾਂਤ ਪਿਆਰੇਲਾਲ, ਕਲਿਆਣਜੀ ਆਨੰਦ ਜੀ ਅਤੇ ਆਰ. ਡੀ. ਬਰਮਨ ਵਰਗੇ ਕਈ ਦਿੱਗਜ ਸੰਗੀਤਕਾਰਾਂ ਦੀ ਧੂਮ ਸੀ । ਇਹ ਰਾਜੇਸ਼ ਖੰਨਾ, ਜਿਤੇਂਦਰ, ਧਰਮਿੰਦਰ, ਸੁਨੀਲ ਦੱਤ, ਸ਼ਸ਼ੀ ਕਪੂਰ ਤੇ ਅਮਿਤਾਬ ਬੱਚਨ ਵਰਗੇ ਮਹਾਨਾਇਕਾਂ ਦਾ ਜ਼ਮਾਨਾ ਸੀ ਪਰ ਬੱਪੀ ਲਹਿਰੀ ਨੇ ਬਾਲੀਵੁੱਡ ਵਿੱਚ ਸਿਰਫ਼ ਤਿੰਨ ਸਾਲਾਂ ਵਿੱਚ ਹੀ ਆਪਣੀ ਜਗਾ ਬਣਾ ਲਈ ਤੇ ਉਹ ਜਲਦ ਹੀ ਜ਼ਿਆਦਾਤਰ ਸਟਾਰ ਅਦਾਕਾਰਾਂ ਦੀ ਪਹਿਲੀ ਪਸੰਦ ਬਣ ਗਏ । ਬੱਪੀ ਲਹਿਰੀ ਦੀ ਜਿਸ ਫ਼ਿਲਮ ਦੇ ਸੰਗੀਤ ਨੇ ਪਹਿਲੀ ਵਾਰ ਨੌਜਵਾਨ ਦਿਲਾਂ ਨੂੰ ਛੂਹਿਆ, ਉਹ ਸੀ 'ਜ਼ਖ਼ਮੀ'। 1975 ਵਿੱਚ ਪ੍ਰਦਰਸ਼ਿਤ ਨਿਰਮਾਤਾ ਤਾਹਿਰ ਹੁਸੈਨ (ਆਮਿਰ ਖ਼ਾਨ ਦੇ ਪਿਤਾ) ਦੀ 'ਜ਼ਖ਼ਮੀ' ਦੇ ਗੀਤ ਏਨੇ ਹਰਮਨਪਿਆਰੇ ਹੋਏ ਕਿ ਸੰਗੀਤ ਕੰਪਨੀਆਂ ਦੇ ਹੀ ਨਹੀਂ, ਫ਼ਿਲਮ ਉਦਯੋਗ ਦੇ ਵੀ ਹੋਸ਼ ਉੱਡ ਗਏ । ਫ਼ਿਲਮ ਦੇ 5 ਗੀਤਾਂ ਵਿੱਚ ਕੁਝ ਏਨਾ ਵੱਖ, ਏਨਾ ਨਵਾਂ ਸੀ ਕਿ ਅੱਜ ਵੀ ਉਨਾਂ ਦੀ ਹਰਮਨ ਪਿਆਰਤਾ ਬਰਕਰਾਰ ਹੈ । ਚਾਹੇ ਉਹ ਲਤਾ ਮੰਗੇਸ਼ਕਰ ਦਾ ਗਾਇਆ ਗੀਤ 'ਅਭੀ ਅਭੀ ਥੀ ਦੁਸ਼ਮਣੀ' ਹੋਵੇ ਜਾਂ ਫਿਰ ਕਿਸ਼ੋਰ ਕੁਮਾਰ ਦਾ ਗਾਇਆ 'ਜ਼ਖ਼ਮੀ ਦਿਲਾਂ ਦਾ ਬਦਲਾ ਚੁਕਾਨੇ, ਆਏ ਹੈ ਦੀਵਾਨੇ ਦੀਵਾਨੇ' ਜਾਂ ਫਿਰ ਕਿਸ਼ੋਰ ਕੁਮਾਰ ਤੇ ਆਸ਼ਾ ਭੌਸਲੇ ਦਾ 'ਜਲਤਾ ਹੈ ਜੀਆ ਮੇਰਾ ਭੀਗੀ ਭੀਗੀ ਰਾਤੋਂ ਮੇਂ' ਜਾਂ ਲਤਾ ਮੰਗੇਸ਼ਕਰ ਤੇ ਸੁਸ਼ਮਾ ਸੇਠ ਦਾ ਗਾਇਆ 'ਆਓ ਤੁਮਹੇ ਚਾਂਦ ਪੇ ਲੇ ਚਲੇ'। ਇਸ ਦੇ ਨਾਲ਼ ਹੀ ਫ਼ਿਲਮ 'ਚ ਇੱਕ ਗੀਤ 'ਨਥਿੰਗ ਇਜ਼ ਇੰਮਪੋਸੀਬਲ' ਵੀ ਸੀ, ਜਿਸ ਵਿੱਚ ਕਿਸ਼ੋਰ, ਰਫ਼ੀ ਦੇ ਨਾਲ਼ ਖ਼ੁਦ ਬੱਪੀ ਲਹਿਰੀ ਨੇ ਵੀ ਆਪਣੀ ਆਵਾਜ਼ ਦਿੱਤੀ ਸੀ । ਇਹ ਗੀਤ ਵੀ ਮਕਬੂਲ ਹੋਇਆ ਸੀ। ਇਸ ਫ਼ਿਲਮ ਦੀ ਸਫ਼ਲਤਾ ਤੋਂ ਬਾਅਦ ਬੱਪੀ ਲਹਿਰੀ ਨੇ ਕਦੇ ਮੁੜ ਕੇ ਪਿਛਾਂਹ ਨਹੀਂ ਦੇਖਿਆ । ਬੱਪੀ ਲਹਿਰੀ ਦੀ ਸਫ਼ਲਤਾ ਦੇ 4 ਖ਼ਾਸ ਕਾਰਨ ਸਨ । ਇੱਕ ਤਾਂ ਉਹ ਨੌਜਵਾਨਾਂ ਦੀ ਨਬਜ਼ ਚੰਗੀ ਤਰਾਂ ਸਮਝਦੇ ਸਨ, ਦੂਜਾ ਉਹ ਤੁਰੰਤ ਧੁਨਾਂ ਬਣਾ ਲੈਂਦੇ ਸਨ, ਤੀਜਾ ਗਾਇਕ-ਗਾਇਕਾਵਾਂ ਬੱਪੀ ਦੀ ਪ੍ਰਤੀਭਾ ਤੇ ਵਿਹਾਰ ਦੇ ਕਾਇਲ ਸਨ । ਚੌਥਾ ਉਹ ਹੋਰਨਾਂ ਸੰਗੀਤ ਨਿਰਦੇਸ਼ਕਾਂ ਤੋਂ ਪੈਸੇ ਘੱਟ ਲੈਂਦੇ ਸਨ ।

### ਜਦੋਂ 'ਡਿਸਕੋ ਡਾਂਸਰ' ਨੇ ਪੂਰੀ ਪੀੜੀ ਨੂੰ ਦੀਵਾਨਾ ਬਣਾ ਦਿੱਤਾ

ਬੱਪੀ ਲਹਿਰੀ ਦੀ ਸਫ਼ਲਤਾ ਦੀ ਸਭ ਤੋਂ ਵੱਡੀ ਕਹਾਣੀ 1980 ਦੇ ਦਹਾਕੇ 'ਚ ਉਦੋਂ ਲਿਖੀ ਗਈ, ਜਦੋਂ 1982 ਵਿੱਚ ਫ਼ਿਲਮ 'ਡਿਸਕੋ ਡਾਂਸਰ' ਰੀਲੀਜ਼ ਹੋਈ । ਇਹ ਉਹੀ ਫ਼ਿਲਮ ਸੀ, ਜਿਸ ਨੇ ਬਾਲੀਵੁੱਡ ਵਿੱਚ ਬੱਪੀ ਲਹਿਰੀ ਯੁੱਗ ਦੀ ਸ਼ੁਰੂਆਤ ਕੀਤੀ ਸੀ । ਵਿਜੈ ਬੈਨੇਡਿਕਟ ਦਾ ਗਾਇਆ 'ਆਈ ਐਮ ਅ ਡਿਸਕੋ ਡਾਂਸਰ'। ਪਾਰਵਤੀ ਖ਼ਾਨ ਦਾ ਗਾਇਆ 'ਜਿਮੀ ਜਿਮੀ', ਊਸ਼ਾ ਉਥੂ ਦਾ ਗਾਇਆ 'ਕੋਈ ਜਹਾਂ ਨਾਚੇ ਨਾਚੇ', ਸੁਰੇਸ਼ ਵਾਡੇਕਰ-ਲਤਾ ਮੰਗੇਸ਼ਕਰ ਦਾ ਗਾਇਆ 'ਗੋਰੋ ਕੀ ਨਾ ਕਾਲੋਂ ਕੀ' ਅਤੇ ਬੱਪੀ ਦਾ ਗਾਇਆ 'ਯਾਦ ਆ ਰਿਹਾ ਹੈ ਤੇਰਾ ਪਿਆਰ' ਫ਼ਿਲਮ ਦੇ ਅਜਿਹੇ ਗੀਤ ਸਨ, ਜਿਸ ਨੇ ਫ਼ਿਲਮ ਸੰਗੀਤ ਦੀ ਹਵਾ ਬਦਲ ਦਿੱਤੀ । ਇਸ ਫ਼ਿਲਮ ਨੇ ਬੱਪੀ ਲਹਿਰੀ ਦੀ ਸਫ਼ਲਤਾ ਤੇ ਹਰਮਨਪਿਆਰਤਾ ਨੂੰ ਨਵਾਂ ਸਿਖ਼ਰ ਦਿੱਤਾ ਸੀ, ਨਾਲ਼ ਹੀ ਅਦਾਕਾਰ ਮਿਥੁਨ ਚੱਕਰਵਰਤੀ ਇਸ ਫ਼ਿਲਮ ਤੋਂ ਬਾਲੀਵੁੱਡ ਦੇ 'ਰੱਕ ਸਟਾਰ' ਬਣ ਗਏ ਸਨ । ਬੱਪੀ ਦੀਆਂ ਹੋਰ ਮਕਬੂਲ ਫ਼ਿਲਮਾਂ 'ਸ਼ਰਾਬੀ', 'ਹਿੰਮਤ ਵਾਲਾ', 'ਸੱਤਿਆਮੇਵ ਜਯਤੇ' ਆਦਿ ਸਨ ਜਿਨਾਂ ਨੇ ਉਨਾਂ ਨੂੰ ਫ਼ਿਲਮੀ ਦੁਨੀਆ ਵਿੱਚ ਚੰਗੀ ਤਰਾਂ ਸਥਾਪਤ ਕੀਤਾ ਸੀ। ਬੱਪੀ ਲਹਿਰੀ ਦੀਆਂ ਕਈ ਫ਼ਿਲਮਾਂ ਦੇ ਗੀਤ ਅੱਜ ਵੀ ਲੋਕ ਗੁਣਗੁਣਾਉਂਦੇ ਹਨ। ਬੱਪੀ ਲਹਿਰੀ ਨੂੰ ਕਈ ਪੁਰਸਕਾਰ ਵੀ ਦਿੱਤੇ ਗਏ ਜਿਨਾਂ ਵਿੱਚ ਫ਼ਿਲਮਫ਼ੇਅਰ ਐਵਾਰਡ ਤੋਂ ਇਲਾਵਾ ਵਿਸਾਰਦ ਸੰਗੀਤ ਪੁਰਸਕਾਰ ਵੀ ਸ਼ਾਮਲ ਹੈ। ਬੱਪੀ ਲਹਿਰੀ ਨੇ 2014 ਵਿੱਚ ਰਾਜਨੀਤੀ ਵਿੱਚ ਵੀ ਪੈਰ ਰੱਖਣਾ ਚਾਹਿਆ ਸੀ। ਉਨਾਂ ਨੇ ਭਾਜਪਾ ਦੀ ਟਿਕਟ 'ਤੇ ਲੋਕ ਸਭਾ ਦੀ ਚੋਣ ਲੜੀ ਸੀ ਜਿਸ ਵਿੱਚ ਉਹ ਕਾਮਯਾਬ ਨਹੀਂ ਹੋ ਸਕੇ ਸਨ ਅਤੇ ਬਾਅਦ ਵਿੱਚ ਉਨਾਂ ਦਾ ਰਾਜਨੀਤੀ ਤੋਂ ਮੋਹ ਭੰਗ ਹੋ ਗਿਆ ਸੀ ਅਤੇ ਉਨਾਂ ਨੇ ਖ਼ੁਦ ਨੂੰ ਪੂਰੀ ਤਰਾਂ ਸੰਗੀਤ ਨੂੰ ਹੀ ਸਮਰਪਿਤ ਕਰ ਦਿੱਤਾ ਸੀ।

### ਜਦ ਮਾਈਕਲ ਜੈਕਸਨ ਹੋਏ ਬੱਪੀ ਲਹਿਰੀ ਦੇ ਸੋਨੇ ਦੇ ਗਹਿਣਿਆਂ ਦੇ ਮੁਰੀਦ

ਅੰਤਰਰਾਸ਼ਟਰੀ ਰੱਕ ਸਟਾਰ ਮਾਈਕਲ ਜੈਕਸਨ ਵੀ ਮੁਰੀਦ



ਹੋ ਗਏ ਸਨ। 1996 ਵਿੱਚ ਮਾਈਕਲ ਜੈਕਸਨ ਜਦ ਇੱਕ ਕੰਸਰਟ ਦੇ ਸਿਲਸਿਲੇ ਵਿੱਚ ਮੁੰਬਈ ਆਏ ਸਨ ਤਾਂ ਬੱਪੀ ਦੀ ਸੋਨੇ ਦੀ ਚੇਨ ਦੇਖ ਕੇ ਹੈਰਾਨ ਹੋ ਗਏ ਸਨ। ਉਨਾਂ ਨੂੰ ਇਹ ਡਿਜ਼ਾਈਨ ਬਹੁਤ ਪਸੰਦ ਆਇਆ ਸੀ। ਬੱਪੀ ਨੇ ਖ਼ੁਦ ਇੱਕ ਇੰਟਰਵਿਊ ਵਿੱਚ ਇਸ ਗੱਲ ਦੀ ਜਾਣਕਾਰੀ ਦਿੱਤੀ ਸੀ।

### ਆਬਸਟ੍ਰਕਟਿਵ ਸਲੀਪ ਅਪੋਨੀਆ ਬੀਮਾਰੀ ਨਾਲ਼ ਹੋਈ ਮੌਤ

ਆਬਸਟ੍ਰਕਟਿਵ ਸਲੀਪ ਅਪੋਨੀਆ ਸਾਹ ਨਾਲ਼ ਜੁੜੀ ਇੱਕ ਸਮੱਸਿਆ ਹੈ, ਜੋ ਸੌਂਣ ਸਮੇਂ ਹੁੰਦੀ ਹੈ ।ਇਹ ਬੀਮਾਰੀ ਕਿਸੇ ਨੂੰ ਵੀ ਹੋ ਸਕਦੀ ਹੈ, ਵੱਡਿਆ ਨੂੰ ਵੀ ਅਤੇ ਬੱਚਿਆਂ ਨੂੰ ਵੀ। ਆਬਸਟ੍ਰਕਟਿਵ ਦਾ ਮਤਲਬ ਹੈ ਸਾਲ ਨਲ਼ੀ ਵਿੱਚ ਰੁਕਾਵਟ । ਸਲੀਪ ਯਾਨੀ ਨੀਂਦ ਦੌਰਾਨ ਹੋਣ ਵਾਲੀ ਸਮੱਸਿਆ । ਜਦੋਂ ਅਸੀ ਸੌਂਦੇ ਹਾਂ ਤਾਂ ਸਾਡੇ ਗਲੇ ਦੀਆਂ ਮਾਸ਼ਪੇਸ਼ੀਆਂ ਵਿੱਚ ਤਣਾਅ ਘੱਟ ਹੁੰਦਾ ਹੈ ਤੇ ਹਵਾ ਸਾਡੇ ਫੇਫੜਿਆਂ ਵਿੱਚ ਜਾਂਦੀ ਹੈ ਪਰ ਜਦੋਂ ਓ. ਐਸ. ਏ. ਹੋ ਜਾਂਦਾ ਹੈ ਤਾਂ ਗਲਾ ਪੂਰੀ ਤਰਾਂ ਬੰਦ ਹੋ ਜਾਂਦਾ ਹੈ ਤੇ ਹਵਾ ਦਾ ਪ੍ਰਵਾਹ ਰੁਕ ਜਾਂਦਾ ਹੈ ।ਅਜਿਹੇ ਵਿੱਚ ਸਾਹ ਥੋੜੀ ਦੇਰ ਲਈ ਰੁਕ ਜਾਂਦਾ ਹੈ ।ਜੇਕਰ ਇਹ 10 ਸਕਿੰਟ ਤੋਂ ਜ਼ਿਆਦਾ ਸਮੇਂ ਲਈ ਹੁੰਦਾ ਹੈ ਤਾਂ ਇਸ ਨੂੰ ਅਪੋਨੀਆ ਕਿਹਾ ਜਾਂਦਾ ਹੈ । ਅਜਿਹਾ ਹੋਣ ਨਾਲ਼ ਖ਼ੂਨ ਵਿੱਚ ਆਕਸੀਜਨ ਦਾ ਪੱਧਰ ਡਿੱਗ ਜਾਂਦਾ ਹੈ ।

### ਰੂਸ ਵਿੱਚ ਅੱਜ ਵੀ ਗੂੰਜਦਾ ਹੈ 'ਜਿੰਮੀ ਜਿੰਮੀ'

ਬੱਪੀ ਦੇ ਨਾਂ ਕਈ ਵਿਸ਼ਵ ਰਿਕਾਰਡ ਦਰਜ ਹਨ। ਉਨਾਂ ਨੇ 1986 ਵਿੱਚ ਇੱਕ ਸਾਲ ਵਿੱਚ 33 ਫ਼ਿਲਮਾਂ ਲਈ 180 ਤੋਂ ਵੱਧ ਗਾਣੇ ਰਿਕਾਰਡ ਕਰ ਕੇ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਆਪਣਾ ਨਾਂ ਦਰਜ ਕਰਵਾਇਆ ਸੀ। ਉਨਾਂ ਦਾ ਨਾਂ ਫ਼ਿਲਮ 'ਡਿਸਕੋ ਡਾਂਸਰ' ਦੇ ਮਸ਼ਹੂਰ ਗਾਣੇ 'ਜਿੰਮੀ, ਜਿੰਮੀ, ਜਿੰਮੀ..., ਆਜਾ, ਆਜਾ, ਆਜਾ...' ਲਈ ਲੰਡਨ ਦੇ ਵਰਲਡ ਬੁੱਕ ਆਫ਼ ਰਿਕਾਰਡਜ਼ ਵਿੱਚ ਵੀ ਦਰਜ ਹੈ। ਇਸ ਗਾਣੇ ਨੂੰ ਹੁਣ ਤਕ 45 ਭਾਸ਼ਾਵਾਂ ਵਿੱਚ ਡਬ ਕੀਤਾ ਜਾ ਚੁੱਕਾ ਹੈ। ਰੂਸ, ਚੀਨ, ਉਜ਼ਬੇਕਿਸਤਾਨ, ਕਜ਼ਾਕਿਸਤਾਨ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਇਹ ਹੁਣ ਵੀ ਮਸ਼ਹੂਰ ਗਾਣਾ ਹੈ। ਕੁਝ ਸਾਲ ਪਹਿਲਾਂ ਬੱਪੀ ਜਦ ਕਜ਼ਾਕਿਸਤਾਨ ਵਿੱਚ ਇੱਕ ਸ਼ੋਅ ਕਰਨ ਗਏ ਸਨ ਤਾਂ ਉਥੇ ਸਰੋਤਿਆਂ ਨੇ ਉਨਾਂ ਤੋਂ ਛੇ ਵਾਰ ਇਹ ਗਾਣਾ ਗਵਾਇਆ ਸੀ। 'ਡਿਸਕੋ ਡਾਂਸਰ' ਵਿੱਚ ਬੱਪੀ ਦੇ ਸੰਗੀਤ ਦੀ ਇੱਕ ਵੱਡੀ ਗੱਲ ਇਹ ਹੈ ਕਿ ਇਸ ਦੇ ਗੀਤਾਂ ਦਾ ਜਾਦੂ ਦੇਸ਼ਾਂ ਦੀਆਂ ਸਰਹੱਦਾਂ ਲੰਘਦਾ ਰੂਸ ਤੇ ਚੀਨ ਦੇ ਲੋਕਾਂ ਦੇ ਸਿਰ ਚੜ ਕੇ ਵੀ ਬੋਲਣ ਲੱਗਾ ।ਰੂਸ ਵਿੱਚ ਇਸ ਤੋਂ ਪਹਿਲਾਂ ਸਿਰਫ਼ ਤੇ ਸਿਰਫ਼ ਰਾਜ ਕਪੂਰ ਦੇ ਗੀਤ 'ਆਵਾਰਾ ਹੂੰ' ਦੀ ਧੂਮ ਸੀ । ਇਸ ਤੋਂ ਪਹਿਲਾਂ ਉੱਥੇ ਭਾਰਤ ਦੀ ਸਭ ਤੋਂ ਵੱਡੀ ਪਛਾਣ ਉਦੋਂ ਤੱਕ ਇਹੀ ਗੀਤ ਸੀ ਪਰ ਕਰੀਬ 30 ਸਾਲ ਬਾਅਦ 'ਆਵਾਰਾ ਹੂੰ' ਦੇ ਰੂਸ ਵਿੱਚ ਏਕਾਧਿਕਾਰ ਵਿੱਚ 'ਡਿਸਕੋ ਡਾਂਸਰ' ਨੇ ਸੰਨ ਲਗਾ ਦਿੱਤੀ । 'ਆਈ ਐਮ ਏ ਡਿਸਕੋ ਡਾਂਸਰ' ਅਤੇ 'ਜਿੰਮੀ ਜਿੰਮੀ' ਵਰਗੇ ਗੀਤ ਪੂਰੇ ਰੂਸ ਵਿੱਚ ਗੂੰਜ ਉੱਠੇ ।

### ਗਿੰਨੀਜ਼ ਬੁੱਕ ਆਫ਼ ਰਿਕਾਰਡਜ਼ ਵਿੱਚ ਦਰਜ ਹੈ ਨਾਂ

1986 ਵਿੱਚ ਬੱਪੀ ਲਹਿਰੀ ਨੇ 33 ਫ਼ਿਲਮਾਂ ਦੇ 180 ਗੀਤ ਰਿਕਾਰਡ ਕਰਕੇ ਆਪਣਾ ਨਾਂਅ ਗਿੰਨੀਜ਼ ਬੁੱਕ ਆਫ਼ ਰਿਕਾਰਡ ਵਿੱਚ ਦਰਜ ਕਰਵਾ ਲਿਆ ਸੀ ।ਸੰਗੀਤ ਦਾ ਦਰਿਆ ਸੀ ਬੱਪੀ ਲਹਿਰੀ ਹੁਣ ਜਦੋਂ ਉਹ ਇਸ ਦੁਨੀਆ ਵਿੱਚੋਂ ਚਲੇ ਗਏ ਹਨ, ਉਦੋਂ ਉਨਾਂ ਦੀਆਂ ਯਾਦਾਂ ਤੇ ਉਨਾਂ ਦਾ ਸੰਗੀਤ ਉਨਾਂ ਨੂੰ ਜੀਊਂਦਾ ਰੱਖੇਗਾ।



# ਮਾਂ ਬੋਲੀ ਪੰਜਾਬੀ ਦਾ ਮਹੱਤਵ

**ਮਾਸਟਰ ਪ੍ਰੇਮ ਸਰੂਪ ਛਾਜਲੀ**
**ਜ਼ਿਲਾ ਸੰਗਰੂਰ, 9417134982**

ਭਾਸ਼ਾ ਇੱਕ ਸਾਧਨ ਹੈ ਜਿਸ ਰਾਹੀ ਅਸੀਂ ਆਪਣੇ ਵਿਚਾਰ ਦੂਜਿਆਂ ਅੱਗੇ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰਦੇ ਹਾਂ। ਕਿਸੇ ਵੀ ਕੌਮ ਦੀ ਪਹਿਚਾਣ ਉਸ ਦੇ ਇਤਿਹਾਸ, ਸੱਭਿਆਚਾਰ ਅਤੇ ਮਾਂ ਬੋਲੀ ਤੋਂ ਹੀ ਲਗਾਈ ਜਾ ਸਕਦੀ ਹੈ। ਭਾਰਤ ਦੀਆਂ 22 ਮੁੱਖ ਬੋਲੀਆਂ ਵਿੱਚ ਪੰਜਾਬੀ ਭਾਸ਼ਾ ਸ਼ਾਮਿਲ ਹੈ। ਪੰਜਾਬ ਦੀ ਰਾਜ ਭਾਸ਼ਾ ਹੋਣ ਦੇ ਬਾਵਜੂਦ ਸਾਡੀ ਮਾਂ ਬੋਲੀ ਪੰਜਾਬੀ ਨੂੰ ਸਾਡੇ ਆਪਣੇ ਘਰ ਪੰਜਾਬ ਵਿੱਚ ਉਹ ਮਾਣ-ਸਨਮਾਨ ਨਹੀਂ ਮਿਲਿਆ ਜਿਸ ਦੀ ਸਾਡੀ ਮਾਤ ਭਾਸ਼ਾ ਹੱਕਦਾਰ ਹੈ। ਸਾਡੇ ਸਰਕਾਰੀ ਦਫ਼ਤਰਾਂ ਵਿੱਚ ਮਾਂ ਬੋਲੀ ਪੰਜਾਬੀ ਨੂੰ ਵਿਸਾਰਿਆ ਜਾ ਰਿਹਾ ਹੈ। ਸਾਡੇ ਰਾਜ ਦੀਆਂ ਸੜਕਾਂ ਤੇ ਲੱਗੇ ਸੰਕੇਤਕ ਬੋਰਡਾਂ ਤੇ ਵੀ ਪੰਜਾਬੀ ਨੂੰ ਪਹਿਲ ਨਹੀਂ ਦਿੱਤੀ ਜਾਂਦੀ। ਇੱਥੋਂ ਤੱਕ ਕੀ ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਬਣਾਏ ਗਏ ਚੰਡੀਗੜ ਜੋ ਕਿ ਪੰਜਾਬ ਦੀ ਰਾਜਧਾਨੀ ਵੀ ਹੈ, ਵਿੱਚ ਪੰਜਾਬੀ ਮਾਂ ਬੋਲੀ ਲਾਗੂ ਨਹੀਂ ਹੋ ਸਕੀ। ਸਾਡੇ ਪ੍ਰਾਈਵੇਟ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਪੰਜਾਬੀ ਬੋਲਣ ਤੇ ਪਾਬੰਦੀ ਲਗਾਈ ਜਾਂਦੀ ਹੈ। ਆਪਣੀ ਮਾਂ ਬੋਲੀ ਵਿੱਚ ਗੱਲਬਾਤ ਕਰਨ ਵਾਲਿਆਂ ਨੂੰ ਅਨਪੜ ਜਾਂ ਗਵਾਰ ਸਮਝਿਆ ਜਾਂਦਾ ਹੈ। ਮਾਤਾ-ਪਿਤਾ ਬੜੇ ਫ਼ਖ਼ਰ ਨਾਲ਼ ਦੱਸਦੇ ਹਨ ਕਿ ਉਨਾਂ ਦਾ ਬੱਚਾ ਬੜੀ ਫ਼ਰਾਟੇਦਾਰ ਅੰਗਰੇਜ਼ੀ ਬੋਲਦਾ ਹੈ।

ਇੱਕ ਪਾਸੇ ਸਰਕਾਰੀ ਸਕੂਲਾਂ ਵਿੱਚ (ਪੰਜਾਬ ਵਿੱਚ ਮਜ਼ਦੂਰੀ ਕਰਨ ਦੀ ਮਜਬੂਰੀ ਨਾਲ਼ ਆਏ ਪਰਵਾਸੀ ਮਜ਼ਦੂਰ) ਦੇ ਬੱਚੇ ਪੰਜਾਬੀ ਨੂੰ ਮਾਤ ਭਾਸ਼ਾ/ਪਹਿਲੀ ਭਾਸ਼ਾ ਵਜੋਂ ਪੜ ਰਹੇ ਹਨ ਅਤੇ ਦੂਸਰੇ ਪਾਸੇ ਮਾਤ ਭਾਸ਼ਾ ਪੰਜਾਬ ਦੇ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਅੰਗਰੇਜ਼ੀ ਨੂੰ ਪਹਿਲੀ ਭਾਸ਼ਾ ਵਜੋਂ ਪੜ ਰਹੇ ਹਨ। ਇਨਾਂ ਸਕੂਲਾਂ ਵਿੱਚ ਬੱਚਿਆਂ ਦੇ ਆਮ ਬੋਲ-ਚਾਲ ਸਮੇਂ ਪੰਜਾਬੀ ਬੋਲਣ ਦੀ ਪਾਬੰਦੀ ਹੁੰਦੀ ਹੈ। ਗ਼ੈਰ ਮਾਤ-ਭਾਸ਼ਾਈ ਬੱਚਿਆਂ ਦਾ ਉਚਾਰਨ ਸ਼ੁੱਧ ਨਹੀਂ ਹੋ ਸਕਦਾ ਅਤੇ ਸਮਾਜੀ ਵਿਹਾਰ ਵੇਲੇ ਦੀ ਸ਼ਬਦਾਵਲੀ ਦਾ ਗਿਆਨ ਠੀਕ ਨਹੀਂ ਹੋ ਸਕਦਾ। ਦੂਸਰੇ ਪਾਸੇ ਮਾਤ ਭਾਸ਼ਾ ਪੰਜਾਬੀ ਵਾਲੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੁੰਦੀ ਹੈ। ਇਸ ਤਰਾਂ ਦੋਵਾਂ ਹੀ ਤਰਾਂ ਦੇ ਬੱਚਿਆਂ ਕਰਕੇ ਜਿੱਥੇ ਮਾਤ ਭਾਸ਼ਾ ਦਾ ਵਿਨਾਸ਼ ਹੋ ਰਿਹਾ ਹੈ।

ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਬੇਹੱਦ ਚਿੰਤਤ ਹਨ, ਕਿਉਂਕਿ ਮਾਂ ਬੋਲੀ ਤੋਂ ਬੱਚੇ ਨੂੰ ਦੂਰ ਕਰਨ ਦਾ ਸਿੱਧਾ ਅਰਥ ਨਸਲਾਂ ਨੂੰ ਉਹਨਾਂ ਦੇ ਸੱਭਿਆਚਾਰ, ਵਿਰਸੇ ਤੋਂ ਦੂਰ ਕਰਨਾ ਹੈ। ਪਰ ਆਮ ਲੋਕਾਂ ਨੂੰ ਇਸ ਗੰਭੀਰ ਮਸਲੇ ਬਾਰੇ ਬਹੁਤੀ ਪ੍ਰਵਾਹ ਹੀ ਨਹੀਂ ਹੈ, ਜਦਕਿ ਮਾਂ ਬੋਲੀ ਨੂੰ ਸਾਂਭਣਾ,ਆਮ ਬੰਦੇ ਦਾ ਮੁੱਢਲਾ ਫ਼ਰਜ਼ ਹੈ।

ਮੇਰਾ ਦਾਗਿਸਤਾਨ ਕਿਤਾਬ ਵਿੱਚ ਰਸੂਲ ਹਮਜ਼ਾਤੋਵ ਲਿਖਦਾ ਹੈ ਕਿ ਉਸ ਦੇ ਦੇਸ਼ ਵਿੱਚ ਜਦੋਂ ਕਿਸੇ ਨੂੰ ਸਭ ਤੋਂ ਵੱਡੀ ਬਦ-ਦੁਆ ਦੇਣੀ ਹੋਵੇ ਤਾਂ ਅਕਸਰ ਕਿਹਾ ਜਾਂਦਾ ਹੈ-ਰੱਬ ਕਰੇ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ। ।

ਜਿਵੇਂ ਮਾਂ ਦਾ ਦਰਜਾ ਕਿਸੇ ਹੋਰ ਔਰਤ ਨੂੰ ਨਹੀਂ ਦਿੱਤਾ ਜਾ ਸਕਦਾ, ਉਸੇ ਤਰਾਂ ਦੁਨੀਆ ਦੀ ਕਿਸੇ ਵੀ ਬੋਲੀ ਨੂੰ ਅਸੀਂ ਮਾਂ ਬੋਲੀ ਦੀ ਜਗਾ ਨਹੀਂ ਦੇ ਸਕਦੇ। ਇਹ ਹੈ ਮਾਂ ਬੋਲੀ ਦੀ ਮਹਾਨਤਾ।

ਪਰ ਪੰਜਾਬੀਆਂ ਨੇ ਮਾਂ ਬੋਲੀ ਨਾਲ਼ ਜੋ ਵਿਤਕਰਾ ਕੀਤਾ, ਉਹ ਅੱਜ ਦੀ ਗੱਲ ਨਹੀਂ, ਉਹ ਪਹਿਲਾਂ ਤੋਂ ਹੀ ਸ਼ੁਰੂ ਹੋ ਗਿਆ ਸੀ। ਆਲੇ ਦੁਆਲੇ ਝਾਤ ਮਾਰੀਏ ਤਾਂ ਸਾਨੂੰ ਪਤਾ ਲੱਗ ਹੀ ਜਾਵੇਗਾ ਕਿ ਸਾਡੇ ਰਿਸ਼ਤੇਦਾਰਾਂ, ਜਾਣਕਾਰਾਂ ਵਿੱਚੋਂ ਕਿੰਨੇ ਲੋਕ ਨੇ ਜੋ ਚਾਹੁੰਦੇ ਨੇ ਕਿ ਉਹਨਾਂ ਦੇ ਬੱਚੇ ਠੇਠ ਪੰਜਾਬੀ ਬੋਲਣ, ਉਹ ਪੰਜਾਬੀ ਨੂੰ ਗਵਾਰਾਂ ਦੀ ਬੋਲੀ ਮੰਨਦਿਆਂ ਬੱਚਿਆਂ ਨੂੰ ਹਿੰਦੀ, ਅੰਗਰੇਜ਼ੀ ਬੋਲਣ ਲਈ ਮਜ਼ਬੂਰ ਕਰਦੇ ਨੇ। ਅਸੀਂ ਲੋਕਾਂ ਨੇ ਤਾਂ ਰਿਸ਼ਤੇ ਵੀ ਅੰਗਰੇਜ਼ੀ ਵਾਲੇ ਬਣਾ ਲਏ, ਬੀਬੀ, ਬਾਪੂ, ਦੀ ਥਾਂ ਮੌਮ, ਡੈਡ, ਵੀਰ ਜੀ, ਭੈਣ ਜੀ ਦੀ ਥਾਂ ਬਰੋ, ਸਿਸ ਬਣ ਗਏ, ਚਾਚਾ-ਚਾਚੀ, ਤਾਇਆ-ਤਾਈ, ਭੂਆ-ਫੁੱਫੜ, ਮਾਸੀ-ਮਾਸੜ, ਮਾਮਾ-ਮਾਮੀ ਸਭ ਇੱਕ ਰਿਸ਼ਤੇ 'ਚ ਵਲੇਟ ਲਏ ਆਂਟੀ-ਅੰਕਲ..। ਸਰ, ਮੈਡਮ ਨੇ ਤਾਂ ਸਭ ਕੁਝ ਨਿਗਲ ਲਿਆ ਹੈ। ਹੁਣ ਲਾਰੀ ਤਾਂ ਚੜਦੇ ਨੀ, ਬੱਸ ਚੜਦੇ ਹਾਂ, ਅਸੀਂ ਹੁਣ ਮਾਝੇ, ਮਾਲਵੇ, ਦੁਆਬੇ ਵੱਲ ਦੇ ਆਂ .. ਇਹ ਨਹੀਂ ਕਹਿੰਦੇ, ਅਸੀਂ ਕਿਸੇ ਨਾ ਕਿਸੇ ਥਾਂ ਨੂੰ ਬਿਲੌਂਗ ਕਰਦੇ ਆਖਦੇ ਆਂ.. ਪਰ ਅਸੀਂ ਤਾਂ ਆਪਣੀ ਮਾਂ ਬੋਲੀ ਨੂੰ ਬੇਗਾਨੇ ਬੋਲਾਂ ਹੇਠ ਦਰੜ ਕੇ ਮਾਰਨ ਦਾ ਯਤਨ ਤਾਂ ਖ਼ੁਦ ਕਰਦੇ ਹਾਂ। ਅੱਜ ਬਹਿਸ, ਚਰਚੇ ਕਰਨ ਦੇ ਨਾਲ਼-ਨਾਲ਼ ਲੋੜ ਇਸ ਗੱਲ ਦੀ ਹੈ ਕਿ ਉਚੇਰੀ ਪੜਾਈ, ਡਾਕਟਰੀ, ਵਕਾਲਤ ਅਤੇ ਹੋਰ ਕਿੱਤਾ ਮੁਖੀ ਕੋਰਸ ਪੰਜਾਬੀ ਭਾਸ਼ਾ ਵਿੱਚ ਹੋਣ, ਹਰੇਕ ਨੌਕਰੀ ਲਈ ਪੰਜਾਬੀ ਭਾਸ਼ਾ ਲਾਜ਼ਮੀ ਕੀਤੀ ਜਾਵੇ, ਤੇ ਸਭ ਤੋਂ ਜ਼ਰੂਰੀ ਸਾਰੇ ਸਰਕਾਰੀ ਕੰਮਕਾਜ, ਪੰਜਾਬ ਨਾਲ਼ ਸੰਬੰਧਿਤ ਨਿਆਂਪਾਲਿਕਾ ਦੇ ਕੰਮਕਾਜ ਪੰਜਾਬੀ ਭਾਸ਼ਾ 'ਚ ਹੋਣ, ਲੋੜ ਹੋਵੇ ਤਾਂ ਹਿੰਦੀ, ਅੰਗਰੇਜ਼ੀ ਵਾਧੂ ਕਾਰਜ ਵਜੋਂ ਹੋਵੇ। ਸਾਰੇ ਸਰਕਾਰੀ, ਨਿੱਜੀ ਸਕੂਲਾਂ ਲਈ ਪੰਜਾਬੀ ਬੋਲਣਾ, ਪੜਾਉਣਾ ਲਾਜ਼ਮੀ ਹੋਵੇ। ਅਜਿਹਾ ਨਾ ਕਰਨਾ ਕਾਨੂੰਨੀ ਜੁਰਮ ਹੋਵੇ।

ਇਹ ਵੀ ਸੋਚਣ ਵਿਚਾਰਨ ਵਾਲੀ ਗੱਲ ਹੈ ਕਿ ਅੱਜ ਮਾਂ ਬੋਲੀ ਲਈ ਫ਼ਿਕਰਮੰਦੀ ਵਾਲੀ ਸਭ ਤੋਂ ਵੱਧ ਅਵਾਜ਼ ਕਿੱਥੋਂ ਉਠ ਰਹੀ ਹੈ, ਪ੍ਰਵਾਸੀ ਪੰਜਾਬੀਆਂ ਵਿੱਚੋਂ, ਪੰਜਾਬ 'ਚ ਰਹਿੰਦੇ ਵਸਦੇ ਲੋਕਾਂ ਦੀ ਵੱਡੀ ਗਿਣਤੀ ਲਈ ਇਹ ਕੋਈ ਖ਼ਾਸ ਮੁੱਦਾ ਹੀ ਨਹੀਂ ਹੈ ਸ਼ਾਇਦ।

ਅੱਜ ਅਸੀਂ ਨੌਜਵਾਨ ਪੀੜੀ ਤੇ ਬੇਗਾਨਗੀ ਦਾ ਦੋਸ਼ ਲਾ ਰਹੇ ਹਾਂ ਪ੍ਰੰਤੂ ਇਹ ਵਿਸਰ ਰਹੇ ਹਾਂ ਕਿ ਇਹ ਬੇਗਾਨਗੀ ਅਸੀਂ ਆਪ ਹੀ ਤਾਂ ਦਿੱਤੀ ਹੈ। ਬੱਚੇ ਨੂੰ ਬਚਪਨ ਤੱਕ ਉਸੇ ਅਪਣੱਤ ਵਿੱਚ ਰੱਖਣ ਦੀ ਜ਼ਰੂਰਤ ਹੈ, ਜਿਸ ਵਿੱਚ ਉਹ ਆਪਣੇ-ਆਪ ਨਾਲ਼ ਜੁੜਿਆ ਰਹਿ ਸਕੇ। ਉਸ ਨੂੰ ਆਪਣੇ ਆਲੇ-ਦੁਆਲੇ ਦੀ ਪਛਾਣ ਦੀ ਬੇਹੱਦ ਜ਼ਰੂਰਤ ਹੈ। ਆਪਣੀ ਮਾਤ ਭਾਸ਼ਾ ਰਾਹੀਂ ਬੱਚਾ ਆਪਣੇ ਵਿਰਸੇ ਨਾਲ਼ ਜੁੜਦਾ ਹੈ ਅਤੇ ਆਪਣਾ ਵਿਰਸਾ ਹੀ ਬੱਚੇ ਵਿੱਚ ਅਪਣੱਤ ਦੇ ਅਹਿਸਾਸ ਵਿਕਸਤ ਕਰਦਾ ਹੈ। ਦੂਸਰੀਆਂ ਭਾਸ਼ਾਵਾਂ ਦਾ ਗਿਆਨ ਵੱਡਾ ਹੋ ਕੇ ਬੱਚਾ ਆਪਣੇ ਆਪ ਹੀ ਸਿੱਖਦਾ ਰਹਿੰਦਾ ਹੈ। ਸਾਡਿਆਂ ਸਮਿਆਂ ਵਿੱਚ ਹਿੰਦੀ ਤੀਸਰੀ ਜਮਾਤ ਤੋਂ ਅਤੇ ਅੰਗਰੇਜ਼ੀ ਛੇਵੀਂ ਜਮਾਤ ਤੋਂ ਪੜਾਉਣੀ ਸ਼ੁਰੂ ਕੀਤੀ ਜਾਂਦੀ ਸੀ। ਅਸੀਂ ਹਿੰਦੀ ਵੀ ਸਿੱਖ ਜਾਂਦੇ ਸਾਂ ਅਤੇ ਅੰਗਰੇਜ਼ੀ ਵੀ ਸਾਨੂੰ ਆਉਂਦੀ ਸੀ। ਉਸ ਸਮੇਂ ਇਨਾਂ ਭਾਸ਼ਾਵਾਂ ਵਿੱਚ ਵੱਡੀਆਂ ਡਿਗਰੀਆਂ ਸਮੇਤ ਇਨਾਂ ਭਾਸ਼ਾਵਾਂ ਦੇ ਮਾਧਿਅਮ ਵਾਲੀ ਪੜਾਈ ਵੀ ਅੱਜ ਵਾਂਗ ਹੀ ਹੋ ਜਾਂਦੀ ਸੀ। ਬੱਚੇ ਦੇ ਸਹੀ ਵਿਕਾਸ ਲਈ ਬੱਚੇ ਨੂੰ ਮਾਤ ਭਾਸ਼ਾ ਤੋਂ ਦੂਰ ਨਹੀਂ ਕਰਨਾ ਚਾਹੀਦਾ। ਉਸ ਨੂੰ ਆਪਣੇ ਵਿਰਸੇ ਨਾਲ਼ੋਂ ਤੋੜਨਾ ਕਿਸੇ ਤਰਾਂ ਵੀ ਨਾ ਤਾਂ ਬੱਚੇ ਦੇ ਹਿੱਤ ਵਿੱਚ ਹੈ ਅਤੇ ਨਾ ਹੀ ਸਮਾਜ ਦੇ ਹਿੱਤ ਵਿੱਚ ਹੋ ਸਕਦਾ ਹੈ।

ਪੱਛਮੀ ਦੇਸ਼ਾਂ ਨੂੰ ਜਾਣ ਦੀ ਹੋੜ ਨੇ ਸਾਡੇ ਬੱਚਿਆਂ ਦਾ ਅੰਗਰੇਜ਼ੀ ਭਾਸ਼ਾ ਵੱਲ ਝੁਕਾਅ ਵਧਿਆ ਹੈ। ਮਾਪਿਆਂ ਨੂੰ ਵੀ ਇੱਥੇ ਵੱਧ ਰਹੀ ਬੇਰੁਜ਼ਗਾਰੀ ਕਾਰਨ ਆਪਣੇ ਬੱਚਿਆਂ ਦਾ ਭਵਿੱਖ ਇਨਾਂ ਦੇਸ਼ਾਂ ਵਿੱਚ ਹੀ ਸੁਰੱਖਿਅਤ ਲੱਗਦਾ ਹੈ। ਇਸ ਲਈ ਉਹ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਸਿੱਖਣ ਵਿੱਚ ਪਹਿਲ ਦਿੰਦੇ ਹਨ। ਪੰਜਾਬੀ ਭਾਸ਼ਾ ਸਰਕਾਰੀ ਬੇਰੁਖ਼ੀ ਦਾ ਵੀ ਸ਼ਿਕਾਰ ਹੋਈ ਹੈ ਕਿਉਂਕਿ ਸਰਕਾਰੀ ਭਾਸ਼ਾ ਹੁੰਦੇ ਹੋਏ ਵੀ ਬਹੁਤੇ ਵਿਭਾਗਾਂ ਵਿੱਚ ਬਹੁਤਾ ਕੰਮ ਮਾਂ-ਬੋਲੀ ਪੰਜਾਬੀ ਵਿੱਚ ਨਹੀਂ ਹੁੰਦਾ ਉਦਾਹਰਨ ਵਜੋਂ ਅਦਾਲਤੀ ਕੰਮ ਜ਼ਿਆਦਾਤਰ ਅੰਗਰੇਜ਼ੀ ਵਿੱਚ ਹੀ ਹੁੰਦਾ ਹੈ। ਸਭ ਤੋਂ ਵੱਡਾ ਕਾਰਨ ਸਾਡੀ ਆਪਣੀ ਮਾਨਸਿਕਤਾ ਵਿੱਚ ਇਹ ਗੱਲ ਘਰ ਕਰ ਗਈ ਹੈ ਕਿ ਪੰਜਾਬੀ ਅੱਜ ਦੇ ਮੁਕਾਬਲੇ ਵਾਲੇ ਦੌਰ ਦੀ ਭਾਸ਼ਾ ਨਹੀਂ ਹੈ।

ਸੋ ਅੱਜ ਲੋੜ ਹੈ ਉਹ ਹਰ ਸੰਭਵ ਕੋਸ਼ਿਸ਼ ਕਰਨ ਦੀ ਜਿਸ ਨਾਲ਼ ਸਾਡੀ ਮਾਂ-ਬੋਲੀ ਉਚਾਈਆਂ ਦੇ ਸਿਖ਼ਰ ਤੇ ਪਹੁੰਚ ਸਕੇ। ਸਭ ਤੋਂ ਪਹਿਲਾ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਹਰੇਕ ਭਾਸ਼ਾ ਦਾ ਆਪਣਾ ਮਹੱਤਵ ਅਤੇ ਇਤਿਹਾਸ ਹੈ। ਇਸ ਲਈ ਇੱਕ ਤੋਂ ਜ਼ਿਆਦਾ ਭਾਸ਼ਾਵਾਂ ਦਾ ਗਿਆਨ ਹੋਣਾ ਕੋਈ ਮਾੜੀ ਗੱਲ ਨਹੀਂ ਪਰ ਆਪਣੀ ਮਾਂ-ਬੋਲੀ ਨੂੰ ਵਿਸਾਰ ਕੇ ਦੂਜੀਆਂ ਭਾਸ਼ਾਵਾਂ ਨੂੰ ਅਪਣਾਉਣ ਵਾਲ਼ੇ ਲੋਕ ਆਪਣਾ ਵਿਰਸਾ ਗਵਾ ਬੈਠਦੇ ਹਨ। ਅੱਜ ਲੋੜ ਹੈ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਏ ਤਾਂ ਜੋ ਵਿਦਿਆਰਥੀਆਂ ਦਾ ਰੁਝਾਨ ਪੰਜਾਬੀ ਭਾਸ਼ਾ ਦੀ ਪੜਾਈ ਵੱਲ ਮੁੜ ਕੇਂਦਰਿਤ ਹੋਵੇ।

ਪੰਜਾਬੀ ਭਾਸ਼ਾ ਤੇ ਨਾਮ ਤੇ ਬਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਜਿਸ ਦਾ ਮਕਸਦ ਹੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨਾ ਹੈ, ਸਮੇਂ ਦੀ ਮੰਗ ਅਨੁਸਾਰ ਪੰਜਾਬੀ ਭਾਸ਼ਾ ਦੇ ਸਾਫ਼ਟਵੇਅਰ ਤਿਆਰ ਕੀਤੇ ਹਨ ਤਾਂ ਜੋ ਇਸ ਦੀ ਵਰਤੋਂ ਕੰਪਿਊਟਰ ਦੀ ਦੁਨੀਆ ਵਿੱਚ ਅਸਾਨੀ ਨਾਲ਼ ਹੋ ਸਕੇ ਜੋ ਕਿ ਇੱਕ ਸ਼ਲਾਘਾਯੋਗ ਕਾਰਜ ਹੈ ਪਰ ਲੋੜ ਹੈ ਇਹਨਾਂ ਕਾਰਜਾਂ ਨੂੰ ਘਰ-ਘਰ ਤੱਕ ਲੈ ਕੇ ਜਾਣ ਦੀ ਤਾਂ ਜੋ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਕਿ ਉਹ ਵੱਧ ਤੋਂ ਵੱਧ ਪੰਜਾਬੀ ਸਾਹਿਤ ਪੜਨ ਅਤੇ ਪੰਜਾਬੀ ਪੜਨ-ਲਿਖਣ ਅਤੇ ਬੋਲਣ ਵਿੱਚ ਮਾਣ ਮਹਿਸੂਸ ਕਰਨ, ਅਜਿਹੀਆਂ ਕੋਸ਼ਿਸ਼ਾਂ ਪੰਜਾਬ ਵਿੱਚ ਸਿੱਖਿਆ ਦੇ ਰਹੀਆਂ ਹੋਰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨੂੰ ਵੀ ਕਰਨੀਆਂ ਚਾਹੀਦੀਆਂ ਹਨ।

ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਨਿੱਜੀ ਮੋਬਾਈਲ ਅਤੇ ਸੂਚਨਾ ਤਕਨੀਕੀ ਕੰਪਨੀਆਂ ਵੀ ਆਪਣਾ ਯੋਗਦਾਨ ਪਾ ਰਹੀਆਂ ਹਨ ਜਿਵੇ ਕਿ ਐਪਲ, ਗੂਗਲ ਅਤੇ ਹੋਰ ਐਂਡਰਾਇਡ ਕੰਪਨੀਆਂ ਨੇ ਵੀ ਆਪਣੇ ਸਾਫ਼ਟਵੇਅਰ ਤਿਆਰ ਕੀਤੇ ਹਨ ਜਿਸ ਨਾਲ਼ ਕੰਪਿਊਟਰ ਅਤੇ ਮੋਬਾਈਲ ਉੱਤੇ ਪੰਜਾਬੀ ਦੀ ਵਰਤੋਂ ਕਰਨ ਵਾਲੇ ਯੂਜ਼ਰ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਸਾਨੂੰ ਵੀ ਆਪਣੀ ਮਾਂ-ਬੋਲੀ ਪ੍ਰਤੀ ਸੋਚ ਬਦਲਣ ਦੀ ਲੋੜ ਹੈ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਪੰਜਾਬੀ ਬੋਲੀ ਦੀ ਵਰਤੋਂ ਕਰੀਏ ਉਦਾਹਰਨ ਵਜੋਂ ਸਾਡੇ ਖ਼ੁਸ਼ੀ ਅਤੇ ਗ਼ਮੀ ਦੇ ਸਮਾਗਮਾਂ ਦੇ ਸੱਦੇ ਪੱਤਰ ਵੀ ਪੰਜਾਬੀ ਮਾਂ-ਬੋਲੀ ਵਿੱਚ ਛਪਵਾਈਏ। ਆਪਣੀਆਂ ਦੁਕਾਨਾਂ ਦੇ ਨਾਮ ਦੇ ਫਲੈਕਸ ਬੋਰਡ ਆਪਣੀ ਮਾਤ-ਭਾਸ਼ਾ ਵਿੱਚ ਲਿਖਵਾਉਣੇ ਚਾਹੀਦੇ ਹਨ, ਆਪਣੇ ਘਰਾਂ ਦੇ ਅੱਗੇ ਲੱਗੀਆਂ ਤਖ਼ਤੀਆਂ ਆਪਣੀ ਮਾਂ-ਬੋਲੀ ਵਿੱਚ ਹੋਣੀਆਂ ਚਾਹੀਦੀਆਂ ਹਨ। ਅਸੀਂ ਆਪਣੇ ਦਸਤਖ਼ਤ ਕਰਨ ਸਮੇਂ ਅੰਗਰੇਜ਼ੀ ਨੂੰ ਤਰਜੀਹ ਦਿੰਦੇ ਹਾਂ। ਜਦੋਂ ਤੱਕ ਅਸੀਂ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਅੰਗਰੇਜ਼ੀ ਭਾਸ਼ਾ ਤੋਂ ਅਜ਼ਾਦ ਨਹੀਂ ਕਰਦੇ ਉਸ ਵੇਲੇ ਤੱਕ ਪੰਜਾਬੀ ਦੀ ਹੋਂਦ ਨੂੰ ਖ਼ਤਰਾ ਬਣਿਆ ਹੀ ਰਹੇਗਾ।

ਹਰ ਭਾਸ਼ਾ ਦੇ ਸਾਹਿਤਕਾਰ ਆਪਣੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਅਹਿਮ ਯੋਗਦਾਨ ਪਾਉਂਦੇ ਹਨ। ਪੰਜਾਬੀ ਦੇ ਅਨੇਕਾਂ ਸਾਹਿਤਕਾਰਾਂ ਨੇ ਇਸ ਨੂੰ ਪ੍ਰਫੁੱਲਿਤ ਕਰਨ ਵਿੱਚ ਆਪਣਾ ਯੋਗਦਾਨ ਪਾਇਆ ਹੈ ਜਿਨਾਂ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਜਸਵੰਤ ਕੰਵਲ, ਸੰਤੋਖ ਸਿੰਘ ਧੀਰ, ਰਾਮ ਸਰੂਪ ਅਣਖੀ, ਗੁਰਸ਼ਰਨ ਸਿੰਘ, ਪਾਸ਼, ਨਰਿੰਦਰ ਕਪੂਰ, ਸੁਰਜੀਤ ਪਾਤਰ ਆਦਿ ਨੇ ਆਪਣੀਆਂ-ਆਪਣੀਆਂ ਲਿਖਤਾਂ ਰਾਹੀਂ ਮਾਂ ਬੋਲੀ ਨੂੰ ਖ਼ਾਸ ਬਣਾਉਣ ਵਿੱਚ ਅਹਿਮ ਰੋਲ਼ ਅਦਾ ਕੀਤਾ ਹੈ।

ਹਰ ਇਨਸਾਨ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਵਿੱਚ ਆਪਣੀ ਸਕਰਾਤਮਿਕ ਭੂਮਿਕਾ ਨਿਭਾਉਂਦਾ ਰਹੇ। ਆਓ ਉਨਾਂ ਸ਼ੰਕਿਆਂ ਨੂੰ ਮਨਾਂ ਵਿੱਚੋਂ ਕੱਢੀਏ ਕਿ ਪੰਜਾਬੀ ਆਉਣ ਵਾਲੇ 50 ਸਾਲਾਂ ਵਿੱਚ ਖ਼ਤਮ ਹੋ ਜਾਵੇਗੀ। ਆਓ ਅਸੀਂ ਆਪਣੀ ਮਾਂ ਬੋਲੀ ਨੂੰ ਦਿਲ ਤੋਂ ਅਪਣਾਈਏ, ਦਿਲੋਂ ਪਿਆਰ ਕਰੀਏ। ਫੇਰ ਇਸ ਨੂੰ ਕੋਈ ਵੀ ਸ਼ੈਅ ਖ਼ਤਮ ਨਹੀਂ ਕਰ ਸਕੇਗੀ।

ਮੇਰੀ ਆਨ ਤੇ ਸ਼ਾਨ ਪੰਜਾਬੀ,
ਹੈ ਮੇਰੀ ਜਿੰਦ ਜਾਨ ਪੰਜਾਬੀ।

# ਚੰਗਾ ਸਾਹਿਤ ਪੜਨ ਦੀ ਬੱਚਿਆਂ ਵਿੱਚ ਰੁਚੀ ਜਗਾਓ

**ਪ੍ਰੋਫ਼ੈਸਰ ਪਰਮਜੀਤ ਸਿੰਘ ਘੁੰਮਣ**

ਸਮਾਜ

ਬਤੌਰ ਮਾਂ-ਬਾਪ ਜਿੱਥੇ ਸਾਡਾ ਫ਼ਰਜ਼ ਆਪਣੇ ਵਿੱਤ ਅਨੁਸਾਰ ਬੱਚਿਆਂ ਨੂੰ ਸੁੱਖ-ਸਹੂਲਤਾਂ ਪ੍ਰਦਾਨ ਕਰਨਾ ਹੈ ਉੱਥੇ ਹੀ ਉਨਾਂ ਨੂੰ ਚੰਗੀਆਂ ਆਦਤਾਂ, ਉਚੇਰੀਆਂ ਪ੍ਰੰਪਰਾਵਾਂ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਲੜ ਲਾਉਣਾ ਵੀ ਹੈ। ਵਿਦਵਾਨਾਂ ਦੇ ਮਸ਼ਵਰੇ ਅਨੁਸਾਰ ਬੱਚੇ ਤਾਂ ਕੱਚੀ ਮਿੱਟੀ ਵਰਗੇ ਹੁੰਦੇ ਹਨ। ਇਨਾਂ ਨੂੰ ਜਿਸ ਤਰਾਂ ਅਸੀਂ ਬਚਪਨ ਵਿੱਚ ਘੜ ਦਿਆਂਗੇ ਇਹ ਉਸੇ ਤਰਾਂ ਦਾ ਹੀ ਆਕਾਰ ਲੈ ਲੈਣਗੇ। ਇਸ ਲਈ ਬੱਚਿਆਂ ਦੀ ਪਰਵਰਿਸ਼ ਦੌਰਾਨ ਉਨਾਂ ਨੂੰ ਚੰਗਾ ਸਾਹਿਤ ਪੜਨ ਦੀ ਚੇਟਕ ਲਗਾਉਣ ਦਾ ਉੱਦਮ ਉਨਾਂ ਦੇ ਚਰਿੱਤਰ ਨਿਰਮਾਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦਾ ਹੈ। ਇਹ ਚੇਟਕ ਜਿੱਥੇ ਬੱਚੇ ਦੇ ਮਾਨਸਿਕ, ਨੈਤਿਕ ਅਤੇ ਅਧਿਆਤਮਿਕ ਵਿਕਾਸ ਵਿੱਚ ਮੋਹਰੀ ਭੂਮਿਕਾ ਨਿਭਾਵੇਗੀ, ਉੱਥੇ ਹੀ ਉਸ ਨੂੰ ਇੱਕ ਚੰਗਾ ਬੱਚਾ, ਚੰਗਾ ਨਾਗਰਿਕ ਅਤੇ ਚੰਗਾ ਇਨਸਾਨ ਬਣਨ ਵਿੱਚ ਵੀ ਮਦਦ ਕਰੇਗੀ।

ਦਰਅਸਲ, ਚੰਗਾ ਸਾਹਿਤ ਪੜਨ ਦੀ ਆਰੰਭਤਾ ਘਰ ਤੋਂ ਹੀ ਹੁੰਦੀ ਹੈ। ਜੇਕਰ ਬੱਚੇ ਦੇ ਮਾਪੇ, ਦਾਦਾ-ਦਾਦੀ ਜਾਂ ਵੱਡੇ ਭੈਣ-ਭਰਾ ਘਰ ਵਿੱਚ ਲਿਆ ਕੇ ਚੰਗੀਆਂ ਪੁਸਤਕਾਂ, ਰਸਾਲੇ ਜਾਂ ਅਖ਼ਬਾਰਾਂ ਪੜਦੇ ਹਨ ਤਾਂ



ਕੋਈ ਸ਼ੱਕ ਨਹੀਂ ਕਿ ਅਜਿਹੇ ਮਾਹੌਲ ਵਿੱਚ ਉਹ ਚੰਗਾ ਸਾਹਿਤ ਪੜਨਾ ਜ਼ਰੂਰ ਸਿੱਖ ਜਾਵੇਗਾ। ਅਖ਼ਬਾਰਾਂ ਅਤੇ ਰਸਾਲਿਆਂ ਦੀ ਚੋਣ ਕਰਦੇ ਸਮੇਂ ਇਸ ਗੱਲ ਦਾ ਪੂਰਾ-ਪੂਰਾ ਖ਼ਿਆਲ ਰੱਖਿਆ ਜਾਵੇ ਕਿ ਇਹ ਅਸ਼ਲੀਲਤਾ, ਕੱਟੜਵਾਦ, ਅੰਧ-ਵਿਸ਼ਵਾਸ ਜਾਂ ਘਟੀਆ ਸਮੱਗਰੀ ਪਰੋਸਣ ਵਾਲੇ ਹਰਗਿਜ਼ ਨਾ ਹੋਣ। ਬੱਚੇ ਦੀ ਉਮਰ ਅਤੇ ਸਮਝ ਅਨੁਸਾਰ ਲੋੜੀਂਦੇ ਰਸਾਲੇ ਘਰ ਵਿੱਚ ਜ਼ਰੂਰ ਮੰਗਵਾਏ ਜਾਣ ਤੇ ਮੋਬਾਈਲ ਫ਼ੋਨ ਅਤੇ ਟੀ.ਵੀ. ਤੋਂ ਖਹਿੜਾ ਛੁਡਾ ਕੇ ਉਸ ਨੂੰ ਸਾਹਿਤ ਪੜਨ ਲਈ ਜ਼ਰੂਰ ਪ੍ਰੇਰਿਆ ਜਾਵੇ। ਜਿਨਾਂ ਘਰਾਂ ਵਿੱਚ ਰਾਤ ਨੂੰ ਸੌਣ ਤੋਂ ਪਹਿਲਾਂ ਚੰਗੀ ਪੁਸਤਕ ਪੜਨ ਜਾਂ ਬੱਚਿਆਂ ਨੂੰ ਪੜ ਕੇ ਸੁਣਾਉਣ ਦਾ ਰੁਝਾਨ ਹੈ ਉਨਾਂ ਘਰਾਂ ਦੇ ਬੱਚੇ ਜਿੱਥੇ ਚੰਗੀ ਨੀਂਦ ਲੈਂਦੇ ਹਨ ਉੱਥੇ ਹੀ ਸੁਫ਼ਨੇ ਵੀ ਚੰਗੇ ਵੇਖਦੇ ਹਨ ਤੇ ਨੈਤਿਕ ਪੱਖੋਂ ਮਜ਼ਬੂਤ ਹੋ ਨਿੱਬੜਦੇ ਹਨ। ਘਰ ਵਿੱਚ ਹਰ ਮਹੀਨੇ ਘੱਟੋ-ਘੱਟ ਇੱਕ ਕਿਤਾਬ ਜਾਂ ਰਸਾਲਾ ਜ਼ਰੂਰ ਆਉਣਾ ਚਾਹੀਦਾ ਹੈ। ਕਿਤਾਬ ਛੋਟੀ ਹੋਵੇ ਜਾਂ ਵੱਡੀ, ਸਸਤੀ ਹੋਵੇ ਜਾਂ ਮਹਿੰਗੀ ਇਹ ਮਾਅਨੇ ਨਹੀਂ ਰੱਖਦਾ ਹੈ ਸਗੋਂ ਚਾਹੀਦਾ ਇਹ ਹੈ ਕਿ ਉਹ ਕਿਤਾਬ ਜਾਂ ਰਸਾਲਾ ਬੱਚੇ ਲਈ ਪ੍ਰੇਰਨਾਦਾਇਕ ਅਤੇ ਉਤਸ਼ਾਹਵਰਧਕ ਜ਼ਰੂਰ ਹੋਵੇ। ਅਜਿਹੀਆਂ ਸਾਹਿਤਕ ਪੁਸਤਕਾਂ ਵਿਚਲੀਆਂ ਰਚਨਾਵਾਂ ਬੱਚੇ ਦੇ ਜੀਵਨ ਦੀ ਦਿਸ਼ਾ ਤੇ ਦਸ਼ਾ ਨੂੰ ਤੈਅ ਕਰਨ ਵਿੱਚ ਵੱਡਾ ਕਿਰਦਾਰ ਅਦਾ ਕਰਦੀਆਂ ਹਨ। ਸਭ ਜਾਣਦੇ ਹਨ ਕਿ ਸ਼ਹੀਦ ਭਗਤ ਸਿੰਘ ਨੂੰ ਕ੍ਰਾਂਤੀਕਾਰੀ ਸਾਹਿਤ ਪੜਨ ਦੀ ਚੇਟਕ ਘਰ ਵਿੱਚੋਂ ਹੀ ਲੱਗੀ ਸੀ ਤੇ ਉਸ ਵੱਲੋਂ ਪੜੇ ਗਏ ਕ੍ਰਾਂਤੀਕਾਰੀ ਸਾਹਿਤ ਨੇ ਉਸ ਦੀ ਜੀਵਨ-ਸ਼ੈਲੀ ਉੱਤੇ ਡੂੰਘਾ ਅਸਰ ਪਾਇਆ ਸੀ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਵੀਰ ਰਸੀ ਬਾਣੀ ਪੜ ਕੇ ਉਨਾਂ ਦੇ ਹੋਣਹਾਰ ਫ਼ਰਜ਼ੰਦ ਇਸ ਕਾਬਲ ਬਣੇ ਸਨ ਕਿ ਨਿੱਕੀਆਂ ਉਮਰਾਂ ਦੇ ਬਾਵਜੂਦ ਵੱਡੇ ਸਾਕੇ ਕਰ ਗਏ ਸਨ। ਇਸ ਲਈ ਬੱਚਿਆਂ ਦੇ ਵਧੀਆ ਨੈਤਿਕ ਵਿਕਾਸ ਲਈ ਚੰਗਾ ਸਾਹਿਤ ਪੜਨ ਦਾ ਗੁਣ ਉਨਾਂ ਅੰਦਰ ਵਿਕਸਿਤ ਕਰਨਾ ਮਾਪਿਆਂ ਦਾ ਵੱਡਾ ਫ਼ਰਜ਼ ਬਣਦਾ ਹੈ। ਅੰਤ ਵਿੱਚ ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਕਰਨ ਵਾਲੀ ਮਲਾਲਾ ਯੂਸਫ਼ਜ਼ੇਈ ਦੇ ਇਹ ਮੁੱਲਵਾਨ ਬੋਲ ਦਰਜ ਕਰਨੇ ਬਣਦੇ ਹਨ :- 'ਕਿਸੇ ਵੀ ਪੁਸਤਕ ਵਿੱਚ ਦਰਜ ਸਮੱਗਰੀ ਅੰਦਰ ਵਿੱਦਿਆ ਦੀ ਤਾਕਤ ਸਮਾਈ ਹੁੰਦੀ ਹੈ ਤੇ ਇਸ ਤਾਕਤ ਦੇ ਬਲਬੂਤੇ ਅਸੀਂ ਆਪਣਾ ਜੀਵਨ ਬਦਲ ਸਕਦੇ ਹਾਂ ਤੇ ਆਪਣੇ ਭਵਿੱਖ ਨੂੰ ਸਵਾਰ ਸਕਦੇ ਹਾਂ।'

# ਵਿਕਸਿਤ ਸੱਭਿਅਤਾ ਮਿਸਰ ਦੇ ਪਿਰਾਮਿਡਾਂ ਦੀ

**ਭੁਪਿੰਦਰ ਵੀਰ ਸਿੰਘ**

ਮਿਸਰ ਦੇ ਪਿਰਾਮਿਡ, ਜਿਨਾਂ ਬਾਰੇ ਕਈ ਅਜਿਹੇ ਸਵਾਲ ਹਨ ਜਿਨਾਂ ਦੇ ਹੱਲ ਅੱਜ ਵੀ ਲੱਭੇ ਜਾ ਰਹੇ ਹਨ। ਅੱਜ ਤੋਂ ਤਕਰੀਬਨ ਸਾਢੇ ਚਾਰ ਹਜ਼ਾਰ ਸਾਲ ਪਹਿਲਾਂ ਇਨਾਂ ਪਿਰਾਮਿਡਾਂ ਨੂੰ ਕਿਉਂ ਬਣਾਇਆ ਗਿਆ? ਵੱਡਾ ਸਵਾਲ ਇਹ ਹੈ ਕਿ ਇਨਾਂ ਨੂੰ ਬਿਨਾਂ ਗਾਰੇ ਅਤੇ ਸੀਮੇਂਟ ਦੀ ਮਦਦ ਤੋਂ ਕਿਹੜੇ ਕਾਰੀਗਰਾਂ ਨੇ, ਕਿੰਨਾਂ ਔਜ਼ਾਰਾਂ ਨਾਲ ਤੇ ਕਿੰਨਾਂ ਹਾਲਾਤ ਵਿੱਚ ਬਣਾਇਆ ਹੋਵੇਗਾ। ਇਸ ਰਿਕਾਰਡ ਨੂੰ ਅੱਜ ਤੱਕ ਕੋਈ ਵੀ ਇਮਾਰਤ ਤੋੜ ਨਹੀਂ ਸਕੀ। ਹੋਰ ਵੀ ਵੱਡੇ ਸਵਾਲ ਹਨ ਕਿ ਮਿਸਰ ਦੇ ਰਾਜਿਆਂ ਨੇ ਇਨਾਂ ਇਮਾਰਤਾਂ ਨੂੰ ਕਿਉਂ ਤੇ ਕਿਸ ਕੰਮ ਲਈ ਬਣਵਾਇਆ ਜਿਸ ਦਾ ਉੱਤਰ ਅੱਜ ਸਾਢੇ ਚਾਰ ਹਜ਼ਾਰ ਸਾਲ ਬਾਅਦ ਵੀ ਕੋਈ ਨਹੀਂ ਦੇ ਸਕਿਆ। ਇਹ ਸਾਰੀਆਂ ਹੀ ਕਿਆਸ-ਅਰਾਈਆਂ ਇੱਕ ਵੱਡੀ ਪਹੇਲੀ ਹੀ ਬਣ ਕੇ ਰਹਿ ਗਈਆਂ ਹਨ। ਇਹ ਗੀਜ਼ਾ ਦੇ ਪਿਰਾਮਿਡ ਅੱਜ ਵੀ ਸਾਡੀ ਦੁਨੀਆ ਲਈ ਚੁਣੌਤੀ ਦਾ ਕੰਮ ਕਰ ਰਹੇ ਹਨ। ਇਹ ਉਸ ਕਾਲ ਨਾਲ ਸੰਬੰਧ ਰੱਖਦੇ ਹਨ ਜੋ ਸੱਭਿਅਤਾ ਬਹੁਤ ਜ਼ਿਆਦਾ ਵਿਕਸਤ ਤੇ ਅਨੋਖੀ ਸੀ ਜਿੱਥੋਂ ਦੇ ਰਾਜੇ ਵਿਲੱਖਣ ਕਿਸਮ ਦੇ ਸਨ ਜਿਨਾਂ ਨੇ ਆਪਣੇ ਸ਼ਾਸਨ ਦੌਰਾਨ ਅਜਿਹੀਆਂ ਰਹੱਸਮਈ ਇਮਾਰਤਾਂ ਈਜਾਦ ਕੀਤੀਆਂ ਜੋ ਕਿ ਰਹਿੰਦੀ ਦੁਨੀਆ ਤੱਕ ਸਵਾਲ ਹੀ ਬਣ ਗਈਆਂ ਹਨ। ਅੱਜ ਹਰ ਖੋਜੀ ਜੋ ਪ੍ਰਾਚੀਨ ਸੱਭਿਅਤਾ ਬਾਰੇ ਜਾਣਨਾ ਚਾਹੁੰਦਾ ਹੈ, ਇਹੋ ਉਮੀਦ ਰੱਖਦਾ ਹੈ ਕਿ ਕੋਈ ਟਾਈਮ ਮਸ਼ੀਨ ਈਜਾਦ ਹੋਵੇ ਤਾਂ ਹੀ ਅਜਿਹੇ ਅਣਸੁਲਝੇ ਰਹੱਸਾਂ ਦੇ ਸੰਭਾਵਿਤ ਉੱਤਰ ਮਿਲ ਸਕਣਗੇ। ਰੇਡੀਓ ਕਾਰਬਨਡੇਟਿੰਗ ਅਤੇ ਖੋਜੀਆਂ ਮੁਤਾਬਿਕ ਮਿਸਰ ਦੀ ਸੱਭਿਅਤਾ ਨੀਲ ਨਦੀ ਦੇ ਨੇੜੇ ਵਿਕਸਿਤ ਹੋਈ ਹੋਵੇਗੀ। ਇਸ ਸੱਭਿਅਤਾ ਨੇ ਆਪਣੇ ਕਾਲ ਵਿੱਚ ਤਰੱਕੀ ਦੇ ਪੱਧਰ ਨੇ ਉਸ ਚੋਟੀ ਨੂੰ ਛੂਹਿਆ ਜਿਸ ਚੋਟੀ 'ਤੇ ਸਾਢੇ ਚਾਰ ਹਜ਼ਾਰ ਸਾਲ ਬਾਅਦ ਵੀ ਕੋਈ ਨਹੀਂ ਜਾ ਸਕਿਆ। ਗੀਜ਼ਾ ਦੇ ਪਿਰਾਮਿਡਾਂ ਦਾ ਬਣਨਾ ਹੀ ਆਪਣੇ ਆਪ ਵਿੱਚ ਕਲਾ ਦਾ ਅਨੋਖਾ ਨਮੂਨਾ ਹੈ। ਦੁਨੀਆ ਦੇ ਹੋਰ ਵੀ ਦੇਸ਼ਾਂ ਵਿੱਚ ਪਿਰਾਮਿਡ ਬਣੇ ਹੋਏ ਹਨ ਪਰ ਦੁਨੀਆ ਦਾ ਸਭ ਤੋਂ ਵੱਡਾ ਪਿਰਾਮਿਡ ਗੀਜ਼ਾ ਦਾ ਪਿਰਾਮਿਡ ਹੈ ਜੋ ਕਿ ਬਾਕੀਆਂ ਨਾਲੋਂ ਸਭ ਤੋਂ ਜ਼ਿਆਦਾ ਵਿਸ਼ਾਲ ਹੈ। ਪੁਰਾਤਨ ਖੋਜੀ ਕਹਿੰਦੇ ਹਨ ਕਿ **pharaoh khufu** ਰਾਜੇ ਨੇ ਸਭ ਤੋਂ ਪਹਿਲਾਂ ਪਿਰਾਮਿਡ ਬਣਾਉਣ ਦੀ ਸ਼ੁਰੂਆਤ 2550 ਬੀ.ਸੀ ਵਿੱਚ ਕੀਤੀ ਸੀ। ਇਸ ਤੋਂ ਬਾਅਦ ਵੀ ਦੂਜੀ ਪੀੜੀ ਨੇ ਦੋ ਹੋਰ ਪਿਰਾਮਿਡਾਂ ਦਾ ਨਿਰਮਾਣ ਕੀਤਾ ਪਰ **khufu** ਦਾ ਪਿਰਾਮਿਡ ਹੀ ਸਾਰਿਆਂ ਤੋਂ ਵੱਡਾ ਹੈ। ਖੋਜੀਆਂ ਅਨੁਸਾਰ ਸਭ ਤੋਂ ਵੱਡੇ ਪਿਰਾਮਿਡ ਨੂੰ ਬਣਾਉਣ ਲਈ 23 ਲੱਖ ਤੋਂ ਜ਼ਿਆਦਾ ਲਾਈਮਸਟੋਨ ਚੱਟਾਨਾਂ ਦੇ ਬਿਲਕੁਲ ਸਹੀ ਆਕਾਰ ਦੇ ਤਰਾਸ਼ੇ ਹੋਏ ਟੁਕੜੇ ਲੱਗੇ ਹੋਏ ਹਨ, ਜਿਨਾਂ ਵਿੱਚ ਹਰ ਇੱਕ ਟੁਕੜੇ ਦਾ ਵਜ਼ਨ ਤਕਰੀਬਨ 2 ਟਨ ਤੋਂ 72 ਟਨ ਤੱਕ ਅੰਦਾਜ਼ਨ ਦੱਸਿਆ ਜਾਂਦਾ ਹੈ। ਹਰ ਟੁਕੜਾ ਐਨਾ ਜ਼ਿਆਦਾ ਗੁਣੀਏ ਨਾਲ ਲੱਗਾ ਹੋਇਆ ਹੈ ਕਿ ਦੋ ਪੱਥਰਾਂ ਦੇ ਜੋੜ ਲੱਭਣੇ ਵੀ





ਮੁਸ਼ਕਿਲ ਹਨ। ਇਸ ਦੀ ਉਚਾਈ 481 ਫੁੱਟ ਭਾਵ 147 ਮੀਟਰ ਹੈ ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਸੀ। ਹੁਣ ਇਹ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਬਿਨਾਂ ਕਰੇਨ ਦੀ ਮਦਦ ਤੋਂ ਏਨੇ ਵਜ਼ਨੀ ਪੱਥਰਾਂ ਨੂੰ ਕਿਸ ਤਰਾਂ ਮਜ਼ਦੂਰਾਂ ਨੇ ਬਿਨਾਂ ਕਿਸੇ ਗ਼ਲਤੀ ਦੇ ਬਰਾਬਰ ਕੱਟਿਆ ਹੋਵੇਗਾ ਅਤੇ ਫਿਰ ਇਨਾਂ ਨੂੰ ਕਿਸ ਤਰਾਂ ਉਚਾਈ 'ਤੇ ਲੈ ਜਾ ਕੇ ਸਹੀ ਆਕਾਰ ਵਿੱਚ ਜੋੜਿਆ ਹੋਵੇਗਾ। ਕਿਹੜੇ ਅਜਿਹੇ ਤਜਰਬੇਕਾਰ ਮਿਸਤਰੀ ਤੇ ਮਜ਼ਦੂਰ ਸਨ ਜਿਨਾਂ ਨੇ ਉਸ ਜ਼ਮਾਨੇ ਵਿੱਚ ਅਜਿਹੀ ਕਲਾ ਦਿਖਾਈ ਜੋ ਕਿ ਸਦੀਆਂ ਬੀਤ ਜਾਣ 'ਤੇ ਵੀ ਸਮਝੀ ਨਹੀਂ ਜਾ ਸਕੀ। ਇਹ ਸਵਾਲ ਅੱਜ ਵੀ ਪਹੇਲੀ ਹੀ ਬਣ ਕੇ ਰਹਿ ਗਿਆ ਹੈ ਕਿਉਂਕਿ ਉਸ ਕਾਲ ਵਿੱਚ ਪਹੀਏ ਦੀ ਖੋਜ ਵੀ ਨਹੀਂ ਹੋਈ ਸੀ। ਔਜ਼ਾਰ ਸਿਰਫ਼ ਛੈਣੀ ਹਥੌੜਾ ਹੀ ਮੰਨੇ ਜਾਂਦੇ ਹਨ ਕਿ ਇਹੋ ਉਸ ਸੱਭਿਅਤਾ ਕੋਲ ਹੋਣਗੇ। ਫਿਰ ਅਜਿਹੀਆਂ ਅਦਭੁੱਤ ਇਮਾਰਤਾਂ ਦਾ ਨਿਰਮਾਣ ਇੱਕ ਕ੍ਰਿਸ਼ਮਾ ਹੀ ਸੀ। ਕਈ ਵਿਗਿਆਨੀਆਂ ਦਾ ਮੰਨਣਾ ਹੈ ਕਿ ਉਸ ਕਾਲ ਦੇ ਰਾਜ ਵਿੱਚ ਜਦੋਂ ਕਿਸੇ ਵੱਡੇ ਰਾਜੇ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਨੂੰ ਮੰਮੀ ਬਣਾ ਕੇ ਪਿਰਾਮਿਡਾਂ ਵਿੱਚ ਰੱਖਿਆ ਜਾਂਦਾ ਸੀ ਕਿਉਂਕਿ ਉਸ ਕਾਲ ਦੇ ਰਾਜਾ ਪੁਨਰ ਜਨਮ ਜਾਂ ਧਾਰਮਿਕ ਪਰੰਪਰਾਵਾਂ ਨੂੰ ਪੂਰੀ ਤਰਾਂ ਮੰਨਦੇ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਸਮੇਂ ਦੇ ਰਾਜੇ ਦੀ ਮੌਤ ਹੋਣ ਤੋਂ ਬਾਅਦ ਲਾਸ਼ ਦੀ ਮੰਮੀ ਬਣਾਉਣ ਸਮੇਂ ਅਜਿਹੇ ਕੈਮੀਕਲ ਜਾਂ ਪਦਾਰਥਾਂ ਦੀ ਵਰਤੋਂ ਕੀਤੀ ਗਈ ਜਿਸ ਨਾਲ ਹੁਣ ਤੱਕ ਲੱਭੀਆਂ ਗਈਆਂ ਮੰਮੀਆਂ ਦੀ ਹਾਲਤ ਵੀ ਕਾਫ਼ੀ ਠੀਕ-ਠਾਕ ਪਾਈ ਗਈ ਹੈ। ਉਸ ਸਮੇਂ ਵੱਡੇ ਰਾਜੇ ਜਾਂ ਰਾਣੀ ਦੀ ਮੌਤ ਤੋਂ ਬਾਅਦ ਉਸਦੀ ਕਬਰ ਨਾਲ ਸੋਨਾਂ, ਚਾਂਦੀ ਤੇ ਹੋਰ ਐਸ਼ੋ ਆਰਾਮ ਦੀਆਂ ਵਸਤੂਆਂ ਨੂੰ ਵੀ ਨਾਲ ਹੀ ਰੱਖ ਦਿੱਤਾ ਜਾਂਦਾ ਸੀ। ਪਰ ਅਜਿਹਾ ਖ਼ਜ਼ਾਨਾ ਤਾਂ ਹਾਲੇ ਤੱਕ ਨਹੀਂ ਖੋਜਿਆ ਗਿਆ ਕਿਉਂਕਿ ਕਿਆਸ ਹਨ ਕਿ ਲੁਟੇਰਿਆਂ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਕੀਮਤੀ ਖ਼ਜ਼ਾਨੇ ਲੁੱਟੇ ਜਾਂਦੇ ਰਹੇ ਹਨ। ਇੱਕ ਗੱਲ ਇਹ ਵੀ ਹੈ ਜੇਕਰ ਇਹ ਪਿਰਾਮਿਡ ਮਕਬਰੇ ਹਨ ਤਾਂ ਇਨਾਂ ਨੂੰ ਐਨੀ ਸੁਰੱਖਿਆ ਨਾਲ ਕਿਉਂ ਬਣਾਇਆ ਗਿਆ ਕਿਉਂਕਿ ਅੱਜ ਤੱਕ ਇਨਾਂ ਦਾ ਕੋਈ ਵੀ ਦਰਵਾਜ਼ਾ ਨਹੀਂ ਲੱਭਿਆ। ਚਾਰੇ ਪਾਸੇ ਤੋਂ ਸੀਲ ਬੰਦ ਇਮਾਰਤ ਅੰਦਰ ਚੈਂਬਰ ਕਿਉਂ ਬਣਾਏ ਗਏ ਹਨ। ਜੇਕਰ ਇਹ ਸਿਰਫ਼ ਕਬਰਗਾਹ ਸਨ, ਫਿਰ ਇਨਾਂ ਵਿੱਚ ਹਵਾ ਲਈ ਵੈਂਟੀਲੇਟਰ ਕਿਉਂ ਰੱਖੇ ਗਏ ਸਨ। ਖੋਜਾਂ ਮੁਤਾਬਿਕ ਇਨਾਂ ਨੂੰ ਬਣਾਉਂਦੇ ਸਮੇਂ ਪੂਰੇ ਐਡਵਾਂਸ ਮੈਥੇਮੈਟਿਕ ਤੇ ਜਮੈਟਰੀ ਤੇ ਟਰਿਗਨੋਮੈਟਰੀ ਦਾ ਇਸਤੇਮਾਲ ਕੀਤਾ ਗਿਆ ਹੈ। ਇਨਾਂ ਦੀ ਬਨਾਵਟ ਵਿੱਚ ਅੱਜ ਦੀ ਲੇਜ਼ਰ ਤਕਨੀਕ ਵੀ ਇੱਕ ਸੂਤ ਦਾ ਫ਼ਰਕ ਨਹੀਂ ਕੱਢ ਸਕੀ। ਉਸ ਜ਼ਮਾਨੇ ਦੇ ਇੰਜੀਨੀਅਰਾਂ ਨੇ ਇਨਾਂ ਨੂੰ ਬਣਾਉਣ ਲਈ ਖ਼ਾਸ ਜ਼ਮੀਨ, ਭਾਰ, ਮੌਸਮ, ਨਕਸ਼ੇ, ਪੱਥਰਾਂ ਦਾ ਆਕਾਰ ਤੇ ਗਿਣਤੀ, ਪਿਰਾਮਿਡ ਦੀ ਉਚਾਈ, ਕੁਦਰਤੀ ਆਫ਼ਤਾਂ, ਤਾਰਿਆਂ ਨਾਲ ਆਲਾਇਨਮੈਂਟ ਅਤੇ ਹੋਰ ਸੈਂਕੜੇ ਗੱਲਾਂ ਨੂੰ ਪਹਿਲਾਂ ਹੀ ਭਾਂਪ ਕੇ ਨਿਰਮਾਣ ਸ਼ੁਰੂ ਕਰਵਾਇਆ ਹੋਵੇਗਾ ਤਾਹੀਓਂ ਇਨਾਂ ਦੀ ਮਿਆਦ ਹਜ਼ਾਰਾਂ ਸਦੀਆਂ ਦੀ ਬਣ ਸਕੀ ਹੈ। ਇਨਾਂ ਪਿਰਾਮਿਡਾਂ ਦਾ ਭਾਰ ਧਰਤੀ 'ਤੇ ਐਨਾ ਜ਼ਿਆਦਾ ਹੈ ਜੋ ਕਿ ਸਮੇਂ ਦੇ ਫ਼ਰਕ ਵਿੱਚ ਵੀ ਮਾਈਕਰੋ ਸੰਕਿਟਾਂ ਦਾ ਫ਼ਰਕ ਪਾ ਦਿੰਦਾ ਹੈ ਜਿਸ ਨੂੰ ਸਮਝਣ ਦੀ ਇੱਕ ਵੱਖਰੀ ਥਿਊਰੀ ਹੈ। ਮੌਜੂਦਾ ਸਮੇਂ ਵਿੱਚ ਵੀ ਕੋਈ ਕਰੇਨ ਅਜਿਹੀ ਨਹੀਂ ਬਣੀ ਜੋ ਕਿ ਪਿਰਾਮਿਡ 'ਤੇ ਲੱਗੇ ਵੱਡੇ ਤੇ ਭਾਰੀ ਪੱਥਰਾਂ ਨੂੰ ਚੁੱਕ ਸਕੇ, ਇਹ ਵੀ ਇੱਕ ਵੱਡਾ ਸਵਾਲ ਹੈ। ਇੱਕ ਹੋਰ ਰਾਜ਼ ਇਸ ਇਮਾਰਤ ਦਾ ਇਹ ਵੀ ਹੈ ਕਿ ਇਹ ਵਾਤਾਅਨਕੂਲ ਹਨ। ਬਾਹਰ ਜੋ ਮਰਜ਼ੀ ਮੌਸਮ ਹੋਵੇ ਪਰ ਪਿਰਾਮਿਡਾਂ ਦੇ ਅੰਦਰ ਔਸਤਨ ਤਾਪਮਾਨ ਵੀਹ ਡਿਗਰੀ ਸੈਲਸੀਅਸ ਹੀ ਰਹਿੰਦਾ ਹੈ। ਦੂਜਾ ਇਹ ਇਮਾਰਤਾਂ ਭੂਚਾਲ ਪਰੂਫ਼ ਹਨ ਕਿਉਂਕਿ ਹਜ਼ਾਰਾਂ ਸਾਲਾਂ ਤੋਂ ਭੂਚਾਲਾਂ ਦੀ ਮਾਰ ਸਹਿ ਰਹੇ ਪਿਰਾਮਿਡਾਂ ਵਿੱਚੋਂ ਕਿਸੇ ਇੱਕ 'ਤੇ ਵੀ ਭੂਚਾਲ ਦਾ ਅਸਰ ਨਹੀਂ ਹੋਇਆ। ਇਸ ਦੀਆਂ ਕੰਧਾਂ 'ਤੇ ਲਿਖੀਆਂ ਲਿਪੀਆਂ ਦਾ ਅਜੇ ਤੱਕ ਕੋਈ ਵੀ ਤਰਜਮਾ ਨਹੀਂ ਕਰ ਸਕਿਆ। ਜੇਕਰ ਇਸ ਵਿੱਚ ਲਿਖੀ ਹੋਈ ਭਾਸ਼ਾ ਨੂੰ ਪੜਿਆ ਜਾ ਸਕੇ ਤਾਂ ਉਸ ਨਾਲ ਪਿਰਾਮਿਡਾਂ ਦੇ ਕਾਫ਼ੀ ਰਹੱਸ ਉਜਾਗਰ ਹੋ ਸਕਦੇ ਹਨ। ਇਨਾਂ ਹੀ ਸਵਾਲਾਂ ਦੇ ਜਵਾਬ ਲਈ ਵਿਗਿਆਨੀਆਂ ਨੇ ਸਾਲ ਵੀਹ ਸੌ ਦੋ ਵਿੱਚ ਇੱਕ ਰੋਬੋਟ ਇੱਕ ਰਸਤੇ ਰਾਹੀਂ ਅੰਦਰ ਦਾਖ਼ਲ ਕੀਤਾ ਅਤੇ ਰੋਬਟ ਨੇ ਪੱਥਰਾਂ ਵਿੱਚ ਗਲੀ ਕਰਕੇ ਇੱਕ ਚੈਂਬਰ ਨੂੰ ਤਾਂ ਦੇਖ ਲਿਆ ਪਰ ਦੂਜੇ ਚੈਂਬਰ ਵਿੱਚ ਵੀ ਕੋਈ ਦਰਵਾਜ਼ਾ ਨਹੀਂ ਮਿਲਿਆ। ਇਸ ਵਿੱਚ ਰਾਜੇ ਅਤੇ ਰਾਣੀ ਦਾ ਚੈਂਬਰ ਤਾਂ ਖੋਜਿਆ ਜਾ ਚੁੱਕਾ ਹੈ ਪਰ ਇਨਾਂ ਵਿੱਚੋਂ ਕੋਈ ਵੀ ਮੰਮੀ ਨਹੀਂ ਮਿਲੀ। ਫਿਰ ਵੀਹ ਸੌ ਗਿਆਰਾਂ ਵਿੱਚ ਫਿਰ ਮਾਈਕਰੋ ਕੈਮਰੇ ਨਾਲ ਰੋਬਟ ਨੇ ਪਿਰਾਮਿਡ ਦੀਆਂ ਫੋਟੋਆ ਭੇਜੀਆਂ। ਪਰ ਰੋਬਟ ਨੂੰ ਦੋ ਪਿੱਤਲ ਦੇ ਪਿਨ ਮਿਲੇ ਜੋ ਕਿ ਦਰਵਾਜ਼ੇ ਦੇ ਸੰਕੇਤ ਸਨ ਪਰ ਕੋਈ ਵੀ ਕਮਰਾ ਜਾਂ ਦਰਵਾਜ਼ਾ ਅਜੇ ਤੱਕ ਨਹੀਂ ਮਿਲ ਸਕਿਆ। ਕਈ ਵਿਗਿਆਨੀਆਂ ਨੇ ਦੱਸਿਆ ਕਿ ਪਿਰਾਮਿਡ ਦੀ ਬਨਾਵਟ ਐਨੀ ਜ਼ਿਆਦਾ ਸਟੀਕ ਢੰਗ ਨਾਲ ਕੀਤੀ ਗਈ ਹੈ ਕਿ ਇਸ ਦੀ ਐਲਾਈਨਮੈਂਟ ਆਕਾਸ਼ ਦੇ ਤਿੰਨ ਤਾਰਿਆਂ ਨਾਲ ਵੀ ਮੇਲ ਖਾਂਦੀ ਹੈ। ਹੁਣ ਤੱਕ ਪਿਰਾਮਿਡਾਂ ਉੱਪਰ ਸੈਂਕੜੇ ਕਿਤਾਬਾਂ 'ਤੇ ਬਹੁਤ ਸਾਰੀਆਂ ਫ਼ਿਲਮਾਂ ਵੀ ਬਣ ਚੁੱਕੀਆਂ ਹਨ ਪਰ ਫਿਰ ਵੀ ਸਾਰੀ ਜਾਣਕਾਰੀ ਅਧੂਰੀ ਹੀ ਪ੍ਰਤੀਤ ਹੁੰਦੀ ਹੈ ਕਿਉਂਕਿ ਹਰ ਖੋਜੀ ਦੀ ਵੱਖਰੀ ਥਿਊਰੀ ਹੁੰਦੀ ਹੈ। ਦੇਖਿਆ ਜਾਵੇ ਤਾਂ ਸਾਇੰਸਦਾਨ ਚੰਦ 'ਤੇ ਤਾਂ ਜਾ ਪੁੱਜੇ ਹਨ ਪਰ ਧਰਤੀ 'ਤੇ ਬਣੀਆਂ ਸੈਂਕੜੇ ਹੀ ਅਜਿਹੀਆਂ ਇਮਾਰਤਾਂ ਹਨ ਜੋ ਸਾਡੀ ਸਮਝ ਤੋਂ ਅਜੇ ਬਾਹਰ ਹਨ, ਜਿਨਾਂ ਦੀ ਗੁੱਥੀ ਨੂੰ ਸੁਲਝਾਉਣਾ ਨਾ ਮੁਮਕਿਨ ਹੈ ਜਾਂ ਫਿਰ ਅਜੇ ਸਮੇਂ ਦੇ ਗਰਭ ਵਿੱਚ ਹੈ।

---

# ਪੰਜਾਬੀ ਚਰਿੱਤਰ ਦੇ ਪਛਾਣ-ਚਿੰਨ

**ਡਾ. ਜਸਵਿੰਦਰ ਸਿੰਘ**

ਪੰਜਾਬੀ ਸੱਭਿਆਚਾਰ ਦੀ ਵਿਸ਼ੇਸ਼ ਭੂਗੋਲਿਕ ਸਥਿਤੀ, ਨਿਵੇਕਲੇ ਜਲਵਾਯੂ ਅਤੇ ਇਤਿਹਾਸਿਕ ਉਤਰਾਵਾਂ-ਚੜ੍ਹਾਵਾਂ ਨੇ ਪੰਜਾਬੀ ਜੀਵਨ-ਜਾਚ ਦੇ ਕਈ ਅਜਿਹੇ ਦਿਲਚਸਪ ਅਤੇ ਸ਼ਕਤੀਸ਼ਾਲੀ ਪੱਖ ਉਸਾਰੇ ਹਨ, ਜੋ ਪੰਜਾਬੀਅਤ ਦੇ ਪਛਾਣ-ਚਿੰਨ ਬਣ ਗਏ ਹਨ। ਇਹ ਪੰਜਾਬੀਆਂ ਦੀ ਵੱਖਰੀ ਤਾਸੀਰ, ਚਰਿੱਤਰ, ਮਨੋਰਥਾਂ ਅਤੇ ਆਦਰਸ਼ਾਂ ਵਿੱਚ ਉਜਾਗਰ ਹੁੰਦੇ ਹਨ। ਉਪਜਾਊ ਭੂਮੀ ਕਾਰਨ ਭੁੱਖੇ ਮਰਨਾਂ ਪੰਜਾਬੀਆਂ ਦੇ ਹਿੱਸੇ ਨਹੀਂ ਆਇਆ ਪਰ ਨਾਲ ਹੀ ਕਰੜੀ ਮਿਹਨਤ ਕਰਕੇ ਇਸ ਤੇ ਹੱਕ ਜਤਾਉਣ ਦੀ ਪ੍ਰਚੰਡ ਪ੍ਰਵਿਰਤੀ ਪੰਜਾਬੀਆਂ ਦਾ ਖ਼ਾਸਾ ਹੈ। ਕਿਰਤ ਕਰਨ ਨੂੰ ਮਾਣ ਸਮਝਣਾ ਅਤੇ ਕਿਰਤ ਕਮਾਈ ਉੱਤੇ ਹੱਕ ਜਤਾਉਣਾ ਇਨਾਂ ਦੀ ਖ਼ੂਬੀ ਹੈ। ਲਗਾਤਾਰ ਜੰਗਾਂ, ਯੁੱਧਾਂ ਦਾ ਅਖਾੜਾ ਬਣੇ ਰਹਿਣ ਕਾਰਨ ਪੰਜਾਬੀ ਉੱਜੜਦੇ ਰਹਿਣ ਤੇ ਵੀ ਫੇਰ ਵੱਸਣ ਦੀ ਅਨੋਖੀ ਜੀਵਨ-ਤਾਂਘ ਨਾਲ ਓਤਪੋਤ ਹਨ। ਸੱਭਿਆਚਾਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਧਰਤੀ ਉੱਤੇ ਉਹੀ ਲੋਕ ਟਿਕੇ ਜੋ ਨਾ ਯੁੱਧ ਤੋਂ ਡਰਦੇ ਸਨ, ਨਾ ਮੌਤ ਤੋਂ ਅਤੇ ਨਾ ਲੁੱਟੇ-ਪੁੱਟੇ ਜਾਣ ਤੋਂ, ਸਗੋਂ ਹਾਲਤ ਅਨੁਸਾਰ ਹਮੇਸ਼ਾ ਜੀਵਨ ਸੰਘਰਸ਼ ਕਰਨ ਨੂੰ ਤਿਆਰ ਰਹਿੰਦੇ ਸਨ। ਪੰਜਾਬੀ ਪਹਿਲ-ਕਦਮੀ ਕਰਨ ਵਾਲੇ ਹਨ। ਇਹ ਖੜੋਤ ਵਿੱਚ ਯਕੀਨ ਨਹੀਂ ਰੱਖਦੇ। ਇਹ ਕੁਝ ਨਾ ਕੁਝ ਕਰਨ ਦੇ ਆਹਰ ਵਿੱਚ ਰਹਿੰਦੇ ਹਨ, ਜ਼ੋਰ ਨਹੀਂ ਤਾਂ ਆਪੋ ਵਿੱਚ ਲੜਨ-ਮਰਨ ਦੇ।

ਇਸ ਨਿਰੰਤਰ ਉਥਲ-ਪੁਥਲ ਨੇ ਪੰਜਾਬੀ ਸੁਭਾਅ ਵਿੱਚ ਦੋ ਮੂੰਹ ਜ਼ੋਰ ਪ੍ਰਵਿਰਤੀਆਂ ਪੈਦਾ ਕੀਤੀਆਂ ਹਨ। ਪਹਿਲੀ ਇਹ ਕਿ ਪੰਜਾਬੀ ਜ਼ਿੰਦਗੀ ਨੂੰ ਜਨੂੰਨ ਵਾਂਗ ਜਿਉਂਦਾ ਹੈ। ਇਸ ਕਰਕੇ ਉਸਦਾ ਸੁਭਾਅ ਭੜਕੀਲਾ ਹੈ। ਉਹ ਫ਼ੌਰੀ ਅਤੇ ਇਕਦਮ ਤੱਤਾ ਹੋ ਉੱਠਦਾ ਹੈ ਅਤੇ ਓਨੀ ਹੀ ਤੇਜ਼ੀ



ਨਾਲ ਉਹ ਸਭ ਕੁਝ ਭੁੱਲਣ ਲਈ ਤਿਆਰ ਹੋ ਜਾਂਦਾ ਹੈ। ਜ਼ਿੰਦਗੀ ਨੇ ਉਸਨੂੰ ਬੜੇ ਖ਼ੌਫ਼ਨਾਕ ਸਬਕ ਸਿਖਾਏ ਹਨ। ਲਗਾਤਾਰ ਬਾਹਰੀ ਹਮਲਿਆਂ ਦਾ ਸ਼ਿਕਾਰ ਰਿਹਾ ਪੰਜਾਬੀ, ਸੁਭਾਅ ਵਜੋਂ ਹੀ, ਟਿਕਾਓ ਵਾਲਾ ਜੀਵਨ ਬਤੀਤ ਕਰਨੋਂ ਇਨਕਾਰੀ ਬਣ ਗਿਆ ਹੈ। ਦੂਸਰੀ ਪ੍ਰਵਿਰਤੀ ਉੱਚੀ ਬੋਲਣ ਅਤੇ ਲੋੜੋਂ ਵਧੇਰੇ ਤੀਘੜਨ ਦੀ ਹੈ। ਉਸਦੀ ਗੱਲ-ਬਾਤ ਉੱਚੀ, ਸੰਗੀਤ ਤਿੱਖਾ, ਉੱਚਾ ਤੇ ਤੇਜ਼ ਅਤੇ ਵਿਖਾਵੇ ਦੀ ਰੁਚੀ ਅਥਾਹ ਹੈ। ਨਿਰੰਤਰ ਦਬਾਵਾਂ ਅਤੇ ਟਕਰਾਵਾਂ ਵਿੱਚ ਉੱਸਰੇ ਪੰਜਾਬੀ ਸਮੂਹਕ ਅਵਚੇਤਨ ਦਾ ਇਹ ਨਿਆਰਾ ਨਤੀਜਾ ਹੈ। ਰਾਂਝਾ ਹੀਰ ਦੇ ਦਰ ਤੇ ਇਸੇ ਕਰਕੇ ਪੰਜਾਬੀ ਨਾਇਕ ਦਾ ਮੁਹਾਂਦਰਾ ਵੀ ਅਜਿਹੇ ਵਿਅਕਤੀਆਂ ਦਾ ਹੀ ਹੈ ਜੋ ਪੂਰੀ ਸਰਗਰਮੀ, ਸਿਰੇ ਦੀ ਸ਼ਿੱਦਤ ਅਤੇ ਜਨੂੰਨ ਨਾਲ ਆਪਣੇ ਪੈਂਡੇ ਪੈਂਦੇ ਹਨ। ਪੰਜਾਬੀਆਂ ਦੇ ਨਾਇਕ ਹਨ ਜੋਗੀ, ਯੋਧਾ ਤੇ ਆਸ਼ਕ। ਰਾਜਾ ਪੰਜਾਬੀ ਸੱਭਿਆਚਾਰ ਦਾ ਲੋਕ-ਨਾਇਕ ਨਹੀਂ, ਸਗੋਂ ਰਾਜਾ ਤ੍ਰਿਸਕਾਰ ਦਾ ਪਾਤਰ ਹੈ। ਪੰਜਾਬੀਆਂ ਨੇ ਰਾਜੇ ਦੀ ਸ਼ਕਤੀ ਅਤੇ ਸ਼ਾਨੋ-ਸ਼ੌਕਤ ਦੀ ਬਜਾਏ ਫ਼ਕੀਰ ਦੀ ਉੱਚਤਾ-ਸੁੱਚਤਾ ਨੂੰ ਮਾਣ ਦਿੱਤਾ ਹੈ। ਇਹ ਧਰਤੀ ਹੈ ਜਿੱਥੇ ਦੇ ਫ਼ਕੀਰ ਰਾਜੇ ਨੂੰ ਪਰਾਂ ਹੋ ਖੜੋਣ ਅਤੇ ਧੁੱਪ ਛੱਡਣ ਦਾ ਬੋਲ ਬੇਖੌਫ਼ ਹੋ ਬੋਲਦੇ ਹਨ, ਪੰਜਾਬੀਆਂ ਨੇ ਬਾਦਸ਼ਾਹ ਦਰਵੇਸ਼ਾਂ ਨੂੰ ਲੋਕ-ਨਾਇਕ ਮੰਨਿਆ ਹੈ।

ਪੰਜਾਬੀ ਸੱਭਿਆਚਾਰ ਦੀ ਇੱਕ ਹੋਰ ਖ਼ਾਸੀਅਤ ਇਹ ਹੈ ਕਿ ਇਹ ਤਿਆਗਵਾਦੀ ਜੀਵਨ-ਫ਼ਲਸਫ਼ੇ ਨੂੰ ਪ੍ਰਵਾਨ ਨਹੀਂ ਕਰਦਾ। ਇਹ ਜੀਵਨ ਨੂੰ ਸੱਚਾ-ਸੁੱਚਾ ਮੰਨਦੇ ਹੋਏ ਇਸ ਵਿੱਚ ਮਨੁੱਖੀ ਵਡਿੱਤਣ ਸਿਰਜਣ ਦਾ ਮੱਤ ਪੇਸ਼ ਕਰਦਾ ਹੈ। ਇਸ ਜੀਵਨ, ਮਨੁੱਖ ਤੇ ਸੰਸਾਰ ਨੂੰ ਸੱਚਾ ਮੰਨਣ ਕਾਰਨ ਪੰਜਾਬੀਆਂ ਦੇ ਸਾਰੇ ਕਾਰ-ਵਿਹਾਰ, ਆਦਰਸ਼ ਅਤੇ ਮਨੋਰਥ ਮਨੁੱਖ ਕੇਂਦਰਿਤ ਬਣਦੇ ਗਏ। ਇਸੇ ਕਰਕੇ ਪੰਜਾਬੀ ਸੱਭਿਆਚਾਰ ਵਿੱਚ ਜੀਵਨ ਨੂੰ ਜੀਊਣ ਦੀ ਇੱਛਾ ਅਤੇ ਸ਼ਕਤੀ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਭਰਪੂਰ ਜੀਵਨ ਲਈ ਸੰਘਰਸ਼ ਪੰਜਾਬੀਆਂ ਦਾ ਖ਼ਾਸਾ ਹੈ। 'ਖਾਧਾ ਪੀਤਾ ਲਾਹੇ ਦਾ' ਦੀ ਧਾਰਨਾ ਇਸੇ ਹੀ ਜੀਵਨ ਅਨੁਭਵ ਦਾ ਨਿਚੋੜ ਹੈ। ਪੰਜਾਬੀਆਂ ਦਾ ਪਹਿਰਾਵਾ, ਰੀਤਾਂ, ਹਾਰ-ਸ਼ਿੰਗਾਰ ਅਤੇ ਲੋਕ-ਗੀਤ ਪੰਜਾਬੀ ਸੱਭਿਆਚਾਰ ਦੀ ਰੰਗੀਲੀ ਤਸਵੀਰ ਉਲੀਕਦੇ ਹਨ। ਜ਼ਿੰਦਗੀ ਦੇ ਹਰ ਮੌਕੇ ਲਈ ਰੌਚਕ ਰੀਤਾਂ ਦੀ ਲੜੀ ਹਰੇਕ ਪੰਜਾਬੀ ਨੂੰ ਆਪਣੀ ਧਰਤੀ ਅਤੇ ਭਾਈਚਾਰੇ ਨਾਲ ਪਰੋਈ ਰੱਖਦੀ ਹੈ।

# ਆਖ਼ਰੀ ਮਹਾਰਾਣੀ




**ਹਰਪਾਲ ਸਿੰਘ ਪੰਨੂ**

**94642-51454**


ਹੁਣੇ ਬੀਤੇ ਸਾਲ 2021 ਵਿੱਚ ਚਿਤ੍ਰਾ ਬੈਨਰਜੀ ਦਿਵਾਕਰੂਨੀ ਦੀ ਮਹਾਰਾਣੀ ਜਿੰਦਾਂ ਉੱਪਰ 360 ਪੰਨਿਆਂ ਦੀ ਕਿਤਾਬ **Last Queen** ਆਈ ਹੈ ਜਿਸਨੂੰ ਉਸਨੇ 'ਨਾਵਲ' ਕਿਹਾ ਹੈ।

ਹਾਰਪਰ-ਕੋਲਿਨਜ਼ ਨੇ ਨੋਇਡਾ ਤੋਂ ਛਾਪੀ। ਵੱਖ- ਵੱਖ ਐਡੀਸ਼ਨਾਂ ਦੀ ਕੀਮਤ 220 ਰੁਪਏ ਤੋਂ ਲੈ ਕੇ 599 ਰੁਪਏ ਤੱਕ ਹੈ। ਦਿਲਚਸਪ ਤੱਥ ਇਹ ਕਿ ਅੰਗਰੇਜ਼ੀ ਵਿੱਚ ਛਪੀ ਇਸ ਕਿਤਾਬ ਦੇ ਛਪਣ ਸਾਰ ਹੀ ਨਾਲ਼ ਦੀ ਨਾਲ਼ ਡਾ. ਤਰਸ਼ਿੰਦਰ ਕੌਰ ਵੱਲੋਂ ਕੀਤਾ ਇਸ ਦਾ ਪੰਜਾਬੀ ਅਨੁਵਾਦ ਛਪ ਗਿਆ ਜਿਸਦਾ ਪ੍ਰਕਾਸ਼ਕ ਚੇਤਨਾ ਅਦਾਰਾ ਹੈ।

ਪੰਜਾਬੀ ਅਨੁਵਾਦ ਵਿੱਚ ਕੁਝ ਗ਼ਲਤੀਆਂ ਹਨ, ਜਿਸ ਕਰਕੇ ਨਜ਼ਰਅੰਦਾਜ਼ ਹੋ ਜਾਣਗੀਆਂ ਪਰ ਮੂਲ ਲੇਖਕ ਨੇ ਕੁਝ ਖ਼ਤਰਨਾਕ ਕਥਨ, ਭੁਲੇਖੇ ਨਾਲ਼ ਨਹੀਂ ਕੀਤੇ ਜਾਣ-ਬੁੱਝ ਕੇ ਕੀਤੇ ਹਨ। ਇਸ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਸਭ ਵਰਗਾਂ ਵੱਲੋਂ ਸਲਾਹੀ ਜਾਂਦੀ ਸਰਕਾਰ ਵੱਲੋਂ ਖ਼ਾਲਸਾ ਨੂੰ ਬਦਨਾਮ ਕਰਨਾ ਤੇ ਦੂਜਾ ਕਿਤਾਬ ਦੀ ਵਿਕਰੀ ਵਿੱਚ ਵਾਧਾ ਕਰਨ ਦੀ ਮਨਸ਼ਾ ਨਾਲ਼ ਸਨਸਨੀ, ਵਿਸਫ਼ੋਟ, ਹੈਰਤਅੰਗੇਜ਼ੀ ਦਾ ਮਾਹੌਲ ਸਿਰਜਣਾ।

ਇਰਵਿਨ ਸਟੋਨ ਦੇ ਦੋ ਨਾਵਲ ਐਗਨੀ ਐਂਡ ਐਕਸਟੈਸੀ (ਮਾਈਕਲੇਂਜਲੋ) ਅਤੇ ਲਸਟ ਫਾਰ ਲਾਈਫ (ਵਾਂ ਗਾੱਗ) ਦੋ ਮਹਾਨ ਕਲਾਕਾਰਾਂ ਉੱਪਰ ਲਿਖੇ ਸ਼ਾਨਦਾਰ ਨਾਵਲ ਹਨ। ਵਿਲੀਅਮ ਡੇਲਰਿੰਪਲ ਵੱਲੋਂ ਮੁਗ਼ਲ ਬਾਦਸ਼ਾਹਾਂ ਉੱਪਰ ਲਿਖੇ ਨਾਵਲ ਬਹੁਤ ਪੜ੍ਹੇ ਅਤੇ ਸਲਾਹੇ ਗਏ।

ਇਤਿਹਾਸਕਾਰ ਜਿੰਨੀ ਮਰਜੀ ਮਿਹਨਤ ਕਰਕੇ ਤੱਥ ਜੁਟਾਵੇ, ਉਸ ਦੀ ਲਿਖਤ ਵਿੱਚ ਕੁੱਝ ਖੱਪੇ ਰਹਿ ਹੀ ਜਾਂਦੇ ਹਨ। ਕੁਝ ਘਟਨਾਵਾਂ ਦੀ ਵਿਆਖਿਆ ਨਹੀਂ ਹੁੰਦੀ। ਤੱਥ, ਅੰਕੜਿਆਂ ਦੀ ਥਾਂ ਲੇਖਕ ਕਲਪਨਾ ਦਾ ਸਹਾਰਾ ਲੈ ਕੇ ਜਦੋਂ ਰਹਿ ਗਈਆਂ ਖ਼ਾਲੀ ਥਾਵਾਂ ਭਰਨ ਦਾ ਯਤਨ ਕਰਦਾ ਹੈ ਤਦ ਇਤਿਹਾਸਕ ਨਾਵਲ ਦਾ ਜਨਮ ਹੁੰਦਾ ਹੈ।

ਇਤਿਹਾਸਕ ਨਾਵਲ ਦੀ ਖ਼ੂਬੀ ਇਹ ਕਿ ਅਣਦਿਸਦੇ, ਅਣਬੀਤੇ ਸਮੇਂ ਨੂੰ ਸਾਕਾਰ ਕਰਦਾ ਹੈ, ਉਲਝੀਆਂ ਤੰਦਾਂ ਸੁਲਝਾਉਂਦਾ ਹੈ। ਇੱਕ ਉਦਾਹਰਨ ਦੇਣੀ ਵਾਜਿਬ ਹੋਏਗੀ। ਬਾਬਾ ਬੰਦਾ ਸਿੰਘ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਲੰਮਾ ਸਮਾਂ ਘੇਰਾ ਪਿਆ ਰਿਹਾ ਤੇ ਆਖ਼ਰ ਫੜੇ ਗਏ, ਸ਼ਹੀਦ ਹੋ ਗਏ। ਉਹ ਗੜ੍ਹੀ ਦੁਆਲੇ ਪਿਆ ਘੇਰਾ ਤੋੜਕੇ ਨਿਕਲ ਕਿਉਂ ਨਹੀਂ ਗਏ ? ਪਿਆ ਹੋਇਆ ਘੇਰਾ ਤੋੜ ਕੇ ਗੁਰੂ ਗੋਬਿੰਦ ਸਿੰਘ ਵੀ ਨਿਕਲਦੇ ਰਹੇ ਸਨ। ਕੀ ਬਾਬਾ ਜੀ ਨੂੰ ਇਹ ਲੱਗਾ ਕਿ ਸਾਥ ਛੱਡ ਕੇ ਗਏ ਸਿੰਘ ਹੋਰ ਸੈਨਾ ਲਿਆ ਕੇ ਘੇਰਾਬੰਦੀ ਤੋੜ ਦੇਣਗੇ ? ਜਾਂ ਕੀ ਉਨਾਂ ਦਾ ਖ਼ਿਆਲ ਸੀ ਕਿ ਦਿੱਲੀ ਬੈਠੇ ਮਾਤਾ ਸੁੰਦਰੀ ਜੀ ਆਪਣਾ ਰਸੂਖ਼ ਵਰਤ ਕੇ ਘੇਰਾਬੰਦੀ ਚੁਕਵਾ ਦੇਣਗੇ ? ਖ਼ੁਦ ਘੇਰਾ ਤੋੜ ਕੇ ਬਾਹਰ ਨਿਕਲ ਜਾਂਦੇ ਤਦ ਅਜਿਹਾ ਕਰਦਿਆਂ ਵੱਧ ਤੋਂ ਵੱਧ ਨੁਕਸਾਨ ਇਹ ਹੋਣਾ ਸੀ ਕਿ ਸਾਰੇ ਕਤਲ ਹੋ ਜਾਂਦੇ, ਹੋ ਸਕਦੈ ਕੁਝ ਬਚ ਕੇ ਵੀ ਨਿਕਲ ਜਾਂਦੇ। ਫੜੇ ਜਾਣ ਪਿੱਛੋਂ ਤਾਂ ਸਾਰੇ ਕਤਲ ਕਰ ਦਿੱਤੇ ਗਏ। ਇਤਿਹਾਸ ਇਸ ਦਾ ਜਵਾਬ ਨਹੀਂ ਦਿੰਦਾ। ਕੋਈ ਦਿੱਬਦ੍ਰਿਸ਼ਟੀ ਵਾਲਾ







ਗਲਪਕਾਰ ਇਸਦਾ ਉੱਤਰ ਲੱਭ ਸਕਦਾ ਹੈ।

ਚਿਤ੍ਰਾ ਬੈਨਰਜੀ ਨੂੰ ਵਧੀਕ ਕਲਪਨਾ ਕਰਨ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਜਿੰਦਾਂ ਬਾਰੇ ਬਹੁਤ ਸਰੋਤ ਮੌਜੂਦ ਹਨ। ਸਬੂਤ ਹੋਣ ਦੇ ਬਾਵਜੂਦ ਅਜਿਹੇ ਤੱਥ ਘੜਨੇ ਜਿਹੜੇ ਨਾਇਕ ਨੂੰ ਬਦਨਾਮ ਕਰਨ ਅਤੇ ਅਨਜਾਣ ਲੋਕਾਂ ਨੂੰ ਵੀ ਝੂਠੇ ਲੱਗਣ, ਸਸਤੀ ਸ਼ੁਹਰਤ ਤਾਂ ਦਿਵਾ ਸਕਦੇ ਹਨ, ਗੰਭੀਰ ਪਾਠਕਾਂ ਅੱਗੇ ਥਿਰ ਨਹੀਂ ਰਹਿੰਦੇ।

ਅੰਗਰੇਜ਼ਾਂ ਦਾ ਪੰਜਾਬ ਉੱਪਰ 1849 ਵਿੱਚ ਜਦੋਂ ਮੁਕੰਮਲ ਕਬਜ਼ਾ ਹੋ ਗਿਆ, ਉਦੋਂ ਤੱਕ ਮਹਾਰਾਜਾ ਦਲੀਪ ਸਿੰਘ ਨੂੰ ਛੱਡ ਕੇ ਰਣਜੀਤ ਸਿੰਘ ਦੇ ਬਾਕੀ ਸਾਰੇ ਸ਼ਹਿਜ਼ਾਦੇ ਖ਼ਾਨਾਜੰਗੀ ਵਿੱਚ ਕਤਲ ਹੋ ਚੁੱਕੇ ਸਨ। ਸਰਕਾਰ ਖ਼ਾਲਸੇ ਦਾ ਇੱਕੋ-ਇੱਕ ਵਾਰਿਸ ਕਿਤੇ ਪੰਥ ਵਿੱਚ ਆਦਰਯੋਗ ਥਾਂ ਨਾ ਬਣਾ ਲਵੇ, ਅੰਗਰੇਜ਼ਾਂ ਨੇ ਉਸ ਵਿਰੁੱਧ ਅਫਵਾਹਾਂ ਫੈਲਾਈਆਂ ਕਿ ਜਿੰਦਾਂ ਨਾਲ਼ ਵਿਆਹ ਕਰਨ ਵੇਲੇ ਤੱਕ ਮਹਾਰਾਜਾ ਰਣਜੀਤ ਸਿੰਘ ਵਿੱਚ ਮਰਦਾਨਗੀ ਨਹੀਂ ਰਹੀ ਸੀ। ਦਲੀਪ ਸਿੰਘ, ਮਹਿਲ ਦੇ ਮਾਸ਼ਕੀ ਗੁੱਲੂ ਦੀ ਨਾਜਾਇਜ਼ ਔਲਾਦ ਸੀ। ਪਰ ਇਹ ਅਫ਼ਵਾਹ ਕਾਮਯਾਬ ਹੋਈ ਨਹੀਂ। ਜੇ ਹੋ ਜਾਂਦੀ ਤਦ ਦਲੀਪ ਸਿੰਘ ਨੂੰ ਸਾਰੀ ਉਮਰ ਬੰਦੀ ਬਣਾ ਕੇ, ਵਜ਼ੀਫ਼ਾ ਦੇ ਕੇ ਇੰਗਲੈਂਡ ਵਿੱਚ ਰੱਖਣ ਦੀ ਲੋੜ ਹੀ ਨਾ ਪੈਂਦੀ। ਹਰਾਮੀਆਂ ਦੀ ਕੌਣ ਇੱਜ਼ਤ ਕਰਦਾ ਹੈ ?

ਹਥਲੀ ਕਿਤਾਬ ਵਿੱਚ ਚਿਤ੍ਰਾ ਦਾਅਵਾ ਕਰਦੀ ਹੈ ਇੱਕ ਵੀ ਸ਼ਹਿਜ਼ਾਦਾ ਰਣਜੀਤ ਸਿੰਘ ਦਾ ਤੁਖ਼ਮ ਨਹੀਂ ਸੀ, ਸਾਰੇ ਹਰਾਮੀ ਸਨ ਤੇ ਰਣਜੀਤ ਸਿੰਘ ਇਸ ਤੱਥ ਤੋਂ ਵਾਕਫ਼ ਸੀ। ਲਿਖਿਆ ਹੈ, 'ਸਰਕਾਰ (ਯਾਨੀਕਿ ਰਣਜੀਤ ਸਿੰਘ) ਦੇ ਆਪਣੇ ਪਰਿਵਾਰ ਨਾਲ਼ ਸੰਬੰਧ ਗੁੰਝਲਦਾਰ ਹਨ। ਉਨਾਂ ਦੀਆਂ ਕਈ ਪਤਨੀਆਂ ਤੇ ਕਿੰਨੇ ਹੀ ਪੁੱਤਰ ਹਨ। ਉਹ ਉਨਾਂ ਵਿੱਚੋਂ ਕੁਝ ਨੂੰ ਹੀ ਆਪਣੇ ਮੰਨਦੇ ਹਨ।' ਕੰਵਰ ਸ਼ੇਰ ਸਿੰਘ ਬਾਰੇ ਫ਼ਕੀਰ ਅਜੀਜ਼ੁੱਦੀਨ ਤੋਂ ਅਖਵਾਇਆ, 'ਉਸ ਦੀ ਸ਼ਕਲ ਰਣਜੀਤ ਸਿੰਘ ਨਾਲ਼ ਨਹੀਂ ਮਿਲਦੀ। ਕੁਝ ਵੀ ਹੋਵੇ ਹੁਣ ਪੰਜਾਬ ਖ਼ਾਤਰ ਸਰਕਾਰ ਨੇ ਉਸ ਨੂੰ ਅਪਣਾ ਪੁੱਤਰ ਮੰਨ ਲਿਆ।'

ਜੇ ਇਸ ਕਿਤਾਬ ਦੇ ਨੁਕਸ ਛਾਂਟਦੇ ਹਾਂ ਤਾਂ ਲੇਖਿਕਾ ਕਹੇਗੀ, ਇਹ ਤਾਂ ਨਾਵਲ ਹੈ, ਮੈਂ ਕਿਹੜਾ ਇਤਿਹਾਸ ਲਿਖਿਆ ਹੈ ? ਰਣਜੀਤ ਸਿੰਘ ਨੂੰ ਬਦਨਾਮ ਕਰਨ ਵਾਲੀ ਇਹੋ ਜਿਹੀ ਭਾਸ਼ਾ ਪਹਿਲਾਂ ਬਲਦੇਵ ਸਿੰਘ ਸੜਕਨਾਮਾ ਨੇ ਸੂਰਜ ਦੀ ਅੱਖ ਵਿੱਚ ਵਰਤੀ ਸੀ, ਹੁਣ ਚਿਤ੍ਰਾ ਨੇ।

ਸੂਰਜ ਦੀ ਅੱਖ ਵਿਚਲਾ ਰਣਜੀਤ ਸਿੰਘ ਅਪਣੇ ਸਰਦਾਰਾਂ ਸਮੇਤ ਹਾਥੀਆਂ ਘੋੜਿਆਂ 'ਤੇ ਸਵਾਰ ਹੋ ਕੇ ਲਾਹੌਰ ਦੀਆਂ ਗਲੀਆਂ ਵਿੱਚ ਹੋਲੀ ਖੇਡਦਾ ਹੈ, ਰੰਗ ਮੁੱਕ ਜਾਣ ਤੇ ਸਾਰੇ ਜਣੇ ਲੋਕਾਂ ਤੇ ਚਿੱਕੜ ਸੁੱਟਣ ਲਗਦੇ ਹਨ। ਜਿੰਦਾਂ ਅਤੇ ਜਵਾਹਰ ਸਿੰਘ ਦਾ ਪਿਤਾ ਮੰਨਾ ਸਿੰਘ ਔਲਖ ਮਹਿਲ ਦੇ ਸ਼ਿਕਾਰੀ

ਕੁੱਤੇਖਾਨੇ ਅਤੇ ਸ਼ਾਹੀ ਅਸਤਬਲ ਦਾ ਓਵਰਸੀਅਰ ਹੈ, ਪਰ ਲੇਖਕਾ ਉਸ ਦਾ ਹੁਲੀਆ ਇਸ ਤਰਾਂ ਬਿਆਨ ਕਰਦੀ ਹੈ ਜਿਵੇਂ ਉਹ ਗੋਹੇ ਦੀ ਟੋਕਰੀ ਢੋਂਦਾ ਸਫ਼ਾਈ ਸੇਵਕ ਹੋਵੇ। ਆਪਣੇ ਪਿਤਾ ਨੂੰ ਦੋਵੇਂ ਬੱਚੇ ਨਾਮ ਲੈ ਕੇ, ਮੰਨਾ ਕਹਿਕੇ ਬੁਲਾਉਂਦੇ ਹਨ। ਜਿਸ ਸ਼ਾਮ ਵਿਆਹੀ ਹੋਈ ਜਿੰਦਾਂ ਲਾਹੌਰ ਮਹਿਲ ਵਿੱਚ ਪਹਿਲੀ ਰਾਤ ਕੱਟਦੀ ਹੈ ਉਹ ਕਮਰਾ ਬਦਬੂਦਾਰ ਹੈ। ਸਵੇਰੇ ਸਫ਼ਾਈ ਕਰਨ ਵੇਲੇ ਨੌਕਰਾਣੀ ਨੇ ਮਰੀ ਹੋਈ ਚੂਹੀ ਕੱਢੀ। ਜਿੰਦਾਂ ਅਤੇ ਜਵਾਹਰ ਸਿੰਘ ਸਕੂਲ ਵਿੱਚ ਪੜਦੇ ਦਿਖਾਏ ਹਨ, ਜਦੋਂ ਕਿ ਸਕੂਲ ਅੰਗਰੇਜ਼ਾਂ ਨੇ ਸ਼ੁਰੂ ਕੀਤੇ ਸਨ। ਜੁੱਤੀ ਨਹੀਂ, ਜਿੰਦਾਂ ਅਤੇ ਜਵਾਹਰ ਚੱਪਲਾਂ ਪਹਿਨਦੇ ਹਨ। ਪਿਉ ਆਪਣੀ ਧੀ ਬਾਰੇ ਗੱਲ ਕਰਦਿਆਂ ਫੂਹੜ ਸ਼ਬਦਾਵਲੀ ਵਰਤਦਾ ਹੈ, ਉਸਨੂੰ ਅੱਖ ਮਾਰਦਾ ਹੈ, ਪੇਟ ਤੇ ਠੁੱਡਾ ਮਾਰਨ ਲਗਦਾ ਹੈ ਤਾਂ ਮਾਂ ਇਹ ਕਹਿਕੇ ਹਟਾਉਂਦੀ ਹੈ, 'ਰੁਕ ਜਾ। ਇਹ ਹੁਣ ਪੂਰੀ ਜਨਾਨੀ ਐ, ਇਹਦੇ ਜਣਨ ਅੰਗਾਂ 'ਤੇ ਸੱਟ ਵੱਜ ਜਾਊ।' ਪੰਜਵੇਂ ਅਧਿਆਇ ਦੇ ਪਹਿਲੇ ਅੱਧ ਤੱਕ ਲੈਲਾ ਘੋੜਾ ਹੈ, ਪਿਛਲੇ ਅੱਧ ਵਿੱਚ ਘੋੜੀ ਬਣ ਗਈ ਹੈ। ਮੰਨਾ ਸਿੰਘ ਨੂੰ ਵੀ ਨਹੀਂ ਪਤਾ ਇਹ ਘੋੜਾ ਹੈ ਕਿ ਘੋੜੀ।

ਹਾਲਾਂਕਿ ਪਹਿਲੀ ਤੱਕਣੀ ਵਿੱਚ ਹੀ ਜਿੰਦਾਂ ਮਹਾਰਾਜੇ ਨੂੰ ਚੰਗੀ ਲੱਗੀ ਪਰ ਮੰਨਾ ਸਿੰਘ ਮਹਾਰਾਜੇ ਨਾਲ਼ ਇਸ ਲਹਿਜੇ ਵਿੱਚ ਛੇਵੇਂ ਅਧਿਆਇ 'ਚ ਜਿੰਦਾਂ ਬਾਰੇ ਗੱਲਾਂ ਕਰਦਾ ਹੈ ਜਿਵੇਂ ਕੋਠੇ ਵਾਲੀ ਦਾ ਦੱਲਾ।

ਰਣਜੀਤ ਸਿੰਘ ਨਾਲ਼ ਜਿੰਦਾਂ ਦਾ ਮਿਲਾਪ ਦਿਖਾਉਂਦਿਆਂ ਹਲਕੇ ਕਾਮੁਕ ਇਸ਼ਾਰੇ ਕੀਤੇ ਹਨ ਅਤੇ ਅਸ਼ਲੀਲ ਭਾਸ਼ਾ ਵਰਤੀ ਹੈ। ਮਹਾਰਾਜੇ ਦੀ ਮੌਤ ਤੋਂ ਬਾਅਦ ਜਿੰਦਾਂ ਲਾਲ ਸਿੰਘ ਨਾਲ਼ ਸ਼ਰੇਆਮ ਇਸ਼ਕ ਕਰਦੀ ਹੈ, ਗਰਭਵਤੀ ਹੁੰਦੀ ਹੈ ਤੇ ਗਰਭਪਾਤ ਕਰਾਉਂਦੀ ਹੈ।

ਲੇਖਕ ਨੂੰ ਪੰਜਾਬੀ ਕਲਚਰ ਦੀ ਭੋਰਾ ਜਾਣਕਾਰੀ ਨਹੀਂ ਹੈ। ਰਣਜੀਤ ਸਿੰਘ ਨਾ ਫ਼ਕੀਰ ਸੀ ਨਾ ਫ਼ਰਿਸ਼ਤਾ। ਉਸ ਬਾਰੇ ਤਾਂ ਸੱਚੀਆਂ ਗੱਲਾਂ ਕਰੀ ਜਾਓ ਤਦ ਬਥੇਰੀ ਬਦਨਾਮੀ ਹੋ ਸਕਦੀ ਹੈ, ਉਸ ਨੂੰ ਬਦਨਾਮ ਕਰਨ ਲਈ ਮਨਘੜਤ ਕਹਾਣੀਆਂ ਪਾਉਣ ਦੀ ਕੀ ਲੋੜ ?

ਬਕੌਲ ਸੱਯਦ ਵਾਰਿਸ ਸ਼ਾਹ :

ਮਾਫ਼ ਕਰਨਾ ਜੀ ਅਸਾਂ ਨਿਮਾਣਿਆਂ ਨੂੰ
ਕੌਣ ਜੰਮਿਆਂ ਜੋ ਗ਼ੁਨਾਹਗ਼ਾਰ ਨਾਹੀਂ ॥

# ਕੌਣ ਸਾਂਭੇਗਾ ਦੀਪ ਦੀਆਂ ਯਾਦਾਂ


**ਕਰਮਜੀਤ ਸਿੰਘ ਚੰਡੀਗੜ੍ਹ**

**99150-91063**


ਅੱਜ ਮੈਂ ਕਿਸੇ ਕਥਾਵਾਚਕ ਦੀ ਕਥਾ ਸਰਵਣ ਕਰ ਰਿਹਾ ਸਾਂ ਜਿਸ ਵਿੱਚ ਉਨਾਂ ਨੇ ਦੀਪ ਸਿੱਧੂ ਦੀ ਯਾਦ ਵਿੱਚ ਸੰਸਾਰ ਭਰ 'ਚ ਲੋਕਾਂ ਵੱਲੋਂ ਵਗਦੇ ਹੰਝੂਆਂ ਦਾ ਜ਼ਿਕਰ ਕੀਤਾ ਅਤੇ ਨਾਲ਼ ਹੀ ਸਿੱਖ ਇਤਿਹਾਸ ਦੇ ਉਹ ਦੌਰ ਵੀ ਯਾਦ ਕਰਵਾਏ ਜਦੋਂ ਕੌਮ ਨੇ ਹੰਝੂਆਂ ਨਾਲ਼ ਉਸ ਦੌਰ ਦੀਆਂ ਘਟਨਾਵਾਂ ਨੂੰ ਯਾਦ ਕੀਤਾ ਸੀ। ਪਰ ਇਸ ਕਥਾਵਾਚਕ ਨੂੰ ਸਭ ਤੋਂ ਵੱਡੀ ਚਿੰਤਾ ਇਹ ਸੀ ਕਿ ਜਿਸ ਤਰਾਂ ਅਸੀਂ 84 ਦੀਆਂ ਘਟਨਾਵਾਂ ਨੂੰ, ਸੁੱਖਾ-ਜਿੰਦਾ ਦੀ ਸ਼ਹਾਦਤ ਨੂੰ ਅਤੇ ਹੋਰ ਸ਼ਹਾਦਤਾਂ ਵਿੱਚ ਵਗਦੇ ਹੰਝੂਆਂ ਨੂੰ ਭੁੱਲ ਚੁੱਕੇ ਹਾਂ ਇਸੇ ਤਰਾਂ ਦੀਪ ਸਿੱਧੂ ਦੀ ਯਾਦ ਵਿੱਚ ਵਗਣ ਵਾਲੇ ਹੰਝੂਆਂ ਨੂੰ ਵੀ ਸਮਾਂ ਪਾ ਕੇ ਕੌਮ ਭੁੱਲ ਜਾਵੇਗੀ। ਇਸ ਕਥਾਵਾਚਕ ਦੇ ਸ਼ਬਦਾਂ ਵਿੱਚ ਇੱਕ ਤਰਾਂ ਨਾਲ਼ ਗੁੱਝੀ ਚਿਤਾਵਨੀ ਵੀ ਹੈ, ਚੁਣੌਤੀ ਵੀ ਹੈ, ਫ਼ਿਕਰ ਵੀ ਹੈ, ਗਿਲਾ-ਸ਼ਿਕਵਾ ਅਤੇ ਰੋਸ ਵੀ ਹੈ ਅਤੇ ਇਹੋ ਜਿਹਾ ਹੋਰ ਬਹੁਤ ਕੁਝ ਹੈ ਜੋ ਸਾਨੂੰ ਅੱਜ ਸੋਚਣ ਲਈ ਇੱਕ ਆਵਾਜ਼ ਦੇ ਰਿਹਾ ਹੈ।

ਮੈਂ ਇੱਥੇ ਚੈਲੇਂਜ ਐਂਡ ਰਿਸਪੌਂਸ ਦੀ ਥਿਊਰੀ ਦਾ ਜ਼ਿਕਰ ਕਰਦਾ ਹਾਂ ਜੋ ਸੱਭਿਆਤਾਵਾਂ ਦੇ ਚੜਦੇ-ਡੁੱਬਦੇ ਇਤਿਹਾਸਕਾਰ ਆਰਨਲਡ ਟਾਇਨਬੀ ਨੇ 'ਏ ਸਟੱਡੀ ਆਫ਼ ਹਿਸਟਰੀ' ਵਿੱਚ ਦਿੱਤੀ। ਦੋ ਦਰਜਨ ਸੱਭਿਆਤਾਵਾਂ ਉੱਤੇ ਆਧਾਰਿਤ ਇਹ ਥਿਊਰੀ ਇਹ ਕਹਿੰਦੀ ਹੈ ਕਿ ਜਦੋਂ ਕਿਸੇ ਸੱਭਿਅਤਾ ਉੱਤੇ ਕੋਈ ਸੰਕਟ ਆਉਂਦਾ ਹੈ ਤਾਂ ਇਹ ਇੱਕ ਤਰਾਂ ਉਸ ਸੱਭਿਅਤਾ ਲਈ ਚੈਲੇਂਜ ਹੁੰਦਾ ਹੈ ਅਤੇ ਜੇਕਰ ਉਸ ਸੱਭਿਅਤਾ ਦੇ ਆਗੂ ਉਸ ਸੰਕਟ ਪ੍ਰਤੀ ਹੁੰਗਾਰਾ ਨਹੀਂ ਭਰਦੇ ਜਾਂ ਰਿਸਪੌਂਸ ਨਹੀਂ ਦਿੰਦੇ ਜਾਂ ਡਟ ਕੇ ਉਸ ਦਾ ਮੁਕਾਬਲਾ ਨਹੀਂ ਕਰਦੇ ਤਾਂ ਇਤਿਹਾਸ ਵਿੱਚ ਉਸ ਸੱਭਿਅਤਾ ਦਾ ਨਾਮੋ-ਨਿਸ਼ਾਨ ਮਿਟ ਜਾਂਦਾ ਹੈ।

ਹੁਣ ਸਾਡੇ ਸਾਹਮਣੇ ਚੈਲੇਂਜ ਇਹ ਹੈ ਕਿ ਅਸੀਂ ਦੀਪ ਦੀ ਸੋਚ ਨੂੰ ਬਚਾ ਕੇ ਕਿਵੇਂ ਰੱਖਣਾ ਹੈ। ਜਦੋਂ ਨੌਜਵਾਨ ਇਹ ਕਹਿੰਦੇ ਹਨ ਕਿ 'ਦੀਪ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ' ਤਾਂ ਇਹ ਇੱਕ ਹੁੰਗਾਰਾ ਹੈ, ਇੱਕ ਪ੍ਰਣ ਹੈ, ਇੱਕ ਵਾਅਦਾ ਹੈ, ਪਰ ਨਾਲ਼ ਹੀ ਇਸ ਨੂੰ ਅਮਲ ਵਿੱਚ ਉਤਾਰਨਾ ਪੈਣਾ ਹੈ। ਇਹ ਸਾਡੇ ਤੇ ਤੁਹਾਡੇ ਸਾਹਮਣੇ ਇੱਕ ਵੱਡਾ ਸਵਾਲ ਹੈ।

ਸਾਡਾ ਪ੍ਰਣ ਹੈ ਕਿ ਅਸੀਂ ਵਗਦੇ ਅੱਥਰੂਆਂ ਨੂੰ ਯਾਦ ਰੱਖਾਂਗੇ ਤੇ ਕਦੇ ਵੀ ਨਹੀਂ ਭੁੱਲਾਂਗੇ, ਜਿਵੇਂ ਅਸੀਂ ਬੀਤੇ ਦੀਆਂ ਮਹਾਨ ਘਟਨਾਵਾਂ ਨੂੰ ਭੁੱਲਦੇ ਰਹੇ ਹਾਂ। ਹੁਣ ਦੋਸਤੋ ਦੀਪ ਦੀ ਯਾਦ ਨੂੰ ਅੰਮ੍ਰਿਤ ਵੇਲੇ ਦੀ ਸੱਜਰੀ ਸਵੇਰ ਵਾਂਗ ਤਾਜ਼ਾ ਰੱਖਣ ਲਈ 'ਯਾਦ ਰੱਖਣ ਦੇ ਇੱਕ ਯੁੱਗ ਦੀ ਅਸੀਂ ਸ਼ੁਰੂਆਤ ਕਰਨ ਦਾ ਅੱਜ ਇਕਰਾਰ ਕਰਦੇ ਹਾਂ'। ਦੂਜੇ ਸ਼ਬਦਾਂ ਵਿੱਚ ਅਸੀਂ ਚੜਦੀ ਜਵਾਨੀ ਵਿੱਚੋਂ ਹੀ ਇੱਕ ਅਜਿਹੀ ਲੀਡਰਸ਼ਿਪ ਪੈਦਾ ਕਰਾਂਗੇ ਅਤੇ ਉਸ ਦੀ ਅਜਿਹੀ ਯਾਦਗਾਰ ਕਾਇਮ ਕਰਾਂਗੇ ਜੋ ਵਰਤਮਾਨ ਅਤੇ ਆਉਣ ਵਾਲੀਆਂ ਪੀੜੀਆਂ ਲਈ ਇੱਕ ਮਿਸਾਲ ਕਾਇਮ ਕਰੇਗੀ।

ਦੋਸਤੋ, ਜਦੋਂ ਤੁਸੀਂ 24 ਫ਼ਰਵਰੀ ਵਾਲੇ ਦਿਨ ਲੱਖਾਂ ਦੀ ਗਿਣਤੀ ਵਿੱਚ ਸਾਹਿਬਜ਼ਾਦਿਆਂ ਦੀ ਪਵਿੱਤਰ ਸਰਜ਼ਮੀਨ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਵੱਲ ਜਾ ਰਹੇ ਹੋਵੋਗੇ ਤਾਂ ਦੀਪ ਸਿੱਧੂ ਦੇ ਬੋਲ, ਉਸ ਦੀਆਂ ਸੈਂਕੜੇ ਵੀਡੀਓਜ਼, ਉਸ ਦੀਆਂ ਮੁਲਾਕਾਤਾਂ, ਆਹਮੋ-ਸਾਹਮਣੇ ਦੀਪ ਨਾਲ਼ ਹੋਈਆਂ ਗੱਲਾਂ ਅਤੇ ਤਕਰੀਰਾਂ ਨੂੰ ਯਾਦ ਰੱਖਣਾ, ਜਿਨਾਂ ਗੱਲਾਂ ਕਰਕੇ ਉਹ ਸਾਡੇ ਦਿਲਾਂ ਉੱਤੇ ਰਾਜ ਕਰਦਾ ਹੈ।

ਦੀਪ ਸਿੱਧੂ ਨੂੰ ਪਿਆਰ ਕਰਨ ਵਾਲੇ ਅਤੇ ਕੰਪਿਊਟਰ ਦੇ ਮਾਹਿਰ ਦੀਪ ਦੀਆਂ ਸਾਰੀਆਂ ਵੀਡੀਓਜ਼, ਮੁਲਾਕਾਤਾਂ, ਤਕਰੀਰਾਂ ਨੂੰ ਇੱਕ ਥਾਂ 'ਤੇ ਇਕੱਠਾ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹੋ ਕੀਮਤੀ ਦਸਤਾਵੇਜ਼ ਦੀਪ ਦੀ ਸੋਚ ਦੀਆਂ ਇਤਿਹਾਸਕ ਯਾਦਗਾਰਾਂ ਬਣਨਗੀਆਂ ਅਤੇ ਇਨਾਂ ਯਾਦਗਾਰਾਂ ਨੂੰ ਹੀ ਆਪਣੇ ਚੇਤਿਆਂ ਵਿੱਚ ਵਸਾ ਕੇ ਅਸੀਂ ਆਪਣੇ ਭਵਿੱਖ ਦੇ ਰਾਹਾਂ ਦੀ ਸਿਰਜਣਾ ਕਰਾਂਗੇ।


Website Design & Development

→ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ |
→ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ |

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਤਵਾਰੀਖ ਦੇ ਪੰਨਿਆਂ ’ਤੇ ਸਾਕਾ ਨਨਕਾਣਾ ਸਾਹਿਬ



**ਜੋਰਾਵਰ ਸਿੰਘ ਤਰਸਿੱਕਾ**

ਸਿੱਖ ਅਰਦਾਸ ਵਿੱਚ ਜ਼ਿਕਰ ਆਉਂਦਾ ਹੈ, ਜਿਨਾਂ ਸਿੰਘਾ-ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਪੁੱਠੀਆਂ ਖੱਲਾਂ ਲੁਹਾਈਆਂ, ਆਰਿਆਂ ਨਾਲ਼ ਚਿਰਾਏ ਗਏ, ਜੀਂਦੇ ਜੀ ਸਾੜਿਆ ਗਿਆ, ਸੀ ਨਹੀਂ ਕੀਤੀ, ਧਰਮ ਨਹੀਂ ਹਾਰਿਆ, ਉਨਾਂ ਸ਼ਹੀਦਾਂ ਮੁਰੀਦਾਂ ਦਾ ਧਿਆਨ ਧਰ ਕੇ ਬੋਲੋ ਜੀ ਸ੍ਰੀ ਵਾਹਿਗੁਰੂ। ਸਾਕਾ ਨਨਕਾਣਾ ਸਾਹਿਬ ਵਿੱਚ ਸਿੱਖ ਜੀਂਦੇ ਜੀ ਜੰਡਾਂ ਨਾਲ਼ ਬੰਨ ਕੇ ਸਾੜੇ ਗਏ ਅਤੇ ਜੀਂਦਿਆਂ ਨੂੰ ਬਲਦੀਆਂ ਭੱਠੀਆਂ ਵਿੱਚ ਸੁੱਟਿਆ ਗਿਆ। 21 ਫ਼ਰਵਰੀ 1921 ਵਿੱਚ ਇਹ ਇਤਿਹਾਸਕ ਸੱਚ ਸਿੱਖਾਂ ਨਾਲ਼ ਵਾਪਰਿਆ ਜਿਸ ਨੂੰ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ। ਇਹ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਜਨਮ ਅਸਥਾਨ ਵਿਖੇ ਹੋਇਆ ਸੀ ਜਿਸ ਨੂੰ ਯਾਦ ਕਰਕੇ ਅੱਜ ਵੀ ਦਿਲ ਕੰਬ ਉਠਦਾ ਹੈ। ਨਨਕਾਣਾ ਸਾਹਿਬ ਦੇ ਇਸ ਸਾਕੇ ਦੇ ਇਤਿਹਾਸ ਦਾ ਸੰਖੇਪ ਰੂਪ ਵਿੱਚ ਕੁਝ ਹਰਫ਼ਾਂ ਰਾਹੀਂ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

## 21 ਫ਼ਰਵਰੀ ਦਾ ਇਤਿਹਾਸ

### ਸਾਕਾ ਨਨਕਾਣਾ ਸਾਹਿਬ

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜੋ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਹੈ, ਦਾ ਪ੍ਰਬੰਧ ਸੰਨ 1920 ਵਿੱਚ ਮਹੰਤ ਨਰਾਇਣ ਦਾਸ ਚਲਾਉਂਦਾ ਸੀ, ਜਿਹੜਾ ਸਾਰੀ ਮਹੰਤ ਸ਼੍ਰੇਣੀ ਵਿੱਚੋਂ ਅਤਿ ਦਰਜੇ ਦਾ ਸ਼ਰਾਬੀ ਅਤੇ ਭੈੜੇ ਆਚਰਣ ਵਾਲਾ ਸੀ। ਉਸ ਨੇ ਪਵਿੱਤਰ ਗੁਰਧਾਮ ਨੂੰ ਅਯਾਸ਼ੀ ਦਾ ਅੱਡਾ ਬਣਾਇਆ ਹੋਇਆ ਸੀ। ਉਸ ਨੇ 1917 ਈ. ਵਿੱਚ ਗੁਰਦੁਆਰੇ ਦੀ ਹਦੂਦ ਅੰਦਰ ਵੇਸਵਾ ਦਾ ਨਾਚ ਕਰਾਇਆ। ਗੁਰਦੁਆਰੇ ਦੀ ਹਦੂਦ ਅੰਦਰ ਸ਼ਰੇਆਮ ਸ਼ਰਾਬ ਦਾ ਦੌਰ ਚਲਾਉਂਦਾ ਰਹਿੰਦਾ ਸੀ ਅਤੇ ਉਸ ਦੇ ਚੇਲੇ ਖ਼ਤਰਨਾਕ ਹੱਦ ਤੱਕ ਵਿਗੜੇ ਹੋਏ ਸਨ। ਸੰਨ 1918 ਨੂੰ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਿਵਾਰ ਸਮੇਤ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤਾਂ ਰਾਤ ਸਮੇਂ ਉਸ ਦੀ 13 ਸਾਲਾ ਲੜਕੀ ਦਾ ਮਹੰਤ ਦੇ ਇੱਕ ਚੇਲੇ ਨੇ ਬਲਾਤਕਾਰ ਕੀਤਾ। ਉਸੇ ਸਾਲ ਹੀ ਪੂਰਨਮਾਸ਼ੀ ਨੂੰ ਜ਼ਿਲਾ ਲਾਇਲਪੁਰ ਦੇ ਜੜਾਂ ਵਾਲੇ ਇਲਾਕੇ ਦੀਆਂ ਛੇ ਬੀਬੀਆਂ ਗੁਰਦੁਆਰੇ ਦੇ ਦਰਸ਼ਨਾਂ ਨੂੰ ਆਈਆਂ ਤਾਂ ਮਹੰਤ ਦੇ ਚੇਲਿਆਂ ਨੇ ਉਨਾਂ ਦਾ ਵੀ ਇਹੋ ਹਸ਼ਰ ਕੀਤਾ। ਜਦ ਕੁਝ ਸਿੱਖਾਂ ਨੇ ਮਹੰਤ ਕੋਲ਼



**ਸਾਕਾ ਨਨਕਾਣਾ ਸਾਹਿਬ ’ਤੇ ਵਿਸ਼ੇਸ਼**

ਇਸ ਗੱਲ ਦਾ ਰੋਸ ਕੀਤਾ ਤਾਂ ਅੱਗੋਂ ਉਸ ਨੇ ਇਹ ਕਿਹਾ ਕਿ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਇੱਥੇ ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ। ਇਸ ਮਹੰਤ ਦੀ ਵੱਧ ਰਹੀ ਗੁੰਡਾਗਰਦੀ ਨੂੰ ਵੇਖਦੇ ਹੋਏ 26 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਇਹ ਗੁਰਮਤਾ ਪਾਸ ਕੀਤਾ ਗਿਆ ਕਿ 4, 5 ਅਤੇ 6 ਮਾਰਚ 1921 ਈ. ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਪੰਥ ਦਾ ਇੱਕ ਭਾਰੀ ਇਕੱਠ ਕੀਤਾ ਜਾਵੇ, ਜਿਸ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਲਈ ਤਜਵੀਜ਼ਾਂ ਹੋਣੀਆਂ ਸਨ। ਖ਼ਾਸ ਕਰਕੇ ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਬਾਰੇ ਵਿਚਾਰ ਕੀਤੀ ਜਾਣੀ ਸੀ ਕਿ ਉਸ ਨੂੰ ਆਪਣੇ ਆਪ ਦਾ ਅਤੇ ਗੁਰਦੁਆਰੇ ਦੇ ਪ੍ਰਬੰਧ ਦਾ ਸੁਧਾਰ ਕਰਨ ਲਈ ਕਿਹਾ ਜਾਵੇ। ਦੂਜੇ ਪਾਸੇ ਜਦ ਮਹੰਤ ਨਰੈਣੂ ਨੂੰ ਇਸ ਫ਼ੈਸਲੇ ਦੀ ਸੂਹ ਮਿਲੀ ਤਾਂ ਉਸ ਨੇ ਵੀ ਇੱਕ ਸਨਾਤਨ ਸਿੱਖ ਕਾਨਫ਼ਰੰਸ ਲਾਹੌਰ ਵਿਖੇ 19, 20 ਅਤੇ 21 ਫ਼ਰਵਰੀ ਨੂੰ ਬਾਬਾ ਕਰਤਾਰ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਸੱਦ ਲਈ, ਜਿਸ ਵਿੱਚ ਬਹੁਤ ਸਾਰੇ ਗੁਰਦੁਆਰਿਆਂ ਦੇ ਮਹੰਤਾਂ ਅਤੇ ਸਰਬਰਾਹਾਂ ਨੂੰ ਸੱਦਾ ਦਿੱਤਾ ਗਿਆ ਇਹ ਵਿਚਾਰ ਕਰਨ ਲਈ ਕਿ ਇਨਾਂ ਅਕਾਲੀ ਸੁਧਾਰਕਾਂ ਦਾ ਡੱਟ ਕੇ ਮੁਕਾਬਲਾ ਕਿਵੇਂ ਕਰਨਾ ਹੈ ? ਮਹੰਤ ਸਾਜ਼ਿਸ਼ਾਂ ਕਰਨ ਵਿੱਚ ਬੜਾ ਮਾਹਰ ਸੀ। ਉਹ ਇੱਕ ਪਾਸੇ ਇਹ ਕਹਿ ਰਿਹਾ ਸੀ ਕਿ ਮੈਂ ਸ਼੍ਰੋਮਣੀ ਕਮੇਟੀ ਦੀ ਹਰ ਸ਼ਰਤ ਮੰਨਣ ਲਈ ਤਿਆਰ ਹਾਂ, ਦੂਸਰੇ ਪਾਸੇ ਉਸ ਨੇ ਇਲਾਕੇ ਦੇ ਰਾਂਝੇ ਅਤੇ ਰੀਹਾਨੇ ਵਰਗੇ ਚੋਟੀ ਦੇ ਬਦਮਾਸ਼ਾਂ, ਗੁੰਡਿਆਂ ਨੂੰ ਇਕੱਠਾ ਕਰਕੇ ਇਹ ਗੋਂਦ ਗੁੰਦੀ ਕਿ 4, 5 ਅਤੇ 6 ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਇਕੱਠੇ ਹੋਏ ਪੰਥਕ ਆਗੂਆਂ ਨੂੰ ਹਮਲਾ ਕਰਕੇ ਖ਼ਤਮ ਕਰ ਦੇਣਾ ਹੈ। ਇਸ ਲਈ ਉਸ ਨੇ ਕਈ ਪਠਾਣਾਂ ਨੂੰ ਨੌਕਰ ਵੀ ਰੱਖ ਲਿਆ ਅਤੇ ਬਹੁਤ ਸਾਰੇ ਟਕੂਏ, ਛਵੀਆਂ, ਗੰਡਾਸੇ, ਬੰਦੂਕਾਂ ਅਤੇ ਪਿਸਤੌਲਾਂ ਆਦਿ ਹਥਿਆਰ ਇਕੱਠੇ ਕਰ ਲਏ। ਭਾਰੀ ਗਿਣਤੀ ਵਿੱਚ ਗੋਲੀ ਸਿੱਕਾ, ਮਿੱਟੀ ਦਾ ਤੇਲ ਅਤੇ ਲੱਕੜਾਂ ਦਾ ਜਖ਼ੀਰਾ ਜਮਾਂ ਕਰ ਲਿਆ।

ਮਹੰਤ ਨਰੈਣੂ ਦੀ ਇਸ ਕੋਝੀ ਹਰਕਤ ਦੀ ਸੂਹ ਭਾਈ ਵਰਿਆਮ ਸਿੰਘ ਦੇ ਰਾਹੀਂ, ਜਿਸ ਨੂੰ ਸੂਹੀਏ ਦੇ ਤੌਰ ’ਤੇ ਮਹੰਤ ਕੋਲ਼ ਛੱਡਿਆ ਹੋਇਆ ਸੀ, ਭਾਈ ਕਰਤਾਰ ਸਿੰਘ ਝੱਬਰ ਹੋਰਾਂ ਨੂੰ ਲੱਗੀ ਕਿ ਮਹੰਤ ਦੀ ਨੀਅਤ ਸਾਫ਼ ਨਹੀਂ ਅਤੇ ਉਹ ਪੰਥਕ ਆਗੂਆਂ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਉਸ ਨੇ ਇਲਾਕੇ ਦੇ ਮੁਖੀ ਸਿੰਘਾਂ ਜਿਵੇਂ ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਬੂਟਾ ਸਿੰਘ ਲਾਇਲਪੁਰੀ ਆਦਿ ਨਾਲ਼ ਸਲਾਹ ਕੀਤੀ ਕਿ ਮਾਰਚ ਦੀ ਸਿੱਖ ਕਾਨਫਰੰਸ ਤੋਂ ਪਹਿਲਾਂ ਹੀ ਮਹੰਤ ਨਾਲ਼ ਸਿੱਝ ਲਿਆ ਜਾਵੇ। ਇਸ ਨੇ ਆਪਣੀ ਹਰਕਤ ਤੋਂ ਬਾਜ਼ ਨਹੀਂ ਆਉਣਾ। ਇਸ ਲਈ ਗੁਰਦੁਆਰੇ ਤੇ ਅਚਾਨਕ ਉਸ ਵੇਲੇ ਕਬਜ਼ਾ ਕਰ ਲਿਆ ਜਾਵੇ, ਜਦੋਂ ਮਹੰਤ ਲਾਹੌਰ ਵਿਖੇ ਹੋ ਰਹੀ ਸਨਾਤਨ ਕਾਨਫ਼ਰੰਸ ਵਿੱਚ ਗਿਆ ਹੋਵੇ।

## 17 ਫ਼ਰਵਰੀ 1921

17 ਫ਼ਰਵਰੀ 1921 ਈ. ਨੂੰ ਗੁ: ਸੱਚਾ ਸੌਦਾ ਚੂਹੜਕਾਣਾ ਵਿਖੇ ਮੀਟਿੰਗ ਕਰਕੇ ਮਤਾ ਪਕਾਇਆ ਗਿਆ ਕਿ 19 ਫ਼ਰਵਰੀ ਦੀ ਸ਼ਾਮ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਪਿੰਡਾਂ ਵਿੱਚੋਂ ਸਿੰਘਾਂ ਦਾ ਜੱਥਾ ਇਕੱਤਰ ਕਰਕੇ ਸ੍ਰੀ ਨਨਕਾਣਾ ਸਾਹਿਬ ਵੱਲ ਚਾਲੇ ਪਾ ਦੇਣ। 19 ਫ਼ਰਵਰੀ ਦੀ ਸ਼ਾਮ ਨੂੰ ਭਾਈ ਲਛਮਣ ਸਿੰਘ ਦਾ ਜੱਥਾ ਚੰਦਰਕੋਟ ਦੀ ਝਾਲ ਤੇ ਪਹੁੰਚ ਜਾਵੇ, ਉੱਥੇ ਹੀ ਭਾਈ ਕਰਤਾਰ ਸਿੰਘ ਝੱਬਰ ਦਾ ਜੱਥਾ ਉਸ ਨੂੰ ਮਿਲ ਪਵੇਗਾ ਅਤੇ ਫਿਰ ਇਕੱਠੇ ਹੋ ਕੇ ਸ੍ਰੀ ਨਨਕਾਣਾ ਸਾਹਿਬ ਵੱਲ ਕੂਚ ਕੀਤਾ ਜਾਵੇ। ਇਹ ਸਾਰੇ ਫ਼ੈਸਲੇ ਦੀ ਖ਼ਬਰ ਪੰਥਕ ਆਗੂਆਂ ਤੋਂ ਗੁਪਤ ਰੱਖੀ ਗਈ।

## 20 ਫ਼ਰਵਰੀ

20 ਫ਼ਰਵਰੀ ਨੂੰ ਭਾਈ ਲਛਮਣ ਸਿੰਘ ਡੇਢ ਕੁ ਸੌ ਸਿੰਘਾਂ ਦਾ ਜੱਥਾ ਲੈ ਕੇ ਚੱਲ ਪਿਆ ਅਤੇ ਭਾਈ ਕਰਤਾਰ ਸਿੰਘ ਝੱਬਰ ਨੇ ਵੀ ਗੁਰਦੁਆਰਾ ਸੱਚਾ ਸੌਦਾ ਵਿਖੇ 2200 ਸਿੰਘਾਂ ਦਾ ਜੱਥਾ ਇਕੱਠਾ ਕਰ ਲਿਆ। ਦੂਜੇ ਪਾਸੇ 20 ਫ਼ਰਵਰੀ ਨੂੰ ਹੀ ਲਾਹੌਰ ਵਿਖੇ ਅਕਾਲੀ ਅਖ਼ਬਾਰ ਦੇ ਦਫ਼ਤਰ ਵਿੱਚ ਪੰਥਕ ਮੁਖੀਆਂ ਦੀ ਇਕੱਤਰਤਾ ਹੋਣੀ ਸੀ, ਜਿਸ ਵਿੱਚ ਮਾਸਟਰ ਤਾਰਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ. ਹਰਚਰਨ ਸਿੰਘ, ਗਿਆਨੀ ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ. ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਇਕੱਠੇ ਹੋਏ ਤਾਂ ਉੱਥੇ ਪੰਥਕ ਆਗੂਆਂ ਨੂੰ ਭਾਈ ਕਰਤਾਰ ਸਿੰਘ ਝੱਬਰ ਹੋਰਾਂ ਦੇ ਫ਼ੈਸਲੇ ਦਾ ਪਤਾ ਲੱਗਾ।

ਬਾਕੀ ਸਫ਼ਾ 34 ’ਤੇ

# ਨਨਕਾਣਾ ਸਾਹਿਬ ਸਾਕੇ ਦਾ ਬਾਲ ਸ਼ਹੀਦ ਦਰਬਾਰਾ ਸਿੰਘ

**ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ**

ਨਨਕਾਣਾ ਸਾਹਿਬ ਦੇ ਪ੍ਰਬੰਧ ’ਤੇ ਮਹੰਤ ਨਰੈਣੂ ਕਾਬਜ਼ ਸੀ। ਇਤਿਹਾਸਕ ਅਸਥਾਨ ਨੂੰ ਭ੍ਰਿਸ਼ਟ ਤੇ ਦੁਰਾਚਾਰੀ ਮਹੰਤ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਲਈ ਸਥਾਨਕ ਤੇ ਕੇਂਦਰੀ ਸਿੱਖ ਆਗੂਆਂ ਨੇ ਫ਼ੈਸਲਾ ਕਰ ਲਿਆ। ਜਥੇਦਾਰ ਕਰਤਾਰ ਸਿੰਘ ਝੱਬਰ ਤੇ ਭਾਈ ਲਛਮਣ ਸਿੰਘ ਧਾਰੋਵਾਲੀ ਨੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕਰ ਦਿੱਤੀ ਸੀ। ਭਾਈ ਲਛਮਣ ਸਿੰਘ ਧਾਰੋਵਾਲੀ ਤੇ ਭਾਈ ਦਲੀਪ ਸਿੰਘ ਸਾਹੋਵਾਲ ਆਪਣੇ ਲਾਗਲੇ ਪਿੰਡ ਡੱਲਾ ਚੰਦਾ ਸਿੰਘ ਨੰਬਰ 85 (ਜ਼ਿਲਾ ਸ਼ੇਖ਼ੂਪੁਰਾ, ਪਾਕਿਸਤਾਨ) ਵਿਖੇ ਸ਼ਹੀਦੀ ਲਾਟ ਤੋਂ ਸਵੈ-ਇੱਛਤ ਕੁਰਬਾਨ ਹੋਣ ਵਾਲੇ ਪਰਵਾਨਿਆਂ ਦੇ ਨਾਵਾਂ ਦੀ ਸੂਚੀ ਤਿਆਰ ਕਰਨ ਲਈ ਆਏ।

ਸਭ ਤੋਂ ਪਹਿਲਾਂ ਸਾਬਕਾ ਫ਼ੌਜੀ ਹਵਾਲਦਾਰ ਭਾਈ ਕੇਹਰ ਸਿੰਘ ਨੇ ਆਪਣਾ ਨਾਂ ਪੇਸ਼ ਕੀਤਾ ਤਾਂ ਉਨਾਂ ਦਾ ਨੌਂ ਸਾਲ ਦਾ ਭੁਝੰਗੀ ਦਰਬਾਰਾ ਸਿੰਘ ਕਹਿ ਰਿਹਾ ਸੀ, ‘ਬਾਪੂ ਜੀ, ਮੇਰਾ ਨਾਂ ਵੀ ਸ਼ਹੀਦੀ ਜੱਥੇ ਵਿੱਚ ਲਿਖਾਵੋ। ਮੈਂ ਵੀ ਬਾਪੂ ਨਾਲ਼ ਸ਼ਹੀਦ ਹੋਵਾਂਗਾ।’ ਜੱਥੇਦਾਰਾਂ ਤੇ ਸੰਗਤ ਵੱਲੋਂ ਉਸ ਨੂੰ ਸਮਝਾਉਣ ਦੀ ਸਿਰਤੋੜ ਕੋਸ਼ਿਸ਼ ਕੀਤੀ ਗਈ ਕਿ ਪੁੱਤਰਾ ਤੇਰੀ ਉਮਰ ਅਜੇ ਛੋਟੀ ਹੈ, ਤੇਰਾ ਨਾਂ ਸ਼ਹੀਦੀ ਜੱਥੇ ’ਚ ਸ਼ਾਮਿਲ ਨਹੀਂ ਹੋ ਸਕਦਾ ਪਰ ਉਸ ਦੇ ਸਿਦਕੀ ਹੌਂਸਲੇ ਤੇ ਦ੍ਰਿੜ ਇਰਾਦੇ ਅੱਗੇ ਜੱਥੇਦਾਰਾਂ ਦੀਆਂ ਸਭ ਦਲੀਲਾਂ ਵਿਅਰਥ ਗਈਆਂ।

ਸੰਨ 1912 ਵਿੱਚ ਦਰਬਾਰਾ ਸਿੰਘ ਦਾ ਜਨਮ ਹੋਇਆ। ਉਹ ਅਜੇ ਇੱਕੀ ਦਿਨਾਂ ਦਾ ਹੀ ਸੀ ਕਿ ਮਾਂ ਬੀਬੀ ਰਤਨ ਕੌਰ ਪਰਲੋਕ ਸਿਧਾਰ ਗਈ। ਉਸ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦਾਦੀ ਸਿਰ ਪੈ ਗਈ। ਗੁਰਦੁਆਰਾ ਜਨਮ ਅਸਥਾਨ ਦਾ ਪ੍ਰਬੰਧ ਸਿੱਖ ਪੰਥ ਦੇ ਹੱਥਾਂ ਵਿੱਚ ਦੇਣ ਲਈ ਸਲਾਹ ਮਸ਼ਵਰੇ ਉਪਰੰਤ ਜੱਥੇਦਾਰ ਕਰਤਾਰ ਸਿੰਘ ਝੱਬਰ ਤੇ ਭਾਈ ਲਛਮਣ ਸਿੰਘ ਨੇ ਫ਼ੈਸਲਾ ਕਰ ਲਿਆ ਕਿ 19 ਤੇ 20 ਫ਼ਰਵਰੀ 1921 ਦੀ ਵਿਚਕਾਰਲੀ ਰਾਤ ਨੂੰ ਸ਼ਹੀਦੀ ਜੱਥੇ ਨਨਕਾਣਾ ਸਾਹਿਬ ਤੋਂ ਤਕਰੀਬਨ ਸੱਤ ਮੀਲ ਦੂਰ ਚੰਦਰਕੋਟ ਦੀ ਝਾਲ ’ਤੇ ਇਕੱਠੇ ਹੋਣਗੇ, ਜਿੱਥੋਂ ਉਹ ਨਨਕਾਣਾ ਸਾਹਿਬ ਨੂੰ ਚਾਲੇ ਪਾਉਣਗੇ। ਕੇਹਰ ਸਿੰਘ ਦੇ ਰੋਮ-ਰੋਮ ਵਿੱਚ ਸ਼ਹਾਦਤ ਦਾ ਚਾਅ ਚੜ ਗਿਆ। ਵਾਹਿਗੁਰੂ ਦਾ ਧਿਆਨ ਧਰਦਿਆਂ ਦਸਤਾਰ ਸਜਾ ਕੇ ਸ਼ਹੀਦੀ ਬਾਣਾ ਪਹਿਨ ਕੇ ਮਾਤਾ ਦੇ ਚਰਨਾਂ ’ਤੇ ਸੀਸ ਝੁਕਾਇਆ। ਦਰਬਾਰਾ ਸਿੰਘ ਘਰ ਵਿੱਚ ਹੀ ਸੀ। ਪਿਤਾ ਦੇ ਚਿਹਰੇ ’ਤੇ ਲਾਲੀਆਂ ਚੜਦੀਆਂ ਵੇਖ ਕੇ ਉਸ ਦੇ ਦਿਲ ’ਚ ਵੀ ਜਜ਼ਬਾਤ ਅੰਗੜਾਈਆਂ ਲੈਣ ਲੱਗੇ। ਭੇਦ ਤਾਂ ਖੁੱਲ ਚੁੱਕਿਆ ਸੀ। ਕੇਹਰ ਸਿੰਘ ਇਕਲੌਤੇ ਲਾਡਲੇ ਪੁੱਤ ਦਾ ਮੂੰਹ-ਮੱਥਾ ਚੁੰਮ ਕੇ ਹਿੱਕ ਨਾਲ਼ ਲਾ ਕੇ ਤੁਰਨ ਹੀ ਲੱਗਾ ਸੀ ਕਿ ਦਰਬਾਰਾ ਸਿੰਘ ਪਿਓ ਨੂੰ ਘੁੱਟ ਕੇ ਗਲਵੱਕੜੀ ਪਾ ਕੇ ਚਿੰਬੜ ਗਿਆ। ਬਾਲਕ ਨੇ ਪੂਰੀ ਦ੍ਰਿੜਤਾ ਨਾਲ਼ ਸਪੱਸ਼ਟ ਕਹਿ ਦਿੱਤਾ, ‘ਬਾਪੂ ਮੈਂ ਤੁਹਾਡੇ ਨਾਲ਼ ਹੀ ਜਾਵਾਂਗਾ ਤੇ ਨਾਲ਼ ਹੀ ਸ਼ਹੀਦ ਹੋਵਾਂਗਾ।’ ਦਾਦੀ ਜੀ, ਪਿਤਾ ਤੇ ਬਾਕੀ ਪਰਿਵਾਰ ਵੱਲੋਂ ਲੱਖ ਸਮਝਾਉਣ ’ਤੇ ਵੀ ਬਾਲਕ ਜਦ ਆਪਣੇ ਇਰਾਦੇ ’ਤੇ ਦ੍ਰਿੜ ਰਿਹਾ ਤਾਂ ਕੇਹਰ ਸਿੰਘ ਨੇ ਆਤਮਿਕ ਅਨੁਭਵ ਰਾਹੀਂ ਕਰਤਾਰ ਦੇ ਹੁਕਮ ਨੂੰ ਸਮਝਿਆ ਕਿ ਦਰਬਾਰਾ ਸਿੰਘ ਗੁਰੂ ਲੇਖੇ ਲੱਗਣ ਲਈ ਉਸ ਤੋਂ ਅੱਗੇ ਤੇ ਉੱਚਾ ਪਹੁੰਚ ਚੁੱਕਿਆ ਹੈ। ਉਹ ਧੀਰਜ ਨਾਲ਼ ਬੋਲਿਆ, ‘ਪਿਆਰੇ ਪੁੱਤਰ ਦਰਬਾਰਾ ਸਿੰਘ, ਜੱਫਾ ਛੱਡ ਤੇ ਝਟਪਟ ਤਿਆਰ ਹੋ ਜਾ। ਚੱਲ ਦੋਵੇਂ ਪਿਓ-ਪੁੱਤ ਇਕੱਠੇ ਹੀ ਚੱਲੀਏ।’ ਕੇਹਰ ਸਿੰਘ ਨੇ ਅਰਦਾਸ ਕੀਤੀ ਤੇ ਦੋਵੇਂ ਪਿਓ-ਪੁੱਤ ਘਰੋਂ ਬਾਹਰ ਨਿਕਲੇ। ਪਿੰਡ ਦੇ ਹੋਰ ਸ਼ਹੀਦੀ ਪਰਵਾਨੇ ਨਾਲ਼ ਰਲ ਗਏ। ਪਿੰਡੋ-ਪਿੰਡੀ ਵਧਦਾ ਜੱਥਾ ਦੋ ਸੌ ਸਿੰਘਾਂ ਦਾ ਹੋ ਗਿਆ।

‘ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ’ ਸ਼ਬਦ ਪੜਦਾ ਹੋਇਆ ਜੱਥਾ ਪਿੰਡ ਕੋਟਲਾ ਕਾਹਲਵਾਂ ’ਚ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੇ ਜੱਥੇ ਨਾਲ਼ ਜਾ ਰਲ਼ਿਆ। ਸਾਰਾ ਜੱਥਾ ਮਿੱਥੇ ਵਕਤ ਚੰਦਰਕੋਟ ਦੀ ਝਾਲ ’ਤੇ ਪਹੁੰਚ ਗਿਆ। ਸ਼ਹੀਦੀ ਬਾਣੇ ਪਹਿਨੀ ਤੇ ਸਿਰਾਂ ’ਤੇ ਕਫ਼ਨ ਸਜਾਈ ਜੱਥਾ ਤੜਕੇ ਪੌਣੇ ਪੰਜ ਵਜੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿੱਚ ਦਾਖ਼ਲ ਹੋ ਗਿਆ। ਮਹੰਤ ਨੂੰ ਉਸ ਦੇ ਸੂਹੀਆਂ ਪਾਸੋਂ ਕੁਝ ਹਫ਼ਤੇ ਪਹਿਲਾਂ ਹੀ ਅਕਾਲੀ ਜੱਥਿਆਂ ਵੱਲੋਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣ ਸੰਬੰਧੀ ਪ੍ਰੋਗਰਾਮ ਬਾਰੇ ਪਤਾ ਲੱਗ ਗਿਆ ਸੀ। ਫਿਰੰਗੀ ਸਰਕਾਰ ਦੀ ਸ਼ਹਿ ਹੋਣ ਕਾਰਨ ਉਸ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣ ਆਏ ਸਾਰੇ ਸਿੰਘਾਂ ਨੂੰ ਸ਼ਹੀਦ ਕਰਨ ਲਈ ਬੰਦੂਕਾਂ, ਤਲਵਾਰਾਂ, ਛਵੀਆਂ, ਕੁਹਾੜੀਆਂ, ਮਿੱਟੀ ਦੇ ਤੇਲ ਦੇ ਪੀਪੇ, ਲੱਕੜਾਂ ਦੇ ਗੱਡੇ ਆਦਿ ਦੇ ਵੱਡੇ ਭੰਡਾਰ ਇਕੱਠੇ ਕਰ ਲਏ। ਇਲਾਕੇ ਦੇ ਬਦਮਾਸ਼ਾਂ, ਕਾਤਲਾਂ ਤੇ ਕੁਝ ਪਠਾਣਾਂ ਨੂੰ ਵੀ ਉਸ ਨੇ ਭਾੜੇ ’ਤੇ ਇਕੱਠਾ ਕੀਤਾ ਹੋਇਆ ਸੀ, ਜੋ ਦਿਨ- ਰਾਤ ਸ਼ਰਾਬ ਕੱਢਦੇ ਤੇ ਪੀਂਦੇ ਰਹਿੰਦੇ।

ਜੱਥੇ ਦੇ ਸਿੰਘਾਂ ਨੇ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋ ਕੇ ਦਰਸ਼ਨੀ ਡਿਉਢੀ ਦਾ ਬੂਹਾ ਅੰਦਰੋਂ ਬੰਦ ਕਰ ਲਿਆ। ਭਾਈ ਲਛਮਣ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਆਸਾ ਦੀ ਵਾਰ ਦਾ ਪਾਠ ਕਰਨਾ ਆਰੰਭ ਕਰ ਦਿੱਤਾ। ਭਾਈ ਕੇਹਰ ਸਿੰਘ, ਦਰਬਾਰਾ ਸਿੰਘ ਤੇ ਕੁਝ ਹੋਰ ਗਿਣਤੀ ਦੇ ਗੁਰਸਿੱਖ ਵੀ ਚੌਖੰਡੀ (ਉਹ ਅਸਥਾਨ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ) ਵਿੱਚ ਬਿਰਾਜਮਾਨ ਹੋ ਕੇ ਭਾਈ ਲਛਮਣ ਸਿੰਘ ਪਾਸੋਂ ਪਾਠ ਸਰਵਣ ਕਰ ਰਹੇ ਸਨ। ਬਾਕੀ ਸਿੰਘ ਬਰਾਂਡੇ ਵਿੱਚ ਬੈਠੇ ਸਨ। ਮਹੰਤ ਨੇ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਮਕਾਨਾਂ ਦੀਆਂ ਛੱਤਾਂ ’ਤੇ ਬੰਦੂਕਾਂ ਦੇ ਕੇ ਕਾਤਲ ਬਿਠਾਏ ਹੋਏ ਸਨ। ਸਿੰਘਾਂ ਦੇ ਬੈਠਦਿਆਂ ਹੀ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ। ਮਹੰਤ ਨੇ ਪੱਕਾ ਇਰਾਦਾ ਕੀਤਾ ਹੋਇਆ ਸੀ ਕਿ ਇੱਕ ਵੀ ਸਿੰਘ ਜੀਊਂਦਾ ਨਹੀਂ ਛੱਡਿਆ ਜਾਵੇਗਾ। ਚੌਖੰਡੀ ਅੰਦਰ ਬੈਠੇ ਸਿੰਘਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰੱਖਣ ਲਈ ਸਾਰੇ ਦਰਵਾਜ਼ੇ ਅੰਦਰੋਂ ਬੰਦ ਕਰ ਦਿੱਤੇ। ਅੰਦਰਲੇ ਸਿੰਘਾਂ ਨੇ ਭੁਝੰਗੀ ਦਰਬਾਰਾ ਸਿੰਘ ਨੂੰ ਬੁਖਾਰਚੀ (ਅਲਮਾਰੀ) ਵਿੱਚ ਬੰਦ ਕਰ ਕੇ ਕੁੰਡੀ ਲਾ ਦਿੱਤੀ। ਸਿੰਘ ਪੂਰੀ ਤਰਾਂ ਸ਼ਾਂਤਮਈ ਸਨ। ਜ਼ਖ਼ਮੀ ਤੇ ਤੜਫਦੇ ਸਿੰਘ ‘ਵਾਹਿਗੁਰੂ ਵਾਹਿਗੁਰੂ’ ਉਚਾਰ ਰਹੇ ਸਨ।

ਕਾਤਲਾਂ ਨੇ ਬਾਹਰਲੇ ਸਾਰੇ ਸਿੰਘ ਸ਼ਹੀਦ ਕਰ ਕੇ ਉਨਾਂ ਦੀਆਂ ਦੇਹਾਂ ਦੇ ਟੁਕੜੇ-ਟੁਕੜੇ ਕਰ ਕੇ ਅਗਨ ਭੇਂਟ ਕਰ ਦਿੱਤੇ। ਫਿਰ ਚੌਖੰਡੀ ਦੇ ਪਹਾੜ ਵਾਲੇ ਪਾਸੇ ਦੇ ਬੂਹੇ ਦੀ ਚੂਥੀ ਪੁੱਟ ਕੇ ਹਵਾਲਦਾਰ ਕੇਹਰ ਸਿੰਘ ਸਮੇਤ ਅੰਦਰਲੇ ਸਿੰਘਾਂ ਨੂੰ ਗੋਲੀਆਂ ਨਾਲ਼ ਭੁੰਨ ਦਿੱਤਾ। ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠਿਆਂ ਗੋਲ਼ੀ ਵੱਜੀ ਤੇ ਉਹ ਡਿੱਗ ਪਿਆ। ਗੋਲ਼ੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਵੱਜੀਆਂ। ਭਾਈ ਗੁਰਬਖ਼ਸ਼ ਸਿੰਘ ‘ਸ਼ਮਸ਼ੇਰ’ ਝੁਬਾਲੀਆ ਰਚਿਤ ‘ਸ਼ਹੀਦੀ ਜੀਵਨ’ ਵਿੱਚ ਬਿਰਤਾਂਤ ਹੈ ਕਿ ਜ਼ਖ਼ਮੀਆਂ ਨੂੰ ਛਵੀਆਂ ਨਾਲ਼ ਟੋਟੇ-ਟੋਟੇ ਕਰ ਕੇ ਬਲਦੀਆਂ ਚਿਖਾਵਾਂ ਵਿੱਚ ਸੁੱਟ ਕੇ ਫੂਕ ਦਿੱਤਾ।

ਬੁਖਾਰਚੀ ਵਿੱਚੋਂ ਦਰਬਾਰਾ ਸਿੰਘ ਦੀ ਆਵਾਜ਼ ਆ ਰਹੀ ਸੀ ਕਿ ਮੈਂ ਵੀ ਆਪਣੇ ਬਾਪੂ ਨਾਲ਼ ਸ਼ਹੀਦ ਹੋਣਾ ਹੈ, ਜਿਸ ਨੂੰ ਸੁਣ ਕੇ ਕਪੂਰ ਸਿੰਘ ਤੇ ਲੱਧੂ ਭੱਜ ਕੇ ਅੰਦਰ ਗਏ। ਕਪੂਰ ਸਿੰਘ ਨੇ ਤਾਕੀ ਖੋਲ ਕੇ ਬੱਚੇ ਨੂੰ ਧੌਣੋਂ ਫੜ ਕੇ ਬਾਹਰ ਧੂਅ ਲਿਆ। ਮਾਸੂਮ ਬਾਲਕ ਗਲਵੱਕੜੀ ਪਾ ਕੇ ਉਸ ਦੀ ਧੌਣ ਨਾਲ਼ ਚਿੰਬੜ ਗਿਆ ਤੇ ਆਖਣ ਲੱਗਾ, ‘ਮੈਨੂੰ ਏਦਾਂ ਨਾ ਮਾਰੋ ਮੈਂ ਬਾਪੂ ਨਾਲ਼ ਛੀਦ (ਸ਼ਹੀਦ) ਹੋਣਾ ਹੈ।’ ਉਸ ਚੰਦਰੇ ਕਾਤਲ ਨੇ ਝੰਜੋੜ ਕੇ ਆਪਣੇ ਗਲ ਨਾਲ਼ੋਂ ਲਾਹ ਕੇ, ਇੱਕ ਹੱਥ ਲੱਤਾਂ ਨੂੰ ਤੇ ਦੂਜਾ ਹੱਥ ਬਾਹਵਾਂ ਨੂੰ ਪਾ ਕੇ ਹੁਲਾਰਾ ਦੇ ਕੇ ਉਸੇ ਬਲਦੇ ਭਾਂਬੜ ਵਿੱਚ ਸੁੱਟ ਦਿੱਤਾ, ਜਿਸ ਵਿੱਚ ਉਸ ਦੇ ਪਿਤਾ ਕੇਹਰ ਸਿੰਘ ਦੀ ਮ੍ਰਿਤਕ ਦੇਹ ਦੇ ਟੋਟੇ ਬਲ ਰਹੇ ਸਨ। ਮਾਸੂਮ ਤੇ ਭੋਲਾ-ਭਾਲਾ ਭੁਝੰਗੀ ਆਪਣੀ ਤੋਤਲੀ ਜ਼ੁਬਾਨ ਨਾਲ਼ ਕੀਤੇ ਕੌਲ਼ ਨੂੰ ਪੁਗਾਉਂਦਿਆਂ ਸ਼ਹੀਦ ਹੋ ਚੁੱਕੇ ਪਿਤਾ ਨਾਲ਼ ਸ਼ਹੀਦ ਹੋ ਗਿਆ।

# ਗੁਰਬਾਣੀ ਵਿੱਚ ਹੁਕਮ ਦਾ ਸੰਕਲਪ



**ਸੁਖਜੀਤ ਸਿੰਘ ਕਪੂਰਥਲਾ**
**98720-76876**

ਅਸੀਂ ਜਦੋਂ ਆਪਣੇ ਆਲੇ-ਦੁਆਲੇ ਸ੍ਰਿਸ਼ਟੀ ਦੇ ਪਸਾਰੇ ਦੀ ਬੇਅੰਤਤਾ ਵੱਲ ਵੇਖਦੇ ਹਾਂ ਤਾਂ ਹੈਰਾਨ ਹੋ ਜਾਂਦੇ ਹਾਂ ਕਿ ਇੰਨਾ ਕੁੱਝ ਪੈਦਾ ਕਰਨ ਵਾਲਾ, ਬਨਾਉਣ ਵਾਲਾ ਕੌਣ ਹੈ? ਇਸ ਸਵਾਲ ਦਾ ਜਵਾਬ ਜਦੋਂ ਅਸੀਂ ਗੁਰਬਾਣੀ ਵਿੱਚੋਂ ਲੱਭਦੇ ਹਾਂ ਤਾਂ ਜਪੁਜੀ ਸਾਹਿਬ ਦੀ ਪਾਵਨ ਤੁਕ 'ਕੀਤਾ ਪਸਾਉ ਏਕੋ ਕਵਾਉ।। ਤਿਸ ਤੇ ਹੋਏ ਲਖ ਦਰੀਆਉ।।' (3) ਸਾਡਾ ਮਾਰਗ ਦਰਸ਼ਨ ਕਰਦੀ ਹੈ ਕਿ ਇਹ ਸਭ ਕੁੱਝ ਅਕਾਲ ਪੁਰਖ ਦੇ ਇੱਕੋ ਹੁਕਮ ਨਾਲ ਹੀ ਪਸਾਰਾ ਹੋ ਗਿਆ। ਪ੍ਰਮੇਸ਼ਰ ਵੱਲੋਂ ਕੇਵਲ ਸ੍ਰਿਸ਼ਟੀ ਦਾ ਪਸਾਰਾ ਹੀ ਆਪਣੇ ਹੁਕਮ ਨਾਲ ਨਹੀਂ ਕੀਤਾ ਸਗੋਂ ਉਸ ਦੀ ਸਾਰੀ ਕਾਰ ਨੂੰ ਆਪਣੇ ਹੁਕਮ ਅਨੁਸਾਰ ਚਲਾ ਵੀ ਰਿਹਾ ਹੈ। ਇਸ ਸਾਰੀ ਕਿਰਿਆ ਨੂੰ ਸਦੀਵੀ ਤੌਰ 'ਤੇ ਲਗਾਤਾਰ ਚੱਲਦੇ ਰਹਿਣ ਲਈ 'ਅੰਡਜ-ਜੇਰਜ-ਸੇਤਜ-ਉਤਭੁਜ' ਚਾਰ ਖਾਣੀਆਂ ਦੇ ਰਾਹੀਂ ਅੱਗੇ ਉਤਪਤੀ ਕਰਨ ਦੇ ਅਧਿਕਾਰ ਵੀ 'ਉਸਨੇ' ਦੇ ਦਿੱਤੇ। ਪਰ ਇਹ ਸਭ ਕੁੱਝ ਪੂਰਨ ਰੂਪ ਵਿੱਚ ਸੁਤੰਤਰ ਨਹੀਂ, ਇਸ ਸਭ ਕੁੱਝ ਦੀ ਸਫ਼ਲਤਾ ਵੀ ਪ੍ਰਭੂ ਦੇ ਹੁਕਮ ਅੰਦਰ ਹੀ ਹੈ। ਜਿਵੇਂ ਮਾਤਾ-ਪਿਤਾ ਦੇ ਸੰਜੋਗ ਨਾਲ ਮਾਤਾ ਦੇ ਗਰਭ ਅੰਦਰ ਨਵੇਂ ਜੀਵਨ ਦੀ ਆਰੰਭਤਾ ਹੁੰਦੀ ਹੈ। ਹੁਕਮ ਅੰਦਰ ਹੀ ਉੱਥੇ ਸਰੀਰ ਪ੍ਰਵਾਨ ਚੜ ਕੇ ਆਤਮਾ ਦੇ ਸੰਗ ਨਾਲ ਬੱਚੇ ਦੀ ਪੈਦਾਇਸ਼ ਹੁੰਦੀ ਹੈ, ਇਸ ਪ੍ਰਥਾਇ ਗੁਰੂ ਨਾਨਕ ਸਾਹਿਬ ਦਾ ਪਾਵਨ ਬਚਨ ਹੈ :-

**ਹੁਕਮੇ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ।।**
**ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ।।**
**(ਸੋਰਠਿ ਮਹਲਾ 1-636)**

ਰੱਬ ਆਪਣੇ ਹੁਕਮ ਨਾਲ ਜਿੱਥੇ ਸ੍ਰਿਸ਼ਟੀ ਦੀ ਸਾਜਨਾ ਕਰਦਾ ਹੈ ਉਸ ਦੇ ਨਾਲ-ਨਾਲ ਪਾਲਣਾ ਅਤੇ ਨਾਸ਼ ਕਰਨ ਦੀ ਸਮਰੱਥਾ ਵੀ ਉਸ ਦੇ ਹੁਕਮ ਵਿੱਚ ਹੀ ਹੈ। ਪ੍ਰਮੇਸ਼ਰ ਸਾਰੀ ਸ੍ਰਿਸ਼ਟੀ ਨੂੰ ਸਾਜ ਕੇ ਆਪ ਪਾਸੇ ਨਹੀਂ ਹੋ ਜਾਂਦਾ ਸਗੋਂ ਉਹ ਤਾਂ ਹਰ ਸਮੇਂ 'ਆਦਿ ਪੂਰਨ ਮਧਿ ਪੂਰਨ ਅੰਤ ਪੂਰਨ ਪਰਮੇਸੁਰਹ' (705) ਅਨੁਸਾਰ ਪਰੀਪੂਰਨ ਵੀ ਹੈ ਅਤੇ 'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ' (1) ਅਨੁਸਾਰ ਆਪਣੇ ਹੁਕਮ ਅੰਦਰ ਹੀ ਚਲਾ ਰਿਹਾ ਹੈ। ਲੋੜ ਹੈ ਕਿ ਅਸੀਂ ਵੀ ਗੁਰੂ ਨਾਨਕ ਸਾਹਿਬ ਵਾਲੀ ਅੰਤਰ ਦ੍ਰਿਸ਼ਟੀ ਦੁਆਰਾ ਪ੍ਰਮੇਸ਼ਰ ਨੂੰ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਸਦਾ ਹੋਇਆ ਮਹਿਸੂਸ ਕਰਦੇ ਹੋਏ ਉਸ ਦੇ ਭਾਣੇ ਵਿੱਚ ਅਨੰਦ ਮਾਣੀਏ ਪ੍ਰੰਤੂ ਉਸ ਦੀ ਕੁਦਰਤ ਦਾ ਅੰਤ ਪਾਉਣ ਦਾ ਕਦੀ ਵੀ ਦਾਅਵਾ ਨਾ ਕਰੀਏ :-

**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।।**
**ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ।।**
**(ਵਾਰ ਆਸਾ-ਸਲੋਕ ਮਹਲਾ 1-464)**
**ਅਥਵਾ**
**ਕੁਦਰਤਿ ਕਵਣ ਕਹਾ ਵੀਚਾਰੁ।। ਵਾਰਿਆ ਨ ਜਾਵਾ ਏਕ ਵਾਰ।।**
**ਜੋ ਤੁਧੁ ਭਾਵੈ ਸਾਈ ਭਲੀਕਾਰ।। ਤੂ ਸਦਾ ਸਲਾਮਤਿ ਨਿਰੰਕਾਰ।। (ਜਪੁ, ਮ: 1-3)**

ਜਿਸ ਅਕਾਲ ਪੁਰਖ ਦੇ ਹੁਕਮ ਅੰਦਰ ਸਾਰੀ ਕਾਰ ਚੱਲ ਰਹੀ ਹੈ, ਗੁਰਬਾਣੀ ਨੇ ਉਸ ਨੂੰ ਸਾਡਾ ਮਾਤਾ-ਪਿਤਾ ਵੀ ਆਖਿਆ ਹੈ, ਜੋ ਹਰ ਤਰਾਂ ਨਾਲ ਸਾਡੀ ਪ੍ਰਤਿਪਾਲਣਾ ਕਰਦਾ ਹੈ। ਆਪਾਂ ਦੇਖਦੇ ਹਾਂ ਕਿ ਦੁਨਿਆਵੀ ਮਾਤਾ-ਪਿਤਾ ਆਪਣੇ ਬੱਚੇ ਲਈ ਹਰ ਤਰਾਂ ਦੇ ਸੁੱਖ-ਸਾਧਨ ਪੈਦਾ ਕਰਨ ਦੇ ਯਤਨ ਕਰਦੇ ਹਨ ਕਿ ਸਾਡਾ ਬੱਚਾ ਕਿਸੇ ਵੀ ਤਰਾਂ ਦੁਖੀ ਨਾ ਹੋਵੇ। ਫਿਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸੰਸਾਰ ਅੰਦਰ ਹਰ ਪਾਸੇ ਦੁੱਖਾਂ ਦਾ ਪਸਾਰਾ ਹੀ ਕਿਉਂ ਦਿਖਾਈ ਦਿੰਦਾ ਹੈ? ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸਵਾਲ ਦਾ ਜਵਾਬ ਦਿੰਦੇ ਹਨ ਕਿ ਜਦੋਂ ਤੱਕ ਜੀਵ ਪ੍ਰਮੇਸ਼ਰ ਦੀ ਰਜ਼ਾ, ਭਾਣੇ, ਹੁਕਮ ਨੂੰ ਨਹੀਂ ਸਮਝਦਾ ਉਨਾਂ ਚਿਰ ਦੁਖੀ ਹੀ ਰਹਿੰਦਾ ਹੈ, ਪਰ ਜਿਸ ਕਿਸੇ ਨੇ ਵੀ ਗੁਰੂ ਦੀ ਸ਼ਰਨ ਵਿੱਚ ਜਾ ਕੇ ਪ੍ਰਮਾਤਮਾ ਦੀ ਰਜ਼ਾ ਨੂੰ ਸਮਝ ਲਿਆ ਉਹ ਉਸੇ ਵੇਲੇ ਸੁਖੀ ਹੋ ਜਾਂਦਾ ਹੈ। ਸਤਿਗੁਰਾਂ ਦੇ ਆਪਣੇ ਜੀਵਨ ਵਿੱਚ ਇਸ ਅਵਸਥਾ ਨੂੰ ਪ੍ਰੈਕਟੀਕਲ ਰੂਪ ਵਿੱਚ ਦੇਖਿਆ ਜਾ ਸਕਦਾ ਹੈ ਕਿ ਉਹ ਸ਼ਹਾਦਤ ਵੇਲੇ ਇੰਨੇ ਸਖ਼ਤ ਤਸੀਹੇ ਸਹਿੰਦੇ ਹੋਏ ਵੀ ਇਹ ਸਭ ਕੁਝ ਪ੍ਰਮੇਸ਼ਰ ਦੇ ਹੁਕਮ ਵਿੱਚ ਹੀ ਵਰਤਦਾ ਹੋਇਆ ਸਮਝ ਕੇ ਕਿਸੇ ਵੀ ਤਰਾਂ ਦੁਖੀ ਨਹੀਂ ਹੋਏ, ਕਿਸੇ ਨੂੰ ਕੋਈ ਉਲਾਹਮਾ ਨਹੀਂ ਦਿੱਤਾ, ਕਿਸੇ ਦਾ ਬੁਰਾ ਨਹੀਂ ਮੰਗਿਆ, ਸਭ ਕੁਝ ਖਿੜੇ ਮੱਥੇ ਪ੍ਰਵਾਨ ਕਰਦੇ ਹੋਏ ਸ਼ਹੀਦਾਂ ਦੇ ਸਿਰਤਾਜ ਬਣ ਕੇ ਸਾਡੇ ਲਈ ਪ੍ਰੇਰਨਾ ਸਰੋਤ ਰੂਪ ਵਿੱਚ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣ ਗਏ। ਇਹ ਸਭ ਕੁਝ ਗੁਰੂ ਕ੍ਰਿਪਾ ਦੁਆਰਾ ਪ੍ਰਮੇਸ਼ਰ ਦੇ ਹੁਕਮ ਦੀ ਸਹੀ ਸਮਝ ਕਾਰਨ ਹੀ ਸੰਭਵ ਹੋ ਗਿਆ। ਇਸ ਪ੍ਰਥਾਇ ਗੁਰਬਾਣੀ ਫ਼ੁਰਮਾਨ ਹੈ :-

**ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ।।**
**ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ।।**
**ਨਾ ਕੋ ਦੁਸਮਨ ਦੋਖੀਆ ਨਾਹੀ ਕੋ ਮੰਦਾ।।**
**ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ।।**
**(ਆਸਾ ਮਹਲਾ 5-400)**

ਗੁਰਬਾਣੀ ਅੰਦਰ ਆਏ 'ਹੁਕਮ' ਸ਼ਬਦ ਦਾ ਅਰਥ ਹੈ 'ਰੱਬੀ ਅਨੁਸ਼ਾਸਨ'। ਜਿਵੇਂ ਦੁਨੀਆਦਾਰੀ ਵਿੱਚ ਵਿਚਰਦੇ ਸਮੇਂ ਸਾਡੇ ਵੱਲੋਂ ਹਰ ਖੇਤਰ ਵਿੱਚ ਅਨੁਸ਼ਾਸਨ ਦੀ ਪਾਲਣਾ ਕਰਨ ਵਿੱਚ ਸਾਡਾ ਆਪਣਾ ਹੀ ਭਲਾ ਹੁੰਦਾ ਹੈ, ਠੀਕ ਇਸੇ ਤਰਾਂ ਪ੍ਰਮੇਸ਼ਰ ਦੇ ਹੁਕਮ ਰੂਪੀ ਰੱਬੀ ਅਨੁਸ਼ਾਸਨ ਵਿੱਚ ਰਹਿਣ ਨਾਲ ਸਾਡਾ ਜੀਵਨ ਸੁਖਮਈ ਬਣੇਗਾ। ਜਦੋਂ-ਜਦੋਂ ਵੀ ਅਸੀਂ ਇਸ ਅਨੁਸ਼ਾਸਨ ਤੋਂ ਬਾਹਰ ਜਾਵਾਂਗੇ ਦੁਖੀ ਹੀ ਹੋਵਾਂਗੇ। ਸਾਡੇ ਵੱਲੋਂ ਗੁਰੂ ਦੀ ਮਤਿ ਨਾਲੋਂ ਆਪਣੇ ਮਨਿ ਦੀ ਮਤਿ ਉੱਪਰ ਵੱਧ ਭਰੋਸਾ ਕਰ ਲੈਣਾ ਸਾਡੇ ਲਈ ਦੁੱਖਾਂ ਦਾ ਕਾਰਣ ਬਣਦਾ ਹੈ। ਸਾਨੂੰ ਚਾਹੀਦਾ ਹੈ ਕਿ ਜੇਕਰ ਅਸੀਂ ਸੁਖਮਈ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਮਨ ਦੀ ਮਤਿ ਨੂੰ ਤਿਆਗਦੇ ਹੋਏ ਪ੍ਰਮੇਸ਼ਰ ਦੇ ਹੁਕਮ-ਭਾਣੇ ਵਿੱਚ ਰਹਿਣ ਦੀ ਜਾਚ ਸਿੱਖ ਲੈਣੀ ਚਾਹੀਦੀ ਹੈ, ਫਿਰ ਅਸੀਂ ਸੁੱਖਾਂ ਵਿੱਚ ਪ੍ਰਮੇਸ਼ਰ ਨੂੰ ਭੁੱਲਾਂਗੇ ਨਹੀਂ ਅਤੇ ਦੁੱਖਾਂ ਵਿੱਚ ਉਸ ਪ੍ਰਮੇਸ਼ਰ ਨੂੰ ਉਲਾਹਮੇ ਨਹੀਂ ਦਿਆਂਗੇ। ਸਾਡੀ ਸਮਝ ਵਿੱਚ ਇਹ ਗੱਲ ਆ ਜਾਵੇਗੀ ਕਿ ਜੇ ਮੇਰੇ ਜੀਵਨ ਵਿੱਚ ਸੁੱਖ ਹੈ ਤਾਂ ਇਹ ਉਸਦੀ ਕ੍ਰਿਪਾ ਨਾਲ ਹੀ ਹੈ। ਇਸ ਦੇ ਉਲਟ ਜੇ ਦੁੱਖ ਹੈ ਤਾਂ ਇਹ ਮੇਰੇ ਵੱਲੋਂ ਆਪਣੇ ਮਨ ਦੀ ਮਤਿ ਮਗਰ ਲੱਗ ਕੇ ਕੀਤੇ ਗਏ ਮਾੜੇ ਕਰਮਾਂ ਦਾ ਹੀ ਫਲ ਹੈ। ਇਸ ਪੱਖ ਉੱਪਰ ਗੁਰਬਾਣੀ ਸਾਡੀ ਅਗਵਾਈ ਕਰਦੀ ਹੈ :-

**ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ।।**
**ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ।। (ਗਉੜੀ ਮਹਲਾ 5-209)**

ਗੁਰਮਤਿ ਮਾਰਗ ਦੇ ਪਾਂਧੀ ਜਾਣਦੇ ਹਨ ਕਿ ਦੁਰਲੱਭ ਮਨੁੱਖਾ ਜਨਮ ਦੀ ਪ੍ਰਾਪਤੀ ਪ੍ਰਮੇਸ਼ਰ ਨਾਲ ਮਿਲਾਪ ਹਾਸਲ ਕਰਨ ਲਈ ਮਿਲੀ ਹੈ। ਇਸ ਲਈ ਗੁਰਮੁਖ ਜਨਾਂ ਵਾਲੇ ਮਾਰਗ ਤੇ ਤੁਰਨ ਦੇ ਯਤਨ ਤਾਂ ਕੀਤੇ ਜਾਂਦੇ ਹਨ, ਪਰ ਪ੍ਰਾਪਤੀ ਨਹੀਂ ਹੁੰਦੀ। ਜੀਵ ਆਤਮਾ ਅਤੇ ਪ੍ਰਮਾਤਮਾ ਦੇ ਦਰਮਿਆਨ ਹਉਮੈ ਰੂਪੀ ਕੰਧ ਰੁਕਾਵਟ ਬਣ ਕੇ ਖੜੀ ਹੋ ਜਾਂਦੀ ਹੈ। ਹਉਮੈ ਦੇ ਕਾਰਣ ਜੀਵਨ ਅੰਦਰ ਗੁਰੂ ਦੀ ਮਤਿ ਰੂਪੀ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ। ਗਿਆਨ ਤੋਂ ਸੱਖਣੇ ਜੀਵਨ ਅੰਦਰ ਸਚਿਆਰਤਾ ਦਾ ਹਮੇਸ਼ਾ ਅਭਾਵ ਹੀ ਬਣਿਆ ਰਹਿੰਦਾ ਹੈ। ਇਸ ਦੁਬਿਧਾ ਵਿੱਚੋਂ ਨਿਕਲਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਜਪੁਜੀ ਸਾਹਿਬ ਦੀ ਬਾਣੀ ਅੰਦਰ ਸਵਾਲ-ਜਵਾਬ ਰਾਹੀਂ ਸੇਧ ਦਿੰਦੇ ਹਨ :-

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।**
**(ਜਪੁ, ਮਹਲਾ 1-1)**

ਸਿੱਖ ਇਤਿਹਾਸ ਦੇ ਪੰਨਿਆਂ ਵਿੱਚੋਂ ਵੀ ਸਾਨੂੰ ਵਿਸ਼ੇ ਸਬੰਧੀ ਬਹੁਤ ਭਾਵ-ਪੂਰਤ ਜਾਣਕਾਰੀ ਮਿਲਦੀ ਹੈ। ਭਾਈ ਲਹਿਣਾ ਜੀ ਵੱਲੋਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਹਰ ਹੁਕਮ ਨੂੰ ਸਤਿ ਕਰਕੇ ਮੰਨਦੇ ਹੋਏ ਗੁਰੂ ਅੰਗਦ ਪਾਤਸ਼ਾਹ ਦੀ ਪਦਵੀ ਤੱਕ ਦਾ ਸਫ਼ਰ ਪੂਰਾ ਕੀਤਾ ਗਿਆ। ਉਨਾਂ ਨੇ ਗੁਰੂ ਸਾਹਿਬ ਦੇ ਕਿਸੇ ਵੀ ਹੁਕਮ ਦੀ ਪਾਲਣਾ ਕਰਨ ਤੋਂ ਆਨਾ-ਕਾਨੀ ਨਹੀਂ ਕੀਤੀ, ਸਗੋਂ ਹਰ ਹੁਕਮ ਨੂੰ ਆਪਣੇ ਭਲੇ ਵਿੱਚ ਜਾਣਦੇ ਹੋਏ ਖਿੜੇ ਮੱਥੇ ਪ੍ਰਵਾਨ ਕੀਤਾ। ਆਪਣੇ ਪ੍ਰੈਕਟੀਕਲ ਜੀਵਨ ਰਾਹੀਂ ਉਨਾਂ ਨੇ ਜੋ ਕਮਾਇਆ ਅਤੇ ਸਾਨੂੰ ਵੀ ਉਸ ਸੰਬੰਧੀ ਗੁਰਬਾਣੀ ਅੰਦਰ ਦਰਜ ਇੱਕ ਸਲੋਕ ਰਾਹੀਂ ਸਮਝਾ ਦਿੱਤਾ ਕਿ ਗੁਰੂ ਪ੍ਰਮੇਸ਼ਰ ਦੇ ਹਰ ਹੁਕਮ ਨੂੰ ਪੂਰਨ ਰੂਪ ਵਿੱਚ ਪ੍ਰਵਾਨ ਕਰਨ ਦੀ ਥਾਂ ਜਿਸਦੇ ਮਨ ਵਿੱਚ ਦੁਬਿਧਾ ਹੋਵੇਗੀ, ਉਸ ਨੂੰ ਕਿਸੇ ਵੀ ਪ੍ਰਾਪਤੀ ਦੀ ਆਸ ਨਹੀਂ ਕਰਨੀ ਚਾਹੀਦੀ ਕਿਉਂਕਿ ਉਹ ਇਸ ਮਾਰਗ ਦੇ ਪਹਿਲੇ ਪੜਾਅ ਉੱਪਰ ਹੀ ਭਟਕ ਚੁੱਕਾ ਹੈ। ਆਸਾ ਕੀ ਵਾਰ ਅੰਦਰ ਦੂਜੇ ਪਾਤਸ਼ਾਹ ਦਾ ਦਰਜ ਸਲੋਕ ਸਾਨੂੰ ਅਗਵਾਈ ਦਿੰਦਾ ਹੈ :-

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ।।**
**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ।।**
**(ਵਾਰ ਆਸਾ-ਮਹਲਾ 2-474)**

ਆਉ ਜੇਕਰ ਅਸੀਂ ਆਪਣੇ ਮਨੁੱਖਾ ਜੀਵਨ ਦੀ ਮੰਜ਼ਿਲ ਪ੍ਰਮੇਸ਼ਰ ਨਾਲ ਸਾਂਝ ਪਾਉਣਾ ਚਾਹੁੰਦੇ ਹਾਂ, ਪ੍ਰਮੇਸ਼ਰ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਉਸ ਨਾਲ ਇੱਕਮਿਕਤਾ ਹਾਸਿਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਗੁਰਬਾਣੀ ਅੰਦਰ ਦਰਸਾਏ ਹੁਕਮਾਂ ਨੂੰ ਪੂਰਨ ਰੂਪ ਅੰਦਰ ਆਪਣੇ ਭਲੇ ਵਿੱਚ ਸਮਝ ਕੇ ਮੰਨਣ ਵਾਲੀ ਜੀਵਨ ਜਾਚ ਅਪਨਾਉਣੀ ਪਵੇਗੀ :-

**ਕਹੁ ਨਾਨਕ ਜਿਨਿ ਹੁਕਮੁ ਪਛਾਤਾ।।**
**ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ।।**
**(ਰਾਮਕਲੀ ਮਹਲਾ 5-885)**

## ਕੈਨੇਡਾ ਦੇ ਖ਼ਾਲਿਸਤਾਨੀ ਸੁਖਮਿੰਦਰ ਸਿੰਘ ਹੰਸਰਾ ਚੱਲ ਵਸੇ

ਟੋਰਾਂਟੋ/ਏ.ਟੀ.ਨਿਊਜ਼ :- ਪੰਥਕ ਖੇਮਿਆਂ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਉੱਘੀ ਸ਼ਖ਼ਸੀਅਤ ਅਤੇ ਕੈਨੇਡਾ ਤੋਂ ਖ਼ਾਲਿਸਤਾਨ ਮੁਹਿੰਮ ਦੇ ਝੰਡਾ ਬਰਦਾਰ ਸੁਖਮਿੰਦਰ ਸਿੰਘ ਹੰਸਰਾ (60) ਦਾ ਬਰੈਂਪਟਨ ਵਿਖੇ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ ਬੀਤੇ ਕੁਝ ਸਮੇਂ ਤੋਂ ਕੈਂਸਰ ਤੋਂ ਪੀੜਤ ਸਨ। ਉਨਾਂ ਦੇ ਬੇਟੇ ਹਰਪ੍ਰੀਤ ਸਿੰਘ ਹੰਸਰਾ ਨੇ ਦੱਸਿਆ ਕਿ ਅਚਾਨਕ ਤਬੀਅਤ ਵਿਗੜਨ ਤੋਂ ਬਾਅਦ ਉਸ ਦੇ ਪਿਤਾ ਸਦੀਵੀ ਵਿਛੋੜਾ ਦੇ ਗਏ। ਉਨਾਂ ਦਾ ਅੰਤਿਮ ਸਸਕਾਰ ਬਰੈਂਪਟਨ ਵਿਖੇ 27 ਫ਼ਰਵਰੀ ਨੂੰ ਹੋਵੇਗਾ। ਇਸ ਖ਼ਬਰ ਨਾਲ ਸਿੱਖ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ ਤੇ ਇਸ ਮੌਕੇ ਵੱਖ-ਵੱਖ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਆਗੂਆਂ ਵੱਲੋਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਜਾ ਰਹੀ ਹੈ।



# 'ਜਬ ਲਗੁ ਜਰਾ ਰੋਗੁ ਨਹੀ ਆਇਆ'

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-27**

**ਸੰਪਾਦਤ: ਸਰਬਜੀਤ ਕੌਰ ਸਰਬ**

ਮਨ ਵਿੱਚ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਅਗਰ ਜੀਵਨ ਰੋਗ ਹੈ, ਮਨ ਸੋਗ ਹੈ, ਤਨ ਰੋਗ ਹੈ ਤਾਂ ਫਿਰ ਕੀ ਕਰੀਏ? ਰੋਗ ਵਿੱਚ ਜਾਈਏ ਸੋਗ ਵਿੱਚ ਜਾਈਏ ਇਸ ਤੋਂ ਛੁਟਕਾਰਾ ਹੋ ਸਕਦਾ ਹੈ ਬਸ ਧਾਰਮਿਕ ਗਿਆਨ ਤੇ ਜਗਤ ਦੇ ਗਿਆਨ ਵਿੱਚ ਇਹੀ ਅੰਤਰ ਹੈ। ਇੱਕ ਦਾਰਸ਼ਨਿਕ ਕਹਿੰਦਾ ਹੈ ਕਿ ਕਾਮ ਦੇ ਵਿੱਚ ਤਾਂ ਜਿਉਣਾ ਪਏਗਾ ਹੰਕਾਰ ਦੇ ਵਿੱਚ, ਲੋਭ ਦੇ ਵਿੱਚ ਤਾਂ ਜੀਵਣਾ ਪਏਗਾ ਇਹ ਮਨੁੱਖ ਦੀ ਸ਼ਕਤੀ ਹੈ ਤੇ ਇਸ ਸ਼ਕਤੀ ਨਾਲ ਲੜ ਕੇ ਮਨੁੱਖ ਬਚ ਨਹੀਂ ਸਕਦਾ। ਇਹ ਤਾਂ ਇੱਕ ਮਹਾਨ ਤਾਕਤ ਹੈ ਲੋਕ ਤਾਂ ਇਸ ਤੋਂ ਕੁਝ ਕਰਾਉਣਾ ਚਾਹੁੰਦਾ ਹੈ ਹੰਕਾਰੀ ਕੋਲੋਂ ਬਹੁਤ ਕੁਝ ਕਰਾਵੇਗਾ ਕਾਮ ਵੀ ਇਸ ਤੋਂ ਬਹੁਤ ਕੁਝ ਕਰਵਾਵੇਗਾ ਇਸ ਦੇ ਵਿੱਚ ਤਾਂ ਜਿਉਣਾ ਪਵੇਗਾ।

ਪਰ ਭਾਰਤ ਦਾ ਮੁਨੀਸ਼ (ਸਾਧੂ) ਤਾਂ ਕਹਿੰਦਾ ਹੈ ਕਿ ਇਸ ਤੋਂ ਬਚਿਆ ਜਾ ਸਕਦਾ ਹੈ ਇਸ ਤੋਂ ਉੱਚਾ ਉੱਠਿਆ ਜਾ ਸਕਦਾ ਹੈ ਕਰੀਬ-ਕਰੀਬ ਪੱਛਮੀ ਵਿਦਵਾਨ ਐਸਾ ਕਹਿੰਦੇ ਨੇ ਕਿ ਭਾਰਤ ਦੇ ਮੁਨੀਸ਼ ਬਹੁਤੀਆਂ ਕਲਪਨਾਵਾਂ ਵਿੱਚ ਹਨ ਤੇ ਜੇ ਭਾਰਤ ਦੇ ਮੁਨੀਸ਼ ਦੀ ਭਾਸ਼ਾ ਵਿੱਚ ਬੋਲੀਏ ਤਾਂ ਕਹਿ ਸਕਦੇ ਹਾਂ ਕਿ ਪੱਛਮੀ ਵਿਦਵਾਨ ਕਿਸੇ ਹੱਦ ਤੱਕ ਭੁਲੇਖੇ ਵਿੱਚ ਹਨ ਅਗਿਆਨ ਵਿੱਚ ਹਨ। ਉਹ ਤਾਂ ਕਹਿ ਰਹੇ ਹਨ ਕਿ ਭਾਰਤ ਦੇ ਮੁਨੀਸ਼ ਕਲਪਨਾ ਦੀ ਦੁਨੀਆ ਵਿੱਚ ਜੀਅ ਰਹੇ ਹਨ ਪਰ ਇਨਾਂ ਨੂੰ ਕੌਣ ਦੱਸੇ ਕਿ ਉਸ ਦੀ ਕਲਪਨਾ ਵੀ ਤਾਂ ਕੀਤੀ ਜਾ ਸਕਦੀ ਹੈ ਜੋ ਨਹੀਂ ਹੈ। ਜੇਕਰ ਪਿਆਸ ਹੈ ਤੇ ਪਾਣੀ ਜ਼ਰੂਰ ਹੈ, ਭੁੱਖ ਹੈ ਤੇ ਭੋਜਨ ਵੀ ਹੈ, ਜੀਵਨ ਵਿੱਚ ਜੇ ਪਰਮ ਸੁਖ ਦੀ ਪਿਆਸ ਹੈ ਤੇ ਪਰਮ ਸੁੱਖ ਹੈ, ਪਰਮ ਆਨੰਦ ਦੀ ਜੇ ਤੜਪ ਹੈ ਤੇ ਪਰਮ ਆਨੰਦ ਵੀ ਹੈ। ਉਹ ਕਹਿੰਦੇ ਹਨ ਕਿ ਟੋਲ-ਟੋਲ ਕੇ ਖੋਜ-ਖੋਜ ਕੇ ਐਸਾ ਦੇਖਿਆ ਕਿ ਧਨ ਮਿਲਿਆ, ਸੰਪਦਾ ਮਿਲੀ ਹੋਰ ਤਰਾਂ-ਤਰਾਂ ਦੇ ਅੰਬਾਰ ਲੱਗੇ ਹਨ ਸੁਖ ਤਾਂ ਕਿਧਰੇ ਵੀ ਨਹੀਂ ਮਿਲਿਆ ਇਹ ਇੱਕ ਅਧੂਰੀ ਸੱਚਾਈ ਹੈ ਉਨਾਂ ਨੇ ਵੀ ਕਬੂਲ ਕੀਤੀ ਹੈ। ਹੁਣ ਤਾਂ ਮੈਡੀਕਲ ਸਾਇੰਸ ਵੀ ਕਹਿ



ਰਹੀ ਹੈ ਕਿ 60 ਫ਼ੀਸਦੀ ਬੀਮਾਰੀ ਸਾਡੇ ਕਾਬੂ ਵਿੱਚ ਨਹੀਂ ਹੁਣ ਤਾਂ ਮਨੋਚਿੰਤਕ ਵੀ ਕਹਿ ਰਹੇ ਹਨ ਕਿ ਮਾਨਸਿਕ ਰੋਗ ਵਿੱਚ ਜੀਵਣਾ ਬਸ ਇਹੀ ਮਨੁੱਖ ਦੀ ਜ਼ਿੰਦਗੀ ਹੈ ਹੋਰ ਕੁਝ ਨਹੀਂ। ਪਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਆਖਦੇ ਹਨ ਕਿ ਇੱਕ ਪਰਮ ਜੀਵਨ ਵੀ ਹੈ ਐਸਾ ਜੀਵਨ ਜਿਸ ਵਿੱਚ ਜਨਮ ਦਾ ਦੁੱਖ ਨਹੀਂ ਹੈ ਜਿਸ ਵਿੱਚ ਮਰਨ ਦਾ ਵੀ ਦੁੱਖ ਨਹੀਂ ਹੈ ਤੇ ਜਿਸ ਵਿੱਚ ਬੁਢੇਪੇ ਦੇ ਰੋਗ ਦਾ ਦੁੱਖ ਵੀ ਨਹੀਂ ਹੈ। ਕੁਝ ਨਾ ਕੁਝ ਸਮਝ ਐਸਾ ਕਹਿੰਦੇ ਹਨ ਕਿ ਅਸੀਂ ਕਿਉਂ ਮੰਨੀਏ ਕਿ ਜੀਵਨ ਦੁਖਿਆ ਸਰੀਰ ਰੋਗ ਹੈ ਚੰਗੇ ਭਲੇ ਸਵੱਸਥ ਸਰੀਰ ਦਿਖਾਈ ਦਿੰਦੇ ਹਨ, ਪਰ ਗੁਰਬਾਣੀ ਨਹੀਂ ਮੰਨਦੀ। ਜੇਕਰ ਸਵੱਸਥ ਦਿਖਾਈ ਦਿੰਦੇ ਹਨ ਤਾਂ ਇੱਕ ਦਿਨ ਬੁਢਾਪਾ ਕਿਸ ਤਰਾਂ ਹੋ ਜਾਂਦਾ ਹੈ। ਆਖ਼ਰ ਬੁੱਢੇ ਹੋਣ ਦਾ ਬੀਜ ਇਸ ਦੇ ਅੰਦਰ ਹੀ ਪਿਆ ਹੈ ਤੇ ਜਿਹੜਾ ਬੀਜ ਇਸ ਨੂੰ ਬੁੱਢਾ ਕਰ ਸਕਦਾ ਹੈ ਉਸ ਨੂੰ ਹੀ ਤਾਂ ਰੋਗ ਆਖਿਆ ਜਾਵੇਗਾ। ਬੁਢਾਪਾ ਇੱਕ ਐਸਾ ਰੋਗ ਹੈ ਜਿਸ ਨੂੰ ਸੀਮਤ ਕਰਨਾ ਵੀ ਬੜਾ ਔਖਾ ਹੈ, ਕਠਿਨ ਹੈ। ਇਹ ਤਾਂ ਵਧਦਾ ਜਾਏਗਾ ਵਧਦਾ ਹੀ ਜਾਏਗਾ ਭਾਰਤ ਦੇ ਸਾਰੇ ਚਿੰਤਕ ਕਹਿੰਦੇ ਹਨ ਕਿ ਬੁਢਾਪਾ ਸਵੈਮ ਇੱਕ ਰੋਗ ਹੈ।



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਬੋਲੇ ਸੋ ਨਿਹਾਲ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

## ਕਿਸ਼ਤ : 14-16

ਸਫ਼ਦਰ ਜੰਗ ਨੂੰ ਭਜਾ ਕੇ ਇਮਾਦੁੱਲ ਮੁਲਕ ਯਾਨੀ ਗਾਜ਼ੀਉਦੀਨ ਦਿੱਲੀ ਦਾ ਵਜ਼ੀਰ ਬਣਿਆ ਤਾਂ ਥੋੜੇ ਦਿਨਾਂ ਬਾਅਦ ਹੀ ਉਸ ਤੇ ਬਾਦਸ਼ਾਹ ਵਿਚਕਾਰ ਠਣ ਗਈ। ਗਾਜ਼ੀਉਦੀਨ ਨੇ ਅਹਿਮਦ ਸ਼ਾਹ ਦੀਆਂ ਅੱਖਾਂ ਕਢਵਾ ਦਿੱਤੀਆਂ ਤੇ ਸ਼ਹਿਜਾਦਾ ਇਜ਼ੀਉਦੀਨ ਜਹਾਂਦਾਰ ਸ਼ਾਹ ਨੂੰ ਆਲਮਗੀਰ ਦੂਜੇ ਤੇ ਤੌਰ 'ਤੇ ਦਿੱਲੀ ਦੇ ਤਖ਼ਤ ਉੱਪਰ ਬਿਠਾਅ ਦਿੱਤਾ—ਪਰ ਇਸ ਆਲਮਗੀਰ ਦੂਜੇ ਦੀ ਹਕੂਮਤ ਦਿੱਲੀ ਤੇ ਉਸਦੇ ਆਸਪਾਸ ਦੇ ਇਲਾਕਿਆਂ ਵਿੱਚ ਸੀਮਤ ਸੀ। ਬੰਗਾਲ ਵਿੱਚ ਅਲੀਵਰਦੀ ਖ਼ਾਂ ਦਾ ਸੁਤੰਤਰ ਰਾਜ ਸੀ। ਹੁਣ ਅਵਧ ਵਿੱਚ ਸਫ਼ਦਰ ਜੰਗ, ਦੱਖਣ ਵਿੱਚ ਨਿਜ਼ਾਮੁੱਲ ਮੁਲਕ ਤੇ ਗੁਜਰਾਤ ਤੇ ਮਾਲਵਾ ਵਿੱਚ ਮਰਹੱਟੇ ਕਾਬਜ਼ ਸਨ। ਮਰਹੱਟੇ ਸਰਦਾਰ ਹਰ ਜਗਾ ਚੌਥ ਤੇ ਸਰਦੇਸ਼-ਮੁੱਖ ਵਸੂਲਦੇ ਸਨ। ਪੰਜਾਬ ਤੇ ਮੁਲਤਾਨ ਨੂੰ ਅਬਦਾਲੀ ਨੇ ਮਕਦੂਲ ਬੂਟੀ ਦੀ ਜਿੱਤ ਤੋਂ ਬਾਅਦ ਆਪਣੇ ਰਾਜ ਵਿੱਚ ਮਿਲਾ ਲਿਆ ਸੀ। ਖ਼ਜ਼ਾਨਾ ਖ਼ਾਲੀ ਸੀ। ਗਾਜ਼ੀਉਦੀਨ ਪਰੇਸ਼ਾਨ ਸੀ। ਉਸਨੂੰ ਸਮਝ ਨਹੀਂ ਸੀ ਆ ਰਿਹਾ ਕਿ ਕਰੇ ਤਾਂ ਕੀ ਕਰੇ ? ਜਦੋਂ ਕੁਤਬ ਖ਼ਾਂ ਰੋਹੀਲਾ ਨੇ ਬਗ਼ਾਵਤ ਕੀਤੀ ਸੀ ਉਦੋਂ ਵੀ ਉਹ ਹੱਥ 'ਤੇ ਹੱਥ ਰੱਖ ਕੇ ਬੈਠਾ ਰਿਹਾ ਸੀ। ਉਸ ਤੋਂ ਕੁਝ ਵੀ ਨਹੀਂ ਸੀ ਹੋ ਸਕਿਆ। ਕੀ ਉਹ ਸਿਰਫ਼ ਨਾਂ ਦਾ ਵਜ਼ੀਰ ਬਣ ਕੇ ਰਹਿ ਜਾਏਗਾ ? ਇਹ ਚਿੰਤਾ ਖਾ ਰਹੀ ਸੀ ਉਸਨੂੰ।

ਇਸੇ ਸਮੇਂ ਮੁਗ਼ਲਾਨੀ ਬੇਗਮ ਦੇ ਸਲਾਹਕਾਰ ਲਾਹੌਰ ਤੋਂ ਭੱਜ ਕੇ ਦਿੱਲੀ ਆਏ। ਉਹਨਾਂ ਵਜ਼ੀਰ ਕੋਲ ਸ਼ਿਕਾਇਤ ਕੀਤੀ, "ਬੇਗਮ ਦੀ ਅਯਾਸ਼ੀ ਨੇ ਮੁਗ਼ਲਈ ਵਕਾਰ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਏ। ਖ਼ੁਸਰਿਆਂ ਨੂੰ ਆਪਣੇ ਸਲਾਹਕਾਰ ਬਣਾਇਆ ਹੋਇਆ ਏ। ਉਹ ਵੱਡੇ ਤੋਂ ਵੱਡੇ ਅਹਿਲਕਾਰ ਨਾਲ ਗੁਸਤਾਖ਼ੀ ਨਾਲ ਪੇਸ਼ ਆਉਂਦੇ ਨੇ। ਇਹ ਬੇਇੱਜ਼ਤੀ ਬਰਦਾਸ਼ਤ ਦੀ ਹੱਦ ਤੋਂ ਬਾਹਰ ਹੋ ਗਈ ਏ। ਸਭ ਨਾਲੋਂ ਦੁਖਦਾਈ ਗੱਲ ਇਹ ਹੈ ਕਿ ਸਾਡੇ ਸਮਝਾਉਣ ਦੇ ਬਾਵਜੂਦ ਬੇਗਮ ਨੇ ਆਪਣੀ ਬੇਟੀ ਉਮਦਾ ਬੇਗਮ ਦੀ ਮੰਗਣੀ ਅਬਦਾਲੀ ਦੇ ਬੇਟੇ ਤੈਮੂਰ ਨਾਲ ਕਰ ਦਿੱਤੀ ਏ।"

"ਉਮਦਾ ਬੇਗਮ ਦੀ ਮੰਗਣੀ ਤੈਮੂਰ ਨਾਲ ? ਉਹ ਕਿਉਂ ? ਮੇਰੇ ਮਾਮੂ ਮੁਈਨੁਲ ਮੁਲਕ ਨੇ ਆਪਣੇ ਜਿਉਂਦੇ ਜੀਅ ਹੀ ਉਮਦਾ ਬੇਗਮ ਦੀ ਮੰਗਣੀ ਮੇਰੇ ਨਾਲ ਕਰ ਦਿੱਤੀ ਸੀ।" ਗਾਜ਼ੀਉਦੀਨ ਦੀ ਆਵਾਜ਼ ਵਿੱਚ ਹਿਰਖ ਸੀ। ਉਸ ਦੀਆਂ ਤਿਊੜੀਆਂ ਚੜ੍ਹ ਗਈਆਂ ਸਨ।

"ਅਸੀਂ ਬੇਗਮ ਨੂੰ ਚੇਤੇ ਕਰਵਾਇਆ ਸੀ, ਪਰ ਉਸਨੇ ਸਾਡੀ ਇੱਕ ਨਹੀਂ ਸੁਣੀ।"

"ਉਹ ਸ਼ੈਤਾਨ ਦੀ ਖ਼ਾਲਾ (ਮਾਸੀ) ਇੰਜ ਨਹੀਂ ਮੰਨਣ ਵਾਲੀ। ਲੱਤਾਂ ਦੇ ਭੂਤ, ਗੱਲਾਂ ਨਹੀਂ ਸਮਝਦੇ ਹੁੰਦੇ। ਉਸਦੀ ਅਕਲ ਠਿਕਾਣੇ ਮੈਂ ਲਿਆਵਾਂਗਾ।" ਉਸਨੇ ਹਿੱਕ ਉਤੇ ਹੱਥ ਮਾਰ ਕੇ ਕਿਹਾ। ਲਾਹੌਰ ਤੋਂ ਆਏ ਅਹਿਲਕਾਰ ਸੰਤੁਸ਼ਟ ਹੋ ਗਏ।

ਗਾਜ਼ੀਉਦੀਨ ਦੀ ਸ਼ਾਦੀ ਗੁੰਨਾ ਬੇਗਮ ਨਾਲ ਹੋ ਚੁੱਕੀ ਸੀ। ਗੁੰਨਾ ਬੇਗਮ ਅਲੀ ਕੁਲੀ ਖ਼ਾਂ ਦੀ ਬੇਟੀ ਸੀ। ਉਹ ਆਲਮਗੀਰ ਦੂਜੇ ਦੇ ਦਰਬਾਰ ਵਿੱਚ ਸੱਤ ਹਜ਼ਾਰੀ ਅਫ਼ਸਰ ਸੀ। ਗੁੰਨਾ ਬੇਗਮ ਆਪਣੇ ਸਮੇਂ ਦੀ ਹੁਸੀਨ ਮੁਟਿਆਰ ਸੀ। ਗੁਲਾਬ ਦੀਆਂ ਪੰਖੜੀਆਂ ਵਰਗੇ ਪਤਲੇ-ਪਤਲੇ ਕੋਮਲ ਬੁੱਲ੍ਹ, ਅੱਖਾਂ ਮੋਟੀਆਂ ਤੇ ਭਵਾਂ ਕਮਾਨ ਵਾਂਗ ਤਣੀਆਂ ਹੋਈਆਂ ਜਿਸਮ। ਅਵਧ ਦਾ ਨਵਾਬ ਸ਼ੁਜਾਉੱਦੌਲਾ, ਭਰਤ ਪੁਰ ਦਾ ਰਾਜਾ ਜਵਾਹਰ ਸਿੰਘ ਤੇ ਦਿੱਲੀ ਦਾ ਪ੍ਰਧਾਨ ਮੰਤਰੀ ਗਾਜ਼ੀਉਦੀਨ ਉਸ ਉੱਤੇ ਜਾਨ ਛਿੜਕਦੇ ਸਨ। ਉਹ ਤਿੰਨੇ ਉਸਨੂੰ ਆਪਣੀ ਪਟਰਾਨੀ ਬਨਾਉਣ ਦੇ ਇੱਛੁਕ ਸਨ। ਸਫ਼ਲਤਾ ਗਾਜ਼ੀਉਦੀਨ ਨੂੰ ਮਿਲੀ। ਉਮਦਾ ਬੇਗਮ ਵੀ ਆਪਣੀ ਜਗਾ ਇੱਕ ਚੀਜ਼ ਸੀ। ਮੋਤੀਆਂ ਵਿੱਚ ਇੱਕ ਅਨਮੋਲ ਮੋਤੀ। ਪਰ ਗਾਜ਼ੀਉਦੀਨ ਗੁੰਨਾ ਬੇਗਮ ਨੂੰ ਹਾਸਲ ਕਰਕੇ ਉਸ ਪਾਸਿਓਂ ਲਾਪ੍ਰਵਾਹ ਹੋ ਗਿਆ ਸੀ। ਸੋਚ ਲਿਆ ਕਿ ਦੂਜੀ ਸ਼ਾਦੀ ਜਦੋਂ ਹੋਏਗੀ, ਹੋ ਜਾਏਗੀ। ਪਰ ਜਦੋਂ ਸੁਣਿਆਂ ਕਿ ਉਮਦਾ ਬੇਗਮ ਦੀ ਮੰਗਣੀ ਤੈਮੂਰ ਨਾਲ ਹੋ ਗਈ ਹੈ ਤਾਂ ਉਸਦੇ ਸਵੈਮਾਨ ਨੂੰ ਠੇਸ ਲੱਗੀ। ਪੰਜਾਬ ਪਹਿਲਾਂ ਹੀ ਹੱਥੋਂ ਨਿਕਲ ਚੁੱਕਿਆ ਸੀ। ਉਸਦਾ ਦੁੱਖ ਕੋਈ ਘੱਟ ਨਹੀਂ ਸੀ ਤੇ ਹੁਣ ਮੰਗੇਤਰ ਵੀ ਹੱਥੋਂ ਜਾ ਰਹੀ ਸੀ। ਹੁਣ ਮੌਕਾ ਸੀ ਆਪਣੀ ਮੰਗ ਨੂੰ ਲੈ ਆਏ ਤੇ ਪੰਜਾਬ ਨੂੰ ਵੀ ਦਿੱਲੀ ਦੇ ਅਧੀਨ ਕਰਕੇ ਤੂਰਾਨੀ ਪਾਰਟੀ ਦਾ ਦਬਦਬਾ ਬਹਾਲ ਕਰੇ। ਦਿੱਲੀ ਦੇ ਅਹਿਲਕਾਰ ਨਾਲ ਸਨ ਤੇ ਉਸਨੂੰ ਅਦੀਨਾ ਬੇਗ ਦੀ ਮਦਦ ਉੱਤੇ ਵੀ ਭਰੋਸਾ ਸੀ।

ਉਸਨੇ ਲਾਹੌਰ ਉੱਤੇ ਚੜਾਈ ਕਰਨ ਦਾ ਰੌਲਾ ਨਹੀਂ ਪਾਇਆ, ਬਲਕਿ ਬਹਾਨਾ ਬਣਾਇਆ ਕਿ ਮੈਂ ਹਾਂਸੀ ਤੇ ਹਿਸਾਰ ਦੇ ਜੰਗਲਾਂ ਵਿੱਚ ਸ਼ਿਕਾਰ ਖੇਡਣ ਜਾ ਰਿਹਾ ਹਾਂ। ਉਹ ਸ਼ਹਿਜਾਦਾ ਅਲੀ ਗੌਹਰ ਨੂੰ ਨਾਲ ਲੈ ਕੇ 15 ਜਨਵਰੀ 1756 ਨੂੰ ਦਿੱਲੀ ਤੋਂ ਰਵਾਨਾ ਹੋਇਆ। ਉਸਦੇ ਨਾਲ ਦਸ ਹਜ਼ਾਰ ਫ਼ੌਜੀ ਸਨ। 7 ਫ਼ਰਵਰੀ ਨੂੰ ਸਰਹਿੰਦ ਪਹੁੰਚਿਆ। ਉੱਥੇ ਅਦੀਨਾ ਬੇਗ ਦਾ ਏਲਚੀ ਉਸਦਾ ਇੰਤਜ਼ਾਰ ਕਰ ਰਿਹਾ ਸੀ। ਅਦੀਨਾ ਬੇਗ ਨਹੀਂ ਚਾਹੁੰਦਾ ਸੀ ਕਿ ਦਿੱਲੀ ਦੀ ਫ਼ੌਜ ਉਸਦੇ ਇਲਾਕੇ ਵਿੱਚ ਦਾਖ਼ਲ ਹੋਏ। ਇਸ ਲਈ ਗਾਜ਼ੀਉਦੀਨ ਨੂੰ ਉਸ ਨੇ ਇਹ ਸੁਨੇਹਾ ਭੇਜਿਆ ਸੀ, "ਤੁਸੀਂ ਬਰਾਏ ਮਿਹਰਬਾਨੀ ਸਰਹਿੰਦ ਵਿੱਚ ਹੀ ਰੁਕਣਾ। ਦੋ ਜਾਂ ਤਿੰਨ ਹਜ਼ਾਰ ਦੀ ਫ਼ੌਜ ਨਾਲ ਆਪਣਾ ਇੱਕ ਖਵਾਜਾ ਸਰਾ ਮੇਰੇ ਕੋਲ ਭੇਜ ਦੇਣਾ। ਮੈਂ ਉਸ ਨਾਲ ਆਪਣੀ ਫ਼ੌਜ ਰਲਾ ਕੇ ਇੱਕ ਅਜਿਹੀ ਚਾਲ ਚੱਲਾਂਗਾ ਕਿ ਲਾਹੌਰ ਆਸਾਨੀ ਨਾਲ ਤੁਹਾਡੇ ਕਬਜ਼ੇ ਵਿੱਚ ਆ ਜਾਏਗਾ, ਵਰਨਾ ਲਾਹੌਰ ਵਿੱਚ ਵੀ ਫ਼ੌਜ ਹੈ। ਤੁਸੀਂ ਉੱਥੇ ਜਾਓਗੇ ਤਾਂ ਬੇਕਾਰ ਵਿੱਚ ਖ਼ੂਨ ਖ਼ਰਾਬਾ ਹੋਏਗਾ ਤੇ ਬਗ਼ਾਵਤ ਵੀ ਹੋ ਸਕਦੀ ਏ।"

ਗਾਜ਼ੀਉਦੀਨ ਬੇਗ ਨੇ ਅਦੀਨਾ ਬੇਗ ਦਾ ਇਹ ਸੁਝਾਅ ਮੰਨ ਲਿਆ। ਉਸਨੇ ਤਿੰਨ ਚਾਰ ਹਜ਼ਾਰ ਫ਼ੌਜੀਆਂ ਸਮੇਤ ਖਵਾਜਾ ਸਰਾ ਨਸੀਮ ਖ਼ਾਂ ਨੂੰ ਜਲੰਧਰ ਭੇਜ ਦਿੱਤਾ ਤੇ ਆਪ ਸਤਲੁਜ ਦੇ ਕਿਨਾਰੇ ਮਾਛੀਵਾੜੇ ਵਿੱਚ ਡੇਰੇ ਲਾ ਲਏ। ਅਦੀਨਾ ਬੇਗ ਨੇ ਆਪਣੀ ਦਸ ਹਜ਼ਾਰ ਫ਼ੌਜ ਦੇ ਕੇ ਸਾਦਿਕ ਬੇਗ ਨੂੰ ਖਵਾਜਾ ਸਰਾ ਨਸੀਮ ਖ਼ਾਂ ਨਾਲ ਲਾਹੌਰ ਵੱਲ ਰਵਾਨਾ ਕਰ ਦਿੱਤਾ। ਕੁਝ ਦਿਨਾਂ ਬਾਅਦ ਜਦੋਂ ਉਹ ਲਾਹੌਰ ਪਹੁੰਚੇ ਤਾਂ ਉਹਨਾਂ ਨੂੰ ਸ਼ਾਹ ਗੰਜ ਵਿੱਚ ਠਹਿਰਾਇਆ ਗਿਆ। ਅਗਲੇ ਦਿਨ ਉਹ ਬਾਜੇ-ਗਾਜੇ ਤੇ ਬੜੀ ਧੂਮਧਾਮ ਨਾਲ ਬੇਗਮ ਦੀ ਖ਼ਿਦਮਤ ਵਿੱਚ ਹਾਜ਼ਰ ਹੋਏ ਤੇ ਸ਼ਾਹੀ ਢੰਗ ਨਾਲ ਸਲਾਮ ਕਰਕੇ ਵਜ਼ੀਰ ਗਾਜ਼ੀਉਦੀਨ ਦਾ ਖ਼ਤ ਉਸਨੂੰ ਦਿੱਤਾ। ਖ਼ਤ ਵਿੱਚ ਬੇਗਮ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਆਪਣੀ ਬੇਟੀ ਉਮਦਾ ਬੇਗਮ ਨੂੰ ਉਸ ਕੋਲ ਭੇਜ ਦਏ। ਬੇਗਮ ਨੇ ਕਿਸੇ ਤਰਾਂ ਦੀ ਹੀਲ ਹੁੱਜਤ ਨਹੀਂ ਕੀਤੀ। ਉਸਨੇ ਖ਼ੁਸ਼ੀ-ਖ਼ੁਸ਼ੀ ਬੇਟੀ ਨੂੰ ਦੁਲਹਨ ਬਣਾ ਕੇ ਹੀਰੇ-ਜਵਾਹਰ ਦਹੇਜ ਵਿੱਚ ਦੇ ਕੇ, ਗੋਲੀਆਂ-ਦਾਸੀਆਂ, ਖਵਾਜਾ ਸਰਾਵਾਂ ਤੇ 3000 ਫ਼ੌਜ ਨਾਲ ਰਵਾਨਾ ਕਰ ਦਿੱਤਾ। ਦੁਲਹਨ 4 ਮਾਰਚ 1756 ਨੂੰ ਵਜ਼ੀਰ ਕੋਲ ਮਾਛੀਵਾੜੇ ਪਹੁੰਚ ਗਈ।

ਹੁਣ ਵਜ਼ੀਰ ਦਾ ਦੂਜਾ ਕਰਮ ਇਹ ਸੀ ਕਿ ਲਾਹੌਰ ਉੱਤੇ ਕਬਜ਼ਾ ਕੀਤਾ ਜਾਏ। ਇਸ ਮਕਸਦ ਖ਼ਾਤਰ ਉਸਨੇ ਸੱਯਦ ਜ਼ਮੀਲੁਦੀਨ ਖ਼ਾਂ, ਨਿਸਾਰ ਮੁਹੰਮਦ ਖ਼ਾਂ ਸ਼ੇਰ ਜੰਗ, ਹਕੀਮ ਇਬਰਾਹੀਮ ਖ਼ਾਂ ਤੇ ਖਵਾਜਾ ਸਾਦਤ ਯਾਰ ਖ਼ਾਂ ਨੂੰ ਅਦੀਨਾ ਬੇਗ ਕੋਲ ਭੇਜਿਆ ਤਾਂ ਕਿ ਮੁਗ਼ਲਾਨੀ ਬੇਗਮ ਨੂੰ ਵੀ ਉਸਦੇ ਕੈਂਪ ਵਿੱਚ ਮਾਛੀਵਾੜੇ ਲਿਆਂਦਾ ਜਾਏ।

ਇਹ ਅਫ਼ਸਰ ਅਦੀਨਾ ਬੇਗ ਦੀ ਫ਼ੌਜ ਨਾਲ ਲੈ ਕੇ, ਬਿਨਾਂ ਕਿਤੇ ਰੁਕਿਆਂ, ਡੇਢ ਸੌ ਮੀਲ ਦਾ ਪੰਧ ਕਰਕੇ, ਦਿਨ ਰਾਤ ਤੁਰਦੇ ਹੋਏ, ਸਵੇਰੇ ਸਵਖਤੇ ਹੀ ਲਾਹੌਰ ਜਾ ਪਹੁੰਚੇ। ਮੁਗ਼ਲਾਨੀ ਬੇਗਮ ਸਾਰੀ ਰਾਤ ਅਯਾਸ਼ੀ ਕਰਦੀ ਰਹੀ ਸੀ ਤੇ ਹੁਣ ਉਹ ਘੂਕ ਸੁੱਤੀ ਹੋਈ ਸੀ। ਉਸ ਖ਼ਾਤਰ ਜਿਹੜਾ ਜਾਲ ਵਿਛਾਇਆ ਗਿਆ ਸੀ, ਉਹ ਉਸਦੇ ਸੁਪਨੇ ਵਿੱਚ ਵੀ ਨਹੀਂ ਸੀ। ਖਵਾਜਾ ਸਰਾਵਾਂ ਨੂੰ ਭੇਜ ਕੇ ਉਸਨੂੰ ਜਗਾਇਆ ਗਿਆ ਤੇ ਫੇਰ ਵਜ਼ੀਰ ਦੇ ਆਦਮੀ ਉਸਨੂੰ ਪਾਲਕੀ ਵਿੱਚ ਸੁੱਟ ਕੇ, ਸ਼ਹਿਰੋਂ ਬਾਹਰ, ਆਪਣੇ ਕੈਂਪ ਵਿੱਚ ਲੈ ਆਏ। ਉਸਦੀ ਸਾਰੀ ਸੰਪਤੀ ਤੇ ਖ਼ਜ਼ਾਨਾ ਜਬਤ ਕਰ ਲਿਆ ਗਿਆ। 28 ਮਾਰਚ ਨੂੰ ਉਸਨੂੰ ਮਾਛੀਵਾੜੇ ਵਾਲੇ ਕੈਂਪ ਵਿੱਚ ਪਹੁੰਚਾ ਦਿੱਤਾ ਗਿਆ। ਵਜ਼ੀਰ ਗਾਜ਼ੀਉਦੀਨ ਉਸਦੇ ਸਵਾਗਤ ਲਈ ਆਇਆ। ਉਹ ਗੁੱਸੇ ਨਾਲ ਭਰੀ ਹੋਈ ਸੀ, ਉੱਚੀ-ਉੱਚੀ ਚੀਕਣ ਕੂਕਣ ਤੇ ਗਾਲਾਂ ਕੱਢਣ ਲੱਗ ਪਈ, "ਕੁੱਤਿਆ, ਬੇਈਮਾਨਾਂ...ਮੇਰੇ ਨਾਲ ਇਹ ਸਲੂਕ ਕਰਦਿਆਂ ਤੈਨੂੰ ਸ਼ਰਮ ਨਾ ਆਈ ? ਤੂੰ ਆਪਣੀ ਤਬਾਹੀ ਨੂੰ ਦਾਅਵਤ ਦਿੱਤੀ ਏ। ਆਪਣੀ ਤਬਾਹੀ, ਦਿੱਲੀ ਦੀ ਤਬਾਹੀ, ਮੁਗ਼ਲ ਸਲਤਨਤ ਦੀ ਤਬਾਹੀ। ਅਹਿਮਦ ਸ਼ਾਹ ਅਬਦਾਲੀ ਤੁਹਾਨੂੰ ਸਾਰਿਆਂ ਨੂੰ ਇਸ ਸਾਜ਼ਿਸ਼ ਤੇ ਮੇਰੇ ਨਾਲ ਕੀਤੀ ਬਦਸਲੂਕੀ ਦਾ ਮਜ਼ਾ ਚਖਾਏਗਾ।"



"ਮਾਮੀ ਜਾਨ!" ਵਜ਼ੀਰ ਨੇ ਮੁਸਕਰਾਉਂਦਿਆਂ ਹੋਇਆਂ ਕੁਸੈਲ ਜਿਹੀ ਨਾਲ ਕਿਹਾ, "ਤੁਸੀਂ ਵੀ ਕੋਈ ਘੱਟ ਸ਼ਰਮਨਾਕ ਹਰਕਤ ਨਹੀਂ ਕੀਤੀ। ਆਪਣਿਆਂ ਨਾਲੋਂ ਨਾਤਾ ਤੋੜ ਕੇ ਅਫ਼ਗਾਨਾਂ ਨਾਲ ਨਾਤਾ ਜਾ ਜੋੜਿਆ। ਇੱਕ ਔਰਤ ਹੋ ਕੇ ਬੇਹਯਾਈ ਦੀ ਰਾਹ ਅਪਣਾਈ। ਖ਼ੁਦਾ ਤੱਕ ਦਾ ਖ਼ੌਫ਼ ਦਿਲ ਵਿੱਚੋਂ ਕੱਢ ਸੁੱਟਿਆ। ਹੁਣ ਮੇਰੇ ਨਾਲ ਦਿੱਲੀ ਚੱਲੋ। ਮੈਂ ਤੁਹਾਨੂੰ ਇੱਕ ਇੱਜ਼ਤਦਾਰ ਖ਼ਾਨਦਾਨ ਦੀ ਸ਼ਰੀਫ਼ ਔਰਤ ਬਣ ਕੇ ਰਹਿਣਾ ਸਿਖਾਵਾਂਗਾ।"

ਦਿੱਲੀ ਸਰਕਾਰ ਦਾ ਢਾਂਚਾ ਹਿੱਲ ਚੁੱਕਿਆ ਸੀ। ਉਸ ਵਿੱਚ ਜਗਾ-ਜਗਾ ਤਰੇੜਾਂ ਪੈ ਚੁੱਕੀਆਂ ਸਨ। ਇਸ ਢਹਿ-ਢੇਰੀ ਹੋਣ ਵਾਲੀ ਇਮਾਰਤ ਨੂੰ ਡਿੱਗਣ ਤੋਂ ਬਚਾਅ ਸਕਣਾ, ਗਾਜ਼ੀਉਦੀਨ ਦੇ ਵੱਸ ਦਾ ਰੋਗ ਨਹੀਂ ਸੀ। ਜਿਹਨਾਂ ਕਦੀ ਸਾਥ ਦਿੱਤਾ ਸੀ, ਹੁਣ ਉਹ ਵੀ ਨਾਲ ਨਹੀਂ ਸਨ। ਬਾਦਸ਼ਾਹ ਵੀ ਉਸ ਉੱਤੇ ਨਾਰਾਜ਼ ਸੀ। ਮੁਗ਼ਲਾਨੀ ਬੇਗਮ ਨੂੰ ਉਸਨੇ ਨਜ਼ਰਬੰਦ ਕਰ ਦਿੱਤਾ ਸੀ ਤੇ ਉਸ ਉੱਪਰ ਸਖ਼ਤ ਨਿਗਰਾਨੀ ਰੱਖੀ ਜਾ ਰਹੀ। ਪਰ ਉਹ ਬੜੀ ਚਲਾਕ ਔਰਤ ਸੀ। ਉਸਨੇ ਅਹਿਮਦ ਸ਼ਾਹ ਅਬਦਾਲੀ ਨੂੰ ਖ਼ਤ ਲਿਖਿਆ—'ਮੀਰ ਮੋਮਿਨ ਖ਼ਾਂ, ਅਦੀਨਾ ਬੇਗ ਖ਼ਾਂ ਤੇ ਸੱਯਦ ਜਮੀਲੁਦੀਨ ਨੇ ਮੇਰੇ ਨਾਲ ਜਬਰਦਸਤ ਧੋਖਾ ਕੀਤਾ ਹੈ। ਮੈਨੂੰ ਕੱਖ ਦਾ ਨਹੀਂ ਛੱਡਿਆ। ਕਰੋੜਾਂ ਰੁਪਏ ਦਾ ਸਾਮਾਨ ਤੇ ਨਕਦੀ ਮੇਰੇ ਮਰਹੂਮ ਸਹੁਰੇ ਵਜ਼ੀਰ (ਕਮਰੁਦੀਨ) ਦੇ ਮਹਿਲ ਵਿੱਚ ਨੱਪਿਆ ਹੋਇਆ ਹੈ, ਜਿਸ ਦਾ ਸਿਰਫ਼ ਮੈਨੂੰ ਪਤਾ ਹੈ। ਇਸ ਦੇ ਇਲਾਵਾ ਢੇਰ ਸਾਰਾ ਸੋਨਾ ਤੇ ਚਾਂਦੀ ਲੋਕਾਂ ਨੇ ਘਰਾਂ ਦੀਆਂ ਛੱਤਾਂ ਵਿੱਚ ਨੱਪਿਆ ਹੋਇਆ ਹੈ। ਬਾਦਸ਼ਾਹ ਆਲਮਗੀਰ ਸਾਨੀ ਤੇ ਉਸਦੇ ਵਜ਼ੀਰਾਂ ਦੀ ਜ਼ਰਾ ਨਹੀਂ ਬਣਦੀ। ਉਹਨਾਂ ਵਿਚਕਾਰ ਕੁੱਤੇ ਬਿੱਲੀ ਦਾ ਵੈਰ ਹੈ। ਜੇ ਤੁਸੀਂ ਇਸ ਸਮੇਂ ਹਿੰਦੁਸਤਾਨ ਉੱਪਰ ਹਮਲਾ ਕਰੋਂ ਤਾਂ ਦਿੱਲੀ ਦੀ ਸਰਕਾਰ ਬਿਨਾਂ ਕੋਈ ਖ਼ਤਰਾ ਉਠਾਇਆਂ ਤੁਹਾਡੇ ਸਾਹਵੇਂ ਗੋਡੇ ਟੇਕ ਦੇਵੇਗੀ। ਕਰੋੜਾਂ ਦੀ ਦੌਲਤ ਤੁਹਾਡਾ ਇੰਤਜ਼ਾਰ ਕਰ ਰਹੀ ਹੈ। 'ਇਹ ਖ਼ਤ ਉਸਨੇ ਆਪਣੇ ਮਾਮੂ ਖਵਾਜਾ ਅਬਦੁੱਲ ਖ਼ਾਂ ਦੇ ਹੱਥ ਭੇਜਿਆ। ਅਫ਼ਗਾਨਾਂ ਦਾ ਇੱਕ ਕਬੀਲਾ ਰੋਹੀਲੇ ਕਹਾਉਂਦਾ ਸੀ। ਪੇਸ਼ਾ ਸੀ ਸਿਪਾਹੀ ਗਿਰੀ। ਇਹ ਲੋਕ ਅਫ਼ਗਾਨਿਸਤਾਨ ਵਿੱਚੋਂ ਨਿਕਲ ਕੇ ਹਿੰਦੁਸਤਾਨ ਵਿੱਚ ਆ ਵੱਸੇ। ਇੱਥੇ ਦੇ ਹਾਕਮਾਂ ਦੀ ਫ਼ੌਜ ਵਿੱਚ ਮਦਦ ਕਰਕੇ ਉਹਨਾਂ ਕਾਫ਼ੀ ਮਹੱਤਵ ਪ੍ਰਾਪਤ ਕਰ ਲਿਆ ਤੇ ਹੁੰਦੇ-ਹੁੰਦੇ ਗੰਗਾ ਦੇ ਪੂਰਬੀ ਤਟ ਦੇ ਇੱਕ ਹਿੱਸੇ ਉੱਤੇ ਆਪਣਾ ਕਬਜ਼ਾ ਜਮਾ ਲਿਆ। ਫੇਰ ਅਵਧ ਦੇ ਨਾਲ-ਨਾਲ ਪਹਾੜਾਂ ਤੱਕ ਫ਼ੈਲ ਗਏ। ਇਸ ਖੇਤਰ ਦਾ ਨਾਂ ਰੋਹੇਲ ਖੰਡ ਪੈ ਗਿਆ। ਉਹਨਾਂ ਦਾ ਸਰਦਾਰ ਸ਼ਹਾਬੁਦੀਨ ਖ਼ਾਂ ਰੋਹੇਲਾ ਸੀ। ਉਸਦੇ ਦੋ ਪੁੱਤਰ ਸਨ ਹੁਸੈਨ ਤੇ ਸ਼ਾਹ ਆਲਮ ਖ਼ਾਂ।

ਇਹ ਲੋਕ ਪੀੜ੍ਹੀ ਦਰ ਪੀੜ੍ਹੀ ਇਸ ਦੇਸ਼ ਵਿੱਚ ਰਹਿਣ ਪਿੱਛੋਂ ਵੀ ਇਸ ਦੇਸ਼ ਦੇ ਨਹੀਂ ਬਣੇ। ਉਹਨਾਂ ਦੀ ਹਮਦਰਦੀ ਅਫ਼ਗਾਨਾਂ ਨਾਲ ਸੀ। ਨਜੀਬ ਖ਼ਾਂ ਜਿਹੜਾ ਕਦੀ ਸਫ਼ਦਰ ਜੰਗ ਦੀ ਫ਼ੌਜ ਵਿੱਚ ਜਮਾਂਦਾਰ ਹੁੰਦਾ ਸੀ, ਹੁਣ ਇਸ ਕਬੀਲੇ ਦਾ ਪ੍ਰਮੁੱਖ ਸਰਦਾਰ ਬਣ ਗਿਆ ਸੀ। ਉਸਨੇ ਵੀ ਹੁਣ ਅਬਦਾਲੀ ਨੂੰ ਲਿਖਿਆ, 'ਮੈਂ ਇਸ ਮੁਲਕ ਵਿੱਚ ਆਪਣੇ ਗਿਰਦ 25000 ਪਠਾਨ ਜਮਾਂ ਕਰ ਲਏ ਹਨ। ਗੰਗਾਪੁਰ ਦੇ ਪਠਾਨਾਂ ਨੂੰ ਵੀ ਆਪਣੀ ਮਦਦ ਦੇ ਲਈ ਤਿਆਰ ਕਰ ਲਿਆ ਹੈ। ਉਹਨਾਂ ਦੀ ਗਿਣਤੀ 40,000 ਹੈ। ਤੁਸੀਂ ਬੇਧੜਕ ਹੋ ਕੇ ਇੱਥੇ ਆਓ। ਇਮਾਦੁੱਲ ਮੁਲਕ ਦੀ ਇਹ ਤਾਕਤ ਨਹੀਂ ਕਿ ਤੁਹਾਡਾ ਮੁਕਾਬਲਾ ਕਰ ਸਕੇ। ਮੈਂ ਉਸਦਾ ਸਭ ਤੋਂ ਵੱਡਾ ਮਦਦਗਾਰ ਹੁੰਦਾ ਸਾਂ। ਹੁਣ ਜਦੋਂ ਮੈਂ ਹੀ ਤੁਹਾਡਾ ਵਫ਼ਾਦਾਰ ਬਣ ਗਿਆ ਹਾਂ, ਉਸਦਾ ਸਾਥ ਦੇਣ ਵਾਲਾ ਰਹਿ ਹੀ ਕੌਣ ਗਿਆ ਹੈ ?...'

ਖ਼ੁਦ ਬਾਦਸ਼ਾਹ ਆਲਮਗੀਰ ਨੇ ਅਬਦਾਲੀ ਨੂੰ ਸੱਦਾ ਭੇਜਿਆ। ਉਹ ਵੀ ਆਪਣੇ ਆਪ ਨੂੰ ਇਮਾਦੁੱਲ ਮੁਲਕ ਦੇ ਪੰਜੇ ਵਿੱਚੋਂ ਮੁਕਤ ਕਰਨਾ ਚਾਹੁੰਦਾ ਸੀ।

ਬਿੱਲੀ ਦੇ ਭਾਗੀਂ ਛਿੱਕਾ ਟੁੱਟਿਆ। ਅਬਦਾਲੀ ਤਾਂ ਇਸ ਗੱਲ ਦੇ ਇੰਤਜ਼ਾਰ ਵਿੱਚ ਹੀ ਸੀ। ਮੱਧ ਏਸ਼ੀਆ ਦਾ ਸਭ ਤੋਂ ਮਜ਼ਬੂਤ ਕਿਲੇ ਵਰਗਾ ਹਿੱਸਾ, ਉਸ ਕੋਲ ਸੀ। ਉਸਦੀ ਸੈਨਾ ਮੱਧ ਏਸ਼ੀਆ ਦੀ ਤਕੜੀ ਸੈਨਾ ਕਹੀ ਜਾਂਦੀ ਸੀ। ਉਹ ਖ਼ੁਦ ਮੱਧ ਏਸ਼ੀਆ ਦਾ ਸਭ ਤੋਂ ਵੱਡਾ ਜਰਨੈਲ ਸੀ। ਕਮੀ ਸੀ ਤਾਂ ਪੈਸੇ ਦੀ ਤੇ ਪੈਸਾ ਖ਼ੁਦ ਉਸਨੂੰ ਬੁਲਾਅ ਰਿਹਾ ਸੀ।

ਅਹਿਮਦ ਸ਼ਾਹ ਅਬਦਾਲੀ ਨਵੰਬਰ 1756 ਵਿੱਚ ਪਿਸ਼ਾਵਰ ਪਹੁੰਚ ਗਿਆ ਤੇ ਫੇਰ 20 ਦਸੰਬਰ ਨੂੰ ਸਿੰਧ ਨਦੀ ਪਾਰ ਕਰਕੇ ਬਿਨਾਂ ਕਿਸੇ ਰੋਕ-ਟੋਕ ਦੇ ਲਾਹੌਰ ਵਿੱਚ ਦਾਖ਼ਲ ਹੋਇਆ। ਉੱਥੇ ਉਹ ਦੋ ਹਫ਼ਤੇ ਰੁਕਿਆ, ਸਥਾਨਕ ਅਮੀਰਾਂ ਤੇ ਅਹਿਲਕਾਰਾਂ ਤੋਂ ਖ਼ਰਾਜ ਵਸੂਲ ਕੀਤਾ ਤੇ ਫੇਰ ਲੰਮੇਂ ਪੈਰੀਂ ਦਿੱਲੀ ਵੱਲ ਤੁਰ ਪਿਆ। ਰਸਤੇ ਵਿੱਚ ਕਿਸੇ ਕਿਸਮ ਦਾ ਵਿਰੋਧ ਨਹੀਂ ਹੋਇਆ। ਚਿੜੀਆਂ ਨੇ ਚੂੰ ਤੱਕ ਨਹੀਂ ਕੀਤੀ। ਹਰੇਕ ਜਗਾ ਮੁਰਦਘਾਟ ਵਰਗੀ ਚੁੱਪ ਵਾਪਰੀ ਹੋਈ ਸੀ। ਪ੍ਰਧਾਨ ਮੰਤਰੀ ਇਮਾਦੁੱਲ ਮੁਲਕ ਭਾਵ ਗਾਜ਼ੀਉਦੀਨ ਸਰਵੇ-ਸਰਵਾ ਨਿਰੰਕੁਸ਼ ਹਾਕਮ ਸੀ। ਜਦੋਂ ਉਸਨੇ ਕੋਈ ਕਦਮ ਨਾ ਚੁੱਕਿਆ; ਹਮਲਾਵਰ ਦਾ ਮੁਕਾਬਲਾ ਕਰਨ ਲਈ ਸਰਹਿੰਦ ਜਾਣ ਤੋਂ ਇਨਕਾਰ ਕਰ ਦਿੱਤਾ ਤਾਂ ਹੋਰ ਕੌਣ ਵਿਰੋਧ ਕਰਦਾ ? ਫ਼ੌਜ ਦਾ ਸਹਾਰਾ ਲੈਣ ਦੇ ਬਜਾਏ ਪ੍ਰਧਾਨ ਮੰਤਰੀ ਨੇ ਸਿਰਫ਼ ਏਨਾ ਕੀਤਾ ਕਿ ਦਰਵੇਸ਼ਾਂ ਨੂੰ ਬੁਲਾਅ ਕੇ ਪੁੱਛਿਆ—"ਕੀ ਤੁਹਾਡੀਆਂ ਦੁਆਵਾਂ ਵਿੱਚ ਏਨਾ ਅਸਰ ਹੈ ਕਿ ਦੁਸ਼ਮਣ ਉੱਪਰ ਬਿਨਾਂ ਲੜੇ ਕਾਬੂ ਕੀਤਾ ਜਾ ਸਕੇ ?"

ਇਧਰ ਦੁਆਵਾਂ ਮੰਗੀਆਂ-ਦਿੱਤੀਆਂ ਜਾ ਰਹੀਆਂ ਸਨ, ਉੱਧਰ ਅਬਦਾਲੀ ਵਧਦਾ ਆ ਰਿਹਾ ਸੀ। ਨਜੀਬ ਖ਼ਾਂ ਰੋਹੇਲਾ ਦਿੱਲੀ ਤੋਂ ਵੀਹ ਕੋਹ ਦੇ ਫ਼ਾਸਲੇ ਉੱਪਰ ਨਰੇਲਾ ਵਿੱਚ ਅਬਦਾਲੀ ਨਾਲ ਆ ਰਲਿਆ। ਉਸ ਨੇ 28 ਜਨਵਰੀ 1757 ਨੂੰ ਦਿੱਲੀ ਵਿੱਚ ਪ੍ਰਵੇਸ਼ ਕੀਤਾ। ਉੱਥੇ ਪਹਿਲਾਂ ਹੀ ਉਸ ਖ਼ਾਤਰ ਦਸਤਰਖ਼ਾਨ ਵਿਛਿਆ ਹੋਇਆ ਸੀ।

ਭੁੱਖੇ ਬਘਿਆੜ ਜਿਵੇਂ ਭੇਡ ਬੱਕਰੀਆਂ ਦੇ ਇੱਜੜ ਉੱਪਰ ਝਪਟੇ ਹਨ, ਅਫ਼ਗਾਨ ਸਿਪਾਹੀ ਨਿਆਸਰੇ ਦਿੱਲੀ ਵਾਸੀਆਂ ਉੱਪਰ ਝਪਟੇ। ਹਿੰਦੂ ਮੁਸਲਮਾਨ ਦਾ ਭੇਦ ਵੀ ਨਹੀਂ ਸੀ ਰੱਖਿਆ। ਅੰਨੀ ਲੁੱਟ ਮੱਚੀ। ਧਨ ਦੌਲਤ ਦਾ ਤਾਂ ਜ਼ਿਕਰ ਹੀ ਕੀ ਇੱਜ਼ਤ ਤੇ ਇਸਮਤ ਵੀ ਖ਼ੂਬ ਲੁੱਟੀ ਗਈ। ਅਫ਼ਗਾਨ ਸਿਪਾਹੀ ਲੋਕਾਂ ਦੀਆਂ ਨੂੰਹਾਂ ਧੀਆਂ ਨੂੰ ਘਸੀਟ ਘਸੀਟ ਕੇ ਘਰਾਂ ਵਿੱਚੋਂ ਕੱਢ ਰਹੇ ਸਨ। ਜ਼ੁਲਮ ਤੇ ਜਬਰ ਦੀ ਹੱਦ ਹੀ ਨਹੀਂ ਸੀ ਰਹੀ। ਫ਼ਰਿਆਦ ਕੌਣ ਕਰੇ ਤੇ ਕਿਸ ਕੋਲ ਕਰੇ ? ਹਾਕਮ ਬੋਲੇ ਹੋਏ-ਹੋਏ ਸਨ ਤੇ ਖ਼ੁਦਾ ਵੀ ਬੋਲਾ ਹੋ ਗਿਆ ਜਾਪਦਾ ਸੀ।

ਖ਼ੁਦ ਅਹਿਮਦ ਸ਼ਾਹ ਅਬਦਾਲੀ ਸਲਤਨਤ ਦੇ ਵੱਡੇ-ਵੱਡੇ ਅਮੀਰਾਂ ਤੇ ਅਹਿਲਕਾਰਾਂ ਨੂੰ ਬੇਦਰਦੀ ਨਾਲ ਲੁੱਟ ਰਿਹਾ ਸੀ। ਉਹਨਾਂ ਦੇ ਘਰਾਂ ਦੇ ਫ਼ਰਸ਼ ਉਖਾੜੇ ਜਾ ਰਹੇ ਸਨ, ਛੱਤਾਂ ਪੁੱਟੀਆਂ ਜਾ ਰਹੀਆਂ ਸਨ। ਔਰਤਾਂ ਦੇ ਤਨ ਦਾ ਇੱਕ-ਇੱਕ ਜੇਵਰ ਲਾਹ ਲਿਆ ਗਿਆ ਸੀ। ਮੁਗ਼ਲਾਨੀ ਬੇਗਮ ਉਸਦੀ ਸਲਾਹਕਾਰ ਬਣੀ ਹੋਈ ਸੀ ਤੇ ਅੱਗੇ-ਅੱਗੇ ਤੁਰੀ ਫਿਰਦੀ ਸੀ। ਪੂਰੇ ਵਿਸ਼ਵਾਸ ਨਾਲ ਦੱਸ ਰਹੀ ਸੀ ਕਿ ਕਿੰਨਾਂ ਧਨ ਕਿੱਥੇ ਪਿਆ ਹੈ ਤੇ ਕਿਸ ਹਰਮ ਵਿੱਚ ਕਿੰਨੀਆਂ ਹੁਸੀਨਾਂ ਹਨ। ਇਮਾਦੁੱਲ ਮੁਲਕ ਦੀ ਸਾਰੀ ਸੰਪਤੀ ਖੋਹ ਲਈ ਗਈ। ਅਬਦਾਲੀ ਨੇ ਖੁੱਲੇਆਮ ਉਸਨੂੰ ਬੇਇੱਜ਼ਤ ਕਰਦਿਆਂ ਕਿਹਾ, "ਏਨਾ ਵੀ ਨਹੀਂ ਸਰਿਆ ਕਿ ਇੱਜ਼ਤ ਤੇ ਅਣਖ ਲਈ ਹੀ ਲੜਾਂ—ਚੁੱਪਚਾਪ ਗੋਡੇ ਟੇਕ ਦਿੱਤੇ। ਇਸ ਪਾਜੀ ਦਾ ਮੂੰਹ ਕਾਲਾ ਕਰਕੇ, ਗਧੇ ਉੱਤੇ ਬਿਠਾਅ ਕੇ ਪੂਰੇ ਸ਼ਹਿਰ ਵਿੱਚ ਘੁਮਾਇਆ ਜਾਏ।" ਉਸਦੇ ਹੁਕਮ ਦੀ ਪਾਲਣਾ ਕੀਤੀ ਗਈ।

ਇੰਤਜਾਮੁਦੌਲਾ ਨੇ ਆਪਣੀ ਇੱਕ-ਇੱਕ ਚੀਜ਼ ਅਬਦਾਲੀ ਦੇ ਹਵਾਲੇ ਕਰ ਕੇ ਕਿਹਾ, "ਹੁਣ ਮੇਰੇ ਕੋਲ ਇਸ ਅੰਗੂਠੀ ਦੇ ਇਲਾਵਾ ਹੋਰ ਕੁਝ ਵੀ ਨਹੀਂ।"

"ਜੇ ਕੁਝ ਹੋਰ ਨਿਕਲ ਆਇਆ ਫੇਰ ?" ਅਬਦਾਲੀ ਨੇ ਅੱਖਾਂ ਦਿਖਾਈਆਂ।

ਇੰਤਜਾਮੁਦੌਲਾ ਕੰਬ ਗਿਆ ਤੇ ਉਸਦਾ ਰੰਗ ਪੀਲਾ ਪੈ ਗਿਆ। ਥਿੜਕਦੀ ਆਵਾਜ਼ ਵਿੱਚ ਬੋਲਿਆ

, "ਮੇਰੇ ਵਾਲਿਦ ਸਾਹਬ ਦੀ ਦੌਲਤ ਕਿੱਥੇ ਹੈ, ਇਸ ਦਾ ਪਤਾ ਮੇਰੀ ਵਾਲਿਦਾ ਸਾਹਿਬਾ ਬੇਗਮ ਸ਼ੋਲਾਪੁਰੀ ਨੂੰ ਏ।"

ਸ਼ੋਲਾਪੁਰੀ ਬੇਗਮ ਨੂੰ ਬੁਲਾਇਆ ਗਿਆ। ਉਸਨੂੰ ਚੂੰ-ਚਰਾਂ ਕੀਤੀ ਤਾਂ ਅਬਦਾਲੀ ਨੇ ਧਮਕੀ ਦਿੱਤੀ ਕਿ ਇਸਦੇ ਨੌਹਾਂ ਵਿੱਚ ਕਿੱਲ ਠੋਕ ਦਿਓ। ਬੁਲਬੁਲ ਵਰਗੀ ਬੇਗਮ ਸੁਣ ਕੇ ਹੀ ਬੇਹੋਸ਼ ਹੋ ਗਈ ਤੇ ਜਦੋਂ ਹੋਸ਼ ਵਿੱਚ ਆਈ ਤਾਂ ਸਾਰੇ ਭੇਦ ਉਗਲ ਦਿੱਤੇ।

ਇਸ ਪਿੱਛੋਂ ਅਬਦਾਲੀ ਨੇ ਹੁਕਮ ਦਿੱਤਾ ਕਿ ਅਮੀਰ ਹੋਏ ਚਾਹੇ ਗਰੀਬ ਹਰੇਕ ਘਰ ਤੋਂ ਤਾਵਾਨ ਵਸੂਲ ਕੀਤਾ ਜਾਏ। ਕਿਸੇ ਨੂੰ ਵੀ ਛੱਡਿਆ ਨਹੀਂ ਗਿਆ। ਇਸ ਮਕਸਦ ਅਧੀਨ ਸ਼ਹਿਰ ਨੂੰ ਵਾਰਡਾਂ ਵਿੱਚ ਵੰਡ ਦਿੱਤਾ ਗਿਆ ਤੇ ਹਰੇਕ ਵਾਰਡ ਵਿੱਚ ਅਫ਼ਗਾਨ ਸਿਪਾਹੀਆਂ ਦੀ ਡਿਊਟੀ ਲਾ ਦਿੱਤੀ ਗਈ। ਔਰਤਾਂ ਤੇ ਮਰਦਾਂ ਨੂੰ ਤਰਾਂ-ਤਰਾਂ ਦੇ ਤਸੀਹੇ ਦਿੱਤੇ ਗਏ। ਕੁੱਟਮਾਰ ਤੇ ਕਤਲ ਕਰ ਦੇਣਾ ਮਾਮੂਲੀ ਗੱਲ ਸੀ। ਬਹੁਤ ਸਾਰੇ ਲੋਕਾਂ ਤੋਂ ਇਹ ਜ਼ੁਲਮ ਸਹਾਰੇ ਨਾ ਗਏ। ਉਹਨਾਂ ਨੇ ਜ਼ਹਿਰ ਖਾ ਕੇ ਜਾਂ ਖ਼ੂਹ ਵਿੱਚ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ। 4 ਫ਼ਰਵਰੀ ਤੋਂ 5 ਮਾਰਚ ਤੱਕ ਪੂਰਾ ਇੱਕ ਮਹੀਨਾ ਲੁੱਟਮਾਰ, ਬਲਾਤਕਾਰ ਤੇ ਕਤਲੋਗਾਰਤ ਦਾ ਇਹ ਸਿਲਸਿਲਾ ਜਾਰੀ ਰਿਹਾ। ਦਿੱਲੀ ਨੌਂ ਵਾਰੀ ਵੱਸੀ ਤੇ ਨੌਂ ਵਾਰੀ ਉੱਜੜੀ, ਪਰ ਉਸਦੀ ਜਿਹੜੀ ਹਾਲਤ ਇਸ ਵਾਰੀ ਹੋਈ, ਪਹਿਲਾਂ ਕਦੀ ਨਹੀਂ ਸੀ ਹੋਈ। ਅਬਦਾਲੀ ਨੇ ਮੁਗ਼ਲ ਸੱਤਾ ਦੀ ਦਰੜ-ਦਰੜ ਕੇ ਮਿੱਝ ਕੱਢ ਦਿੱਤੀ ਸੀ।

ਮਥੁਰਾ ਤੇ ਬਿੰਦਰਾਬਨ ਨੂੰ ਵੀ ਇੰਜ ਹੀ ਲੁੱਟਿਆ ਗਿਆ। ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਬੇਟੇ ਤੈਮੂਰ ਦੀ ਸ਼ਾਦੀ ਬਾਦਸ਼ਾਹ ਆਲਮਗੀਰ ਸਾਨੀ ਦੀ ਬੇਟੀ ਜੌਹਰ ਬੇਗਮ ਨਾਲ ਕਰ ਦਿੱਤੀ ਤੇ ਲੁੱਟ ਦਾ ਸਾਰਾ ਮਾਲ ਉਸਨੂੰ ਦੇ ਕੇ ਲਾਹੌਰ ਰਵਾਨਾ ਕਰ ਦਿੱਤਾ ਤਾਂ ਕਿ ਉੱਥੋਂ ਇਹ ਮਾਲ ਅਫ਼ਗਾਨਿਸਤਾਨ ਭੇਜ ਦਿੱਤਾ ਜਾਏ। ਫੇਰ ਆਪਣੀ ਸ਼ਾਦੀ ਮਰਹੂਮ (ਸਵਰਗੀ) ਬਾਦਸ਼ਾਹ ਮੁਹੰਮਦ ਸ਼ਾਹ ਦੀ ਬੇਟੀ ਹਜਰਤ ਬੇਗਮ ਨਾਲ ਕਰਵਾਈ। ਹਜਰਤ ਬੇਗਮ ਦੀ ਉਮਰ ਸਿਰਫ਼ 16 ਸਾਲ ਦੀ ਸੀ ਤੇ ਤੈਅ ਸੀ ਕਿ ਉਸਦਾ ਵਿਆਹ ਆਲਮਗੀਰ ਸਾਨੀ ਨਾਲ ਹੋਏਗਾ। ਜਦੋਂ ਨਿਕਾਹ ਪੜ੍ਹਿਆ ਜਾ ਰਿਹਾ ਸੀ, ਉਹ ਰੋ-ਰੋ ਕੇ ਬੇਹਾਲ ਹੁੰਦੀ ਜਾ ਰਹੀ ਸੀ ਤੇ ਵਾਰੀ-ਵਾਰੀ ਆਲਮਗੀਰ ਸਾਨੀ ਵੱਲ ਦੇਖ ਰਹੀ ਸੀ।

"ਜਹਾਂਪਨਾਹ!" ਆਲਮਗੀਰ ਸਾਨੀ ਨੇ ਕੁਰਲਾ ਕੇ ਕਿਹਾ, "ਸ਼ਰਾ ਦੇ ਮੁਤਾਬਿਕ ਨਿਕਾਹ ਵਿੱਚ ਦੁਲਹਨ ਦੀ ਰਜ਼ਾਮੰਦੀ ਵੀ ਜ਼ਰੂਰੀ ਹੈ।"

"ਭੋਲੇ ਬਾਦਸ਼ਾਹ!" ਅਬਦਾਲੀ ਨੇ ਮੁਸਕਰਾ ਕੇ ਕਿਹਾ, "ਜਿਹੜਾ ਨਿਕਾਹ ਤਲਵਾਰ ਦੀ ਨੋਕ ਉੱਪਰ ਕੀਤਾ ਜਾਏ, ਉਸ ਵਿੱਚ ਕੋਈ ਸ਼ਰਾ ਨਹੀਂ ਹੁੰਦੀ।"

ਅਬਦਾਲੀ ਆਪਣੀ ਇਸ ਦੁਲਹਨ ਦੇ ਨਾਲ਼ ਸ਼ਾਹੀ ਹਰਮ ਦੀਆਂ 17 ਰਖੇਲਾਂ ਤੇ 400 ਦਾਸੀਆਂ ਨੂੰ ਵੀ ਆਪਣੇ ਕੈਂਪ ਵਿੱਚ ਲੈ ਗਿਆ।

ਇਤਫ਼ਾਕ ਨਾਲ ਅਫ਼ਗਾਨ ਫ਼ੌਜ ਵਿੱਚ ਹੈਜਾ ਫ਼ੈਲ ਗਿਆ। ਲਗਭਗ ਡੇਢ ਸੌ ਸਿਪਾਹੀ ਹਰ ਰੋਜ਼ ਮਰਨ ਲੱਗੇ। ਇਸ ਕਾਰਨ ਉਸਨੂੰ ਦਿੱਲੀ ਛੱਡਣੀ ਪਈ। ਨਜੀਬ ਖ਼ਾਂ ਨੂੰ ਨਜੀਬੁਦੌਲਾ ਦਾ ਖ਼ਿਤਾਬ ਦੇ ਕੇ ਉਸਨੂੰ ਹਿੰਦੁਸਤਾਨ ਦਾ ਮੀਰ ਬਖ਼ਸ਼ੀ ਭਾਵ ਆਪਣਾ ਮੁਖ਼ਤਿਆਰ ਬਣਾ ਕੇ ਉਹ 2 ਅਪ੍ਰੈਲ 1757 ਨੂੰ ਲੁੱਟ ਦੇ ਮਾਲ ਨਾਲ ਮਾਲਾ-ਮਾਲ ਹੋ ਕੇ ਵਾਪਿਸ ਪਰਤ ਗਿਆ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ਪੈਸੇ ਦੀ ਅਹਿਮੀਅਤ

### ਅਰਸ਼

ਕਿੰਨਾ ਮਰਜ਼ੀ ਆਪਾਂ ਕਹੀ ਜਾਈਏ ਪਰ ਪੈਸਾ, ਪੈਸਾ ਹੀ ਹੁੰਦਾ ਹੈ। ਕੋਈ ਅਮੀਰ ਆਦਮੀ ਸਾਹਮਣੇ ਆ ਜਾਵੇ ਤਾਂ ਲੋਕ ਉੱਠ ਕੇ ਖੜੇ ਹੋ ਜਾਂਦੇ ਹਨ ਤੇ ਜੇ ਕੋਈ ਗ਼ਰੀਬ ਆ ਜਾਵੇ ਤਾਂ ਧਿਆਨ ਈ ਨਹੀਂ ਦਿੰਦੇ ਜਿਵੇਂ ਕੋਈ ਕੁੱਤਾ-ਬਿੱਲੀ ਏ।

ਬਹਾਦਰ ਸ਼ਾਹ ਜ਼ਫ਼ਰ ਦੀ ਗੱਦੀ ਨਸ਼ੀਨ ਦੀ ਵਰੇਗੰਢ ਸੀ ਤੇ ਉਸਨੇ ਉਸ ਸਮੇਂ ਦੇ ਮਸ਼ਹੂਰ ਉਰਦੂ ਕਵੀ ਮਿਰਜ਼ਾ ਗ਼ਾਲਿਬ ਨੂੰ ਸੱਦਾ ਦਿੱਤਾ। ਮਿਰਜ਼ਾ ਗ਼ਾਲਿਬ ਦੇ ਦੋਸਤਾਂ ਨੇ ਉਸਨੂੰ ਸਲਾਹ ਦਿੱਤੀ ਕੇ ਯਾਰ ਤੇਰੇ ਕੱਪੜੇ ਤਾਂ ਪਾਟੇ ਤੇ ਪੁਰਾਣੇ ਹਨ, ਜੁੱਤੀ ਵੀ ਟੁੱਟੀ ਹੋਈ ਏ ਤੇ ਟੋਪੀ ਵੀ ਮੈਲੀ, ਤੂੰ ਐਂ ਕਰ ਕੱਪੜੇ ਨਵੇਂ ਪਾ ਕੇ ਜਾਹ ਪਰ ਗ਼ਾਲਿਬ ਨੇ ਕਿਹਾ ਕੇ ਮੇਰੇ ਕੋਲ਼ ਤਾਂ ਬਸ ਆਹੀ ਕੱਪੜੇ ਹਨ। ਤਾਂ ਉਸ ਦੇ ਦੋਸਤਾਂ ਨੇ ਕਿਹਾ ਕਿ ਫਿਰ ਕਿਸੇ ਦੇ ਮੰਗ ਕੇ ਪਾ ਕੇ ਜਾਹ ਨਹੀਂ ਤਾਂ ਤੈਨੂੰ ਦਰਬਾਰ ਵਿੱਚ ਕਿਸੇ ਨੇ ਪਹਿਚਾਨਣਾ ਨੀਂ। ਪਰ ਗ਼ਾਲਿਬ ਨਹੀਂ ਮੰਨਿਆ ਕਹਿੰਦਾ ਜੋ ਮੇਰਾ ਨਹੀਂ ਉਹ ਮੈਂ ਕਿਵੇਂ ਲੈ ਲਾਂ, ਉਵੇਂ ਈ ਤੁਰ ਗਿਆ। ਦਰਬਾਰ ਵਿੱਚ ਵੜਨ ਲੱਗਿਆ ਤਾਂ ਸੰਤਰੀ ਨੇ ਰੋਕ ਲਿਆ ਕਹਿੰਦਾ ਕਿੱਧਰ ਮੂੰਹ ਚੱਕਿਆ? ਗ਼ਾਲਿਬ ਕਹਿੰਦਾ ਮੈਨੂੰ ਵੀ ਸੱਦਾ ਪੱਤਰ ਮਿਲਿਆ, ਸੰਤਰੀ ਨੇ ਧੱਕਾ ਮਾਰ ਕੇ ਪਾਸੇ ਕਰ ਤਾ ਤੇ ਕਹਿੰਦਾ ਤੈਨੂੰ ਪਤਾ ਨੀ ਇਹ ਰਾਜੇ ਦਾ ਦਰਬਾਰ ਆ, ਅੱਜ ਇੱਥੇ ਖ਼ਾਸ ਮਹਿਮਾਨ ਈ ਆ ਰਹੇ ਹਨ।

ਸੋ ਗ਼ਾਲਿਬ ਵਾਪਸ ਘਰੇ ਆ ਗਿਆ। ਉਸਦੇ



ਹਰਫਾਂ ਦੇ ਨੂਰ

ਦੋਸਤਾਂ ਨੂੰ ਪਤਾ ਸੀ ਇਹੀ ਹੋਣਾ ਸੀ। ਸੋ, ਉਨਾਂ ਨੇ ਪਹਿਲਾਂ ਈ ਕੱਪੜੇ ਲਿਆ ਕੇ ਰੱਖੇ ਸਨ ਤੇ ਗ਼ਾਲਿਬ ਨੂੰ ਕਿਹਾ ਕੇ ਹੁਣ ਤਾਂ ਪਾ ਲੈ ਅਤੇ ਦੁਬਾਰਾ ਜਾਹ। ਹੁਣ ਗ਼ਾਲਿਬ ਮਨਾਂ ਨਹੀਂ ਕਰ ਸਕਿਆ ਤੇ ਮੰਗਵੇਂ ਮਹਿੰਗੇ ਕੱਪੜੇ ਪਾ ਕੇ ਦੁਬਾਰਾ ਗਿਆ।

ਜਾਂਦੇ ਈ ਉਸੇ ਸੰਤਰੀ ਨੇ ਸਲੂਟ ਮਾਰਿਆ ਤੇ ਬਿਨਾ ਸੱਦਾ ਪੱਤਰ ਦੇਖਿਆ ਅੰਦਰ ਲੰਘਾ ਦਿੱਤਾ। ਬਹਾਦਰ ਸ਼ਾਹ ਜ਼ਫ਼ਰ ਗ਼ਾਲਿਬ ਨੂੰ ਮਿਲ ਕੇ ਬਹੁਤ ਖ਼ੁਸ਼ ਹੋਇਆ। ਜਦੋਂ ਭੋਜਨ ਕਰਨ ਦਾ ਸਮਾਂ ਆਇਆ ਤਾਂ ਸਾਰੇ ਮਹਿਮਾਨ ਭੋਜਨ ਕਰਨ ਲੱਗੇ। ਪਰ ਗ਼ਾਲਿਬ ਕੁਝ ਹੋਰ ਈ ਕਰੀ ਜਾਂਦਾ ਸੀ। ਬੁਰਕੀ ਚੱਕਦਾ ਸੀ ਤੇ ਟੋਪੀ ਨੂੰ ਕਹਿੰਦਾ ਲੈ ਖਾ, ਜਲੇਬੀ ਚੱਕਦਾ ਤੇ ਕੋਟ ਨੂੰ ਲਾ ਕੇ ਆਖੇ ਲੈ ਖਾ, ਗੁਲਾਬ ਜਾਮਣ ਚੱਕੇ ਤੇ ਜੁੱਤੀ ਨੂੰ ਲਾ ਕੇ ਆਖੇ ਲੈ ਖਾ।

ਬਹਾਦਰ ਸ਼ਾਹ ਤੇ ਸਾਰੇ ਜਣੇ ਦੇਖ ਕੇ ਪਹਿਲਾਂ ਤਾਂ ਸੋਚਣ ਵੀ ਸ਼ਾਇਦ ਕੋਈ ਰਿਵਾਜ ਹੋਉ, ਪਰ ਜਦੋਂ ਗ਼ਾਲਿਬ ਨਾ ਹਟਿਆ ਤਾਂ ਬਹਾਦਰ ਸ਼ਾਹ ਨੇ ਕਿਹਾ ਕੇ 'ਗ਼ਾਲਿਬ ਇਹ ਕੀ ਕਰ ਰਿਹਾ ਹੈਂ? ਇਹ ਭੋਜਨ ਤੇਰੇ ਵਾਸਤੇ ਹੈ ਕੱਪੜਿਆਂ ਵਾਸਤੇ ਨਹੀਂ, ਸੋ ਤੂੰ ਖਾ।

ਤਾਂ ਗ਼ਾਲਿਬ ਨੇ ਕਿਹਾ ਕੇ 'ਗ਼ਾਲਿਬ ਤਾਂ ਪਹਿਲਾਂ ਵੀ ਆਇਆ ਸੀ। ਉਦੋਂ ਗ਼ਾਲਿਬ ਨੂੰ ਤੇਰੇ ਦਰਬਾਰ ਵਿੱਚ ਪ੍ਰਵੇਸ਼ ਨਹੀਂ ਮਿਲਿਆ। ਜੇ ਕਿਸੇ ਨੂੰ ਅੰਦਰ ਆਉਣ ਦਿੱਤਾ ਹੈ ਤਾਂ ਉਹ ਇਹ ਕੱਪੜੇ, ਇਹ ਲਿਬਾਸ ਹਨ। ਇਨਾਂ ਨੂੰ ਹੀ ਐਟਰੀ ਮਿਲੀ ਹੈ। ਸੋ, ਭੋਜਨ ਕਰਨ ਦਾ ਹੱਕ ਵੀ ਇਨਾਂ ਦਾ ਹੀ ਬਣਦਾ ਹੈ, ਗ਼ਾਲਿਬ ਦਾ ਨਹੀਂ।

## ਲਖੀਮਪੁਰ ਹਿੰਸਾ ਮਾਮਲੇ...

ਸੁਪਰੀਮ ਕੋਰਟ ਨੂੰ ਹਾਈ ਕੋਰਟ ਦੇ ਫ਼ੈਸਲੇ 'ਤੇ ਮੁੜ ਤੋਂ ਵਿਚਾਰ ਕਰਨਾ ਚਾਹੀਦਾ ਹੈ। ਉਨਾਂ ਕਿਹਾ ਕਿ ਮੁਲਜ਼ਮ ਦਾ ਪਿਤਾ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਅਹੁਦੇ 'ਤੇ ਕਾਬਜ਼ ਹੈ, ਜੋ ਕਿ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤੇ ਗਏ ਕਤਲ ਦੇ ਮਾਮਲੇ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ।

**ਸ਼ਹੀਦ ਕਿਸਾਨ ਪਰਿਵਾਰਾਂ ਦੀ ਦੁਖਾਂਤਕ ਵਿਥਿਆ**

ਪਿਛਲੇ ਸਾਲ 3 ਅਕਤੂਬਰ ਦੀ ਸਵੇਰ 55 ਸਾਲ ਦੇ ਨਛੱਤਰ ਸਿੰਘ ਆਪਣੇ ਪਿੰਡ ਨਾਮਦਾਰ ਪੁਰਵਾ ਤੋਂ ਲਗਭਗ ਕਿਲੋਮੀਟਰ ਦੂਰ ਤਿਕੋਨੀਆਂ ਵਿੱਚ ਕਿਸਾਨ ਅੰਦੋਲਨ ਤਹਿਤ ਹੋਣ ਵਾਲੇ ਇੱਕ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਘਰੋਂ ਨਿਕਲੇ ਸਨ।ਘਰੋਂ ਜਾਂਦੇ ਵੇਲੇ ਉਨਾਂ ਨੇ ਆਪਣੇ ਪਰਿਵਾਰ ਨੂੰ ਆਖਿਆ ਸੀ ਕਿ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਉਹ ਦਿੱਲੀ ਨਹੀਂ ਜਾ ਸਕੇ, ਇਸ ਲਈ ਤਿਕੋਨੀਆਂ ਜਾ ਰਹੇ ਹਨ ਤੇ ਕੁਝ ਘੰਟਿਆਂ ਵਿੱਚ ਵਾਪਸ ਘਰ ਆ ਜਾਣਗੇ।ਉਸ ਦਿਨ ਲਖੀਮਪੁਰ ਖੀਰੀ ਦੇ ਤਿਕੋਨੀਆਂ ਵਿੱਚ ਜਿਹੜੇ ਚਾਰ ਕਿਸਾਨ ਤੇ ਇੱਕ ਪੱਤਰਕਾਰ ਜੀਪ ਥੱਲੇ ਕੁਚਲੇ ਗਏ ਸਨ ਉਨਾਂ ਵਿੱਚ ਨਛੱਤਰ ਸਿੰਘ ਵੀ ਸ਼ਾਮਿਲ ਸਨ।ਉਨਾਂ ਦੀ ਧਰਮ ਪਤਨੀ ਜਸਵੰਤ ਕੌਰ ਮੁਤਾਬਕ, "ਉਹ ਪਹਿਲੀ ਵਾਰ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਘਰੋਂ ਨਿਕਲੇ ਸਨ। ਅਸੀਂ ਉਨਾਂ ਨੂੰ ਹੱਸਦੇ ਖੇਡਦੇ ਵਿਦਾ ਕੀਤਾ ਸੀ ਅਤੇ ਸੋਚਿਆ ਸੀ ਕਿ ਹੁਣ ਜਾ ਰਹੇ ਨੇ ਤੇ ਘੰਟੇ, ਦੋ ਘੰਟੇ ਤੱਕ ਵਾਪਿਸ ਆ ਜਾਣਗੇ।"

ਕੇਂਦਰ ਸਰਕਾਰ ਵਿੱਚ ਗ੍ਰਹਿ ਰਾਜ ਮੰਤਰੀ ਤੇ ਲਖੀਮਪੁਰ ਖੀਰੀ ਦੇ ਸਾਂਸਦ ਅਜੇ ਮਿਸ਼ਰਾ ਟੇਨੀ ਦੇ ਬੇਟੇ ਅਸ਼ੀਸ਼ ਮਿਸ਼ਰ ਮੁੱਖ ਆਰੋਪੀ ਹੈ।ਤਕਰੀਬਨ ਚਾਰ ਮਹੀਨੇ ਜੇਲ ਵਿੱਚ ਰਹਿਣ ਤੋਂ ਬਾਅਦ ਕੁਝ ਸਮਾਂ ਪਹਿਲਾਂ ਅਸ਼ੀਸ਼ ਮਿਸ਼ਰ ਨੂੰ ਅਦਾਲਤ ਵੱਲੋਂ ਜ਼ਮਾਨਤ ਮਿਲੀ ਹੈ।ਇਸ ਗੱਲ ਨੇ ਨਛੱਤਰ ਸਿੰਘ ਦੇ ਪਰਿਵਾਰ ਦੀ ਚਿੰਤਾ ਵਧਾ ਦਿੱਤੀ ਹੈ। ਉਨਾਂ ਦਾ ਕਹਿਣਾ ਹੈ ਕਿ ਉਨਾਂ ਨੂੰ ਡਰ ਮਹਿਸੂਸ ਹੁੰਦਾ ਹੈ। ਹੱਤਿਆ ਦੇ ਮਾਮਲੇ ਵਿੱਚ ਅਸ਼ੀਸ਼ ਨੂੰ ਜ਼ਮਾਨਤ ਮਿਲ ਜਾਣਾ ਉਸ ਦੇ ਪਿਤਾ ਦੇ ਰਾਜਨੀਤਕ ਪ੍ਰਭਾਵ ਦਾ ਨਤੀਜਾ ਹੈ। ਨਛੱਤਰ ਸਿੰਘ ਦੇ ਪੁੱਤਰ ਜਗਦੀਪ ਸਿੰਘ ਆਖਦੇ ਹਨ, "ਸਰਕਾਰ ਤੋਂ ਕੋਈ ਉਮੀਦ ਰੱਖੀ ਹੀ ਨਹੀਂ ਜਾ ਸਕਦੀ। ਸਰਕਾਰ ਇਨਸਾਫ ਨਹੀਂ ਦੇਣਾ ਚਾਹੁੰਦੀ।

ਨਛੱਤਰ ਸਿੰਘ ਦੀ ਪਤਨੀ ਜਸਵੰਤ ਕੌਰ ਆਖਦੇ ਹਨ, "ਪੰਜ ਮਹੀਨੇ ਹੋ ਗਏ ਹੁਣ ਤੱਕ ਇਨਸਾਫ਼ ਨਹੀਂ ਮਿਲਿਆ। ਇਨਸਾਫ ਮਿਲਿਆ ਹੁੰਦਾ ਤਾਂ ਫਿਰ ਜ਼ਮਾਨਤ ਕਿਉਂ ਹੋਈ ਉਸਦੀ।"

ਜਸਵੰਤ ਕੌਰ ਆਖਦੇ ਹਨ ਕਿ ਕੇਂਦਰ ਅਤੇ ਸੂਬਾ ਸਰਕਾਰ ਨੇ ਕਦੇ ਵੀ ਉਨਾਂ ਦੇ ਦੁੱਖ ਵਿੱਚ ਸ਼ਰੀਕ ਹੋਣਾ ਜ਼ਰੂਰੀ ਨਹੀਂ ਸਮਝਿਆ। ਜੇਕਰ ਇਨਾਂ ਨੂੰ ਦੁੱਖ ਹੁੰਦਾ ਤੇ ਸਾਡੇ ਘਰ ਜ਼ਰੂਰ ਆਉਂਦੇ। ਜੇ ਇਹ ਲੋਕ ਸਾਡੇ ਆਉਂਦੇ, ਸਾਨੂੰ ਤਸੱਲੀ ਹੁੰਦੀ ਹੈ ਕਿ ਸਾਨੂੰ ਇਨਸਾਫ ਮਿਲੇਗਾ। ਉਹਨਾਂ ਨੂੰ ਮੁਆਵਜ਼ਾ ਤਾਂ ਮਿਲਿਆ ਪਰ ਇਨਸਾਫ ਨਹੀਂ।"ਜਸਵੰਤ ਕੌਰ ਆਖਦੇ ਹਨ, "ਸਾਨੂੰ ਇਨਸਾਫ ਚਾਹੀਦਾ ਹੈ। ਸਰਕਾਰ ਚਾਹੇ ਤਾਂ ਆਪਣਾ ਪੈਸਾ ਵਾਪਸ ਲੈ ਲਵੇ ਸਾਨੂੰ ਇਨਸਾਫ਼ ਤੋਂ ਬਿਨਾਂ ਹੋਰ ਕੁਝ ਨਹੀਂ ਚਾਹੀਦਾ।"

# ਸ਼ਹਾਦਤਾਂ ਲਈ ਅਰਦਾਸ



ਕਲਮਾਂ ਦੇ ਜਜ਼ਬਾਤ

ਇੱਕ ਸੱਜਣ ਬਹੁਤਾ ਦਿਲ ਛੱਡੀ ਫ਼ਿਰਦਾ ਸੀ। ਉਸਦੀਆਂ ਅੱਖਾਂ ਵਿੱਚੋਂ ਹੰਝੂ ਨਹੀਂ ਰੁਕਦੇ ਸਨ। ਕਹਿੰਦਾ ਬਸ ਪੱਟੇ ਗਏ, ਹੁਣ ਨੀਂ ਕੋਈ ਥਿਆਉਣਾ, ਖ਼ਤਮ ਲੱਗਦਾ ਸਭ ਕੁਝ। ਮੈਂ ਉਸਨੂੰ ਧਰਵਾਸ ਦਿੰਦਿਆਂ ਕਿਹਾ 'ਸੱਜਣਾ', ਇਹ ਵਹਿਮ ਨਾ ਮਨ ਵਿੱਚ ਰੱਖੀਂ ਆਪਣੇ, ਇਹ ਪਾਤਸ਼ਾਹ ਦਾ ਕੋਈ ਪਤਾ ਨੀਂ ਕੱਲ ਨੂੰ ਤੇਰੇ ਸਿਰ 'ਤੇ ਹੱਥ ਰੱਖ ਤੈਨੂੰ ਇੱਥੇ ਲਿਆ ਖੜਾਉਣ। ਇਹ ਅਮੁੱਕ ਲੜੀ ਹੈ, ਸਾਰਾ ਜੰਗਲ ਵੀ ਸੜ ਜਾਵੇ, ਇੱਕ ਅੱਧ ਹਰੀ ਤਿੜ ਨੇ ਫੇਰ ਰੰਗ ਬੰਨ ਦੇਣੇ ਹਨ। ਪਤਾ ਨਹੀਂ ਅੱਜ ਕਿੰਨਿਆਂ ਨੇ ਉਹਦੀ ਬਲਦੀ ਚਿਖਾ 'ਤੇ ਖਲੋ ਕੇ ਅਰਦਾਸ ਕਰ ਆਪਣੇ ਲਈ ਇਹ ਗੁਰੂ ਕੀਆਂ ਦਾਤਾਂ ਮੰਗਣੀਆਂ ਹਨ।'

ਫਿਰ ਉਸਨੂੰ ਮੈਂ ਇਤਿਹਾਸ ਦੀ ਗਾਥਾ ਸੁਣਾਈ, ਕਦੇ ਕਿਸੇ ਨੂੰ ਉਮੀਦ ਸੀ ਨਰੈਣੂ ਮਹੰਤ ਕੋਲ਼ੋਂ ਨਨਕਾਣਾ ਸਾਹਿਬ ਅਜ਼ਾਦ ਹੋਵੇਗਾ। ਪਰ ਵੇਖ ਲਾ ਅਰਦਾਸ ਦਾ ਪ੍ਰਤਾਪ। ਭਾਈ ਹਜ਼ਾਰਾ ਸਿੰਘ ਦੇ ਭੋਗ 'ਤੇ, ਗੁਰੂ ਅਰਜਨ ਸਾਹਿਬ ਮਹਾਰਾਜ ਸਨਮੁਖ ਭਰੇ ਦੀਵਾਨ ਵਿੱਚ ਭਾਈ ਲਛਮਣ ਸਿੰਘ ਨੇ ਅਰਦਾਸ ਕੀਤੀ ਸੀ 'ਹੇ, ਸੱਚੇ ਪਾਤਸ਼ਾਹ ਗੁਰੂ ਅਰਜਨ ਸਾਹਿਬ ਮਹਾਰਾਜ, ਮੇਹਰ ਕਰੋ ਤੇ ਜ਼ੁਲਮ ਦੂਰ ਕਰ ਠੰਢ ਵਰਤਾਵੋ। ਧਰਮ ਖ਼ਾਤਰ ਆਪ ਨੇ ਸਭ ਤੋਂ ਪਹਿਲਾਂ ਸ਼ਹੀਦੀ ਦਿੱਤੀ ਸੀ ਅਤੇ ਨਾ ਸਹਾਰੇ ਜਾਣ ਵਾਲੇ ਕਸ਼ਟ ਆਪ ਨੇ ਸਹਾਰੇ ਸਨ। ਫਿਰ ਤੇ ਸ਼ਹਾਦਤਾਂ ਦੀ ਕਤਾਰ ਖੜੀ ਹੋ ਗਈ। ਕੌਮ ਅਜ਼ਾਦ ਹੋਈ ਤੇ ਧਰਮ ਦਾ ਰਾਜ ਸਥਾਪਤ ਹੋਇਆ। ਅੱਜ ਮੈਂ ਨਿਮਾਣਾ ਤੁਹਾਡੇ ਦਰ 'ਤੇ ਖਲੋ ਕੇ ਬੇਨਤੀ ਕਰ ਰਿਹਾ ਹਾਂ। ਅੱਜ ਤੇਰੇ ਪਿਆਰੇ ਭਾਈ ਹਜ਼ਾਰਾ ਸਿੰਘ ਜੀ ਸ਼ਹੀਦ ਤੇ ਹੋਰ ਕਈ ਪਿਆਰੇ ਸ਼ਾਂਤਮਈ ਰਹਿ ਕੇ ਫੱਟੜ ਹੋ, ਕੁਰਬਾਨੀ ਦੇ ਜਜ਼ਬੇ ਨਾਲ਼ ਸ੍ਰੀ ਤਰਨ ਤਾਰਨ ਦੇ ਸਚਖੰਡੀ ਦਰਬਾਰ ਦਾ ਪ੍ਰਬੰਧ ਪੰਥਕ ਕਬਜ਼ੇ ਵਿੱਚ ਲੈ ਆਂਦਾ ਹੈ। ਪਿਛਲੇ ਪਾਪਾਂ ਦੀ ਮੈਲ ਸ਼ਹੀਦੀ ਖ਼ੂਨ ਨਾਲ਼ ਧੋਤੀ ਗਈ ਹੈ। ਸੋ ਹੇ ਦੀਨਾ ਨਾਥ, ਮੇਰੇ 'ਤੇ ਵੀ ਅਜਿਹੀ ਕਿਰਪਾ ਕਰੋ, ਜੋ ਮੈਂ ਨਕਾਰੇ ਦਾ ਸਿਰ ਸ੍ਰੀ ਨਨਕਾਣਾ ਸਾਹਿਬ ਗੁਰਦੁਆਰਾ ਜਨਮ ਅਸਥਾਨ ਦੇ ਪ੍ਰਬੰਧ ਸੁਧਾਰ ਹਿਤ ਲੱਗੇ ਤੇ ਉਹ ਪਵਿੱਤਰ ਗੁਰਧਾਮ ਵੀ ਕੁਕਰਮੀਆਂ ਹੱਥੋਂ ਸੁਤੰਤਰ ਹੋ ਕੇ ਧਰਮੀਆਂ ਦੇ ਹੱਥ ਆ ਜਾਵੇ। ਆਪ ਮੇਹਰ ਕਰੋ ਤੇ ਜਿਸ ਨੂੰ ਆਪਣੀ ਸੇਵਾ ਵਿੱਚ ਲਾਉਣਾ ਹੋਵੇ, ਹੁਕਮ ਕਰਕੇ ਲਾ ਲਓ। ਪਰ ਮੈਂ ਨਿਮਾਣੇ ਦੀ ਉਮੰਗ ਅਤੇ ਉਤਸ਼ਾਹ ਜ਼ਰੂਰੀ ਪੂਰਾ ਕਰਨਾ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਅਜ਼ਾਦੀ ਲਈ ਮੈਨੂੰ ਸ਼ਕਤੀ ਬਖਸ਼ ਕੇ ਆਪਣੀ ਸੇਵਾ ਵਿੱਚ ਜ਼ਰੂਰੀ ਲਾ ਲੈਣਾ। ਮੇਰਾ ਸਿਰ ਕਬੂਲ ਕਰ ਲੈਣਾ।'

ਉਸ ਸੱਜਣ ਨੇ ਫ਼ੋਨ ਤੇ ਕਿਹਾ 'ਮੈਂ ਅਰਦਾਸ ਕਰ ਆਇਆਂ'। ਉਸਦੇ ਸ਼ਬਦਾਂ ਵਿੱਚ ਚੜਦੀ ਕਲਾ ਸੀ। ਇਤਫ਼ਾਕ ਹੈ ਕਿ ਉਧਰੋਂ ਇਹ ਵੀਡਿਓ ਸਨਮੁਖ ਆ ਗਈ। ਦੀਪ ਦਾ ਸਿਵਾ ਅੱਜ ਕਿੰਨਾ ਮੁਬਾਰਕ ਹੋ ਗਿਆ, ਜਿੱਥੇ ਖਲੋ ਕੇ ਕਿਸੇ ਨੇ ਕਲਗੀਆਂ ਵਾਲੇ ਤੋਂ ਭੁੱਲਿਆਂ ਨੂੰ ਰਾਹ ਦਿਖਾਉਣ ਤੇ ਗਾਤਰੇ ਪਵਾਉਣ ਦੀ ਅਰਦਾਸ ਰੂਹ ਤੋਂ ਕੀਤੀ ਹੈ। ਬਾਜ਼ਾਂ ਵਾਲਾ ਭਾਗ ਲਾਵੇ।

**ਬਲਦੀਪ ਸਿੰਘ ਰਾਮੂਵਾਲੀਆ**



# ਸਾਕ

ਹਰਪ੍ਰੀਤ ਬਰਾੜ ਸਿੱਧੂ

90ਵੇਂ ਦੇ ਆਰੰਭ ਵਿੱਚ ਅਜੇ ਵੀ ਸਾਡੇ ਪਿੰਡਾਂ ਵੱਲ ਪੜੀ ਲਿਖੀ ਕੁੜੀ ਲੱਭਣਾ ਔਖਾ ਕੰਮ ਸੀ। ਤੇ ਨਵੇਂ-ਨਵੇਂ ਸੂਬੇਦਾਰ ਭਰਤੀ ਹੋਏ ਜੋਗਿੰਦਰ ਸਿੰਘ ਦੀ ਤਾਂ ਮੰਗ ਹੀ ਇਹੀ ਸੀ। ਨੇੜੇ-ਤੇੜੇ ਦੇ ਪਿੰਡਾਂ ਵਿੱਚ ਜੋਗਿੰਦਰ ਹੀ ਇੱਕ ਅਜਿਹਾ ਗੱਭਰੂ ਸੀ ਜੋ ਸਿੱਧਾ ਸੂਬੇਦਾਰ ਭਰਤੀ ਹੋਇਆ ਸੀ। ਸਾਕਾਂ ਦੀ ਕੋਈ ਕਮੀ ਨਹੀਂ ਸੀ ਉਹਨੂੰ। ਭੂਆ, ਤਾਈ, ਮਾਸੀ, ਮਾਮੀ ਹਰੇਕ ਹੀ ਉਸਨੂੰ ਸਾਕ ਕਰਾਉਣ ਦੀ ਤਾਕ ਵਿੱਚ ਸੀ ਪਰ ਉਸਦੀ ਇਸ ਮੰਗ ਅੱਗੇ ਸਭ ਛਿੱਥੇ ਪੈ ਜਾਂਦੇ। ਉਂਜ ਤਾਂ ਸੂਬੇਦਾਰ ਦੀ ਮਾਂ ਵੀ ਪੜੀ ਲਿਖੀ ਕੁੜੀ ਘਰ ਲਿਆਉਣ ਦੇ ਹੱਕ ਵਿੱਚ ਨਹੀਂ ਸੀ। ਜਦੋਂ ਗੁਆਢਣਾਂ ਉਸ ਨੂੰ ਆਖਦੀਆਂ ਕਿ, 'ਭੈਣੇ ਹੁਣ ਨੂੰਹ ਦੇ ਭਾਂਡੇ ਮਾਂਜਣ ਨੂੰ ਤਿਆਰ ਰਹੀ। ਇਹ ਪੜੀਆਂ-ਲਿਖੀਆਂ ਤੋਂ ਪਰੌਠੇ ਨਾ ਭਾਲੀਂ', ਤਾਂ ਉਸਦਾ ਮਨ ਹੋਰ ਵੀ ਡਰ ਜਾਂਦਾ ਪਰ ਜੋਗਿੰਦਰ ਦੀ ਹਿੰਡ ਨੇ ਆਖ਼ਰ ਉਸਨੂੰ ਨਰਿੰਦਰ ਦੇ ਸਾਕ ਲਈ ਮਨਾ ਹੀ ਲਿਆ।

ਵਿਚੋਲਾ ਜੋਗਿੰਦਰ ਅਤੇ ਨਰਿੰਦਰ ਦੋਨਾਂ ਦੇ ਪਿਓਆਂ ਦਾ ਵਾਕਫ਼ਕਾਰ ਸੀ। ਨਰਿੰਦਰ ਤਕੜੇ ਜ਼ਿਮੀਦਾਰਾਂ ਦੀ ਧੀ ਅਤੇ ਪਟਿਆਲੇ ਯੂਨੀਵਰਸਿਟੀ ਵਿੱਚ ਐਮ.ਏ ਭਾਗ ਦੂਜਾ ਕਰ ਰਹੀ ਸੀ। ਗਿੱਧੇ ਦੀ ਸ਼ੌਕੀਨ ਅਤੇ ਨਾਟਕਾਂ ਵਿੱਚ ਵੀ ਭਾਗ ਲੈਂਦੀ ਰਹਿੰਦੀ। ਨਰਿੰਦਰ ਨੂੰ ਵੀ ਬਥੇਰੇ ਚੰਗੀਆਂ ਜ਼ਮੀਨਾਂ ਵਾਲਿਆਂ ਦੇ ਰਿਸ਼ਤੇ ਆਉਂਦੇ ਸਨ, ਪਰ ਉਨਾਂ ਦੀ ਭਾਲ ਵੀ ਜੋਗਿੰਦਰ ਸਿੰਘ ਉੱਤੇ ਜਾ ਕੇ ਮੁੱਕੀ। ਜ਼ਮੀਨ-ਜਾਇਦਾਦ ਦੇ ਮਾਮਲੇ ਵਿੱਚ ਭਾਵੇਂ ਜੋਗਿੰਦਰ ਉਨਾਂ ਤੋਂ ਘੱਟ ਸੀ ਪਰ ਪੜਾਈ ਅਤੇ ਨੌਕਰੀ ਕਾਰਨ ਉਹ ਨਰਿੰਦਰ ਦੇ ਦਾਦੇ ਦੀ ਪਹਿਲੀ ਪਸੰਦ ਬਣ ਗਿਆ। ਜੋਗਿੰਦਰ ਅਤੇ ਨਰਿੰਦਰ ਦੋਹਾਂ ਨੇ ਇੱਕ ਦੂਜੇ ਦੀ ਫ਼ੋਟੋ ਦੇਖ ਹਾਮੀ ਭਰ ਦਿੱਤੀ ਅਤੇ ਜੋਗਿੰਦਰ ਦੀ ਮਾਂ ਦੇ ਵੀ ਨਰਿੰਦਰ ਨੂੰ ਮਿਲਣ ਬਾਅਦ ਸਾਰੇ ਤੌਖ਼ਲੇ ਦੂਰ ਹੋ ਗਏ ਸਨ।

ਸੂਬੇਦਾਰ ਦੀ ਛੁੱਟੀ ਨੂੰ ਮੁੱਖ ਰੱਖਦਿਆਂ ਚਾਰ ਮਹੀਨਿਆਂ ਬਾਅਦ ਵਿਆਹ ਵੀ ਪੱਕਾ ਹੋ ਗਿਆ। ਸ਼ਗਨਾਂ ਦੇ ਦਿਨ ਭੱਜੇ ਆ ਰਹੇ ਸਨ ਕਿ ਕਿਸੇ ਭਾਨੀਮਾਰ ਦਾ ਦਾਅ ਲੱਗ ਗਿਆ। ਉਸਨੇ ਸੂਬੇਦਾਰ ਦੀ ਮਾਂ ਦੇ ਅਜਿਹੇ ਕੰਨ ਭਰੇ ਕਿ ਕੁੜੀ ਦਾ ਚਰਿੱਤਰ ਠੀਕ ਨਹੀਂ ਆ। ਇਸੇ ਲਈ ਉਹ ਤੁਹਾਡੇ ਘਰ ਰਿਸ਼ਤੇ ਨੂੰ ਮੰਨ ਗਏ, ਨਹੀ ਤਾਂ ਹੋਰ ਉਨਾਂ ਨੂੰ ਕਿਹੜਾ ਰਿਸ਼ਤਿਆਂ ਦਾ ਘਾਟਾ ਸੀ। ਸੂਬੇਦਾਰ ਦੀ ਮਾਂ ਦੇ ਉਸਦਾ ਡਰ ਅੱਗੇ ਆ ਗਿਆ ਅਤੇ ਉਹਨਾਂ ਬਿਨਾਂ ਸੂਬੇਦਾਰ ਨੂੰ ਦੱਸੇ, ਵਿਆਹ ਵਿੱਚ ਕੁਝ ਹੀ ਦਿਨ ਰਹਿੰਦਿਆਂ ਰਿਸ਼ਤੇ ਨੂੰ ਜਵਾਬ ਦੇ ਦਿੱਤਾ। ਵਿਆਹ ਲਈ ਛੁੱਟੀ ਲੈ ਕੇ ਪਰਤੇ ਸੂਬੇਦਾਰ ਨੇ ਜਦੋਂ ਘਰ ਵਿੱਚ ਮਾਤਮ ਜਿਹੀ ਚੁੱਪ ਪਸਰੀ ਦੇਖੀ ਤਾਂ ਉਸਨੂੰ ਕਿਸੇ ਅਣਹੋਣੀ ਦਾ ਅੰਦਾਜ਼ਾ ਤਾਂ ਜ਼ਰੂਰ ਹੋ ਗਿਆ ਸੀ।

ਮਾਂ ਨੇ ਜਦੋਂ ਸਾਰੀ ਗੱਲ ਦੱਸੀ ਤਾਂ ਸੂਬੇਦਾਰ ਦੇ ਮਨ ਵਿੱਚ ਕਾਹਲ ਮੱਚ ਗਈ। ਉਸਨੇ ਝੱਟ ਮੋਟਰਸਾਈਕਲ ਕੱਢਿਆ ਅਤੇ ਮਾਂ-ਪਿਉ ਦੇ ਮਨਾ ਕਰਨ ਦੇ ਬਾਵਜੂਦ ਵੀ ਨਰਿੰਦਰ ਦੇ ਪਿੰਡ ਵੱਲ ਨੂੰ ਚਾਲੇ ਪਾ ਦਿੱਤੇ। ਉੱਥੇ ਜਾ ਕੇ ਪਤਾ ਲੱਗਾ ਕਿ ਉਹ ਤਾਂ ਪਟਿਆਲਾ ਵਿੱਚ ਹੈ। ਦੁੱਗ-ਦੁੱਗ ਕਰਦਾ ਮੋਟਰਸਾਈਕਲ ਪਟਿਆਲੇ ਵੱਲ ਨੂੰ ਤੁਰ ਪਿਆ। ਠੰਡ ਦੀ ਸ਼ੁਰੂਆਤ ਜਿਹੀ ਹੋ ਰਹੀ ਸੀ। ਹਵਾ ਦੇ ਠੰਡੇ ਬੁੱਲੇ ਵੀ ਸੂਬੇਦਾਰ ਦੇ ਵਿੱਚ ਵੱਜ ਕੇ ਗਰਮ ਜਿਹੇ ਹੋ ਰਹੇ ਸਨ। ਉਸਦੇ ਮੱਥੇ ਉੱਤੇ ਮੁੜਕੇ ਦੀ ਲਕੀਰ ਉਸਦੇ ਮਨ ਦੇ ਅੰਦਰ ਦੀ ਘਬਰਾਹਟ ਨੂੰ ਬਿਆਨ ਕਰ ਰਹੀ ਸੀ।



ਸ਼ਾਮ ਦੇ ਪੰਜ ਕੁ ਵਜੇ ਦੇ ਆਸ-ਪਾਸ ਮੋਟਰਸਾਈਕਲ ਯੂਨੀਵਟਸਿਟੀ ਵਿੱਚ ਦਾਖ਼ਲ ਹੋ ਗਿਆ। ਸੂਬੇਦਾਰ ਦੀ ਚੰਗੀ ਕਿਸਮਤ ਨੂੰ ਉਸਦੀ ਸਿੱਧੀ ਨਜ਼ਰ ਕੰਟੀਨ ਦੇ ਨਾਲ਼ ਖੱਬੇ ਪਾਸੇ ਵਾਲੇ ਪਾਰਕ ਵਿੱਚ ਪੈ ਗਈ। ਜਿੱਥੇ ਇੱਕ ਨਾਟਕ ਮੰਡਲੀ ਨਾਟਕ ਦੀ ਤਿਆਰੀ ਕਰ ਰਹੀ ਸੀ। ਕੱਚੇ ਗੁਲਾਬੀ ਰੰਗੇ ਸੂਟ ਨਾਲ਼ ਹਰੀ ਚੁੰਨੀ ਲਈ, ਲੰਮੀ ਗੁੱਤ ਵਾਲੀ ਨਰਿੰਦਰ ਉਸਨੂੰ ਦੂਰੋਂ ਹੀ ਦਿੱਖ ਗਈ। 15-20 ਮੁੰਡੇ-ਕੁੜੀਆਂ ਨਾਲ਼ ਘਿਰੀ ਉਹ ਸ਼ਾਂਤ ਚਿੱਤ ਉਨਾਂ ਨੂੰ ਨਿਰਦੇਸ਼ ਦੇ ਰਹੀ ਸੀ। ਇੱਕ ਵਾਰ ਤਾਂ ਸੂਬੇਦਾਰ ਨੂੰ ਲੱਗਾ ਕੀ ਇਹ ਸੱਚੀ ਉਹੀ ਕੁੜੀ ਹੈ ਜਿਸਦਾ ਅਜੇ ਹੁਣੇ ਵਿਆਹ ਟੁੱਟਿਆ ਹੈ ਪਰ ਫ਼ੋਟੋ ਦੇਖੀ ਹੋਣ ਕਰਕੇ ਸ਼ੱਕ ਦੀ ਤਾਂ ਕੋਈ ਗੁੰਜਾਇਸ਼ ਨਹੀਂ ਸੀ।

ਨਿੱਕੇ-ਨਿੱਕੇ ਕਦਮ ਪੁੱਟਦਿਆਂ, ਜੋਗਿੰਦਰ ਆਪਣੇ ਹੀ ਖ਼ਿਆਲਾਂ ਨਾਲ਼ ਦੋ-ਚਾਰ ਹੋ ਰਿਹਾ ਸੀ। ਕੋਲ਼ ਪਹੁੰਚਦਿਆਂ ਹੀ ਉਸਨੇ ਹੱਥ ਜੋੜ ਫ਼ਤਿਹ ਬੁਲਾਈ। ਨਰਿੰਦਰ ਦੀ ਨਜ਼ਰ ਉਸ ਉੱਤੇ ਪੈਂਦਿਆਂ ਹੀ ਉਸਦੇ ਮੱਥੇ ਉੱਤੇ ਤਿਉੜੀਆਂ ਉੱਭਰ ਆਈਆਂ। 'ਕੀ ਅਜੇ ਹੋਰ ਬੇਇੱਜ਼ਤੀ ਕਰਨੀ ਬਾਕੀ ਰਹਿ ਗਈ ਸੀ ?', ਉਸਨੇ ਸਿੱਧਾ ਹੀ ਜੋਗਿੰਦਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਸਵਾਲ ਕੀਤਾ। 'ਮੈਨੂੰ ਉਮੀਦ ਨਹੀਂ ਸੀ ਕਿ ਤੁਸੀਂ ਇੱਥੇ ਮਿਲੋਗੇ', ਜੋਗਿੰਦਰ ਨੇ ਨੀਵੀਂ ਪਾ ਕੇ ਕਿਹਾ।

'ਤੁਹਾਨੂੰ ਲੱਗਾ ਸੀ ਕਿ ਮੈਂ ਕਿਸੇ ਕੋਨੇ ਵਿੱਚ ਬੈਠ ਕੇ ਮਾਤਮ ਮਨਾ ਰਹੀ ਹੋਵਾਂਗੀ ?' ਨਰਿੰਦਰ ਬੋਲੀ

'ਤੁਹਾਨੂੰ ਮਿਲਣ ਤੋਂ ਪਹਿਲਾਂ ਸ਼ਾਇਦ ਦਿਲ ਵਿੱਚ ਕੋਈ ਸੰਦੇਹ ਸੀ ਪਰ ਤੁਹਾਨੂੰ ਦੇਖ ਕੇ ਸਾਰੇ ਸੰਸੇ ਖ਼ਤਮ ਹੋ ਗਏ ਹਨ। ਮੈਂ ਤਾਂ ਸਿਰਫ਼ ਸੁਨੇਹਾ ਪਹੁੰਚਾਉਣ ਆਇਆ ਸੀ ਕਿ ਮਿੱਥੇ ਸਮੇਂ ਅਤੇ ਦਿਨ ਉੱਤੇ ਬਰਾਤ ਤੁਹਾਡੇ ਦਰ ਉੱਤੇ ਪਹੁੰਚ ਜਾਵੇਗੀ। ਤੁਹਾਡੇ ਪਰਿਵਾਰ ਦੀ ਰਜ਼ਾਮੰਦੀ ਮੈਂ ਲੈ ਕੇ ਆਇਆ, ਬੱਸ ਹੁਣ ਤੁਹਾਡੀ ਹਾਂ ਦਾ ਇੰਤਜ਼ਾਰ ਹੈ'।

ਨਰਿੰਦਰ ਨੇ ਜਦੋਂ ਹੱਥ ਬੰਨ ਕੇ ਖੜੇ ਸਵਾ ਛੇ ਫੁੱਟੇ ਸੂਬੇਦਾਰ ਨੂੰ ਦੇਖਿਆ ਤਾਂ ਉਸਦੇ ਮੂੰਹ ਉੱਤੇ ਖੇੜਾ ਆ ਗਿਆ।

ਕੰਟੀਨ ਉੱਤੇ ਦੋਵਾਂ ਦਾ ਚਾਹ ਪੀਂਦਿਆਂ ਦਾ ਛਣ-ਛਣ ਕਰਦਾ ਹਾਸਾ ਜ਼ਿੰਦਗੀ ਭਰ ਦੇ ਅਟੁੱਟ ਸਾਕ ਦੀ ਬਾਤ ਪਾ ਰਿਹਾ ਸੀ।

# ਮੌਤ ਦਾ ਡਰ



ਢਾਡੀ ਕੁਲਜੀਤ ਸਿੰਘ ਦਿਲਬਰ
+919814167999

1947 ਵਿੱਚ ਦੇਸ਼ ਦੀ ਵੰਡ ਹੋਈ। ਅੰਗਰੇਜ਼ਾਂ ਨੇ ਦੋ ਦੇਸ਼ਾਂ ਵਿੱਚ ਜ਼ਹਿਰ ਦੀ ਲਕੀਰ ਖਿੱਚ ਦਿੱਤੀ। ਉਸ ਉਜਾੜੇ ਵਿੱਚ ਅਸੀਂ ਪਾਕਿਸਤਾਨ ਤੋਂ ਉੱਜੜ ਕੇ ਆਏ ਸਾਂ। ਦੋਆਬੇ ਦੀ ਧਰਤੀ ਦੇ ਆਗੋਸ਼ ਵਿੱਚ ਵਸੇ ਇੱਕ ਛੋਟੇ ਜਿਹੇ ਪਿੰਡ ਵਿੱਚ ਬਸੇਰਾ ਕਰ ਲਿਆ।ਆਪਣੀਆਂ ਅੱਖਾਂ ਨਾਲ਼ ਵੇਖੇ ਥਾਂ-ਥਾਂ 'ਤੇ ਲਾਸ਼ਾਂ ਦੇ ਢੇਰ। ਆਪਣਿਆਂ ਦੇ ਖ਼ੂਨ ਨਾਲ਼ ਰੰਗੀ ਲਾਲ ਧਰਤੀ ਤੱਕ ਕੇ ਮੈਂ ਅਕਸਰ ਕੰਬ ਤੇ ਡਰ ਜਾਂਦਾ ਸੀ।

ਸਮਾਂ ਬੀਤਦਾ ਜਾ ਰਿਹਾ ਸੀ। ਅਕਾਸ਼ ਵਿੱਚ ਪੰਛੀ ਉੱਡਦੇ ਜਾ ਰਹੇ ਸਨ, ਪਾਣੀਆਂ ਦੇ ਵਹਿਣ ਵਗਦੇ ਜਾ ਰਹੇ ਸਨ। ਹੌਲ਼ੀ-ਹੌਲ਼ੀ ਮਾਹੌਲ ਠੀਕ ਹੋਣ ਲੱਗਾ। ਇਸ ਪਿੰਡ ਵਿੱਚ ਜ਼ਿਆਦਾ ਅਬਾਦੀ ਸਿੱਖਾਂ ਦੀ ਹੀ ਸੀ।

ਇਸ ਪਿੰਡ ਦੇ ਸਰਦਾਰ ਇੰਦਰ ਸਿੰਘ ਜੋ ਹਰ ਵਕਤ ਬਾਣੀ ਪੜਦੇ ਰਹਿੰਦੇ ਸਨ। ਪਿੰਡ ਦੇ ਬੰਦਿਆਂ ਨਾਲ਼ ਵੀ ਘੱਟ ਹੀ ਲਗਾਅ ਰੱਖਦੇ ਸਨ। ਇੱਕ ਦਿਨ ਉਹਨਾਂ ਦੇ ਘਰ ਜਾਣ ਦਾ ਸਬੱਬ ਬਣਿਆ। ਮੈਂ ਵੇਖਿਆ ਕਿ ਇੰਦਰ ਸਿੰਘ ਜੀ ਹੱਥ ਵਿੱਚ ਮਾਲ਼ਾ ਫੜੀ ਭਜਨ ਬੰਦਗੀ ਕਰ ਰਹੇ ਸਨ। ਮੈਂ ਵੇਖ ਕੇ ਵਾਪਸ ਪਰਤਣ ਲੱਗਾ, ਉਨਾਂ ਖੰਗੂਰਾ ਮਾਰਿਆ ਮੈਂ ਮੁੜ ਕੇ ਉਨਾਂ ਵੱਲ ਤੱਕਿਆ, ਉਨਾਂ ਹੱਥ ਦੀ ਸੈਨਤ ਨਾਲ਼ ਇਸ਼ਾਰਾ ਕਰ ਕੇ ਮੈਨੂੰ ਆਪਣੇ ਕੋਲ਼ ਬੁਲਾਇਆ। ਮੈਂ ਕੋਲ਼ ਜਾ ਕੇ ਚਰਨ ਬੰਧਨਾ ਕੀਤੀ, ਫ਼ਤਿਹ ਦੀ ਸਾਂਝ ਕੀਤੀ, ਉਨਾਂ ਮੰਜੇ 'ਤੇ ਬੈਠਣ ਲਈ ਕਿਹਾ। ਕਹਿਣ ਲੱਗੇ ਤੂੰ ਈਸ਼ਰ ਸਿੰਘ ਦਾ ਪੋਤਰਾ ਐਂ। ਮੈਂ ਹਾਂ ਵਿੱਚ ਸਿਰ ਹਿਲਾਇਆ।

'ਕੀ ਕਰਦਾਂ'।

ਮੈਂ ਕਿਹਾ 'ਪੜਦਾਂ'।

ਮੈਂ ਪੁੱਛਿਆ, ਤਾਇਆ ਜੀ ਤੁਸੀਂ ਬਾਹਰ ਬਹੁਤ ਘੱਟ ਨਿਕਲਦੇ ਹੋ। ਪਿੰਡ ਦੇ ਬੰਦਿਆਂ ਨਾਲ਼ ਵੀ ਮੋਹ ਘੱਟ ਹੀ ਰੱਖਦੇ ਹੋ, ਹਰ ਵਕਤ ਬਾਣੀ ਪੜਦੇ ਰਹਿੰਦੇ ਹੋ।

ਮੇਰੀਆਂ ਗੱਲਾਂ ਸੁਣ ਕੇ ਉਨਾਂ ਇੱਕ ਵੱਡਾ ਜਿਹਾ ਹਉਕਾ



ਭਰਿਆ, ਥੋੜਾ ਸਮਾਂ ਚੁੱਪ ਰਹਿਣ ਤੋਂ ਬਾਅਦ ਕਹਿੰਦੇ, ਬੇਟਾ ਸੁਣ, ਤੁਸੀਂ ਪਾਕਿਸਤਾਨ ਤੋਂ ਉੱਜੜ ਕੇ ਇਸ ਪਿੰਡ ਵਿੱਚ ਆਏ ਹੋ। ਅਸੀਂ ਜੱਦੀ ਪੁਸ਼ਤੀ ਇਸੇ ਪਿੰਡ ਦੇ ਹਾਂ, ਉਨਾਂ ਗੱਲ ਸੁਣਾਉਣੀ ਸ਼ੁਰੂ ਕੀਤੀ।

ਇਸ ਪਿੰਡ ਵਿੱਚ 10-11 ਘਰ ਮੁਸਲਮਾਨਾਂ ਦੇ ਸਨ, ਥੋੜੇ ਘਰ ਹਿੰਦੂਆਂ ਦੇ ਵੀ ਸਨ, ਬਹੁਤੀ ਅਬਾਦੀ ਸਾਡੀ ਸਿੱਖਾਂ ਦੀ ਸੀ। ਸਾਰੀਆਂ ਕੌਮਾਂ ਪਿਆਰ ਮੁਹੱਬਤ ਨਾਲ਼ ਰਹਿੰਦੀਆਂ ਸਨ। ਆਪਸ ਵਿੱਚ ਇਤਫ਼ਾਕ ਵੀ ਬਹੁਤ ਸੀ, ਆਪਸੀ ਮਿਲਵਰਤਣ ਵੀ ਭਰਾਵਾਂ ਵਰਗਾ ਸੀ।

ਜਦੋਂ ਅਗਸਤ 1947 ਵਿੱਚ ਦੇਸ਼ ਦੀ ਵੰਡ ਹੋਈ, ਦੋਹਾਂ ਪਾਸੀਂ ਕਤਲੋਗਾਰਦ ਸ਼ੁਰੂ ਹੋ ਗਈ, ਲੁੱਟਾਂ- ਖੋਹਾਂ ਸ਼ੁਰੂ ਹੋ ਗਈਆਂ। ਖ਼ਬਰਾਂ ਸੁਣ ਰਹੇ ਸਾਂ, ਮੁਸਲਮਾਨਾਂ ਸਿੱਖ ਵੱਢ ਦਿੱਤੇ, ਧੀਆਂ ਦੀਆਂ ਇੱਜ਼ਤਾਂ ਲੁੱਟ ਲਈਆਂ, ਸਾਮਾਨ ਲੁੱਟ ਲਿਆ। ਖ਼ਬਰਾਂ ਸੁਣ ਕੇ ਮੇਰੇ ਖ਼ੂਨ ਨੇ ਉਬਾਲਾ ਖਾਧਾ, ਮੈਂ ਵੱਡੀ ਤਲਵਾਰ ਹੱਥ ਵਿੱਚ ਲਈ ਮੁਸਲਮਾਨਾਂ ਦੇ ਘਰ ਇਕੱਲਾ ਤੁਰ ਪਿਆ। ਮੈਂ ਪਹਿਲਾਂ ਅਬਦੁੱਲੇ ਘਰ ਗਿਆ ਉਹ ਨਮਾਜ਼ ਪੜ ਰਿਹਾ ਸੀ। ਉਹ ਮੈਨੂੰ ਵੇਖ ਕੇ ਤਰਲੇ ਹਾੜੇ ਕੱਢਣ ਲੱਗਾ, ਕਹਿੰਦਾ, ਸਰਦਾਰਾ ਤੂੰ ਹੁਣ ਮੈਨੂੰ ਮਾਰ ਤਾਂ ਦੇਣਾ ਹੀ ਹੈ, ਮੈਨੂੰ ਨਮਾਜ ਪੜ ਲੈਣ ਦੇ ਮੈਂ ਉਹਦੇ 'ਤੇ ਤਰਸ ਨਾ ਕਰ ਕੇ ਇੱਕ ਝਟਕੇ ਨਾਲ਼ ਉਹਦਾ ਸਿਰ ਵੱਢ ਦਿੱਤਾ। ਜਿਵੇਂ ਕਸਾਈ ਬੱਕਰੇ ਦਾ ਸਿਰ ਵੱਢਦਾ ਉਹਦਾ ਤਿੰਨ ਸਾਲ ਦਾ ਮੁੰਡਾ ਮੇਰੇ ਨਜ਼ਰੀਂ ਪੈ ਗਿਆ, ਤੰਦੂਰ ਮੱਘ ਰਿਹਾ ਸੀ ਮੈਂ ਉਸਨੂੰ ਤੰਦੂਰ ਵਿੱਚ ਸੁੱਟ ਦਿੱਤਾ। ਉਹ ਬੱਚਾ ਕੁਰਲਾ ਰਿਹਾ ਸੀ, ਪਰ ਮੈਨੂੰ ਤਰਸ ਨਾ ਆਇਆ, ਮੇਰੀਆਂ ਅੱਖਾਂ ਅੱਗੇ ਤੜਫ਼-ਤੜਫ਼ ਕੇ ਮਰ ਗਿਆ। ਫਿਰ ਦੂਜੇ ਮੁਸਲਿਆਂ ਘਰ ਗਿਆ, ਜਿਹੜਾ ਹੱਥ ਆਇਆ ਤਲਵਾਰ ਨਾਲ਼ ਝਟਕਾ ਦਿੱਤਾ, 5-6 ਮੁਸਲਮਾਨ ਕਤਲ ਕਰਕੇ ਉਨਾਂ ਦੇ ਘਰ ਲੁੱਟ ਲਏ, ਜਿਹੜੇ ਬਚ ਗਏ, ਉਹ ਪਾਕਿਸਤਾਨ ਨਿਕਲ ਗਏ, ਬਸ, ਉਹ ਸਮਾਂ ਹੀ ਐਸਾ ਸੀ। ਹੁਣ ਮੈਨੂੰ ਮੌਤ ਤੋਂ ਡਰ ਲੱਗ ਰਿਹਾ, ਹੁਣ ਮੈਂ ਬਾਣੀ ਇਸ ਕਰ ਕੇ ਪੜਦਾ ਕਿ ਮੇਰੀ ਮੌਤ ਸੌਖੀ ਹੋ ਜਾਵੇ। ਗੱਲਾਂ ਕਰਦੇ ਉਸ ਦੀਆਂ ਅੱਖਾਂ ਵਿੱਚ ਹੰਝੂ ਸਨ ਤੇ ਚਿਹਰੇ 'ਤੇ ਮੌਤ ਦਾ ਖੌਫ਼।

ਗੱਲਾਂ ਸੁਣ ਕੇ ਮੈਂ ਇੰਦਰ ਸਿੰਘ ਬਾਰੇ ਸੋਚਣ ਲੱਗ ਪਿਆ, ਐਡਾ ਨਿਰਦਈ ਬੰਦਾ ਇਹਦੇ ਅੰਦਰੋਂ ਇਨਸਾਨੀਅਤ ਹੀ ਖ਼ਤਮ ਹੋ ਗਈ, ਕਿਵੇਂ ਜਾਨਵਰਾਂ ਵਾਂਗ ਆਦਮੀ ਵੱਢੇ ਹੋਣਗੇ। ਮੇਰੇ ਮਨ ਅੰਦਰ ਇੰਦਰ ਸਿੰਘ ਲਈ ਜ਼ਰਾ ਵੀ ਹਮਦਰਦੀ ਨਾ ਰਹੀ। ਮੈਂ ਉੱਠ ਕੇ ਆਪਣੇ ਘਰ ਆ ਗਿਆ। ਸੋਚਦਾ ਸਾਂ ਕਿ ਬਾਣੀ ਪੜਨ ਨਾਲ਼ ਮੌਤ ਸੌਖੀ ਹੋ ਜਾਵੇਗੀ ? ਸਿਆਣੇ ਸੱਚ ਕਹਿੰਦੇ, ਕਰਮਾਂ ਦਾ ਲੇਖਾ ਤਾਂ ਦੇਣਾ ਪੈਂਦਾ ਸਚਮੁਚ ਇੰਦਰ ਸਿੰਘ ਨੂੰ ਲੇਖੇ ਦੇਣੇ ਪਏ। ਇਸਦਾ ਜਵਾਨ ਪੁੱਤਰ 23 ਸਾਲ ਦਾ ਭੱਠੀ ਵਿੱਚ ਸੜ ਕੇ ਮਰ ਗਿਆ, ਸੱਥਰ ਵਿਛਿਆ ਹੋਇਆ, ਪਿੰਡ ਦੇ ਲੋਕ ਅਫ਼ਸੋਸ ਨੂੰ ਆ ਰਹੇ ਸਨ, ਸਭ ਦੇ ਮੂੰਹ ਵਿੱਚ ਇੱਕੋ ਗੱਲ ਜਿਵੇਂ ਦਾ ਬੀਜਾਂਗੇ ਉਵੇਂ ਦਾ ਕੱਟਾਂਗੇ। ਸੱਥਰ 'ਤੇ ਬੈਠੇ ਲੋਕ ਗੱਲਾਂ ਕਰ ਰਹੇ ਸੀ, ਬਾਹਰੋਂ ਇੱਕ ਪਾਗਲ ਔਰਤ ਆਣ ਕੇ ਉੱਚੀ ਅਵਾਜ ਵਿੱਚ ਚੀਕੀ, ਇੰਦਰ ਸਿਹਾਂ ਯਾਦ ਆਇਆ ਕਿਵੇਂ ਮਾਸੂਮ ਨੂੰ ਤੰਦੂਰ ਵਿੱਚ ਸੁੱਟਿਆ ਸੀ, ਤੇਰੀਆਂ ਕੀਤੀਆਂ ਤੇਰੇ ਅੱਗੇ ਆ ਰਹੀਆਂ। 7-8 ਮਹੀਨੇ ਬਾਅਦ ਇੰਦਰ ਸਿੰਘ ਆਪਣੇ ਵੱਡੇ ਪੁੱਤਰ ਨਾਲ਼ ਸਕੂਟਰ 'ਤੇ ਪਿਛੇ ਬੈਠਾ ਰਿਸ਼ਤੇਦਾਰੀ ਵਿੱਚ ਜਾ ਰਿਹਾ ਸੀ। ਅਚਨਚੇਤ ਸਕੂਟਰ ਦਾ ਸਾਹਮਣੇ ਆਉਂਦੀ ਕਾਰ ਨਾਲ਼ ਐਕਸੀਡੈਂਟ ਹੋ ਗਿਆ। ਵੱਡੇ ਪੁੱਤਰ ਦੀ ਮੌਕੇ 'ਤੇ ਮੌਤ ਹੋ ਗਈ। ਇੰਦਰ ਸਿੰਘ ਬਚ ਗਿਆ, ਪਰ ਦਿਮਾਗੀ ਸੱਟ ਲੱਗਣ ਕਾਰਨ ਉਹ ਕੋਮੇ ਵਿੱਚ ਚਲਾ ਗਿਆ। ਦੋ ਸਾਲ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਰਿਹਾ, ਘਰਦੇ ਵਾਹਿਗੁਰੂ ਅੱਗੇ ਅਰਦਾਸ ਕਰਨ ਲੱਗ ਪਏ, ਸਤਿਗੁਰ ਜੀ ਅਸੀਂ ਹਾਰ ਗਏ, ਹੁਣ ਪਰਦਾ ਪਾ ਲਵੋ, ਅੰਤ ਮੌਤ ਰਾਣੀ ਨੂੰ ਤਰਸ ਆ ਹੀ ਗਿਆ, ਮੌਤ ਦਾ ਖ਼ੌਫ਼ ਲੱਥ ਚੁੱਕਾ ਸੀ। ਚਿਖ਼ਾ ਬਲ ਰਹੀ ਸੀ, ਕੋਲ਼ ਖੜਾ ਮੈਂ ਸੋਚ ਰਿਹਾ ਸਾਂ ਕਿ ਕੀਤੇ ਕਰਮਾਂ ਦਾ ਲੇਖਾ ਜਿਉਂਦੇ ਜੀ ਇੱਥੇ ਹੀ ਉਹ ਪ੍ਰਮਾਤਮਾ ਲੈ ਲੈਂਦਾ।

# ਟੋਭਾ ਟੇਕ ਸਿੰਘ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਸਆਦਤ ਹਸਨ ਮੰਟੋ

ਪਾਗਲਾਂ ਨੂੰ ਲਾਰੀਆਂ 'ਚੋਂ ਕੱਢਣਾ ਅਤੇ ਦੂਜੇ ਅਫਸਰਾਂ ਦੇ ਹਵਾਲੇ ਕਰਨਾ ਬੜਾ ਔਖਾ ਕੰਮ ਸੀ ਕਈ ਤਾਂ ਬਾਹਰ ਨਿਕਲਦੇ ਹੀ ਨਹੀਂ ਸੀ, ਜੋ ਨਿਕਲਣ ਲਈ ਰਜ਼ਾਮੰਦ ਹੁੰਦੇ ਸਨ, ਉਨਾਂ ਨੂੰ ਸੰਭਾਲਣਾ ਮੁਸ਼ਕਿਲ ਹੋ ਜਾਂਦਾ ਸੀ ਕਿਉਂਕਿ ਉਹ ਇੱਧਰ-ਉੱਧਰ ਭੱਜ ਉੱਠਦੇ ਸਨ, ਜੋ ਨੰਗੇ ਸਨ, ਉਨਾਂ ਨੂੰ ਕੱਪੜੇ ਪੁਆਏ ਜਾਂਦੇ ਤਾਂ ਉਹ ਉਨਾਂ ਪਾੜ ਕੇ ਆਪਣੇ ਬਦਨ ਤੋਂ ਲਾਹ ਸੁੱਟਦੇ-ਕੋਈ ਗਾਲਾਂ ਕੱਢ ਰਿਹਾ ਹੈ, ਕੋਈ ਗਾ ਰਿਹਾ ਹੈ, ਕੁਝ ਆਪਸ ਵਿੱਚ ਝਗੜ ਰਹੇ ਨੇ, ਵਿਲਕ ਰਹੇ ਨੇ-ਕੰਨ ਪਈ ਆਵਾਜ਼ ਸੁਣਾਈ ਨਹੀਂ ਦਿੰਦੀ ਸੀ- ਪਾਗਲ ਔਰਤਾਂ ਦਾ ਸ਼ੋਰ ਸ਼ਰਾਬਾ ਅਲੱਗ ਸੀ ਅਤੇ ਠੰਡ ਏਨੀ ਸਖ਼ਤ ਸੀ ਕਿ ਦੰਦ ਵੱਜ ਰਹੇ ਸਨ।

ਪਾਗਲਾਂ ਦੀ ਬਹੁ-ਗਿਣਤੀ ਇਸ ਬਟਵਾਰੇ ਦੇ ਹੱਕ ਵਿੱਚ ਨਹੀਂ ਸੀ, ਇਸ ਵਾਸਤੇ ਕਿ ਉਨਾਂ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਉਨਾਂ ਨੂੰ ਆਪਣੀ ਜਗਾ ਤੋਂ ਪੁੱਟ ਕੇ ਕਿੱਥੇ ਸੁੱਟਿਆ ਜਾ ਰਿਹਾ ਹੈ, ਉਹ ਥੋੜੇ ਜਿਹੇ ਜੋ ਕੁਝ ਸੋਚ ਸਮਝ ਸਕਦੇ ਸਨ, 'ਪਾਕਿਸਤਾਨ ਜ਼ਿੰਦਾਬਾਦ ਅਤੇ ਪਾਕਿਸਤਾਨ ਮੁਰਦਾਬਾਦ' ਦੇ ਨਾਅਰੇ ਲਾ ਰਹੇ ਸਨ, ਦੋ ਤਿੰਨ ਵਾਰ ਫ਼ਸਾਦ ਹੁੰਦਾ-ਹੁੰਦਾ ਬਚਿਆ, ਕਿਉਂਕਿ ਕਈ ਮੁਸਲਮਾਨਾਂ ਅਤੇ ਸਿੱਖਾਂ ਨੂੰ ਇਹ ਨਾਅਰੇ ਸੁਣ ਕੇ ਤੈਸ਼ ਆ ਗਿਆ ਸੀ।

ਜਦ ਬਿਸ਼ਨ ਸਿੰਘ ਦੀ ਵਾਰੀ ਆਈ ਅਤੇ ਵਾਹਗਾ ਦੇ ਉਸ ਪਾਰ ਸੰਬੰਧਤ ਅਫ਼ਸਰ ਉਹਦਾ ਨਾਂ ਰਜਿਸਟਰ ਵਿੱਚ ਦਰਜ ਕਰਨ ਲੱਗਾ ਤਾਂ ਉਸਨੇ ਪੁੱਛਿਆ, 'ਟੋਭਾ ਟੇਕ ਸਿੰਘ ਕਿੱਥੇ ਐ ? ਪਾਕਿਸਤਾਨ ਵਿੱਚ ਜਾਂ ਹਿੰਦੁਸਤਾਨ ਵਿੱਚ ?' ਸੰਬੰਧਤ ਅਫ਼ਸਰ ਹੱਸਿਆ, 'ਪਾਕਿਸਤਾਨ ਵਿੱਚ', ਇਹ ਸੁਣ ਕੇ ਬਿਸ਼ਨ ਸਿੰਘ ਉੱਛਲ ਕੇ ਇੱਕਪਾਸੇ ਹਟਿਆ ਅਤੇ ਦੌੜ ਕੇ ਆਪਣੇ ਬਾਕੀ ਸਾਥੀਆਂ ਦੇ ਕੋਲ਼ ਪੁੱਜ ਗਿਆ।

ਪਾਕਿਸਤਾਨੀ ਸਿਪਾਹੀਆਂ ਨੇ ਉਸਨੂੰ ਫੜ ਲਿਆ ਅਤੇ ਦੂਜੇ ਪਾਸੇ ਲਿਜਾਣ ਲੱਗੇ ਪਰ ਉਹਨੇ ਜਾਣ ਤੋਂ ਇਨਕਾਰ ਕਰ ਦਿੱਤਾ, 'ਟੋਭਾ ਟੇਕ ਸਿੰਘ ਇੱਥੇ ਐ' ਅਤੇ ਜ਼ੋਰ-ਜ਼ੋਰ ਨਾਲ਼ ਚਿਲਾਉਣ ਲੱਗਿਆ, 'ਔਪੜ ਦਿ ਗੜ-ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਦੀ ਟੋਭਾ ਟੇਕ ਸਿੰਘ ਐਂਡ ਪਾਕਿਸਤਾਨ।'

ਉਹਨੂੰ ਬਹੁਤ ਸਮਝਾਇਆ ਗਿਆ ਕਿ ਦੇਖੋ, ਹੁਣ ਟੋਭਾ ਟੇਕ ਸਿੰਘ ਹਿੰਦੁਸਤਾਨ ਵਿੱਚ ਚਲਿਆ ਗਿਆ ਹੈ, ਜੇ ਨਹੀਂ ਗਿਆ ਤਾਂ ਬਹੁਤ ਜਲਦੀ ਭੇਜ ਦਿੱਤਾ ਜਾਵੇਗਾ, ਪਰ ਉਹ ਨਾ ਮੰਨਿਆ ਜਦੋਂ ਉਹਨੂੰ ਜ਼ਬਰਦਸਤੀ ਦੂਜੇ ਪਾਸੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਵਿਚਕਾਰ ਇੱਕ ਥਾਂ ਇਸ ਢੰਗ ਨਾਲ਼ ਆਪਣੀਆਂ ਸੁੱਜੀਆਂ ਹੋਈਆਂ ਟੰਗਾਂ ਉੱਤੇ ਖੜਾ ਹੋ ਗਿਆ ਜਿਵੇਂ ਉਹਨੂੰ ਹੁਣ ਕੋਈ ਤਾਕਤ ਨਹੀਂ ਹਿਲਾ ਸਕੇਗੀ। ਆਦਮੀ ਨਿਡਰ ਸੀ, ਇਸ ਲਈ ਉਹਦੇ ਨਾਲ਼ ਕੋਈ ਜ਼ਿਆਦਾ ਜ਼ਬਰਦਸਤੀ ਨਾ ਕੀਤੀ ਗਈ, ਉਹਨੂੰ ਉੱਥੇ ਈ ਖੜਾ ਰਹਿਣ ਦਿੱਤਾ ਗਿਆ ਅਤੇ ਤਬਾਦਲੇ ਦਾ ਬਾਕੀ ਕੰਮ ਹੁੰਦਾ ਰਿਹਾ।

ਸੂਰਜ ਨਿਕਲਣ ਤੋਂ ਪਹਿਲਾਂ ਚੁੱਪ ਚੁਪੀਤੇ ਬਿਸ਼ਨ ਸਿੰਘ ਦੇ ਹਲਕ ਵਿੱਚੋਂ ਇੱਕ ਅਸਮਾਨ ਨੂੰ ਚੀਰਦੀ ਚੀਕ ਨਿਕਲੀ।

ਇੱਧਰ-ਉੱਧਰ ਕਈ ਅਫ਼ਸਰ ਭੱਜੇ ਆਏ ਅਤੇ ਉਨਾਂ ਨੇ ਦੇਖਿਆ ਕਿ ਉਹ ਆਦਮੀ ਜੋ ਪੰਦਰਾਂ ਵਰਿਆਂ ਤੱਕ ਦਿਨ ਰਾਤ ਆਪਣੀਆਂ ਟੰਗਾਂ ਉੱਤੇ ਖੜਾ ਰਿਹਾ ਸੀ, ਮੂਧੇ ਮੂੰਹ ਪਿਆ ਸੀ।

ਉੱਧਰ ਕੰਡਿਆਲੀਆਂ ਤਾਰਾਂ ਦੇ ਪਿੱਛੇ ਹਿੰਦੁਸਤਾਨ ਸੀ, ਇੱਧਰ ਇਹੋ ਜਿਹੀਆਂ ਤਾਰਾਂ ਦੇ ਪਿੱਛੇ ਪਾਕਿਸਤਾਨ, ਵਿਚਕਾਰ ਜ਼ਮੀਨ ਦੇ ਉਸ ਟੁਕੜੇ ਉੱਤੇ ਜਿਸਦਾ ਕੋਈ ਨਾਂ ਨਹੀਂ ਸੀ ਟੋਭਾ ਟੇਕ ਸਿੰਘ ਪਿਆ ਸੀ।




## ਪਾਠਕਾਂ ਦਾ ਨਜ਼ਰੀਆ

### ਮਨੁੱਖੀ ਹੱਕਾਂ ਲਈ ਜਸਟਿਸ ਬੈਂਸ ਦੀ ਘਾਲਣਾ

ਜਸਟਿਸ ਅਜੀਤ ਸਿੰਘ ਬੈਂਸ ਲੰਘੀ 11 ਫ਼ਰਵਰੀ ਨੂੰ ਚੰਡੀਗੜ ਵਿਚਲੇ ਆਪਣੇ ਘਰ ਵਿੱਚ ਅਕਾਲ ਚਲਾਣਾ ਕਰ ਗਏ। ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਜੱਜ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਮਗਰੋਂ ਉਹ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਉੱਘੜਵਾਂ ਚਿਹਰਾ ਬਣ ਗਏ ਸਨ। ਉਨਾਂ ਦੀ ਉਮਰ ਸੌ ਸਾਲਾਂ ਨੂੰ ਢੁਕੀ ਹੋਈ ਸੀ। ਆਪਣੇ ਦਸ ਸਾਲਾਂ ਦੇ ਸੇਵਾਕਾਲ (1974-84) ਦੌਰਾਨ ਉਹ ਇੱਕ ਅਲੱਗ ਹੀ ਕਿਸਮ ਦੇ ਜੱਜ ਵਜੋਂ ਜਾਣੇ ਜਾਂਦੇ ਸਨ। ਹਾਈ ਕੋਰਟ ਦੇ ਬਹੁਤੇ ਜੱਜਾਂ ਦੇ ਸਮਾਜਿਕ ਜੀਵਨ ਤੇ ਵਿਸ਼ਵ ਦ੍ਰਿਸ਼ਟੀ ਕਰ ਕੇ ਉਨਾਂ ਦੀ ਪਛਾਣ ਨਿਜ਼ਾਮ ਪੱਖੀ ਹੁੰਦੀ ਹੈ ਪਰ ਜਸਟਿਸ ਬੈਂਸ ਇਸ ਤੋਂ ਐਨ ਉਲਟ ਸਨ। ਹਾਈ ਕੋਰਟ ਦੇ ਇੱਕ ਜੱਜ ਹੋਣ ਦੇ ਨਾਤੇ ਭਾਵੇਂ ਜਸਟਿਸ ਬੈਂਸ ਦਾ ਸਮਾਜਿਕ ਜੀਵਨ ਚੰਡੀਗੜ ਦੇ ਕੁਲੀਨ ਵਰਗ ਨਾਲ਼ ਜੁੜਦਾ ਸੀ ਪਰ ਆਪਣੀ ਵਿਸ਼ਵ ਦ੍ਰਿਸ਼ਟੀ ਕਰ ਕੇ ਉਹ ਸਮਾਜ ਦੇ ਨਪੀੜੇ ਵਰਗਾਂ ਨਾਲ਼ ਆ ਜੁੜਦੇ ਸਨ। ਆਪਣੇ ਸੇਵਾਕਾਲ ਦੌਰਾਨ ਉਨਾਂ ਮਿਹਨਤਕਸ਼ ਲੋਕਾਂ ਦੇ ਹਿੱਤਾਂ ਤੇ ਹੱਕਾਂ ਦੀ ਰਾਖੀ ਲਈ ਕਈ ਫ਼ੈਸਲੇ ਦਿੱਤੇ ਸਨ। ਉਨਾਂ ਨੇ ਕਈ ਮਾਲਕਾਂ ਅਤੇ ਨਿਜ਼ਾਮ ਪੱਖੀਆਂ ਖ਼ਿਲਾਫ਼ ਫ਼ੈਸਲੇ ਸੁਣਾਏ ਸਨ। ਉਹ ਖ਼ਾਸ ਤੌਰ ’ਤੇ ਮਾਲਕਾਂ ਦੇ ਮੁਕਾਬਲੇ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਜਾਣੇ ਜਾਂਦੇ ਸਨ। ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਇਹ ਦੁਆ ਕਰਦੀਆਂ ਸਨ ਕਿ ਹਾਈ ਕੋਰਟ ਵਿੱਚ ਉਨਾਂ ਦਾ ਕੇਸ ਜਸਟਿਸ ਬੈਂਸ ਦੇ ਬੈਂਚ ਕੋਲ਼ ਲੱਗ ਜਾਵੇ।1984 ਵਿੱਚ ਜਦੋਂ ਉਹ ਜੱਜ ਦੇ ਅਹੁਦੇ ਤੋਂ ਫ਼ਾਰਗ ਹੋਏ ਤਾਂ ਪੰਜਾਬ ਦੇ ਹਾਲੀਆ ਇਤਿਹਾਸ ਦਾ ਸਭ ਤੋਂ ਸਿਆਹ ਕਾਲ ਸ਼ੁਰੂ ਹੋ ਜਾਂਦਾ ਹੈ। ਜਦੋਂ ਵੱਡੀ ਤਾਦਾਦ ਵਿੱਚ ਪੰਜਾਬ ਦੇ ਲੋਕਾਂ ਨੂੰ ਸੁਰੱਖਿਆ ਦਸਤਿਆਂ ਰਾਹੀਂ ਗ੍ਰਿਫ਼ਤਾਰੀਆਂ ਅਤੇ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਸਟਿਸ ਬੈਂਸ ਨੇ ਆਪਣੇ ਕਿੱਤੇ ਅਤੇ ਸਮਾਜਿਕ ਰੁਤਬੇ ਦੇ ਮੱਦੇਨਜ਼ਰ ਆਪਣੀ ਇਤਿਹਾਸਕ ਭੂਮਿਕਾ ਜਾਣ ਲਈ ਕਿ ਇਹੋ ਜਿਹੇ ਹਾਲਾਤ ਵਿੱਚ ਜਦੋਂ ਸਟੇਟ/ਰਿਆਸਤ ਦੇ ਦਮਨਕਾਰੀ ਸੱਤਾ ਢਾਂਚਿਆਂ ਨੂੰ ਟਕਰਨਾ ਹੋਵੇ ਤਾਂ ਹੋਰ ਕਿਸੇ ਸ਼ਖ਼ਸ ਨਾਲ਼ੋਂ ਉਹ ਇਹ ਕੰਮ ਬਿਹਤਰ ਢੰਗ ਨਾਲ਼ ਕਰ ਸਕਦੇ ਹਨ। ਉਨਾਂ ਮਨੁੱਖੀ ਅਧਿਕਾਰਾਂ ਦੀਆਂ ਘੋਰ ਖ਼ਿਲਾਫ਼ਵਰਜ਼ੀਆਂ ਦੀਆਂ ਵਾਰਦਾਤਾਂ ਦੀ ਜਾਂਚ ਅਤੇ ਸਬੂਤ ਇਕੱਤਰ ਕਰਨ ਵਾਸਤੇ 1985 ਵਿੱਚ ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦਾ ਗਠਨ ਕੀਤਾ। ਇਸ ਤਰਾਂ ਸੇਵਾਮੁਕਤੀ ਤੋਂ ਬਾਅਦ ਉਨਾਂ ਦੇ ਰੁਝੇਵੇਂ ਹੋਰ ਵਧ ਗਏ। ਪੁਲਿਸ ਨੇ 1992 ਵਿੱਚ ਇੱਕ ਵਾਰ ਜਸਟਿਸ ਬੈਂਸ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਉਨਾਂ ਨੂੰ ਹੱਥਕੜੀ ਲਾ ਕੇ ਥਾਣੇ ਲਿਆਂਦਾ ਗਿਆ ਸੀ। ਉਸ ਸਮੇਂ ਕੇ.ਪੀ.ਐਸ. ਗਿੱਲ ਅਤੇ ਜਸਟਿਸ ਅਜੀਤ ਸਿੰਘ ਬੈਂਸ ਪੰਜਾਬੀ ਸਮਾਜ ਦੇ ਦੋ ਚਿਹਰਿਆਂ ਦੇ ਪ੍ਰਤੀਕ ਬਣ ਗਏ। ਜਸਟਿਸ ਬੈਂਸ ਨੇ ਅਡੋਲ ਰਹਿ ਕੇ ਵੱਕਾਰ ਤੇ ਸੱਚ ਦੀ ਤਾਕਤ ਦਾ ਮੁਜ਼ਾਹਰਾ ਕੀਤਾ। ਜਸਟਿਸ ਬੈਂਸ ਨੂੰ ਹੱਥਕੜੀ ਲਾ ਕੇ ਲੈਜਾਣ ਦੀ ਦੁਨੀਆਂ ਭਰ ਦੀ ਨਿਆਂਇਕ ਤੇ ਮਨੁੱਖੀ ਅਧਿਕਾਰਾਂ ਦੀ ਬਰਾਦਰੀ ਵੱਲੋਂ ਨਿਖੇਧੀ ਕੀਤੀ ਗਈ ਤੇ ਆਖ਼ਰ ਪੰਜਾਬ ਪੁਲਿਸ ਅਤੇ ਇਸ ਦੇ ਤਤਕਾਲੀਨ ਮੁਖੀ ਗਿੱਲ ਨੂੰ ਝੁਕਣਾ ਪਿਆ ਅਤੇ ਬੈਂਸ ਨੂੰ ਰਿਹਾਅ ਕਰਨਾ ਪਿਆ। ਇਸ ਨਾਲ਼ ਜਸਟਿਸ ਬੈਂਸ ਦਾ ਰੁਤਬਾ ਹੋਰ ਬੁਲੰਦ ਹੋ ਗਿਆ। ਉਨਾਂ ਦੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਜਜ਼ਬਾ ਹੋਰ ਪਕੇਰਾ ਹੋਰ ਗਿਆ ਕਿ ਹਾਈ ਕੋਰਟ ਦੇ ਸਾਬਕਾ ਜੱਜ ਨਾਲ਼ ਏਦਾਂ ਦਾ ਸਲੂਕ ਕੀਤਾ ਜਾ ਸਕਦਾ ਹੈ ਤਾਂ ਆਮ ਲੋਕਾਂ ਦੀ ਕੀ ਵੁੱਕਤ ਹੋ ਸਕਦੀ ਹੈ ? ਜਸਟਿਸ ਬੈਂਸ ਨੂੰ ਮੈਂ ਇੱਕ ਵਾਰ ਮਿਲ ਸਕਿਆਂ ਹਾਂ ਤੇ ਉਹ ਇੰਨੇ ਮਾਣਮੱਤੇ ਇਨਸਾਨ ਸਨ ਕਿ ਆਪਣੇ ਬਾਰੇ ਜਾਂ ਆਪਣੇ ਕੰਮ ਬਾਰੇ ਬਹੁਤੀ ਗੱਲਬਾਤ ਕਰਨ ਦੀ ਜਗਾ ਉਹ ਮਨੁੱਖੀ ਅਧਿਕਾਰਾਂ ਬਾਰੇ ਲਿਖੀ ਮੇਰੀ ਇੱਕ ਕਿਤਾਬ ਦੀ ਸਰਾਹਨਾ ਕਰਦੇ ਰਹੇ। ਬਾਅਦ ਵਿੱਚ ਜਦੋਂ ਵੀ ਕਦੇ ਚੰਡੀਗੜ ਜਾਣ ਦਾ ਮੌਕਾ ਬਣਿਆ ਤਾਂ ਜਸਟਿਸ ਬੈਂਸ ਨੂੰ ਮਿਲਣ ਦਾ ਖ਼ਿਆਲ ਤਾਂ ਆਉਂਦਾ ਰਿਹਾ ਪਰ ਹੁਣ ਮੈਨੂੰ ਪਛਤਾਵਾ ਹੁੰਦਾ ਹੈ ਕਿ ਅਜਿਹਾ ਸਬੱਬ ਕਿਉਂ ਨਹੀਂ ਬਣ ਸਕਿਆ। ਅਜੀਤ ਸਿੰਘ ਬੈਂਸ ਨਿਆਂ ਤੇ ਮਨੁੱਖੀ ਹੱਕਾਂ ਲਈ ਕੀਤੇ ਆਪਣੇ ਬਾਕਮਾਲ ਕੰਮ ਜ਼ਰੀਏ ਹਮੇਸ਼ਾ ਯਾਦ ਰੱਖੇ ਜਾਂਦੇ ਰਹਿਣਗੇ।

**ਪ੍ਰੀਤਮ ਸਿੰਘ**

### ਦੀਪ ਸਿੱਖ ਸਪਿਰਿਟ ਦਾ ਬੁਲੰਦ ਪਰਚਮ ਸੀ

ਦੀਪ ਜਾਂਦਾ ਜਾਂਦਾ ਸਾਨੂੰ ਜਗਾ ਵੀ ਗਿਆ। ਹਰ ਕਿਸੇ ਨੂੰ ਲੱਗਦਾ ਜਿਵੇਂ ਉਹਦਾ ਕੋਈ ਖ਼ਾਸ ਕਰੀਬੀ ਤੁਰ ਗਿਆ ਹੋਵੇ। ਇਹੀ ਦੀਪ ਸਿੱਧੂ ਦੀ ਪ੍ਰਾਪਤੀ ਹੈ। ਉਹਦੇ ਬੋਲਾਂ ਵਿੱਚ ਕੋਈ ਅਪਣੱਤ ਸੀ ਜਿਹੜੀ ਬੰਦੇ ਨੂੰ ਝੱਟ ਮੋਹ ਲੈਂਦੀ ਸੀ। ਉਹਨੂੰ ਮਿਲ-ਸੁਣ ਕੇ ਹਜ਼ਾਰਾਂ ਨੌਜਵਾਨਾਂ ਦੀ ਸੋਚ ਚੁੱਪ-ਚੁਪੀਤੇ ਹੀ ਰਾਸ਼ਟਰਵਾਦ ਤੋਂ ਖ਼ਾਲਿਸਤਾਨ ਤੱਕ ਦਾ ਸਫ਼ਰ ਤੈਅ ਕਰ ਗਈ। ਦੀਪ ਸਿੱਖ ਸਪਿਰਿਟ ਦਾ ਬੁਲੰਦ ਪਰਚਮ ਸੀ ਜਿਹੜਾ ਨਾ ਕਦੇ ਝੁਕਿਆ, ਨਾ ਵਿਕਿਆ, ਨਾ ਡਰਿਆ ਤੇ ਨਾ ਹੀ ਉਸਨੇ ਕਦੇ ਪਿਛੇ ਮੁੜ ਕੇ ਵੇਖਿਆ। ਉਹਨੇ ਬਹੁਤ ਕੁਝ ਗਵਾਇਆ ਪਰ ਜਤਾਇਆ ਕਦੇ ਕੁਝ ਵੀ ਨਾ। ਜਿਨਾਂ ਦਾ ਟੁੱਕ ਵੀ ਪੰਥ ਦੇ ਸਿਰੋਂ ਚੱਲਦਾ ਉਹ ਉਸ ਨੂੰ ਨੌਲਦੇ ਰਹੇ। ਸਿੱਖਾਂ ਦੀ ਉੱਭਰ ਰਹੀ ਰਾਜਸੀ ਚੇਤਨਾ ਨੂੰ ਮਸਾਂ-ਮਸਾਂ ਕੋਈ ਚਿਹਰਾ ਮਿਲਿਆ ਸੀ। ਲੋਕ ਆਪ-ਮੁਹਾਰੇ ਉਸ ਨੂੰ ਸੁਣਨ ਜਾਂਦੇ। ਜਿਹੜੇ ਇਲਾਕੇ ਵਿੱਚੋਂ ਲੰਘ ਜਾਂਦਾ, ਉੱਥੋਂ ਦੀ ਹਵਾ ਬਦਲ ਜਾਂਦੀ। ਉਸ ਨੇ ਪੰਥ ਦੀ ਨਬਜ਼ ਨੂੰ ਪਛਾਣਿਆ ਅਤੇ ਜਿਹੜੀਆਂ ਗੱਲਾਂ ਕਰਨੋਂ ਵੱਡੇ-ਵੱਡੇ ਡਰਦੇ ਸਨ, ਉਹ ਸਹਿਜ ਸੁਭਾ ਹੀ ਲੋਕਾਂ ਦੇ ਮਨਾਂ ਵਿੱਚ ਪਾ ਜਾਂਦਾ। ਦੀਪ ਸਿੱਧੂ ਦਾ ਅੰਦਰੂਨੀ ਕਾਇਆ-ਕਲਪ ਵੀ ਵਾਹਿਗੁਰੂ ਦੀ ਕਲਾ ਵਰਤਣ ਦਾ ਹੀ ਨਤੀਜਾ ਸੀ। ਗੁਰੂ ਸਾਹਿਬ ਦੀ ਕਿਰਪਾ ਹੋਈ ਤੇ ਉਹ ਪੰਥ ਦੇ ਰਾਹ ਉੱਤੇ ਚੱਲ ਪਿਆ। ਜਿਹੜੇ ਉਸ ਨੂੰ ਗ਼ੱਦਾਰ ਦੱਸਦੇ ਸੀ ਉਨਾਂ ਨੂੰ ਕਿਸੇ ਨੇ ਵੀ ਨਹੀਂ ਪਛਾਣਨਾ। ਨੌਜਵਾਨੀ ਦੇ ਦਿਲਾਂ ਅੰਦਰ ਜਿਹੜਾ ਦੀਪ ਉਹ ਜਗਾ ਗਿਆ ਹੈ, ਉਹਦਾ ਚਾਨਣ ਸੰਘਰਸ਼ ਦੇ ਰਾਹਾਂ ਨੂੰ ਰੁਸ਼ਨਾਉਂਦਾ ਰਹੇਗਾ। ਅੱਜ ਪੰਥ ਸੰਘਰਸ਼ ਦੇ ਨਵੇਂ ਦੌਰ ਦੀਆਂ ਬਰੂਹਾਂ ਉੱਤੇ ਖੜਾ ਹੈ। ਸਾਡੀ ਪੀੜੀ ਨੇ ਲੇਖਾ ਦੇਣਾ ਹੈ ਕਿ ਅਸੀਂ ਅੱਜ ਦੀ ਘੜੀ ਕੀ ਕੀਤਾ ਸੀ। ਅਸੀਂ ਜੰਗ ਜਾਰੀ ਰੱਖੀ ਜਾਂ ਆਪਣੀ ਜਾਨ ਪਿਆਰੀ ਰੱਖੀ ? ਜੋਧਿਆਂ ਨੂੰ ਅਸਲੀ ਸ਼ਰਧਾਂਜਲੀ ਉਨਾਂ ਵੱਲੋਂ ਵਿੱਢੀ ਜੰਗ ਨੂੰ ਜਾਰੀ ਰੱਖਣਾ ਹੀ ਹੁੰਦੀ ਹੈ।

**ਪ੍ਰਭਸ਼ਰਨਬੀਰ ਸਿੰਘ**

### ਅਲਵਿਦਾ ਦੀਪ ਬਾਈ...

ਆਖਦੇ ਹਨ ਕਿ ਦੀਪ ਸਿੱਧੂ ਦਾ ਜੀਵਨ ਸੰਘਰਸ਼ਮਈ ਸੀ, ਉਸ ਦੀ ਛੋਟੀ ਉਮਰ ਵਿੱਚ ਮਾਂ ਵਿਛੜ ਗਈ। ਉਸਨੇ ਮਿਹਨਤ ਨਾਲ਼ ਅਪਣਾ ਮੁਕਾਮ ਬਣਾਇਆ। ਕਾਨੂੰਨ ਦੀ ਡਿਗਰੀ ਲੈ ਕੇ ਇੱਕ ਨਾਮੀ ਵਕੀਲ ਬਣਿਆ ਤੇ ਮੁੰਬਈ ਦੀ ਹਾਈ ਸੁਸਾਇਟੀ ਵਿੱਚ ਆਪਣਾ ਸਰਕਲ ਬਣਾਇਆ। ਇੱਥੇ ਉਸਨੇ ਸ਼ੁਹਰਤ ਤੇ ਪੈਸਾ ਵੀ ਕਮਾਇਆ। ਉਹ ਇੰਟੈਲੀਜੈਂਟ ਨੌਜਵਾਨ ਸੀ। ਕਾਰਾਂ ਚਲਾਉਣ ਦੇ ਨਾਲ਼ ਉਸਨੂੰ ਜਿਮ ਦਾ ਵੀ ਕਾਫ਼ੀ ਸ਼ੌਕ ਸੀ। ਇੱਕ ਵਾਰ ਫ਼ਿਲਮ ਦੀ ਸ਼ੂਟਿੰਗ ਦੌਰਾਨ ਜਦੋਂ ਉਸ ਨੂੰ ਮੈਂ ਮਿਲਿਆ ਸੀ ਤਾਂ ਉਸ ਸਮੇਂ ਉਹ ਦੱਸ ਰਿਹਾ ਸੀ ਕਿ ਜ਼ਿਆਦਾ ਕਸਰਤ ਕਰਨ ਕਰਕੇ ਉਸਦੀ ਪਿੱਠ ਦਰਦ ਹੋਣ ਲੱਗ ਪਈ ਹੈ।

ਭਾਵੇਂ ਕਿ ਉੱਚ ਵਿੱਦਿਆ ਪ੍ਰਾਪਤ ਫ਼ਿਲਮੀ ਸਟਾਰ ਕਹਿ ਲਵੋ ਜਾਂ ਉਤਸ਼ਾਹੀ ਨੌਜਵਾਨ ਪਰ ਇਨਾਂ ਗੱਲਾਂ ਤੋਂ ਉੱਪਰ ਜਿਸ ਗੱਲ ਕਰਕੇ ਉਸਦੀ ਇੱਜ਼ਤ ਬਣੀ ਉਹ ਸੀ ਉਸਦਾ ਸਟੈਂਡ ਜੋ ਉਸਨੇ ਕਿਸਾਨ ਮੋਰਚੇ ਦੌਰਾਨ ਲਿਆ ਸੀ ਜਿੱਥੇ ਉਸਦਾ ਵਾਹ 40-40 ਸਾਲ ਦੇ ਤਜਰਬਿਆਂ ਦੇ ਤਗਮੇ ਗਲ਼ ਵਿੱਚ ਪਾ ਕੇ ਚੌੜੇ ਹੋਏ ਫਿਰਦੇ ਹੰਕਾਰੀ ਆਗੂਆਂ ਨਾਲ਼ ਪਿਆ ਜੋ ਉਸਦੇ ਨੌਜਵਾਨਾਂ ਨੂੰ ਆਪਣੀ ਗੱਲ ਨਾਲ਼ ਕਾਇਲ ਕਰਨ ਦੇ ਗੁਣ ਤੋਂ ਘਬਰਾ ਕੇ ਉਸ ਖ਼ਿਲਾਫ਼ ਕੂੜ ਪ੍ਰਚਾਰ ਕਰਨ ਉੱਪਰ ਉੱਤਰ ਆਏ ਤੇ ਹਰ ਰੋਜ ਉਸ ਨੂੰ ਨਿੱਤ ਨਵੇਂ ਦੋਸ਼ ਲਾ ਕੇ ਬਦਨਾਮ ਕਰਨ ਲੱਗ ਪਏ। ਸ਼ਾਇਦ ਦੀਪ ਸਿੱਧੂ ਨੇ ਇਹ ਕਦੇ ਕਿਆਸ ਨਹੀਂ ਕੀਤਾ ਹੋਵੇਗਾ ਕਿ ਉਸ ਨਾਲ਼ ਇਵੇਂ ਹੋਵੇਗੀ, ਉਹ ਵਾਰ-ਵਾਰ ਕਹਿੰਦਾ ਰਿਹਾ ਸੀ ਕਿ ਸਾਡੀ ਗੱਲ ਤਾਂ ਸੁਣੋ, ਤੁਸੀਂ ਇਵੇਂ ਗ਼ੱਦਾਰ ਕਿਵੇਂ ਬਣਾ ਦਿਓਗੇ।

ਪਰ ਲਾਲਚੀ ਕਿਸਾਨ ਲੀਡਰ ਜਿਹੜੇ ਅੱਗੇ ਐੱਮ.ਐੱਲ.ਏ. ਬਣਨ ਲਈ ਹਲਕੇ ਪਏ ਸੀ ਉਨਾਂ ਇਸਦੀ ਕਿਹੜੀ ਗੱਲ ਸੁਣਨੀ ਸੀ। ਇਨਾਂ ਆਗੂਆਂ ਨੇ ਦਿਖਾਇਆ ਕੇ ਉਹ ਨੌਜਵਾਨਾਂ ਨੂੰ ਆਪਣੇ ਨਾਲ਼ ਲੈ ਕੇ ਚੱਲਣ ਦੀ ਯੋਗਤਾ ਨਹੀਂ ਸੀ ਰੱਖਦੇ।

ਉਹ ਤਾਂ ਸਿਰਫ਼ ਚੌਧਰ ਦੇ ਭੁੱਖੇ ਸੀ।ਦੀਪ ਸਿੱਧੂ ਦਾ ਉਹ ਆਪਣੀ ਗੱਲ ’ਤੇ ਸਟੈਂਡ ਲੈਣਾ ਹੀ ਸੀ, ਜਿਸ ਕਰਕੇ ਉਸਨੂੰ ਜੇਲ ਵੀ ਜਾਣਾ ਪਿਆ। ਉਸਦਾ ਨੁਕਸਾਨ ਵੀ ਹੋਇਆ ਪਰ ਉਸ ਨੂੰ ਇਸੇ ਵਜਾ ਕਰਕੇ ਲੋਕਾਂ ਦਾ ਸਮਰਥਨ ਵੀ ਮਿਲਿਆ। ਜੋ ਦੀਪ ਆਖਦਾ ਸੀ ਉਸ ਨੁਕਤੇ ਵਿੱਚ ਦਮ ਸੀ ਤਾਂ ਹੀ ਅਸੀਂ ਵੀ ਉਸਦਾ ਸਮਰਥਨ ਕੀਤਾ ਸੀ। ਪਰ ਕਿਸਾਨ ਆਗੂ ਉਸ ਦੀ ਗੱਲ ਨੂੰ ਆਪਣੇ ਮੁਫ਼ਾਦਾਂ ਪਿੱਛੇ ਝੁਠਲਾਉਂਦੇ ਰਹੇ। ਆਖ਼ਿਰ ਹੁਣ ਸਮੇਂ ਨਾਲ਼ ਕਾਫ਼ੀ ਕੁਝ ਨਿੱਖਰ ਕੇ ਸਾਹਮਣੇ ਆ ਚੁੱਕਾ ਹੈ ਕਿ ਯੂਨੀਅਨਾਂ ਦੇ ਕਿਹੜੇ ਆਗੂ ਕਿੱਧਰ ਗਏ ਤੇ ਕੀ ਹੋਇਆ ਜਨਤਾ ਸਭ ਜਾਣਦੀ ਹੈ।

**ਗੁਰਸੇਵਕ ਸਿੰਘ ਚਾਹਲ**

### ਮੌਤ ਦਾ ਰਹੱਸ

ਛਿਪ ਗਿਆ ਸਿਤਾਰਾ ਜਿਸ ਨੇ ਦਹਾਕਿਆਂ ਤੱਕ ਲਿਸ਼ਕਣਾ ਸੀ। ਕਿਸਾਨਾਂ ਉੱਪਰ ਜੀਪਾਂ ਚਾੜਨ ਦੇ ਰਾਜਸੀ ਸੱਭਿਆਚਾਰ ਵਿੱਚ ਹਰ ਸਾਜ਼ਸ਼ੀ ਹਰਬਾ ਮੁਮਕਿਨ ਹੈ।

ਪਹਿਰਾਵੇ ਦੇ ਨਾਮ ’ਤੇ ਭਗਵਾਂ ਗੁੰਡਾਗਰਦੀ

ਅਵਤਾਰ ਤਰਕਸ਼ੀਲ

ਜਦੋਂ ਕਿਸੇ ਇੱਕ ਧਰਮ ਦੇ ਲੋਕਾਂ ਵੱਲੋਂ ਧਾਰਮਿਕ ਕੱਟੜਤਾ ਦੇ ਕਾਰਣ ਕਿਸੇ ਹੋਰ ਧਰਮ ਦੇ ਲੋਕਾਂ ’ਤੇ ਜ਼ੁਲਮ ਕੀਤਾ ਜਾਂਦਾ ਹੈ ਤਾਂ ਉਹ ਧਰਮ ਦਾ ਨਿੱਜੀ ਮਸਲਾ ਨਹੀਂ ਰਹਿੰਦਾ। ਇਸ ਬੇਇਨਸਾਫ਼ੀ ਖ਼ਿਲਾਫ਼ ਬੋਲਣਾ, ਲਿਖਣਾ ਅਤੇ ਵਿਰੋਧ ਕਰਨਾ ਹਰ ਇਨਸਾਨ ਦਾ ਫ਼ਰਜ਼ ਬਣ ਜਾਂਦਾ ਹੈ। ਇਨਾਂ ਦਿਨਾਂ ਵਿੱਚ ਇੱਕ ਮੁਸਲਿਮ ਲੜਕੀ ਦੀ ਵੀਡੀਓ ਵਾਇਰਲ ਹੋਈ ਹੈ ਜਿਸ ਵਿੱਚ ਦੂਸਰੇ ਧਰਮ ਦੇ ਲੜਕੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਉਸ ਦੇ ਪਾਏ ਹੋਏ ਬੁਰਕੇ ਕਰਕੇ ਉਸ ਦਾ ਵਿਰੋਧ ਕਰਦੇ ਹਨ। ਉਨਾਂ ਦਾ ਇਸ ਤਰਾਂ ਇੱਕ ਲੜਕੀ ਨੂੰ ਤੰਗ ਕਰਨਾ ਧਾਰਮਿਕ ਮਸਲਾ ਨਹੀਂ, ਗੁੰਡਾਗਰਦੀ ਹੈ, ਜਿਸਦੀ ਅਜ਼ਾਦ ਮੁਲਕ ਵਿੱਚ ਬਿਲਕੁਲ ਇਜਾਜ਼ਤ ਨਹੀਂ ਹੋਣੀ ਚਾਹੀਦੀ।

ਇਸ ਲੜਕੀ ਵੱਲੋਂ ਕੀਤੀ ਦਲੇਰੀ ’ਤੇ ਮੈਨੂੰ ਮਾਣ ਹੈ ਕਿ ਉਸ ਨੇ ਇਨਾਂ ਕੱਟੜਵਾਦੀ ਗੁੰਡਿਆਂ ਦਾ ਡਟ ਕੇ ਵਿਰੋਧ ਕੀਤਾ। ਉਹ ਇਹ ਵਿਰੋਧ ਕਰਨ ਦੇ ਕਾਬਲ ਕਿਵੇਂ ਬਣੀ ? ਉਸ ਦਾ ਜਵਾਬ ਹੈ ਉਸ ਨੂੰ ਮਿਲੀ ਹੋਈ ਸਿੱਖਿਆ ਕਰਕੇ ਜਿਸ ਨੂੰ ਸਰਕਾਰਾਂ ਆਮ ਲੋਕਾਂ ਕੋਲ਼ੋਂ ਖੋਹਣ ਦਾ ਯਤਨ ਕਰ ਰਹੀਆਂ ਹਨ ਤਾਂ ਕਿ ਲੋਕ ਗੁਲਾਮ ਬਣੇ ਰਹਿਣ ਅਤੇ ਜ਼ੁਲਮ ਸਹਿੰਦੇ ਰਹਿਣ। ਸਿੱਖਿਆ ਬੇਇਨਸਾਫ਼ੀ ਖ਼ਿਲਾਫ਼ ਲੜਨਾ ਸਿਖਾਉਂਦੀ ਹੈ। ਆਪਣੇ ਹੱਕਾਂ ਪ੍ਰਤੀ ਜਾਗ੍ਰਿਤ ਕਰਵਾਉਂਦੀ ਹੈ। ਆਪਣੇ ਸੰਵਿਧਾਨ ਪ੍ਰਤੀ ਜਾਗਰੂਕ ਕਰਵਾਉਂਦੀ ਹੈ। ਉਸ ਨੂੰ ਮਿਲੀ ਹੋਈ ਸਿੱਖਿਆ ਨੇ ਉਸ ਨੂੰ ਸ਼ੇਰਨੀ ਬਣਾ ਦਿੱਤਾ, ਜੋ ਹਿੰਦੂਤਵੀ ਕੱਟੜਵਾਦੀਆਂ ਅੱਗੇ ਦਹਾੜਦੀ ਹੈ। ਸਾਨੂੰ ਸਾਰੀਆਂ ਲੜਕੀਆਂ ਨੂੰ ਇਸ ਲੜਕੀ ਵਰਗੀਆਂ ਬਹਾਦਰ ਬਣਾਉਣਾ ਚਾਹੀਦਾ ਹੈ ਤਾਂ ਜੋ ਸਾਰੀਆਂ ਲੜਕੀਆਂ ਆਪਣੇ ਉੱਤੇ ਹੋ ਰਹੇ ਜ਼ੁਲਮ ਖ਼ਿਲਾਫ਼ ਅਵਾਜ਼ ਉਠਾ ਸਕਣ। ਅੱਜ ਜਦੋਂ ਅਸੀਂ ਔਰਤ ਦੀ ਅਜ਼ਾਦੀ ਦੀ ਗੱਲ ਕਰਦੇ ਹਾਂ ਤਾਂ ਔਰਤਾਂ ਨਾਲ਼ ਹੁੰਦੀ ਬੇਇਨਸਾਫ਼ੀ ਲਈ ਲੜਨਾ ਹਰ ਇੱਕ ਦਾ ਫ਼ਰਜ਼ ਬਣ ਜਾਂਦਾ ਹੈ। ਮੈਂ ਇਸ ਘਟਨਾ ਦਾ ਸਖ਼ਤ ਵਿਰੋਧ ਕਰਦਾ ਹਾਂ।

**ਪੱਤਰਕਾਰ ਸੁਖਦੇਵ ਸਿੰਘ**

### ਸ਼ਾਹ ਮੁਹੰਮਦਾਂ ਪੈਂਣਗੇ ਵੈਣ ਡੂੰਘੇ..ਪੁੱਤ ਪੰਜਾਬ ਦਾ ਚਿਖ਼ਾ ਤੇ ਸੌਣ ਲੱਗਾ !

ਆਪ ਸਾਢੇ ਕੁ ਤਿੰਨ ਸਾਲ ਅਤੇ ਨਿੱਕਾ ਡੇਢ ਸਾਲ ਦਾ..ਮਾਂ ਮੁੱਕ ਗਈ..ਰਿਸ਼ਤੇਦਾਰੀ ਜ਼ੋਰ ਪਾ ਬਾਪ ਵਿਆਹ ਦਿੱਤਾ..ਚੰਗੀ ਕਿਸਮਤ..ਨਵੀਂ ਆਈ ਨੇ ਸਕੀਆਂ ਜਿੰਨਾ ਮੋਹ ਦਿੱਤਾ..ਵੱਡਾ ਹੋਇਆ ਤਾਂ ਪੂਨੇ ਲਾਅ ਕਾਲਜ ਦਾਖ਼ਲਾ ਲੈ ਲਿਆ..ਲੋਕ ਪੁੱਛਿਆ ਕਰਨ ਵਕੀਲ ਬਣਨਾ ?..ਅੱਗੋਂ ਹੱਸ ਪਿਆ ਕਰੇ..ਅਖ਼ੇ ਵਕੀਲੀ ਮੇਰੀ ਮੰਜ਼ਿਲ ਨਹੀਂ..!

ਕੇਰਾਂ ਚਾਚਾ ਮਿਲਣ ਚਲਾ ਗਿਆ..ਅੱਗੋਂ ਮਹਿੰਗੇ ਇਲਾਕੇ ਵਿੱਚ ਤਿੰਨ ਕਮਰਿਆਂ ਵਾਲਾ ਘਰ..ਸ਼ੱਕ ਹੋਇਆ..ਨਾ ਤੇ ਘਰੋਂ ਪੈਸੇ ਮੰਗਵਾਏ..ਨਾ ਕੋਈ ਹੋਰ ਸਾਧਨ..ਫੇਰ ਏਡਾ ਮਹਿੰਗਾ ਸਿਲਸਿਲਾ ਕਿੱਦਾਂ..ਕਿਧਰੇ ਗ਼ਲਤ ਕੰਮ ਵਿੱਚ ਹੀ ਨਾ ਪੈ ਗਿਆ ਹੋਵੇ..?

ਘੋਖ ਕੱਢੀ ਤਾਂ ਪਤਾ ਲੱਗਾ ਮਾਡਲਿੰਗ ਵੀ ਕਰਦਾ ਸੀ..ਰੌਲ਼ਾ ਪੈ ਗਿਆ ਹੁਣ ਇਹ ਮੁੰਡਾ ਪੱਕਾ ਮਾਡਲ ਬਣੂੰ..ਪਰ ਅੱਗਿਓਂ ਹੱਸ ਪਿਆ ਅਖ਼ੇ ਮਾਡਲਿੰਗ ਮੇਰੀ ਮੰਜ਼ਿਲ ਨਹੀਂ!

ਅਗਲੇ ਦਿਨ ਚਾਚੇ ਨੂੰ ਕਾਲਜ ਲੈ ਗਿਆ.. ਪ੍ਰਿੰਸੀਪਲ ਆਖਣ ਲੱਗਾ ਇਹ ਮੁੰਡਾ ਲੰਮੀਂ ਕਾਠੀ ਵਾਲਾ ਤਰਾਸ਼ਿਆ ਹੋਇਆ ਹੀਰਾ.. ਬਾਸਕਿਟਬਾਲ ਵੀ ਖੇਡਦਾ..ਇਸਨੂੰ ਆਖੋ ਇਸੇ ਕਾਲਜ ਵਿੱਚ ਹੀ ਰਹੇ..ਫ਼ੇਰ ਵਿਚਾਰ ਆਇਆ ਇਹ ਪੱਕਾ ਖਿਡਾਰੀ ਬਣੂੰ..!

ਅੱਗਿਓਂ ਫੇਰ ਹੱਸ ਪਿਆ..ਅਖ਼ੇ ਖੇਡਾਂ ਵੀ ਮੇਰੀ ਮੰਜ਼ਿਲ ਨਹੀਂ..!

ਫੇਰ ਚੁੱਪ ਚੁਪੀਤੇ ਇੰਗਲੈਂਡ ਦਾਖ਼ਲਾ ਲੈ ਲਿਆ..ਜਾਣਕਾਰ ਆਖਣ ਲੱਗੇ ਹੁਣ ਤਾਂ ਪੱਕਾ ਵਿਦੇਸ਼ ਵਿੱਚ ਵਸੂ..ਪਰ ਇਸ ਵੇਰ ਫੇਰ ਗੱਲ ਗੋਲ-ਮੋਲ ਜਿਹੀ ਕਰ ਗਿਆ ਅਖ਼ੇ ਇਹ ਮੇਰੀ ਮੰਜ਼ਿਲ ਨਹੀਂ..!

ਫੇਰ ਵਾਪਿਸ ਬੰਬਈ ਪਰਤ ਹਰੀਸ਼ ਸਾਲਵੇ ਨਾਮ ਦੇ ਵੱਡੇ ਵਕੀਲ ਨਾਲ਼ ਪ੍ਰੈਕਟਿਸ ਸ਼ੁਰੂ ਕਰ ਦਿੱਤੀ..ਕਨਸੋਆਂ ਛਿੜ ਪਈਆਂ..ਹੁਣ ਤੇ ਸੁਪ੍ਰੀਮ ਕੋਰਟ ਦੇ ਗਲਿਆਰਿਆਂ ਵਿੱਚ ਨੋਟ ਛਾਪੇਗਾ..ਅੱਗਿਓਂ ਇਸ ਵੇਰ ਫੇਰ ਓਹੀ ਘਸਿਆ-ਪਿਟਿਆ ਜਵਾਬ..ਪੈਸੇ ਮੇਰੀ ਮੰਜ਼ਿਲ ਨਹੀਂ!

ਫੇਰ ਫ਼ਿਲਮੀਂ ਸੀਰੀਅਲ ਵਾਲੀ ਏਕਤਾ ਕਪੂਰ ਦੇ ਰਾਹੀਂ ਸਾਹਨੇਵਾਲ ਵਾਲਿਆਂ ਦੇ ਸੰਪਰਕ ਵਿੱਚ ਆਇਆ..ਓਹਨਾ ਤੀਜਾ ਪੁੱਤ ਬਣਾ ਲਿਆ..ਆਖਣ ਲੱਗੇ ਸਾਡੇ ਪੁੱਤ ਨੇ ਪੰਜਾਬੋਂ ਚੋਣ ਲੜਨੀ ਏ..ਇਸਦਾ ਖ਼ਿਆਲ ਰੱਖੀਂ..ਇਹ ਭੋਲਾ ਪੰਛੀ ਅੱਗਿਓਂ ਝੱਟ ਮੰਨ ਗਿਆ..ਫ਼ੇਰ ਦਿੱਲੀਓਂ ਆਏ ਵੱਡੇ ਰਾਜਸੀ ਲੋਕਾਂ ਨਾਲ਼ ਮੀਟਿੰਗ ਹੋਈ..ਕਈ ਆਖਣ ਲੱਗੇ ਇਹ ਪੱਕਾ ਰਾਜਨੀਤੀ ਵਿੱਚ ਜਾਊ..!

ਅੱਗਿਓਂ ਮੰਜ਼ਿਲ ਵਾਲੀ ਓਹੀ ਗੱਲ ਆਖ ਹੱਸ ਪਿਆ..!

ਮੀਟਿੰਗ ਵਿੱਚ ਕਿਸੇ ਨੇ ਤੀਰ ਵਾਲੇ ਬਾਬੇ ਬਾਰੇ ਕੁਝ ਮਾੜਾ ਆਖ ਦਿੱਤਾ..ਉਸ ਨਾਲ਼ ਹੱਥੋਪਾਈ ਹੋ ਪਿਆ..ਅਗਲਿਆਂ ਨੇ ਅੰਦਰਲਾ ਕਰੰਟ ਭਾਂਪ ਲਿਆ ਫੇਰ ਵੇਲੇ ਕੁਵੇਲੇ ਵਰਤਣ ਲਈ ਕੁਝ ਫ਼ੋਟੋਆਂ ਵੀ ਖਿੱਚ ਲਈਆਂ..!

ਫੇਰ ਸਿੰਘੂ ਟੀਕਰੀ ਅਤੇ ਹੋਰ ਵੀ ਕਿੰਨਾ ਕੁਝ ਟੱਪਦੇ ਹੋਏ ਨੂੰ ਆਪਣੀ ਮੰਜ਼ਿਲ ਥੋੜੀ ਸਾਫ਼-ਸਾਫ਼ ਦਿਸਣ ਲੱਗ ਪਈ..ਮਗਰੋਂ ਛੱਬੀ ਜਨਵਰੀ ਵਾਲੇ ਇਤਿਹਾਸ ਮਗਰੋਂ ਪੁਲਿਸ ਗੱਡੀ ਵਿੱਚ ਤਿਹਾੜ ਜਾਂਦਿਆਂ ਨਾਲ਼ ਤੁਰੇ ਜਾਂਦੇ ਸੌ ਚੈਨਲਾਂ ਵਾਲਿਆਂ ਵਿੱਚੋਂ ਇੱਕ ਦੀ ਗੱਡੀ ਕਿਸੇ ਸਕੂਟਰ ਵਾਲੇ ਵਿੱਚ ਜਾ ਵੱਜੀ..ਹਮਾਤੜ ਨੂੰ ਕੁੱਟੀ ਜਾਣ ਤੇ ਨਾਲ਼ੇ ਆਖੀ ਜਾਣ..ਤੈਨੂੰ ਨਹੀਂ ਪਤਾ ਕਿੱਡੇ ਵੱਡੇ ਅੱਤਵਾਦੀ ਨੂੰ ਕਵਰ ਕਰ ਰਹੇ ਹਾਂ..ਤੇਰੀ ਹਿੰਮਤ ਕਿੱਦਾਂ ਹੋਈ ਸਾਡੇ ਅੱਗੇ ਆਉਣ ਦੀ..! ਮੰਜ਼ਿਲ ਵਾਲੇ ਸ਼ੀਸ਼ੇ ਤੇ ਜੰਮੀਂ ਬਾਕੀ ਦੀ ਧੂੜ ਵੀ ਲਹਿ ਗਈ..ਹੁਣ ਸਭ ਕੁਝ ਸਾਫ਼-ਸਾਫ਼ ਦਿਸਣ ਲੱਗ ਪਿਆ..!

ਪਰ ਕਿੰਨੇ ਸਾਰੇ ਆਪਣੇ ਡਰ ਗਏ..ਚਾਲੀ ਸਾਲ ਦਾ ਤਜ਼ੁਰਬਾ ਵੀ ਬੁਰੀ ਤਰਾਂ ਸਹਿਮ ਗਿਆ..ਇਹ ਕੌਣ ਆ ਗਿਆ ਬਣੀ ਬਣਾਈ ਖੀਰ ਖਾਣ..ਫ਼ੇਰ ਬੰਬਈ ਖਿੱਚੀਆਂ ਫੋਟੋਆਂ ਕੰਮ ਆਈਆਂ..ਹਮਾਤੜ ਨੂੰ ਸਪਸ਼ਟੀਕਰਨਾ ਅਤੇ ਸਫ਼ਾਈਆਂ ਵਿੱਚ ਉਲਝਾ ਦਿੱਤਾ..!

ਫੇਰ ਇੱਕ ਬੁੱਢੇ ਸ਼ੇਰ ਨਾਲ ਮਿਲਾਪ ਹੋਇਆ..ਠੀਕ ਉਂਝ ਜਿੱਦਾਂ ਚਾਲੀ ਸਾਲ ਪਹਿਲੋਂ ਜਰਨਲ ਸ਼ੁਬੇਗ ਸਿੰਘ ਤੇ ਤੀਰ ਵਾਲੇ ਬਾਬੇ ਦਾ ਹੋਇਆ ਸੀ..ਇਸ ਵੇਰ ਇਹ ਬੁੱਢਾ ਸ਼ੇਰ ਖ਼ੁਸ਼ ਹੋ ਗਿਆ ਚਲੋ ਕੋਈ ਤੇ ਮਿਲਿਆ ਮੇਰੀ ਵਿਰਾਸਤ ਸੰਭਾਲਣ ਵਾਲਾ.. ਪਰ ਬੜੀ ਥੋੜ ਚਿਰੀ ਸਾਬਤ ਹੋਈ ਇਹ ਖ਼ੁਸ਼ੀ..ਫ਼ੇਰ ਮੰਜੇ ਤੇ ਅਡੋਲ ਪਏ ਨੂੰ ਚੁੰਮਿਆ ਤਾਂ ਰੋਇਆ ਨਹੀਂ..ਸ਼ਾਇਦ ਤੀਰ ਵਾਲੇ ਦੀ ਆਖੀ ਚੇਤੇ ਕਰ ਲਈ ਸੀ..ਸੁਖ ਵੇਲੇ ਸ਼ੁਕਰਾਨਾਂ ਤੇ ਦੁੱਖ ਵੇਲੇ ਅਰਦਾਸ..!

ਅੱਜ ਕਈ ਟਿੱਚਰ ਕਰਦੇ..ਸੜਕ ਹਾਦਸੇ ਵਿੱਚ ਤੁਰ ਗਿਆ ਭਲਾ ਸ਼ਹੀਦ ਕਿੱਦਾਂ ਬਣ ਗਿਆ..!

ਦੱਸ ਦੇਈਏ ਕੇ ਭਰਾਵੋ ਹਰ ਉਹ ਇਨਸਾਨ ਜਿਸਨੂੰ ਕੌਮੀ ਮੰਜਿਲ ਸਾਫ਼-ਸਾਫ਼ ਦਿਸਣ ਲੱਗ ਪਈ ਹੋਵੇ..ਭਾਵੇਂ ਹਾਦਸੇ ਵਿੱਚ ਜਾਵੇ ਤੇ ਭਾਵੇਂ ਮੁਕਾਬਲੇ ਵਿੱਚ..ਸਾਡਾ ਸਦੀਵੀ ਸ਼ਹੀਦ ਹੀ ਅਖਵਾਏਗਾ..ਅਤੇ ਹਰ ਮੁੱਖ ਵਿੱਚੋਂ ਬੱਸ ਏਹੀ ਗੱਲ ਹੀ ਨਿਕਲੇਗੀ..ਸ਼ਾਹ ਮੁਹੰਮਦਾਂ ਪੈਂਣਗੇ ਵੈਣ ਡੂੰਘੇ..ਪੁੱਤ ਪੰਜਾਬ ਦਾ ਚਿਖ਼ਾ ਤੇ ਸੌਣ ਲੱਗਾ!

**ਹਰਪ੍ਰੀਤ ਸਿੰਘ ਜਵੰਦਾ**

## ਇਸ਼ਕ ਹਕੀਕੀ

ਮੈਨੂੰ ਰੂਹ ਨੂੰ ਕੱਤਣ ਦੇ ਸੋਹਣੇ,
ਤੰਦ ਪਾਉਣ ਦੇ ਲੰਮੀਆਂ ਰਾਤਾਂ ਦੇ।
ਇੱਥੇ ਸੁਰਤਾਂ ਵਾਲੀ ਗੱਲ ਹੋਸੀ,
ਇਹੋ ਮਸਲੇ ਧੁਰ ਦੀਆਂ ਬਾਤਾਂ ਦੇ।
ਮੈਨੂੰ ਇਸ਼ਕ ਹਕੀਕੀ ਨਹੀਂ ਆਉਂਦੀ,
ਮੌਲਾ ਕਰ ਤਰਸ ਮੇਰੇ ਹਲਾਤਾਂ ਤੇ।
ਬਸ ਮੁਰਸ਼ਦ ਤਾਈਂ ਮੋਹ ਜਾਵਾਂ,
ਮੈਨੂੰ ਮੋਲ ਪਤਾ ਨਾ ਕਾਇਨਾਤਾਂ ਦੇ।
ਮੈਨੂੰ ਬੱਸ ਵਿੱਚ ਹਲੀਮੀ ਪਾ ਦੇ ਤੂੰ,
ਦੱਸ ਭੇਤ ਤੇਰੇ ਨਾ ਮੁਲਾਕਾਤਾਂ ਦੇ।
ਇਹ ਇਲਮ ਫ਼ਕੀਰੀ ਮੈਂ ਕੀ ਜਾਣਾ,
ਇਹੋ ਸਭ ਰੌਲ਼ੇ ਫ਼ੱਕਰ ਜਾਤਾਂ ਦੇ।
ਮੈਨੂੰ ਅਦਬ ਅਦਾਵਾਂ ਰਾਸ ਨਹੀਂ,
ਨਾ ਕੋਈ ਕੂਕ ਸੁਣੇ ਬਰਸਾਤਾਂ ਤੇ।
ਦੱਸ ਮੈਂ ਜੱਗ ਮਨਾ ਕੇ ਕੀ ਲੈਣਾ,
ਅਸੀਂ ਕਮਲੇ ਤੇਰੀਆਂ ਝਾਤਾਂ ਦੇ।

**ਅੰਜੂ ਥਾਪਰ**

## ਲੀਡਰ

ਸਭ ਤੋਂ ਵੱਡਾ ਝੂਠ ਸਿਆਸਤ,
ਜਿੱਥੇ ਲੁੱਟ ਨੂੰ ਸੇਵਾ ਕਹਿੰਦੇ ਨੇ।
ਕਿੱਧਰੋਂ ਪੈਂਦਾ ਹੱਥ ਨੋਟਾਂ ਨੂੰ,
ਲੀਡਰ ਕੁੱਤੇ ਝਾਕ 'ਚ ਰਹਿੰਦੇ ਨੇ।
ਪੰਜ ਸਾਲ ਜੋ ਰੱਜ ਕੇ ਕੁੱਟਦੇ,
ਚਾਰ ਦਿਨਾਂ ਲਈ ਪੈਰੀਂ ਪੈਂਦੇ ਨੇ।
ਕਿੱਧਰੋਂ ਪੈਂਦਾ ਹੱਥ ਵੋਟਾਂ ਨੂੰ,
ਹਰ ਦਮ ਇਸੇ ਮਾਰ ਤੇ ਰਹਿੰਦੇ ਨੇ।
ਪੰਜ ਤਾਰਿਆਂ ਵਿੱਚ ਖਾਣ ਵਾਲੇ,
ਛੱਪਰਾਂ ਵਿੱਚ ਜਾ ਬਹਿੰਦੇ ਨੇ।
ਮਹਿਲਾਂ 'ਚ ਸੌਣ ਵਾਲਿਆਂ ਦੇ,
ਕੁੱਲੀਆਂ ਵਿੱਚ ਮੰਜੇ ਡਹਿੰਦੇ ਨੇ।
ਜਿੱਤਣ ਦੇ ਲਈ ਲਾਉਂਦੇ ਜੁਗਾੜ ਬੜੇ,
ਜਦੋਂ ਮਨਾਂ 'ਚੋਂ ਲਹਿੰਦੇ ਨੇ।
ਬੜੀ ਬੇਸ਼ਰਮ ਏ ਜਾਤ ਇਨਾਂ ਦੀ,
ਢਹਿ ਕੇ ਵੀ ਨਾ ਢਹਿੰਦੇ ਨੇ।
ਧੰਨ ਆ ਭੋਲੇ ਲੋਕ ਵਿਚਾਰੇ,
ਜਿਹੜੇ ਮਾਰ ਦੁਵੱਲੀ ਸਹਿੰਦੇ ਨੇ।
ਲੀਡਰਾਂ ਦਿਆਂ ਝੂਠ-ਤੂਫ਼ਾਨਾਂ ਦੇ,
ਵਹਿਣਾਂ ਵਿੱਚ ਹੋ ਵਹਿੰਦੇ ਨੇ।

**ਗੁਰਜਿੰਦਰ ਸਿੰਘ ਸਾਹਦੜਾ**

## ਛੋਲੇ ਛੋਲੇ ਛੋਲੇ...

ਟਾਵਰਾਂ ਦੀ ਰੇਂਜ ਵਧ ਗਈ
ਗਏ ਚਿੜੀਆਂ ਦੇ ਮੁੱਕ ਚੜਚੋਲੇ
ਕੋਠੀਆਂ 'ਚ ਥਾਂ ਨਾ ਕੋਈ
ਕਿਥੇ ਵਸਣ ਕਬੂਤਰ ਗੋਲੇ
ਕਿੱਕਰਾਂ ਤਾਂ ਮੁੱਕ ਚੱਲੀਆਂ
ਕਿਥੋਂ ਘੁੱਗੀਆਂ ਦੀ ਘੂੰ ਘੂੰ ਟੋਲੇਂ
ਗਰਿੱਲਾਂ ਨੇ ਬਨੇਰੇ ਨੱਪ ਲਏ
ਕਿਥੇ ਬੈਠਕੇ ਕਾਲਾ ਕਾਂ ਬੋਲੇ
ਪਿੜਾਂ ਵਿੱਚੋਂ ਬੋਹੜ ਪੱਟ ਲਏ
ਕਿਥੇ ਕੂਕੇਂਗੀ ਕਾਲੀਏ ਕੋਇਲੇ
ਮੋਰਾਂ ਦੀ ਅਵਾਜ ਕੀ ਸੁਣੇ
ਘਰ ਬਣਗੇ ਝਿੜੀ ਦੇ ਕੋਲੇ
ਤਿੱਤਰਾਂ ਨੇ ਕਿਥੋਂ ਉਡਣਾ
ਕੋਈ ਬੀਜੇ ਨਾ ਕਪਾਹਾਂ ਛੋਲੇ
ਕੁਲਵਿੰਦਰਾ ਹੈ ਸੱਚ ਦੱਸਦੀ
ਜਿਹੜੀ ਰਾਤ ਨੂੰ ਟਟਿਹਰੀ ਬੋਲੇ
ਕਿ ਫਿਰਦੈ ਸਕੂਨ ਭਾਲਦਾ
ਬੰਦਾ ਹੋ ਕਦਰਤ ਤੋਂ ਓਹਲੇ।

**ਕੁਲਵਿੰਦਰ ਸਿੱਧੂ ਕਾਮੇਕਾ**

## ਮਾਂਏਂ ਨੀ ਮਾਂਏਂ !

ਮਾਂਏਂ! ਨੀ ਮਾਂਏਂ! ਤੇਰਾ ਪੁੱਤ ਪਿਆ ਘਬਰਾਏ।
ਰੂਹ ਦੀ ਗੱਲ ਉਹ ਦੱਸ ਨਾ ਸਕਦਾ
ਚੁਫ਼ੇਰੇ ਨੇ ਕਾਲ਼ੇ ਸਾਏ।
ਮਾਂਏਂ! ਨੀ ਮਾਂਏਂ.....
ਦਿਨ ਚੜੇ ਘਰੋਂ ਤੁਰ ਹੈ ਪੈਂਦਾ
ਡਿਗਰੀਆਂ ਲੈ ਕੇ ਵੀ ਨੌਕਰੀਓਂ ਸੱਖਣਾ ਮੁੜ ਘਰ ਆਏ
ਮਾਂਏਂ! ਤੇਰਾ ਪੁੱਤ ਕਿੱਧਰ ਜਾਏ!
ਮਾਂਏਂ! ਨੀ ਮਾਂਏਂ.....
ਹਰਿਆਲੀ ਗਈ ਮੁਰਝਾਏ
ਸੁੱਕ ਗਏ ਰੁੱਖ ਨੀ ਮਾਂਏਂ
ਸੁੱਕ ਗਏ ਮੋਹ ਦੇ ਸਾਏ
ਬਾਪੂ ਦੀਆਂ ਕਿਰਤਾਂ ਦੇ
ਕਿੱਦਾਂ ਪੁੱਤ ਕਰਜ਼ੇ ਲਾਹੇ
ਮਾਂਏਂ! ਨੀ ਮਾਂਏਂ.....
ਮੰਡੀ ਵਿੱਚ ਵੀ ਭਾਅ ਨਾ ਮਿਲਦਾ
ਮਿੱਟੀ ਨਾਲ ਮਿੱਟੀ ਹੋਇਆ ਬਾਪੂ ਘਬਰਾਏ
ਸਭ ਕੁਝ ਦੇਖੇ ਤੇਰਾ ਪੁੱਤ ਨੀ ਮਾਂਏਂ
ਪੇਸ਼ ਉਸਦੇ ਕੁਝ ਨਾ ਜਾਏ
ਮਾਂਏਂ! ਨੀ ਮਾਂਏਂ......
ਮਾਂਏਂ ਨੀ! ਤੇਰੀ ਮਮਤਾ ਸਵਾਲ ਉਠਾਏ
ਮੈਨੂੰ ਜਵਾਬ ਨਾ ਕੋਈ ਆਏ
ਸਿਆਸਤ ਇੱਥੇ ਚਾਲਾਂ ਚੱਲੇ
ਜਵਾਨੀ ਜਾਏ ਕੁਮਲਾਏ
ਮਾਂਏਂ! ਨੀ ਮਾਂਏਂ.....
ਬਾਪੂ ਦੀਆਂ ਨਜ਼ਰਾਂ ਦੀ ਬੇਵੱਸੀ ਪੁੱਛਦੀ
ਪੁੱਤ! ਮੇਰਾ ਭਾਰ ਵੰਡਾਏ!
ਸੁੱਟ ਕੇ ਉਦਾਸ ਸਿਰ ਗੋਡਿਆਂ ਦੇ ਭਾਰ ਬੈਠਾ
ਸਿਰ ਨਾ ਉਠਾ ਉਹ ਪਾਏ!
ਮਾਂਏਂ! ਨੀ ਮਾਂਏਂ........
ਹਾਰ ਕੇ ਵਿਦੇਸ਼ ਤੁਰ ਪਿਆ ਅੱਜ ਨੀ
ਢਿੱਡ ਮੰਗੇ ਰੋਟੀ ਦੇਸ ਅਜ਼ਮਾਏ
ਮੁੜੇਗਾ ਪਿਛਾਂਹ ਨੂੰ ਜਾਂ ਵਿਦੇਸ਼ ਦਾ ਹੀ ਕਰਜ਼ ਚੁਕਾਏ
ਮਾਂਏਂ ਨੀ ਇਹ ਵਕਤ ਹੀ ਬਿਤਾਏ
ਮਾਂਏਂ! ਨੀ ਮਾਂਏਂ! ਤੇਰਾ ਪੁੱਤ ਪਿਆ ਘਬਰਾਏ!

**ਡਾ: ਸਤਿੰਦਰਜੀਤ ਕੌਰ ਬੁੱਟਰ**

## ਵਧਾਈਆਂ

ਲਓ ਜੀ ਚੋਣਾਂ ਆਈਆਂ ਨੇ,
ਵੋਟਰਾਂ ਨੂੰ ਮੇਰੀਆਂ ਵਧਾਈਆਂ ਨੇ।
ਵਿੰਗ-ਤੜਿੰਗੇ ਮੂੰਹ ਨਾ ਕਰਿਓ,
ਅਕਲ ਨੂੰ ਐਤਕੀ ਬੋਝੇ ਭਰਿਓ
ਨਾ ਕਰਨੀਆਂ ਆਪਾਂ ਲੜਾਈਆਂ ਨੇ,
ਲਓ ਜੀ ਚੋਣਾਂ ਆਈਆਂ ਨੇ।
ਵੇਖ ਸ਼ਰਾਬੀ ਬੋਤਲ ਆਊ,
ਬੋਤਲ ਥੋਡੀ ਹੋਸ਼ ਭੁਲਾਊ
ਨਸ਼ਿਆਂ ਦੀਆਂ ਲਾਈਨਾਂ ਲਾਈਆਂ ਨੇ,
ਲਓ ਜੀ ਚੋਣਾਂ ਆਈਆਂ ਨੇ।
ਧਰਮ ਕੋਈ ਨਾ ਮਾੜਾ ਹੁੰਦਾ,
ਬੱਸ ਗ਼ਲਤ ਹੱਥਾਂ ਦਾ ਪਾੜਾ ਹੁੰਦਾ
ਨੇਤਾ ਨੇ ਉਂਗਲਾਂ ਲਾਈਆਂ ਨੇ,
ਲਓ ਜੀ ਚੋਣਾਂ ਆਈਆਂ ਨੇ।
ਜੁਮਲੇਬਾਜ਼ੀ ਹੋਊਗੀ ਰੱਜ ਕੇ,
ਹਿੱਕ ਠੋਕਣਗੇ ਮੂਹਰੇ ਗੱਜ ਕੇ
ਸਭ ਪਿੱਛਲੀਆਂ ਉਨਾਂ ਭੁਲਾਈਆਂ ਨੇ,
ਲਓ ਜੀ ਚੋਣਾਂ ਆਈਆਂ ਨੇ।
ਵੋਟਾਂ ਦੇ ਵਿੱਚ ਚਲਦੇ ਨੋਟ,
ਲਾਲਚ-ਵੱਸ ਨਾ ਪਾ ਦਿਓ ਵੋਟ
ਨਹੀਂ ਹੋਣੀਆਂ ਫੇਰ ਤਬਾਹੀਆਂ ਨੇ,
ਲਓ ਜੀ ਚੋਣਾਂ ਆਈਆਂ ਨੇ।
ਗੁਰੀ ਤੁਰਮਰੀ ਵਾਲਾ ਕਹਿੰਦਾ,
ਪਿੱਛੋਂ ਨਾ ਕੁੱਝ ਹੱਥ ਵਿੱਚ ਰਹਿੰਦਾ,
ਉਹਨੂੰ ਦੱਸਿਆ ਚਾਚੀਆਂ-ਤਾਈਆਂ ਨੇ
ਲਓ ਜੀ ਚੋਣਾਂ ਆਈਆਂ ਨੇ,
ਵੋਟਰਾਂ ਨੂੰ ਮੇਰੀਆਂ ਵਧਾਈਆਂ ਨੇ।

**ਗੁਰੀ ਤੁਰਮਰੀ**
**ਮੋਬਾ-8872465566**



# ਕਾਵਿ ਸੰਸਾਰ

## ਗੁਜ਼ਾਰਿਸ਼

ਸੂਰਜ ਨੂੰ ਅਰਜ਼ਾਂ ਕਰਦੇ ਹਾਂ
ਚੰਨ ਤਾਰਿਆਂ ਤੋਂ ਆਸਾਂ ਘੜਦੇ ਹਾਂ
ਆਪਣੀਆਂ ਗਰਦਿਸ਼ਾਂ ਮੁਸ਼ਕਿਲਾਂ ਨੂੰ
ਕੁਦਰਤ ਦੇ ਮੱਥੇ ਮੜਦੇ ਹਾਂ
ਮੈਂ ਮੇਰੇ ਆਪਣੇ ਹਰ ਸੁੱਖ ਲਈ
ਹੱਥ ਬੰਨ ਗੁਜ਼ਾਰਿਸ਼ਾਂ ਕਰਦੇ ਹਾਂ
ਕਰਮਾਂ ਦੇ ਬੀਜ ਤਾਂ ਬੀਜਦੇ ਨਹੀਂ
ਆਸਾਂ ਹੋਰਾਂ ਸਿਰ ਧਰਦੇ ਹਾਂ!
ਕੀ ਅੰਦਰ ਝਾਤੀ ਮਾਰਦੇ ਹਾਂ
ਕੀ ਸਵੈ-ਪੜਚੋਲ ਵੀ ਕਰਦੇ ਹਾਂ
ਡਾਹਡੇ ਦੇ ਪੈਰੀਂ ਪੈਂਦੇ ਹਾਂ
ਮਜ਼ਲੂਮ ਤੇ ਜ਼ੁਲਮ ਕਮਾਉਂਦੇ ਹਾਂ
ਹੱਕ ਹੋਰਾਂ ਦੇ ਹੱਥ ਪਾਉਂਦੇ ਹਾਂ
ਜਾਤਾਂ ਰੰਗਾਂ ਧਰਮਾਂ ਵਿੱਚ ਵੰਡਦੇ ਹਾਂ
ਹਰ ਇੱਕ ਨੂੰ ਵਾਹਵਾ ਭੰਡਦੇ ਹਾਂ
ਕੁੱਝ ਕੁ ਵਰਿਆਂ ਦੀਆਂ ਖੇਡਾਂ ਹਾਂ
ਕਥਨੀ ਕਰਨੀ ਤੋਂ ਹੌਲੇ ਹਾਂ
ਲੈ ਆਡੇ ਕੁਫ਼ਰ ਕਮਾਉਂਦੇ ਹਾਂ
ਵਿਹਲਾ ਹੀ ਜਗ ਭਰਮਾਉਂਦੇ ਹਾਂ!
ਸੂਰਜ ਧਰਤੀ ਤੇ ਚੰਨ ਤਾਰੇ
ਕਾਇਨਾਤ ਦੇ ਥੰਮ ਨੇ ਇਹ ਸਾਰੇ
ਇਹ ਤਾਂ ਨਿਯਮਾਂ ਦੇ ਪੱਕੇ ਨੇ
ਸਭ ਕੌਲ਼ ਕਰਾਰ ਨਿਭਾਉਂਦੇ ਨੇ
ਸਦੀਆਂ ਮੁੱਦਤਾਂ ਤੋਂ ਬਿਨ ਭੁੱਲੇ
ਮਿੱਥੇ ਵਕਤਾਂ ਤੇ ਆਉਂਦੇ ਜਾਂਦੇ ਨੇ
ਨਿਯਮਾਂ ਆਪਣੇ ਦੇ ਪੱਕੇ ਨੇ
ਸ਼ਹਿਨਸ਼ਾਹ ਅਮੀਰ ਮਜ਼ਲੂਮ ਮੁਫ਼ਲਸ
ਸਭਨਾਂ ਦੀਆਂ ਝੋਲੀਆਂ ਵਿੱਚ
ਬਿਨਾਂ ਤਰਕਾਂ ਤੇ ਬਿਨਾਂ ਫ਼ਰਕਾਂ ਤੋਂ
ਰੰਜਿਸ਼ ਤਕਰਾਰ ਤੇ ਹਸਦ ਬਿਨਾਂ
ਇੱਕੋ ਜਿਹੀਆਂ ਖ਼ੈਰਾਂ ਪਾਉਂਦੇ ਨੇ !
ਜਿਵੇਂ ਇਹ ਨਿਯਮ ਪੁਗਾਉਂਦੇ ਨੇ
ਆਪਣਾ-ਆਪਣਾ ਛੱਡ ਹੋਰਾਂ
ਦੇ ਘਰ ਵਿਹੜੇ ਨਿੱਤ ਰੁਸ਼ਨਾਉਂਦੇ ਨੇ
ਤੂੰ ਵੀ ਮੈਂ ਮੇਰੀ ਛੱਡ ਤਾਂ ਸਹੀ
ਹੱਕ ਹਲਾਲ ਤੇ ਨੇਕ ਨੀਤੀ
ਦੀਆਂ ਫ਼ਸਲਾਂ ਵੱਢ ਤਾਂ ਸਹੀ
ਕੋਈ ਸਬਕ ਕੁਦਰਤ ਤੋਂ ਸਿੱਖ ਸਹੀ
ਕਾਇਨਾਤ ਨਜ਼ਾਰੇ ਵੰਡਦੀ ਏ
ਕਿਸੇ ਕੈਲੰਡਰ ਦੀ ਮੁਥਾਜ ਨਹੀਂ
ਸਰਬੱਤ ਦੇ ਭਲੇ ਦੀ ਸੋਚ ਕੇ ਰੱਖ
ਨਿੱਤ ਸੂਰਜ ਉਜਲਿਆ ਜਾਪੇਗਾ
ਤੇ ਚੰਨ ਵੀ ਠੰਡ ਵਰਤਾਵੇਗਾ
ਤਾਰੇ ਵੀ ਹੱਕ ਵਿੱਚ ਵਿਚਰਣਗੇ
ਮਨੁੱਖਤਾ ਦਾ ਚਾਨਣ ਵਰਤੇਗਾ
ਸਭ ਜਗ ਜਗਮਗ ਹੋ ਜਾਵੇਗਾ!

**ਕਿਰਨ ਅਰੋੜਾ**

## ਛੱਡ ਦੁਨੀਆ ਦੀ ਪਰਵਾਹ ਸੱਜਣਾ

ਛੱਡ ਦੁਨੀਆ ਦੀ ਪਰਵਾਹ ਸੱਜਣਾ,
ਛੱਡ ਦੁਨੀਆ ਦੀ ਪਰਵਾਹ!
ਇੱਥੇ ਚੰਗਾ ਕੰਮ ਕਰਦਿਆਂ 'ਤੇ ਵੀ ਹੱਸਦੀ ਦੁਨੀਆ,
ਬੁਰਿਆਂ 'ਤੇ ਤਾਂ ਹੱਸਣਾ ਹੀ!
ਤੰਜ ਚੰਗਿਆਂ 'ਤੇ ਵੀ ਕੱਸਦੀ ਦੁਨੀਆ,
ਬੁਰਿਆਂ 'ਤੇ ਤਾਂ ਕੱਸਣਾ ਹੀ!
ਤੂੰ ਆਪਣੇ ਰਾਹੇ ਚੱਲ ਸੱਜਣਾ,
ਤੂੰ ਰੱਬ ਦਾ ਭਾਣਾ ਮੰਨ ਸੱਜਣਾ!
ਛੱਡ ਦੁਨੀਆ ਦੀ ਪਰਵਾਹ ਸੱਜਣਾ,
ਛੱਡ ਦੁਨੀਆ ਦੀ ਪਰਵਾਹ!
ਹਰ ਕਿਸੇ 'ਤੇ ਟੀਕਾ-ਟਿੱਪਣੀ ਕਰਦੀ ਹੈ,
ਅੱਗੇ ਵਧਦਿਆਂ ਨੂੰ ਨਾ ਜਰਦੀ ਹੈ!
ਪਗ-ਪਗ 'ਤੇ ਅੜਚਣਾਂ ਧਰਦੀ ਹੈ,
ਨਾ ਕਿਸੇ ਕੋਲ਼ੋਂ ਇਹ ਹਰਦੀ ਹੈ!
ਛੱਡ ਦੁਨੀਆ ਦੀ ਪਰਵਾਹ ਸੱਜਣਾ,
ਛੱਡ ਦੁਨੀਆ ਦੀ ਪਰਵਾਹ!
ਹੱਸਦਿਆਂ ਦਾ ਵੀ ਮਖ਼ੌਲ ਉਡਾਉਂਦੀ ਹੈ ,
ਰੋਂਦਿਆਂ 'ਤੇ ਵੀ ਵਿਅੰਗ ਬਣਾਉਂਦੀ ਹੈ!
ਪਾਕਿ-ਸੱਚ 'ਤੇ ਵੀ ਉਂਗਲ ਉਠਾ ਦੇਂਦੀ,
ਮੰਜ਼ਿਲ ਤੋਂ ਰਾਹੀ ਨੂੰ ਭਟਕਾ ਦੇਂਦੀ!
ਜੋ ਆਇਆ ਦੁਨੀਆ ਦੀਆਂ ਗੱਲਾਂ ਵਿੱਚ,
ਜ਼ਿੰਦਗੀ 'ਚ ਉਸਦੇ ਪਿਆ ਗਾਹ ਸੱਜਣਾ!
ਛੱਡ ਦੁਨੀਆ ਦੀ ਪਰਵਾਹ ਸੱਜਣਾ,
ਛੱਡ ਦੁਨੀਆ ਦੀ ਪਰਵਾਹ ਸੱਜਣਾ!
ਭਾਈਆਂ-ਭਾਈਆਂ ਤਾਈਂ ਇਹ ਲੜਾ ਛੱਡਦੀ,
ਪਿਓ-ਪੁੱਤ 'ਚ ਵੈਰ ਵੀ ਪਾ ਛੱਡਦੀ!
ਗੱਲ ਘਰ ਦੀ ਘਰ 'ਚ ਮੁਕਾ ਸੱਜਣਾ,
ਦੁਨੀਆਂ ਦੇ ਝਮੇਲਿਆਂ 'ਚ ਨਾ ਆ ਸੱਜਣਾ !
ਛੱਡ ਦੁਨੀਆ ਦੀ ਪਰਵਾਹ ਸੱਜਣਾ,
ਛੱਡ ਦੁਨੀਆ ਦੀ ਪਰਵਾਹ ਸੱਜਣਾ!
ਆਪਣਾ ਰਾਹ ਖ਼ੁਦ ਬਣਾ ਸੱਜਣਾ,
ਦੁਨੀਆਂ ਦੀਆਂ ਗੱਲਾਂ 'ਚ ਨਾ ਆ ਸੱਜਣਾ!
ਛੱਡ ਦੁਨੀਆ ਦੀ ਪਰਵਾਹ ਸੱਜਣਾ!
ਛੱਡ ਦੁਨੀਆ ਦੀ ਪਰਵਾਹ ਸੱਜਣਾ!
ਛੱਡ ਦੁਨੀਆ ਦੀ ਪਰਵਾਹ ਸੱਜਣਾ!

**ਮਾਸਟਰ ਸੰਜੀਵ ਧਰਮਾਣੀ**
**9478561356**

## ਖ਼ੁਦਾ ਨੂੰ ਲੈ ਗਏ ਚੋਰ

ਨਮਾਜ਼ ਪੜਾਂਦੇ ਮੌਲਵੀ 'ਤੇ, ਮਾਇਆ ਬਰਸ ਰਹੀ ਸੀ,
ਪੈਸੇ ਦੀ ਢੇਰੀ ਦੇਖ ਕੇ, ਜੱਟ ਦੀ ਨੀਯਤ ਤਰਸ ਰਹੀ ਸੀ।
ਸੋਚ ਰਿਹਾ ਸੀ ਅੱਲਾ ਦਾ, ਇਨਸਾਫ਼ ਹੈ ਕਿਤਨਾ ਖੋਟਾ,
ਬਿਨਾ ਮਿਹਨਤ ਕੀਤਿਆਂ ਮੌਲਵੀ, ਮਾਲ ਕਮਾਂਦਾ ਮੋਟਾ।
ਅਸੀਂ ਮਿੱਟੀ ਨਾਲ਼ ਮਿੱਟੀ ਹੋਈਏ, ਹਰ ਸਾਉਣੀ 'ਤੇ ਹਾੜੀ,
ਫੇਰ ਵੀ ਹੱਥ ਠੂਠਾ ਹੀ ਰਹਿੰਦਾ, ਮੱਤ ਸਾਡੀ ਰਹਿੰਦੀ ਮਾਰੀ।
ਤਿੰਨ ਕੁ ਸੌ ਜਦ ਕੱਠੇ ਕਰਕੇ, ਮੌਲਵੀ ਘਰ ਨੂੰ ਤੁਰਿਆ,
ਜੱਟ ਵੀ ਉਸਦੇ ਪਿੱਛੇ ਪਿੱਛੇ, ਗਲ਼ੀ ਦੇ ਮੋੜ ਕਈ ਮੁੜਿਆ।
ਮੋਕਲ਼ੀ ਜਿਹੀ ਥਾਂ ਦੇਖ ਕੇ, ਉਸ ਮੌਲਵੀ ਅੱਗੋਂ ਡੱਕਿਆ,
ਕਹਿੰਦਾ ਲਾ ਸ਼ਰਤ ਮੈਂ ਦੱਸਾਂ, ਜੋ ਤੇਰੇ ਮਨ ਵਸਿਆ।
ਦੋ, ਦੋ ਸੌ ਦੀ ਸ਼ਰਤ 'ਤੇ ਦੋਨੋਂ, ਝਟਪਟ ਹੋ ਗਏ ਸਹਿਮਤ,
ਚਾਰ ਸੌ ਸਾਹਮਣੇ ਰੱਖਣ ਲਈ, ਜੱਟ ਵਿਛਾਈ ਤਹਿਮਤ।
ਮੌਲਵੀ ਆਖੇ ਦੱਸ ਹੁਣ ਜੱਟਾ, ਕੀ ਹੈ ਮੇਰੇ ਮਨ ਵਿੱਚ,
ਤਾਂ ਕਿ ਮੁੱਕ ਹੀ ਜਾਵੇ ਤੇਰੀ, ਛੇੜੀ ਹੋਈ ਝਿਕ ਝਿਕ।
ਸੋਚ ਸੋਚ ਕੇ ਜੱਟ ਝੱਟ ਬੋਲਿਆ, ਤੇਰੇ ਮਨ ਵਸਦਾ ਅੱਲਾ,
ਮੈਨੂੰ ਪੱਕਾ ਯਕੀਨ ਤੇਰੇ 'ਤੇ, ਤੂੰ ਛੂਡਾ ਨਹੀਂ ਸਕਦਾ ਪੱਲਾ।
ਮੌਲਵੀ ਬੜਾ ਕਸੂਤਾ ਫਸਿਆ, ਸੋਚੇ ਹੁਣ ਕਰਾਂ ਕੀ,
ਝੂਠ ਬੋਲਾਂ ਤਾਂ ਕਾਫ਼ਰ ਬਣਦਾਂ, ਸੱਚ ਨੂੰ ਨਾ ਮੰਨੇ ਜੀਅ।
ਨਿੰਮੋਝੂਣਾ ਮੌਲਵੀ ਬੋਲਿਆ, ਹਾਂ ਮਨ ਮੇਰੇ ਹੈ ਅੱਲਾ,
ਸ਼ਰਤ ਤਾਂ ਮੈਂ ਹੁਣ ਹਾਰ ਗਿਆ ਹਾਂ, ਬਾਕੀ ਖ਼ੈਰ ਸੱਲਾ।
ਚਾਰ ਸੌ ਚੁੱਕ ਕੇ ਜੇਬ 'ਚ ਪਾ ਕੇ, ਜਦ ਜੱਟ ਭੱਜਣ ਲੱਗਾ,
ਮੌਲਵੀ ਨੇ ਵੀ ਝੱਟ ਕਰਕੇ, ਰੋਕਿਆ ਉਸ ਦਾ ਅੱਗਾ।
ਕਹਿੰਦਾ ਮੈਂ ਵੀ ਦੱਸ ਸਕਦਾ ਹਾਂ, ਤੇਰੇ ਮਨ ਵਿੱਚ ਕੀ ਹੈ,
ਦੂਜੀ ਸ਼ਰਤ ਲਗਾਉਣ ਲਈ, ਮੇਰਾ ਵੀ ਕਰਦਾ ਜੀਅ ਹੈ।
ਸੌ, ਸੌ ਦੀ ਹੋਰ ਸ਼ਰਤ ਲਗਾ ਕੇ, ਮੌਲਵੀ ਝਾੜਿਆ ਝੱਗਾ,
ਮੈਂ ਵੀ ਤੇਰੇ ਮਨ ਦੀ ਗੱਲ ਦਾ, ਭੇਦ ਹਾਂ ਖੋਲਣ ਲੱਗਾ।
ਵਸਦਾ ਤੇਰੇ ਮਨ ਵਿੱਚ ਵਾਹਿਗੁਰੂ, ਮੇਰਾ ਸ਼ੱਕ ਹੈ ਪੱਕਾ,
ਦੱਸ ਹੁਣ ਤੂੰ ਹੀ ਦਿਲ ਖੋਲ ਕੇ, ਕੌਣ ਝੂਠਾ ਕੌਣ ਸੱਚਾ।
ਠਾਣ ਲਈ ਜੱਟ ਨੇ ਮਨ ਵਿੱਚ, ਕਿ ਸ਼ਰਤ ਨਹੀਂ ਹੁਣ ਹਰਨੀ,
ਭਾਵੇਂ ਪੈ ਜਾਏ ਬਦਲੇ ਦੇ ਵਿੱਚ, ਭਾਰੀ ਚੱਟੀ ਭਰਨੀ।
ਕਹਿੰਦਾ ਮੌਲਵੀਆ ਮੇਰੇ ਲਈ, ਨਹੀਂ ਵਾਹਿਗੁਰੂ ਕੋਈ ਚੀਜ਼,
ਮੈਂ ਹਾਂ ਦੇਵੀ ਦਾ ਉਪਾਸ਼ਕ, ਅਦਨਾ ਭਗਤ ਗ਼ਰੀਬ।
ਰੋਜ਼ ਸਵੇਰੇ ਮੰਦਰ ਜਾ ਕੇ, ਮੈਂ ਹਾਂ ਸਜਦਾ ਕਰਦਾ,
ਕਾਲ਼ੀ ਦੇਵੀ ਦੀ ਪੂਜਾ ਬਿਨ, ਮੇਰਾ ਨਹੀਂ ਹੈ ਸਰਦਾ।
ਦੰਗ ਰਹਿ ਗਿਆ ਮੌਲਵੀ ਸੁਣ ਕੇ, ਐਸਾ ਝੂਠ ਪੁਲੰਦਾ,
ਪਰ ਕੁੱਝ ਵੀ ਤਾਂ ਕਰ ਨਾ ਸਕਿਆ, ਅੱਲਾ ਦਾ ਉਹ ਬੰਦਾ।
ਰਹਿੰਦਾ ਸੌ ਵੀ ਹੱਥੋਂ ਗੁਆ ਕੇ, ਮੌਲਵੀ ਹੋਇਆ ਉਦਾਸ,
ਖ਼ਾਲੀ ਹੱਥੀਂ ਤੁਰ ਜਾਣ ਬਿਨਾ, ਨਹੀਂ ਚਾਰਾ ਸੀ ਉਸ ਪਾਸ।
ਸੋਚ ਰਿਹਾ ਸੀ ਕਪਟੀ ਜੱਟ ਨੇ, ਕੀਤਾ ਝੂਠ ਦਾ ਧੰਦਾ,
ਸਰੇ ਬਾਜ਼ਾਰ ਹੀ ਲੁੱਟਿਆ ਗਿਆ ਹਾਂ, ਮੈਂ ਖ਼ੁਦਾ ਦਾ ਬੰਦਾ।
ਐਂਵੇਂ ਨਹੀਂ ਕਈ ਲੋਕੀਂ ਕਹਿੰਦੇ, ਗੱਲਾਂ ਹੋਰ 'ਤੇ ਹੋਰ,
ਮਾਰ ਗਿਆ ਮਚਲਾ ਜੱਟ ਬਾਜ਼ੀ, ਖ਼ੁਦਾ ਨੂੰ ਲੈ ਗਏ ਚੋਰ।
ਮਾਰ ਗਿਆ ਮਚਲਾ ਜੱਟ ਬਾਜ਼ੀ, ਖ਼ੁਦਾ ਨੂੰ ਲੈ ਗਏ ਚੋਰ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ.ਕੇ.**

## ਜ਼ਿੰਦਗੀ ਦੀ ਨਿਵੇਕਲੀ ਰਾਹ

ਜਦ ਮੈਨੂੰ ਨਵੀਂ ਨਵੇਲੀ ਨੂੰ
ਚੌਂਕੇ ਸੀ ਚੜਾਇਆ
ਮੈਂ ਡਰੀ ਨੇ ਰਸੋਈ 'ਚ
ਲੈਨਿਨ ਮਾਰਕਸ ਨੇਰੂਦਾ
ਏਂਗਲਜ਼ ਲੌਰਾ ਹੈਨਰੀ ਤੇ ਪਾਸ਼ ਨੂੰ
ਡੱਬਿਆਂ ਪਿੱਛੇ ਲੁਕੇ ਹੀ ਪਾਇਆ
ਤੇ ਕੋਈ ਵੀ ਫਿਰ ਮੇਰੀ ਮਦਦ ਲਈ
ਨਹੀਂ ਸੀ ਆਇਆ
ਜਿਨਾਂ ਨੂੰ ਪੜ
ਮੈਂ ਡਿਗਰੀਆਂ ਵਾਲੀ ਦਾ
ਸਨਮਾਨ ਸੀ ਪਾਇਆ
ਇਸ ਲਈ ਮੇਰੇ ਹੱਥੋਂ ਬਣਾਏ
ਪਹਿਲੇ ਪ੍ਰਸ਼ਾਦ 'ਚ
ਘਰਦਿਆਂ ਨੂੰ ਸਾਲਟ ਥੋੜਾ
ਵੱਧ ਹੀ ਨਜ਼ਰ ਆਇਆ
ਫਿਰ ਸੱਸ ਨੇ ਮੈਨੂੰ ਇਹ ਕਹਿ ਕੇ ਸੁਣਾਇਆ
ਕਿ ਤੇਰੀ ਮਾਂ ਨੇ ਤੈਨੂੰ ਕੁਝ ਨਹੀਂ ਸਿਖਾਇਆ
ਨਿਊਟਨ ਨੂੰ ਵੀ ਸਦਾ
ਦੁਸ਼ਮਣਾਂ ਵਾਲੀ ਕੈਟੇਗਰੀ ਵਿੱਚ ਹੀ ਪਾਇਆ
ਜੋ ਸੇਬ ਨੂੰ ਥੱਲੇ ਸਿੱਟ
ਕੱਪਾਂ ਤੇ ਪਲੇਟਾਂ ਨੂੰ ਹੱਥੋਂ ਛੁੜਾ
ਵਾਧੂ ਦੇ ਝਮੇਲਿਆਂ 'ਚ
ਸੀ ਲਿਆਇਆ
ਐਰਿਸਟੋਟਲ ਜੋ ਕਹਿੰਦਾ ਸੀ
ਕਿ ਧਰਤੀ ਗੋਲ ਹੈ ਨੂੰ ਭੁੱਲ
ਰੋਟੀਆਂ ਗੋਲ ਦਾ ਅਭਿਆਸ ਹੀ ਕਰਦੀ ਰਹੀ

# ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਲਈ ਵਧੀਆ ਖੇਡ ਢਾਂਚਾ ਖੜਾ ਕਰਨ ਦੀ ਲੋੜ

ਹਰਜੀਤ ਸਿੰਘ
ਮੋ. :94178-30981

ਖੇਡ ਪ੍ਰਾਪਤੀਆਂ ਦੇ ਖੇਤਰ ਵਿੱਚ ਜੇਕਰ ਇੱਕਲੇ ਪੰਜਾਬ ਦੀ ਕਾਰਗੁਜ਼ਾਰੀ ਦੀ ਗੱਲ ਕੀਤੀ ਜਾਵੇ ਤਾਂ ਇੱਕ ਉਹ ਵੀ ਸਮਾਂ ਹੁੰਦਾ ਸੀ ਜਦੋਂ ਖੇਡਾਂ ਵਿੱਚ ਪੰਜਾਬ ਪੂਰੇ ਦੇਸ਼ ਦੀ ਅਗਵਾਈ ਕਰਦਾ ਹੁੰਦਾ ਸੀ ਅਤੇ ਭਾਰਤ ਦੀਆਂ ਟੀਮਾਂ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਤੂਤੀ ਬੋਲਦੀ ਹੁੰਦੀ ਸੀ । ਪਰ ਸਮੇਂ ਦੀਆਂ ਸਰਕਾਰਾਂ ਦੀਆਂ ਖੇਡ ਵਿਰੋਧੀ ਨੀਤੀਆਂ ਅਤੇ ਸੌੜੀ ਰਾਜਨੀਤੀ ਨੇ ਪੰਜਾਬ ਦੇ ਖੇਡ ਪ੍ਰਬੰਧ ਨੂੰ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਕਾਰਨ ਹਨ ਜਿੰਨਾਂ ਕਰਕੇ ਸਾਡੀਆਂ ਖੇਡ ਪ੍ਰਾਪਤੀਆਂ ਦਾ ਪੱਧਰ ਲਗਾਤਾਰ ਹੇਠਾਂ ਵੱਲ ਜਾ ਰਿਹਾ ਹੈ ।

ਇਨਾਂ ਕਾਰਨਾਂ ਵਿੱਚੋਂ ਸਭ ਤੋਂ ਵੱਡਾ ਕਾਰਨ ਪ੍ਰਾਇਮਰੀ ਸਕੂਲਾਂ ਵਿੱਚ ਖੇਡ ਅਧਿਆਪਕਾਂ ਦੀ ਭਰਤੀ ਨਾ ਕਰਨਾ ਅਤੇ ਪ੍ਰਾਇਮਰੀ ਪੱਧਰ 'ਤੇ ਖੇਡਾਂ ਵੱਲ ਬਣਦੀ ਤਵੱਜੋ ਨਾ ਦੇਣਾ ਹੈ। ਭਾਵੇਂ ਖ਼ਾਨਾਪੂਰਤੀ ਲਈ ਪ੍ਰਾਇਮਰੀ ਸਕੂਲ ਖੇਡਾਂ ਜ਼ਰੂਰ ਕਰਵਾਈਆਂ ਜਾਂਦੀਆਂ ਹਨ। ਪਰ ਇਨਾਂ ਖੇਡਾਂ ਲਈ ਸਰਕਾਰ ਵੱਲੋਂ ਕੋਈ ਫ਼ੰਡ ਨਾ ਭੇਜੇ ਜਾਣ ਕਾਰਨ ਨੰਨੇ ਖਿਡਾਰੀ ਸਕੂਲ ਵਰਦੀਆਂ ਵਿੱਚ ਹੀ ਨੰਗੇ ਪੈਰੀਂ ਦੌੜਾਂ ਲਗਾਉਣ ਅਤੇ ਕਬੱਡੀਆਂ ਪਾਉਣ ਲਈ ਮਜਬੂਰ ਹੁੰਦੇ ਹਨ ।

ਖੇਡਾਂ ਵਿੱਚ ਪਛੜੇਪਣ ਦਾ ਇੱਕ ਕਾਰਨ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰੀਰਕ ਸਿੱਖਿਆ ਵਿਸ਼ੇ ਨੂੰ ਲਾਜ਼ਮੀ ਵਿਸ਼ਿਆਂ ਦੀ ਸੂਚੀ ਵਿੱਚੋਂ ਕੱਢ ਕੇ ਚੋਣਵਾਂ ਵਿਸ਼ਾ ਬਣਾਉਣਾ ਵੀ ਹੈ । ਜਿਸ ਨਾਲ਼ ਇਸ ਵਿਸ਼ੇ ਦੀ ਮਹਾਨਤਾ ਨੂੰ ਕਾਫ਼ੀ ਠੇਸ ਪੁੱਜੀ ਹੈ। ਇੱਥੇ ਹੀ ਬਸ ਨਹੀਂ ਸਰੀਰਕ ਸਿੱਖਿਆ ਵਿਸ਼ੇ ਨੂੰ ਚੋਣਵਾਂ ਵਿਸ਼ਾ ਬਣਾਉਣ ਦੇ ਨਾਲ਼-ਨਾਲ਼ ਇੱਕ ਜਮਾਤ ਨੂੰ ਮਹਿਜ 2 ਪੀਰੀਅਡ ਪ੍ਰਤੀ ਹਫ਼ਤਾ ਦਿੱਤੇ ਗਏ ਹਨ। ਇੰਨੇ ਘੱਟ ਪੀਰੀਅਡਾਂ ਵਿੱਚ ਕਿਸੇ ਖੇਡ ਦੀ ਤਿਆਰੀ ਕਰਵਾਉਣ ਬਹੁਤ ਔਖਾ ਹੈ । ਹਫ਼ਤੇ ਵਿੱਚ ਸਰੀਰਕ ਸਿੱਖਿਆ ਦੇ 2 ਪੀਰੀਅਡਾਂ ਨਾਲ਼ ਸਕੂਲਾਂ ਵਿੱਚ ਕਿਹੋ ਜਿਹੇ ਖਿਡਾਰੀ ਤਿਆਰ ਕੀਤੇ ਜਾ ਸਕਦੇ ਹਨ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ।



ਅਸਲ ਵਿੱਚ ਸਰੀਰਕ ਸਿੱਖਿਆ ਵਿਸ਼ੇ ਦੇ ਪੀਰੀਅਡਾਂ ਦੀ ਗਿਣਤੀ ਘਟਾਉਣਾ ਸਕੂਲਾਂ ਵਿੱਚੋਂ ਖੇਡ ਸੱਭਿਆਚਾਰ ਨੂੰ ਖ਼ਤਮ ਕਰਨ ਦੀ ਵੱਡੀ ਚਾਲ ਹੈ ।

ਖੇਡਾਂ ਅਤੇ ਖਿਡਾਰੀਆਂ ਲਈ ਇਹ ਤ੍ਰਾਸਦੀ ਹੀ ਕਹੀ ਜਾ ਸਕਦੀ ਹੈ ਕਿ ਜਿਹੜੇ ਸਕੂਲਾਂ ਵਿੱਚ ਗਰਾਊਂਡ ਬਣੇ ਹੋਏ ਹਨ, ਉੱਥੇ ਵਿਦਿਆਰਥੀ ਸਰੀਰਕ ਸਿੱਖਿਆ ਅਧਿਆਪਕਾਂ ਲਈ ਤਰਸ ਰਹੇ ਹਨ ਅਤੇ ਜਿਹੜੇ ਸਕੂਲਾਂ ਵਿੱਚ ਸਰੀਰਕ ਸਿੱਖਿਆ ਅਧਿਆਪਕ ਹਨ ਉੱਥੇ ਗਰਾਊਂਡ ਬਣਾਉਣ ਲਈ ਢੁੱਕਵੀਂ ਥਾਂ ਨਹੀਂ ਲੱਭਦੀ ਅਤੇ ਅਧਿਆਪਕ ਵਿਦਿਆਰਥੀਆਂ ਨੂੰ ਸੜਕਾਂ 'ਤੇ ਦੌੜਾਂ ਲਗਵਾਉਣ ਲਈ ਮਜਬੂਰ ਹਨ ।

ਸ਼ਹਿਰੀ ਖੇਤਰਾਂ ਵਿੱਚ ਸਟੇਡੀਅਮ ਬਣੇ ਹੋਣ ਦਾ ਪੇਂਡੂ ਖਿਡਾਰੀਆਂ ਨੂੰ ਕੋਈ ਬਹੁਤਾ ਫ਼ਾਇਦਾ ਨਹੀਂ ਮਿਲਦਾ, ਕਿਉਂਕਿ ਪਿੰਡਾਂ ਦੀ ਸ਼ਹਿਰਾਂ ਤੋਂ ਦੂਰੀ ਹੋਣ ਕਾਰਨ ਇਹ ਸਟੇਡੀਅਮ ਪੇਂਡੂ ਖਿਡਾਰੀਆਂ ਦੀ ਪਹੁੰਚ ਤੋਂ ਦੂਰ ਹਨ । ਇਸ ਤਰਾਂ ਪਿੰਡਾਂ ਵਿੱਚ ਖੇਡ ਮੈਦਾਨਾਂ ਤੇ ਸਹੂਲਤਾਂ ਦੀ ਘਾਟ ਕਾਰਨ ਪੇਂਡੂ ਖਿਡਾਰੀਆਂ ਨੂੰ ਅੱਗੇ ਵਧਣ ਦਾ ਮੌਕਾ ਨਹੀਂ ਮਿਲਦਾ। ਕਈ ਵਾਰ ਤਾਂ ਉਨਾਂ ਨੂੰ ਖੇਡ ਮੁਕਾਬਲਿਆਂ ਦੀ ਸੂਚਨਾ ਵੀ ਨਹੀਂ ਮਿਲਦੀ ਜਿਸ ਕਾਰਨ ਉਨਾਂ ਦਾ ਹੁਨਰ ਸਾਹਮਣੇ ਨਹੀਂ ਆਉਂਦਾ। ਵਿਸ਼ਵ ਪੱਧਰ 'ਤੇ ਤਮਗੇ ਜਿੱਤਣ ਵਾਲੇ ਖਿਡਾਰੀਆਂ ਲਈ ਉਨਾਂ ਦੇ ਰੁਤਬੇ ਮੁਤਾਬਿਕ ਨੌਕਰੀਆਂ ਨਾ ਦੇਣ ਕਾਰਨ ਪੰਜਾਬ ਦੇ ਖਿਡਾਰੀ ਬਾਹਰਲੇ ਸੂਬਿਆਂ ਤੇ ਕੇਂਦਰੀ ਵਿਭਾਗਾਂ ਵਿੱਚ ਨੌਕਰੀਆਂ ਕਰਨ ਲਈ ਮਜਬੂਰ ਹਨ। ਤਮਗਾ ਜੇਤੂਆਂ ਲਈ ਵੀ ਸਰਕਾਰ ਵੱਲੋਂ ਇਨਾਮੀ ਰਾਸ਼ੀ ਦੇਣ ਲਈ ਕੋਈ ਪੱਕੀ ਨੀਤੀ ਨਹੀਂ ਬਣਾਈ ਗਈ, ਇਸ ਕਾਰਨ ਵੀ ਖਿਡਾਰੀਆਂ ਵਿੱਚ ਨਿਰਾਸ਼ਾ ਵਧ ਰਹੀ ਹੈ ।

ਪੰਜਾਬ ਸਰਕਾਰ ਵੱਲੋਂ ਉਲੰਪਿਕ ਵਿੱਚ ਤਮਗਾ ਜੇਤੂ ਖਿਡਾਰੀਆਂ ਦੇ ਨਾਵਾਂ 'ਤੇ ਪੰਜਾਬ ਦੇ ਸਕੂਲਾਂ ਦਾ ਨਾਂ ਰੱਖੇ ਜਾਣ ਦਾ ਐਲਾਨ ਕੀਤਾ ਗਿਆ ਹੈ, ਇਸ ਦਾ ਸਵਾਗਤ ਕਰਨਾ ਬਣਦਾ ਹੈ ।ਪਰ ਸਿਰਫ਼ ਸਕੂਲਾਂ ਦੇ ਨਾਂ ਖਿਡਾਰੀਆਂ ਦੇ ਨਾਂ 'ਤੇ ਰੱਖਣ ਨਾਲ਼ ਖੇਡਾਂ ਦਾ ਮਿਆਰ ਉੱਚਾ ਨਹੀਂ ਚੁੱਕਿਆ ਜਾ ਸਕਦਾ। ਇਸ ਲਈ ਸਾਰਥਕ ਯਤਨ ਕਰਕੇ ਵਧੀਆ ਖੇਡ ਢਾਂਚਾ ਖੜਾ ਕਰਨ ਦੀ ਲੋੜ ਹੈ ।

## ਟੋਕੀਓ ਉਲੰਪਿਕ ਵਿਖੇ ਤਮਗ਼ਾ ਲੈਣ ਦੇ ਸਮਰਥ ਸੀ ਤੇਜਿੰਦਰਪਾਲ ਸਿੰਘ ਤੂਰ




ਬੀਰਪਾਲ ਗਿੱਲ

ਟੋਕੀਓ ਉਲੰਪਿਕ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਵਿੱਚ ਗੋਲਾ ਸੁੱਟਣ ਵਾਲਾ ਅਥਲੀਟ ਤੇਜਿੰਦਰਪਾਲ ਸਿੰਘ ਤੂਰ ਸੀ। ਤੇਜਿੰਦਰਪਾਲ ਸਿੰਘ ਤੂਰ ਦਾ ਜਨਮ 13 ਨਵੰਬਰ, 1994 ਨੂੰ ਪੰਜਾਬ ਦੇ ਮੋਗਾ ਜ਼ਿਲੇ ਦੇ ਪਿੰਡ ਖੋਸਾ ਪਾਂਡੋ ਵਿਖੇ ਹੋਇਆ। ਇੱਕ ਕਿਸਾਨ ਪਰਿਵਾਰ ਨਾਲ਼ ਸੰਬੰਧਿਤ ਅਥਲੀਟ ਪਹਿਲਾਂ ਕ੍ਰਿਕਟ ਦਾ ਖਿਡਾਰੀ ਸੀ, ਮਾਤਾ ਦੇ ਪਿਆਰ ਅਤੇ ਪਿਤਾ ਦੇ ਸਹਿਯੋਗ ਨਾਲ਼ ਗੋਲਾ ਸੁੱਟਣ ਦਾ ਅਥਲੀਟ ਬਣ ਗਿਆ। ਤੇਜਿੰਦਰਪਾਲ ਸਿੰਘ ਤੂਰ ਦਾ ਬਤੌਰ ਅਥਲੀਟ ਗੋਲਾ ਸੁੱਟਣ ਦਾ ਸਫ਼ਰ ਬੜਾ ਹੀ ਪ੍ਰਭਾਵਸ਼ਾਲੀ ਰਿਹਾ। ਇੰਡੋਨੇਸ਼ੀਆ ਵਿਖੇ ਹੋ ਰਹੀਆਂ ਜਕਾਰਤਾ ਏਸ਼ੀਆਈ ਖੇਡਾਂ ਦਾ ਰਿਕਾਰਡ 20.75 ਮੀਟਰ ਗੋਲਾ ਸੁੱਟ ਕੇ ਆਪਣੇ ਨਾਂ ਕੀਤਾ। ਤੇਜਿੰਦਰਪਾਲ ਸਿੰਘ ਤੂਰ ਨੇ ਤਕਰੀਬਨ 4-5 ਸਾਲ ਦੇ ਅਰਸੇ ਦੌਰਾਨ ਚੜਦੇ ਸੂਰਜ ਵਾਂਗ ਚਮਕਣਾ ਸ਼ੁਰੂ ਕੀਤਾ। ਸੀਨੀਅਰ ਨੈਸ਼ਨਲ ਫ਼ੈਡਰੇਸ਼ਨ ਕੱਪ ਪਟਿਆਲਾ ਵਿਖੇ ਜੂਨ-2017 ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹੋਏ 20.40 ਮੀਟਰ ਗੋਲਾ ਸੁੱਟ ਕੇ ਕੀਰਤੀਮਾਨ ਸਥਾਪਤ ਕੀਤਾ। ਏਸ਼ਿਆਈ ਅਥਲੈਟਿਕਸ ਚੈਂਪੀਅਨਸ਼ਿਪ ਭੁਵਨੇਸ਼ਵਰ-2017 ਵਿੱਚ 19.77 ਮੀਟਰ ਗੋਲਾ ਸੁੱਟ ਕੇ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ, ਸਿਰਫ਼ 0.03 ਮੀਟਰ ਦੇ ਫ਼ਰਕ ਨਾਲ਼ ਸੋਨੇ ਦੇ ਤਮਗੇ ਤੋਂ ਪਛੜ ਜਾਣਾ ਹੈਰਾਨੀ ਭਰਿਆ ਸੱਚ ਸੀ। ਤੂਰ ਨੇ ਰਾਸ਼ਟਰਮੰਡਲ ਖੇਡਾਂ-2018 ਵਿੱਚ ਫ਼ਾਈਨਲ ਵਿੱਚ 19.42 ਮੀਟਰ ਗੋਲਾ ਸੁੱਟ ਕੇ ਅੱਠਵਾਂ ਸਥਾਨ ਪ੍ਰਾਪਤ ਕੀਤਾ ਸੀ। ਜਕਾਰਤਾ ਏਸ਼ਿਆਈ ਖੇਡਾਂ-2018 ਵਿੱਚ 20.75 ਮੀਟਰ ਗੋਲਾ ਸੁੱਟ ਕੇ ਸੋਨੇ ਦਾ ਤਮਗਾ ਪ੍ਰਾਪਤ ਕਰਕੇ ਭਾਰਤ ਦਾ ਨਾਂ ਰੌਸ਼ਨ ਕੀਤਾ ਸੀ। ਟੋਕੀਓ ਉਲੰਪਿਕ ਕੁਆਲੀਫ਼ਾਈ ਗਰੈਂਡ ਪ੍ਰੈਕਸ-4 ਮੁਕਾਬਲੇ ਵਿੱਚ 21.49 ਮੀਟਰ ਗੋਲਾ ਸੁੱਟ ਕੇ ਭਾਰਤ ਨੂੰ ਤਮਗੇ ਦੀ ਆਸ ਦਾ ਅਹਿਸਾਸ ਹੋਇਆ ਸੀ। ਇਸ ਨਾਲ਼ ਟੋਕੀਓ ਉਲੰਪਿਕ ਵਿੱਚੋਂ ਤਮਗਾ ਲੈਣ ਦੀ ਸਮਰੱਥਾ ਮਹਿਸੂਸ ਹੋਣ ਲੱਗੀ ਸੀ। ਜੇਕਰ ਸੰਸਾਰ ਭਰ ਦੇ ਅੰਕੜਿਆਂ ਦੀ ਗੱਲ ਕੀਤੀ ਜਾਵੇ।

ਤੇਜਿੰਦਰਪਾਲ ਸਿੰਘ ਤੂਰ ਕਿਸੇ ਨਾਲੋਂ ਘੱਟ ਨਹੀਂ ਸੀ। ਤੇਜਿੰਦਰਪਾਲ ਸਿੰਘ ਤੂਰ ਲਈ ਦੋ-ਦੋ ਵਾਰ ਉਲੰਪਿਕ ਜੇਤੂਆਂ ਨਾਲ਼ ਮੁਕਾਬਲਾ ਕਰਨਾ ਕਾਫ਼ੀ ਕਠਿਨ ਮੁਕਾਬਲਾ ਮੰਨਿਆ ਜਾ ਰਿਹਾ ਸੀ। ਫਿਰ ਵੀ ਮੁਕਾਬਲੇ ਦੌਰਾਨ 19.99 ਮੀਟਰ ਗੋਲਾ ਸੁੱਟ ਕੇ ਵਧੀਆ ਪ੍ਰਦਰਸ਼ਨ ਕੀਤਾ। ਭਰੋਸੇਯੋਗ ਸੂਤਰਾਂ ਦੀ ਜਾਣਕਾਰੀ ਮੁਤਾਬਿਕ ਤੂਰ ਦੇ ਗੁੱਟ 'ਤੇ ਸੱਟ ਲੱਗੀ ਹੋਣ ਕਾਰਨ, ਫਿਰ ਵੀ ਹੌਂਸਲੇ ਬਲੰਦ ਸੀ। ਜੇਕਰ ਉਲੰਪਿਕ ਦੇ ਗੋਲਾ ਸੁੱਟਣ ਦੇ ਫ਼ਾਸਲਿਆਂ ਦੇ ਅੰਕੜਿਆਂ ਨੂੰ ਘੋਖਿਆ ਜਾਵੇ ਤੇਜਿੰਦਰਪਾਲ ਸਿੰਘ ਤੂਰ ਤਮਗੇ ਦੀ ਦੌੜ ਵਿੱਚ ਸਮਰਥਾ ਰੱਖਦਾ ਸੀ। ਭਾਰਤ ਦਾ ਇਹ ਹੀਰਾ ਦੇਸ਼ ਵਾਸੀਆਂ ਦੀਆਂ ਦੁਆਵਾਂ ਸਦਕਾ ਉਲੰਪਿਕ-2024 ਵਿੱਚ ਤਮਗਾ ਪ੍ਰਾਪਤ ਕਰਕੇ ਦੇਸ਼ ਦਾ ਨਾਂ ਰੌਸ਼ਨ ਜ਼ਰੂਰ ਕਰੇਗਾ।

## ਗ੍ਰੇਟ ਖਲੀ ਤੋਂ ਵੀ ਲੰਬਾ ਹੈ ਪੰਜਾਬ ਪੁਲਿਸ ਦਾ 'ਹੁਨਰਬਾਜ਼' ਜਗਦੀਪ ਸਿੰਘ

ਜੇਕਰ ਤੁਸੀਂ ਗੁਰੂ ਨਗਰੀ ਦੇ ਹੈੱਡ ਕਾਂਸਟੇਬਲ ਜਗਦੀਪ ਸਿੰਘ ਨਾਲ਼ ਸੈਲਫ਼ੀ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਟੂਲ ਜਾਂ ਕੁਰਸੀ ਲਿਆਉਣੀ ਪਵੇਗੀ। ਦਰਅਸਲ, ਜਗਦੀਪ ਦੁਨੀਆ ਦਾ ਸਭ ਤੋਂ ਲੰਬਾ ਸਿਪਾਹੀ ਹੈ। ਉਨਾਂ ਦੀ ਵਿਸ਼ੇਸ਼ ਸ਼ਖ਼ਸੀਅਤ ਨੂੰ ਦੇਖ ਕੇ ਹੁਣ ਪੰਜਾਬ ਦੇ ਨਾਲ਼-ਨਾਲ਼ ਦੇਸ਼-ਵਿਦੇਸ਼ ਦੇ ਲੋਕ ਵੀ ਹੈਰਾਨ ਹਨ। 7 ਫੁੱਟ 6 ਇੰਚ ਕੱਦ ਵਾਲੇ ਜਗਦੀਪ ਨੇ ਹਾਲ ਹੀ ਵਿੱਚ ਆਪਣੀ 18 ਮੈਂਬਰੀ ਟੀਮ ਸਮੇਤ ਇੱਕ ਨਿੱਜੀ ਟੈਲੀਵਿਜ਼ਨ ਚੈਨਲ ਦੇ ਟੈਲੇਂਟ ਸ਼ੋਅ 'ਹੁਨਰਬਾਜ਼' ਵਿੱਚ ਗੱਤਕੇ ਦੇ ਜੌਹਰ ਦਿਖਾਏ। ਉਸ ਨੂੰ ਸਟੇਜ 'ਤੇ ਦੇਖ ਕੇ ਦਰਸ਼ਕ, ਸ਼ੋਅ ਦੇ ਹੋਸਟ ਭਾਰਤੀ ਤੇ ਹਰਸ਼ ਅਤੇ ਜੱਜ ਮਿਥੁਨ ਚੱਕਰਵਰਤੀ, ਪਰਿਣੀਤੀ ਚੋਪੜਾ ਅਤੇ ਕਰਨ ਜੌਹਰ ਵੀ ਦੰਗ ਰਹਿ ਗਏ।

ਜਦੋਂ ਜਗਦੀਪ ਸਿੰਘ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਤਾਂ ਉਨਾਂ ਨੂੰ ਮਿਲਣ ਵਾਲਿਆਂ ਦੀ ਹੋੜ ਲੱਗ ਗਈ। ਦ ਗ੍ਰੇਟ ਖਲੀ (ਦਲੀਪ ਸਿੰਘ ਰਾਣਾ) ਵੀ ਜਗਦੀਪ ਸਿੰਘ ਦੇ ਵੱਡੇ ਕੱਦ ਦੇ ਸਾਹਮਣੇ ਛੋਟਾ ਹੋ ਜਾਂਦਾ ਹੈ। ਜਗਦੀਪ ਸਿੰਘ ਨੇ ਦੱਸਿਆ ਕਿ ਉਸ ਨੂੰ ਮਾਣ ਹੁੰਦਾ ਹੈ ਜਦੋਂ ਉਹ ਸੋਚਦਾ ਹੈ ਕਿ ਉਹ ਗ੍ਰੇਟ ਖਲੀ (ਉਚਾਈ 7 ਫੁੱਟ 3 ਇੰਚ) ਤੋਂ ਤਿੰਨ ਇੰਚ ਉੱਚਾ ਹੈ। ਦਰਅਸਲ, ਜਗਦੀਪ ਸਿੰਘ ਪਿਛਲੇ ਕਈ ਸਾਲਾਂ ਤੋਂ ਆਪਣੀ ਟੀਮ ਨਾਲ਼ ਗਤਕਾ (ਸਿੱਖ ਮਾਰਸ਼ਲ ਆਰਟ) ਦੇ ਜੌਹਰ ਦਿਖਾ ਰਿਹਾ ਹੈ ਅਤੇ ਉਹ ਆਪਣਾ ਹੁਨਰ ਦਿਖਾਉਣ ਲਈ ਟੀਵੀ ਸਕ੍ਰੀਨ 'ਤੇ ਪਹੁੰਚ ਗਿਆ ਹੈ।ਹੈੱਡ ਕਾਂਸਟੇਬਲ ਜਗਦੀਪ ਸਿੰਘ ਭਾਰਤ-ਪਾਕਿਸਤਾਨ ਸਰਹੱਦ ਨਾਲ਼ ਲੱਗਦੇ ਘਰਿੰਡਾ ਥਾਣੇ ਅਧੀਨ ਪੈਂਦੇ ਪਿੰਡ ਜਠੌਲ ਵਿੱਚ ਆਪਣੇ ਪਰਿਵਾਰ ਨਾਲ਼ ਰਹਿੰਦਾ ਹੈ। ਉਸ ਦੀ ਪਤਨੀ ਸੁਖਬੀਰ ਕੌਰ 6 ਫੁੱਟ ਦੇ ਕਰੀਬ ਹੈ। ਤੇਰਾਂ ਸਾਲਾ ਧੀ ਹਰਜਸ਼ਨਦੀਪ ਕੌਰ ਦਾ ਕੱਦ ਵੀ 5.7 ਇੰਚ ਹੈ।

ਪੰਜਾਬ ਪੁਲਿਸ ਵਿੱਚ ਤੈਨਾਤ 35 ਸਾਲ ਦੇ ਹੈਡ ਕਾਂਸਟੇਬਲ ਦਾ ਭਾਰ 190 ਕਿੱਲੋਗ੍ਰਾਮ ਹੈ। ਉਹ ਕਹਿੰਦੇ ਹਨ, ਮੈਂ ਸਪੋਰਟ ਲਈ ਕੁਰਸੀ ਨੂੰ ਕੰਧ ਨਾਲ਼ ਲਗਾ ਕੇ ਰੱਖਦਾ ਹਾਂ ਅਤੇ ਫਿਰ ਉਸ 'ਤੇ ਬੈਠਦਾ ਹਾਂ। ਨਹੀਂ ਤਾਂ ਇਹ ਟੁੱਟ ਜਾਂਦੀ ਹੈ ਅਤੇ ਸ਼ਰਮਿੰਦਗੀ ਹੁੰਦੀ ਹੈ। ਜਗਦੀਪ ਨੂੰ ਆਮਤੌਰ 'ਤੇ ਪੁਲ ਵਰਗੇ ਸੰਵੇਦਨਸ਼ੀਲ ਇਲਾਕਿਆਂ 'ਤੇ ਸੁਰੱਖਿਆ ਡਿਊਟੀ ਵਿੱਚ ਤੈਨਾਤ ਕੀਤਾ ਜਾਂਦਾ ਹੈ ਅਤੇ ਉਹ ਕਿਸੇ ਵਿਸ਼ੇਸ਼ ਪੁਲਸ ਸਟੇਸ਼ਨ ਵਿੱਚ ਕੰਮ ਨਹੀਂ ਕਰ ਪਾਉਂਦੇ ਹਨ। ਉਨਾਂ ਦੀ ਜਿਸ ਪੋਸਟ 'ਤੇ ਨਿਯੁਕਤੀ ਹੁੰਦੀ ਹੈ ਉੱਥੇ ਉਨਾਂ ਨੂੰ ਲਗਾਤਾਰ ਗਸ਼ਤ ਕਰਨੀ ਪੈਂਦੀ ਹੈ ਪਰ



ਇਸ ਲਈ ਉਹ ਪੁਲਿਸ ਵਾਹਨਾਂ ਦਾ ਪ੍ਰਯੋਗ ਨਹੀਂ ਕਰ ਪਾਉਂਦੇ, ਕਿਉਂਕਿ ਗੱਡੀਆਂ ਉਨਾਂ ਦੇ ਲਈ ਬਹੁਤ ਛੋਟੀਆਂ ਹੁੰਦੀਆਂ ਹਨ। ਇਸ ਦੀ ਬਜਾਏ, ਉਹ ਆਪਣੀ ਮੋਡੀਫ਼ਾਈ ਮਹਿੰਦਰਾ ਬਲੈਰੋ ਦਾ ਇਸਤੇਮਾਲ ਕਰਦੇ ਹਨ। ਜਗਦੀਪ ਨੇ ਕਿਹਾ, ਇਹ ਮੇਰੇ ਲਈ ਮਹਿੰਗਾ ਪੈ ਜਾਂਦਾ ਹੈ ਕਿਉਂਕਿ ਮੈਨੂੰ ਆਪਣੀ ਜੇਬ ਵਿੱਚੋਂ ਗੱਡੀ ਵਿੱਚ ਤੇਲ ਪਵਾਉਣਾ ਪੈਂਦਾ ਹੈ ਪਰ ਕੋਈ ਦੂਜਾ ਬਦਲ ਨਹੀਂ ਹੈ।

**ਅਮਰੀਕਾ ਤੋਂ ਆਉਂਦੇ ਹਨ ਬੂਟ ਅਤੇ ਚੱਪਲਾਂ :**

ਜਗਦੀਪ ਕਾਫ਼ੀ ਸਮਾਂ ਪਹਿਲਾਂ ਹੀ ਲਾਸ ਏਂਜਲਸ ਵਿੱਚ 'ਅਮਰੀਕਾ ਗਾਟ ਟੈਲੇਂਟ' ਸ਼ੋਅ ਵਿੱਚ ਹਿੱਸਾ ਲੈਣ ਤੋਂ ਬਾਅਦ ਅਮਰੀਕਾ ਤੋਂ ਪਰਤੇ ਹਨ। ਉਨਾਂ ਕਿਹਾ ਕਿ ਹਰ ਦਿਨ ਜੀਵਨ ਵਿੱਚ ਉਨਾਂ ਲਈ ਪਰੇਸ਼ਾਨੀਆਂ ਲੈ ਕੇ ਆਉਂਦਾ ਹੈ। ਜਗਦੀਪ ਨੂੰ ਆਪਣੇ ਕੱਪੜੇ ਅਤੇ ਵਰਦੀ ਸਵਾਉਣ ਤੋਂ ਪਹਿਲਾਂ ਕਈ ਸ਼ਰਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬੂਟ ਲੱਭਣ ਲਈ ਕਾਫ਼ੀ ਸੰਘਰਸ਼ ਕਰਨਾ ਪੈਂਦਾ ਹੈ। ਉਹ ਅਮਰੀਕਾ ਤੋਂ ਇੰਪੋਰਟ ਹੋਣ ਵਾਲੇ ਯੂ.ਐਸ.ਸਾਈਜ਼ 20 ਦੇ ਬੂਟ ਅਤੇ ਚੱਪਲਾਂ ਪਾਉਂਦੇ ਹਨ। ਖਾਣ ਦੇ ਬਾਰੇ ਵਿੱਚ ਉਹ ਕਹਿੰਦੇ ਹਨ, ਜਦੋਂ ਮੈਂ ਛੋਟਾ ਸੀ, ਤਾਂ ਮੈਂ ਸਲਾਦ, ਜਈ, ਫਲ਼ ਅਤੇ ਲੱਗਭਗ 8 ਲੀਟਰ ਦੁੱਧ ਦੇ ਨਾਲ਼ ਹਰ ਦਿਨ ਲੱਗਭਗ ਦੋ ਦਰਜਨ ਆਂਡੇ ਖਾਂਦਾ ਸੀ ਪਰ ਹੁਣ ਮੇਰਾ ਖਾਣਾ ਘੱਟ ਹੋ ਗਿਆ ਹੈ।

# ਪੰਜਾਬੀ ਭਾਸ਼ਾ ਦਾ ਪਰਵਾਸੀ ਰੁਤਬਾ



**ਡਾ. ਆਤਮਾ ਸਿੰਘ ਗਿੱਲ**

**9878883680**

ਸੁਣਨ ਨੂੰ ਭਾਵੇਂ ਪੰਜਾਬੀ ਭਾਸ਼ਾ ਦਾ ਪਰਵਾਸੀ ਰੁਤਬਾ ਅਜੀਬ ਲੱਗਦਾ ਹੈ ਪਰ ਹੈ ਬਿਲਕੁਲ ਸੱਚ ਕਿ ਸਾਡੀ ਮਾਂ-ਬੋਲੀ ਹੁੰਦਿਆਂ ਵੀ ਪੰਜਾਬੀ ਭਾਸ਼ਾ ਪਰਵਾਸ ਧਾਰਨ ਕਰ ਗਈ ਹੈ। ਰਹਿੰਦੀ-ਖੂੰਹਦੀ ਕਸਰ ਉਦੋਂ ਪੂਰੀ ਹੁੰਦੀ ਹੈ ਜਦੋਂ ਦੂਜੀ ਪੀੜੀ ਦੇ ਪਰਵਾਸੀਆਂ ਲਈ ਪੰਜਾਬੀ ਭਾਸ਼ਾ ਦੂਜੀ ਭਾਸ਼ਾ ਬਣਦੀ ਹੈ। ਭਾਵੇਂ ਪੰਜਾਬ ਵਿੱਚ ਇਸ ਵੇਲੇ ਪੰਜਾਬੀ ਭਾਸ਼ਾ ਦੀ ਸਥਿਤੀ ਬਹੁਤੀ ਨਿਰਾਸ਼ਾਜਨਕ ਨਹੀਂ ਹੈ ਫਿਰ ਵੀ ਪੰਜਾਬੀ ਦੇ ਅਲੰਬਰਦਾਰ ਆਪਣੀ ਯੁਵਾ ਪੀੜੀ ਨੂੰ ਪੰਜਾਬੀ ਭਾਸ਼ਾ ਸਿਖਾਉਣ ਨੂੰ ਤਰਜੀਹ ਨਹੀਂ ਦਿੰਦੇ। ਇਸਦਾ ਕਾਰਨ ਸ਼ਾਇਦ ਪੰਜਾਬੀ ਭਾਸ਼ਾ ਦਾ ਕਿੱਤਾਮੁੱਖੀ ਨਾ ਹੋਣਾ ਹੈ। ਸਥਿਤੀ ਇਹ ਹੈ ਕਿ ਅਤਿ-ਆਧੁਨਿਕ ਸਾਧਨ ਵਿਕਸਿਤ ਹੋਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਜਿਸ ਵਿੱਚ ਫ਼ੌਂਟ, ਸ਼ਬਦ-ਜੋੜ ਆਦਿ ਅੱਜ ਤੱਕ ਵਿਦਵਾਨਾਂ ਲਈ ਚੁਣੌਤੀ ਬਣੇ ਹੋਏ ਹਨ।

ਪੰਜਾਬੀ ਭਾਸ਼ਾ ਦੇ ਦੁਖਾਂਤ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਤੇ ਪੰਜਾਬੀ ਅਧਿਆਪਨ ਵਿੱਚ ਕਦੀ ਵੀ ਸਰਕਾਰ ਨੇ ਦਿਲਚਸਪੀ ਨਹੀਂ ਲਈ। ਪੰਜਾਬੀ ਭਾਸ਼ਾ ਦੀਆਂ ਸੇਵਾਦਾਰ ਕੁਝ ਸੰਸਥਾਵਾਂ ਇਸਦੇ ਵਿਕਾਸ ਲਈ ਤਤਪਰ ਤਾਂ ਹਨ ਪਰ ਸਰਕਾਰੀ ਗਰਾਂਟਾਂ 'ਤੇ ਨਿਰਭਰ ਹੋਣ ਕਰਕੇ ਅਤੇ ਫ਼ੰਡਾਂ ਦੀ ਘਾਟ ਕਾਰਨ ਬਹੁਤਾ ਕੁਝ ਕਰਨ ਤੋਂ ਅਸਮਰੱਥ ਹਨ। ਪੰਜਾਬੀ ਭਾਸ਼ਾ ਲਈ ਚੱਲੀਆਂ ਲਹਿਰਾਂ ਵੀ ਨਿਰੋਲ ਸਿਆਸੀ ਸਨ। ਪੰਜਾਬੀਆਂ ਦੀ ਵਿਡੰਬਨਾ ਹੈ ਕਿ ਦੂਜੇ ਬੁਲਾਰਿਆਂ ਦੇ ਮੁਕਾਬਲੇ ਇਹ ਭਾਸ਼ਾ ਨੂੰ ਬੜੀ ਜਲਦੀ ਤਿਆਗਦੇ ਹਨ। ਇਮਾਰਤਾਂ ਦੇ ਲੈਂਟਰ ਕਿੰਨੇ ਵੀ ਮਜ਼ਬੂਤ ਹੋਣ ਜਾਂ ਬਾਹਰੀ ਲਿਸ਼ਕ-ਪੁਸ਼ਕ ਬਾਕਮਾਲ ਹੋਵੇ ਪਰ ਨੀਹਾਂ ਕਮਜ਼ੋਰ ਹੋਣ 'ਤੇ ਉਸਦੀ ਮਿਆਦ ਬਹੁਤੀ ਲੰਮੀ ਨਹੀਂ ਹੋ ਸਕਦੀ। ਬਿਲਕੁਲ ਅਜਿਹੀ ਸਥਿਤੀ ਪੰਜਾਬੀ ਭਾਸ਼ਾ ਦੀ ਹੈ। ਸਰਕਾਰੀ ਸਕੂਲਾਂ ਨੂੰ ਛੱਡ ਕੇ ਲਗਭਗ ਸਾਰੇ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਦੀ ਪੜਾਈ ਪੰਜਵੇਂ ਸਾਲ ਸ਼ੁਰੂ ਹੁੰਦੀ ਹੈ। ਸਰਕਾਰੀ ਸਕੂਲਾਂ ਵਿੱਚ ਉਹ ਤਬਕਾ ਪੜਦਾ ਹੈ ਜਿਨਾਂ ਲਈ ਰੁਜ਼ਗਾਰ ਪਹਿਲੇ ਸਥਾਨ 'ਤੇ ਹੈ ਅਤੇ ਭਾਸ਼ਾ ਦਾ ਦਰਜਾ ਬਾਅਦ ਵਿੱਚ ਆਉਂਦਾ ਹੈ। ਇਸੇ ਲਈ ਇਸ ਵਰਗ ਵੱਲੋਂ ਪੰਜਾਬੀ ਦੇ ਵਿਕਾਸ ਲਈ ਕੋਈ ਯੋਗਦਾਨ ਨਹੀਂ ਪਾਇਆ ਜਾਂਦਾ। ਇੱਥੋਂ ਤੱਕ ਕਿ ਭਾਸ਼ਾ ਸਿਖਾਂਦਰੂ ਵੀ ਲੋੜ ਮੁਤਾਬਕ ਪੰਜਾਬੀ ਭਾਸ਼ਾ ਦਾ ਆਦਾਨ ਪ੍ਰਦਾਨ ਕਰਦੇ ਹਨ। ਇੱਥੇ ਤਾਂ ਅਸੀਂ ਆਪ ਹੀ ਪੰਜਾਬੀ ਪੜਨ, ਲਿਖਣ, ਬੋਲਣ ਤੇ ਵਰਤਣ ਤੋਂ ਉਪਰਾਮ ਹੋਏ ਪਏ ਹਾਂ। ਇਸ ਵੇਲੇ 'ਮਨ ਪਰਦੇਸੀ ਜੇ ਥੀਆ ਸਭ ਦੇਸ ਪਰਾਇਆ' ਵਰਗੀ ਹਾਲਤ ਹੋ ਗਈ ਹੈ ਜਦੋਂ ਅਸੀਂ ਆਪਣੇ ਘਰਾਂ ਵਿੱਚ ਹੀ ਆਪਣੀ ਭਾਸ਼ਾ ਤੋਂ ਬੇਮੁੱਖ ਹੋ ਗਏ ਹਾਂ। ਇਸੇ ਕਰਕੇ ਪੰਜਾਬੀ ਭਾਸ਼ਾ ਨੂੰ ਪਰਵਾਸੀ ਰੁਤਬਾ ਦਿੱਤਾ ਜਾ ਸਕਦਾ ਹੈ।

ਪੰਜਾਬੀ ਲੋਕ ਤਾਂ ਬੜੇ ਹਿੰਮਤੀ ਹਨ, ਜੋ ਸੱਤ ਸਮੁੰਦਰਾਂ ਤੋਂ ਪਾਰ ਵਿਸ਼ਵ ਦੇ ਅਨੇਕਾਂ ਦੇਸ਼ਾਂ ਵਿੱਚ ਪਸਰੇ ਹੋਏ ਹਨ ਅਤੇ ਅੰਗਰੇਜ਼ੀ ਜਾਂ ਹੋਰਨਾਂ ਭਾਸ਼ਾਵਾਂ ਦਾ ਸ਼ੁੱਧ ਉਚਾਰਨ ਕਰਦੇ ਹਨ।

ਵਿਸ਼ਵ ਦੇ 120 ਦੇ ਲਗਭਗ ਦੇਸ਼ਾਂ ਵਿੱਚ ਪੰਜਾਬੀ ਬੋਲੀ ਜਾਂਦੀ ਹੈ। ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਏਸ਼ੀਆ ਦੇ ਸਿੰਗਾਪੁਰ, ਹਾਂਗਕਾਂਗ, ਮਲੇਸ਼ੀਆ, ਥਾਈਲੈਂਡ, ਫ਼ਿਲਪਾਈਨ, ਯੂਰਪ ਦੇ ਇੰਗਲੈਂਡ, ਜਰਮਨੀ, ਇਟਲੀ, ਹਾਲੈਂਡ, ਪੋਲੈਂਡ, ਸਵਿਟਜਰਲੈਂਡ, ਗਰੀਨਲੈਂਡ, ਆਈਸਲੈਂਡ, ਫ਼ਿਨਲੈਂਡ, ਅਫ਼ਰੀਕਾ ਦੇ ਕੀਨੀਆ, ਯੁਗੰਡਾ, ਅਰਬ ਦੇ ਦੁਬਈ, ਆਬੂਧਾਬੀ, ਕਤਰ, ਮਸਕਟ ਅਤੇ ਅਮਰੀਕਾ, ਕਨੇਡਾ, ਫ਼ਿਜ਼ੀ, ਆਸਟਰੇਲੀਆ, ਨਿਊਜ਼ੀਲੈਂਡ, ਕੀਨੀਆ ਆਦਿ ਦੇਸ਼ਾਂ ਵਿੱਚ ਪੰਜਾਬੀ ਬੋਲੀ ਜਾਂਦੀ ਹੈ। ਤਸੱਲੀ ਵਾਲੀ ਗੱਲ ਇਹ ਹੈ ਕਿ ਪਾਕਿਸਤਾਨ ਤੇ ਭਾਰਤ ਤੋਂ ਇਲਾਵਾ ਇੱਕ ਅਨੁਮਾਨ ਅਨੁਸਾਰ ਲਗਭਗ 50 ਦੇਸ਼ਾਂ ਵਿੱਚ ਪੰਜ ਸੌ ਦੇ ਲਗਭਗ ਸਾਹਿਤਕਾਰ ਪੰਜਾਬੀ ਸਾਹਿਤ ਦੀ ਸਿਰਜਣਾ ਕਰ ਰਹੇ ਹਨ। ਇਸਦੇ ਬਾਵਜੂਦ ਵੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਹਾਲਤ ਤਰਸਯੋਗ ਹੈ। ਡਾ. ਪਰਮਜੀਤ ਸਿੰਘ ਸਿੱਧੂ ਅਨੁਸਾਰ ਵੀਹਵੀਂ ਸਦੀ ਭਾਸ਼ਾ ਵਿਗਿਆਨ ਦੇ ਇਤਿਹਾਸ ਦਾ ਸੁਨਹਿਰੀ ਯੁੱਗ ਹੈ। ਵਾਸਤਵ ਵਿੱਚ ਭਾਸ਼ਾ ਦੀ ਹੋਂਦ ਵਿਗਿਆਨਕ ਅਧਿਐਨ 'ਤੇ ਹੀ ਆਧਾਰਿਤ ਨਹੀਂ ਸਗੋਂ ਇਸਦੇ ਬੁਲਾਰਿਆਂ ਦੁਆਰਾ ਨਿਰਧਾਰਿਤ ਹੁੰਦੀ ਹੈ। ਡਾ. ਸਿੱਧੂ ਨੇ ਭਾਸ਼ਾ-ਵਿਗਿਆਨ ਦਾ ਮੁਲਾਂਕਣ ਕੀਤਾ ਹੈ ਨਾ ਕਿ ਪੰਜਾਬੀ ਭਾਸ਼ਾ ਦਾ, ਇਸ ਕਰਕੇ ਉਹਨਾਂ ਦੀ ਟਿੱਪਣੀ ਨੂੰ ਨਿਰਾਰਥਕ ਨਹੀਂ ਕਿਹਾ ਜਾ ਸਕਦਾ। ਭਾਸ਼ਾ ਦਾ ਵਿਗਿਆਨ ਅਧਿਐਨ ਬਹੁਤ ਕਠਿਨ ਕਾਰਜ ਹੈ ਜਿਸ ਵਿੱਚ ਭਾਸ਼ਾ ਦਾ ਸਿਧਾਂਤਕ ਤੇ ਵਿਆਕਰਨਿਕ ਅਧਿਐਨ ਕੀਤਾ ਜਾਂਦਾ ਹੈ ਪਰ ਵਿਹਾਰਕ ਪੱਧਰ ਤੇ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਸਥਾਨਕ ਸਰਕਾਰਾਂ ਤੇ ਸੰਸਥਾਵਾਂ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ।

ਪੰਜਾਬੀ ਭਾਸ਼ਾ ਦੇ ਬੁਲਾਰੇ ਭਾਵੇਂ ਵੱਡੀ ਮਾਤਰਾ ਵਿੱਚ ਵਿਦੇਸ਼ਾਂ ਵਿੱਚ ਵੀ ਫੈਲੇ ਹੋਏ ਹਨ ਪਰ ਪੰਜਾਬ ਵਿੱਚ ਪੰਜਾਬੀ ਦੀਆਂ ਜੜਾਂ ਅਸੀਂ ਖ਼ੁਦ ਵੱਢ ਰਹੇ ਹਾਂ। ਸ਼ਾਇਦ ਵਿਸ਼ਵੀਕਰਨ ਦਾ ਪ੍ਰਭਾਵ ਹੈ ਜਾਂ ਪੰਜਾਬੀਆਂ ਦੀ ਮਾਨਸਿਕਤਾ ਹੀ ਭਾਸ਼ਾ-ਵਿਸਾਰੂ ਹੈ ਅਸੀਂ ਸਮੁੱਚੇ ਵਰਤਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਪਰਦੇਸਣ ਕੀਤਾ ਹੋਇਆ ਹੈ।

ਪੰਜਾਬੀਆਂ ਦੇ ਨਾਮਕਰਣ ਦੀ ਗੱਲ ਕਰੀਏ ਤਾਂ ਅਸੀਂ ਆਪਣੇ ਬੱਚਿਆਂ ਦੇ ਨਾਮ ਗ਼ੈਰ ਪੰਜਾਬੀ ਰੱਖ ਕੇ ਜ਼ਿਆਦਾ ਪ੍ਰਸੰਨਤਾ ਮਹਿਸੂਸ ਕਰਦੇ ਹਾਂ। ਜਰਮਨ, ਲਵ, ਪ੍ਰਿੰਸ, ਨੇਚਰਪ੍ਰੀਤ, ਸਵੀਟੀ, ਰੋਮਾ, ਜੋਆਏ, ਪੀਟਰ, ਹੀਰੋ, ਜੌਹਨ, ਮੈਕ, ਵਿਲਫ੍ਰੈਡ, ਵਿਲੀਅਮ, ਰੋਜ਼, ਸੈਮ, ਲੱਕੀ, ਗ੍ਰੈਸੀ, ਏਂਜਲ, ਡੇਜ਼ੀ, ਲਵਲੀ ਆਦਿ ਵਿਦੇਸ਼ੀ ਨਾਮ ਸਾਨੂੰ ਚੰਗੇ ਲੱਗਦੇ ਹਨ। ਇੱਥੋਂ ਤੱਕ ਕਿ ਅਸੀਂ ਪਾਲਤੂ ਕੁੱਤਿਆਂ ਦੇ ਨਾਮ ਵੀ ਡੱਬੂ ਤੇ ਭੋਲੂ ਨੂੰ ਛੱਡ ਕੇ ਵਲੈਤੀ ਨਾਮ ਟਾਈਗਰ, ਟੌਮੀ, ਸਾਈਬਰ, ਹਿਪੋ, ਆਲਡੋ, ਸੀਜ਼ਰ, ਟ੍ਰੌਏ, ਰੌਕਸੀ, ਆਸਕਰ, ਰੌਕੀ, ਲੂਸੀ, ਜੈਕੀ, ਟੈਬੀ, ਹਾਰਲੇ, ਲਿਲੀ ਆਦਿ ਰੱਖਣ ਵਿੱਚ ਯਕੀਨ ਰੱਖਦੇ ਹਾਂ।

ਪੰਜਾਬੀ ਆਪਣੇ ਅਨਮੋਲ ਰਿਸ਼ਤੇ ਮਾਂ, ਪਿਉ, ਭਰਾ, ਭੈਣ, ਚਾਚਾ, ਚਾਚੀ, ਤਾਇਆ, ਤਾਈ, ਭੂਆ, ਫੁੱਫੜ, ਦਾਦਾ, ਦਾਦੀ, ਨਾਨਾ, ਨਾਨੀ, ਮਾਮਾ, ਮਾਮੀ, ਮਾਸੀ, ਮਾਸੜ, ਭਤੀਜਾ, ਭਤੀਜੀ, ਭਣੇਵਾਂ, ਭਣੇਵੀਂ, ਸੱਸ, ਸਹੁਰਾ, ਪਤਿਆਉਰਾ, ਪਤੀਸ, ਦਦੇਸ ਆਦਿ ਰਿਸ਼ਤਿਆਂ ਨੂੰ ਵਿਸਾਰ ਕੇ ਮੌਮ, ਡੈਡ, ਬ੍ਰਦਰ, ਸਿਸਟਰ, ਕਜ਼ਨ, ਆਂਟੀ, ਅੰਕਲ, ਬ੍ਰਦਰ ਇਨ ਲਾਅ, ਸਿਸਟਰ ਇਨ ਲਾਅ, ਫ਼ਾਦਰ ਇਨ ਲਾਅ, ਮਦਰ ਇਨ ਲਾਅ ਆਦਿ ਵਲੈਤੀ ਸ਼ਬਦਾਂ ਨਾਲ਼ ਆਪਣੇ ਆਪ ਇੰਟਰੋਡਿਊਸ ਕਰਾਉਂਦੇ ਹਨ। ਸਾਡੇ ਲਈ ਤਾਂ ਜਾਣ-ਪਛਾਣ ਸ਼ਬਦ ਵੀ ਹੀਣ ਭਾਵਨਾ ਵਾਲਾ ਹੈ, ਇਸੇ ਕਰਕੇ ਅਸੀਂ ਸਮਾਗਮ ਲਈ ਸੱਦਾ ਪੱਤਰ ਨਹੀਂ ਸਗੋਂ ਫ਼ੰਕਸ਼ਨ ਲਈ ਇਨਵੀਟੇਸ਼ਨ ਦਿੰਦੇ ਹਾਂ। ਸਾਡੇ ਲਈ ਤੋਹਫ਼ੇ ਗਿਫ਼ਟ ਬਣ ਗਏ ਤੇ ਜਸ਼ਨ ਪਾਰਟੀਜ਼ ਹੋ ਗਏ।

ਪੰਜਾਬੀ ਭਾਸ਼ਾ ਨੂੰ ਅੱਖੋਂ ਪਰੋਖੇ ਕਰਨਾ ਸੁਭਾਵਿਕ ਹੈ ਜਦੋਂ ਅਸੀਂ ਆਪਣੇ ਵਿਰਾਸਤੀ ਤਿਉਹਾਰ ਤਿਆਗ ਕੇ ਵਿਦੇਸ਼ੀ ਫ਼ੈਸਟੀਵਲ ਮਨਾਉਣ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਹਾਂ। ਕ੍ਰਿਸਮਿਸ, ਵੈਲੇਨਟਾਈਨ, ਨਿਊ ਯੀਅਰ ਆਦਿ ਮਿਸਾਲਾਂ ਲਈਆਂ ਜਾ ਸਕਦੀਆਂ ਹਨ, ਜਿਨਾਂ ਨਾਲ਼ ਜੁੜੀ ਸ਼ਬਦਾਵਲੀ ਤੇ ਸੱਭਿਆਚਾਰ ਪੂਰਨ ਰੂਪ ਵਿੱਚ ਗ਼ੈਰ ਪੰਜਾਬੀ ਹੈ। ਬੇਸ਼ੱਕ ਪੰਜਾਬੀ ਭਾਸ਼ਾ ਅਮੀਰ ਵਿਰਸੇ ਨੂੰ ਸਮੋਈ ਬੈਠੀ ਹੈ ਪਰ ਭਵਿੱਖ ਵਿੱਚ ਇਸਦੇ ਵਰਤਾਰੇ ਕੇਵਲ ਸਾਂਭਣਯੋਗ ਤੱਥ ਬਣ ਕੇ ਰਹਿ ਜਾਣ ਦੀ ਪੂਰੀ ਸੰਭਾਵਨਾ ਹੈ, ਕਿਉਂਕਿ ਨਵੀਂ ਪਨੀਰੀ ਨੂੰ ਅਸੀਂ ਆਪ ਪੰਜਾਬੀ ਤੋਂ ਦੂਰ ਕਰ ਰਹੇ ਹਾਂ। ਗੁਰੂਆਂ, ਭਗਤਾਂ, ਸੂਫ਼ੀਆਂ, ਕਿੱਸਾਕਾਰਾਂ, ਸਾਹਿਤਕਾਰਾਂ ਆਦਿ ਦੀਆਂ ਅਨਮੋਲ ਰਚਨਾਵਾਂ ਕੇਵਲ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਜਾਣਗੀਆਂ ਕਿਉਂਕਿ ਅੰਗਰੇਜ਼ੀ ਸਕੂਲਾਂ ਦੇ ਪੜੇ ਵਿਦਿਆਰਥੀ ਜਪੁਜੀ ਸਾਹਿਬ ਦਾ ਪਾਠ ਤੱਕ ਨਹੀਂ ਕਰ ਸਕਦੇ। ਭਾਵੇਂ ਸਰਕਾਰਾਂ ਵੱਲੋਂ ਪਹਿਲੀ ਸ਼੍ਰੇਣੀ ਤੋਂ ਪੰਜਾਬੀ ਪੜਾਉਣ ਦੇ ਆਦੇਸ਼ ਹਨ ਪਰ ਪ੍ਰਾਈਵੇਟ ਸਕੂਲਾਂ ਵੱਲੋਂ ਸਰਕਾਰ ਦੇ ਅੱਖੀਂ ਘੱਟਾ ਪਾ ਕੇ ਬੱਚਿਆਂ ਨੂੰ ਪੰਜਵੇਂ ਸਾਲ ਪੰਜਾਬੀ ਪੜਾਉਣੀ ਸ਼ੁਰੂ ਕੀਤੀ ਜਾਂਦੀ ਹੈ। ਪ੍ਰੀ-ਨਰਸਰੀ, ਨਰਸਰੀ, ਐੱਲ. ਕੇ. ਜੀ., ਯੂ. ਕੇ. ਜੀ. ਤੋਂ ਬਾਅਦ ਫ਼ਸਟ ਕਲਾਸ ਵਿੱਚ ਪੰਜਾਬੀ ਸ਼ੁਰੂ ਹੁੰਦੀ ਹੈ। ਆਪਣੇ ਵੱਲੋਂ ਸੱਚੇ ਹੋਣ ਲਈ ਉਹ ਕਹਿ ਸਕਦੇ ਨੇ ਕਿ ਪੰਜਾਬੀ ਪਹਿਲੀ ਕਲਾਸ ਤੋਂ ਸ਼ੁਰੂ ਕੀਤੀ ਹੈ ਭਾਵੇਂ ਕਿ ਉਦੋਂ ਤੱਕ ਬੱਚੇ ਚੰਗੀ ਤਰਾਂ ਅੰਗਰੇਜ਼ੀ ਤੇ ਹਿੰਦੀ ਪੜਨਾ ਲਿਖਣਾ ਸਿੱਖ ਚੁੱਕੇ ਹੁੰਦੇ ਹਨ। ਕੁਝ ਇੱਕ ਸੰਸਥਾਵਾਂ ਨੂੰ ਛੱਡ ਕੇ ਪੰਜਾਬ ਵਿੱਚ ਪੜਨ ਪੜਾਉਣ ਵਾਲਿਆਂ ਦੀ ਮਾਨਸਿਕਤਾ ਗ਼ੈਰ-ਭਾਸ਼ਾਈ ਹੈ ਇਸੇ ਕਰਕੇ ਸਾਡੇ ਸਕੂਲਾਂ ਦੇ ਨਾਮ ਅੰਗਰੇਜ਼ੀ ਹਨ ਜਿਵੇਂ ਰੋਜ਼ ਬਡਜ਼, ਸੇਕਰਟ ਹਾਰਟ, ਹੋਲੀ ਹਾਰਟ, ਸਪਰਿੰਗ ਡੇਲ, ਜੂਨੀਅਰ ਸਟੱਡੀ, ਸੀਨੀਅਰ ਸਟੱਡੀ, ਬ੍ਰਾਈਟ ਵੇਅ, ਲਿਟਲ ਫ਼ਲਾਵਰ, ਕੈਂਬਰਿਜ, ਲੇਕ ਹੈੱਡ, ਸੇਂਟ ਪੀਟਰ, ਕਿੱਡਜ਼ੀ, ਮਿਲੇਨੀਅਮ, ਲਿਟਲ ਏਂਜਲ, ਹਾਰਵਡ ਲੇਨ, ਮਾਊਂਟਬੈਟਨ, ਲਾ ਫਾਊਂਡੇਸ਼ਨ, ਈਸਟ ਵੁੱਡ ਇੰਟਰਨੈਸ਼ਨਲ ਆਦਿ। ਵਿਡੰਬਨਾ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਵਾਲੇ 'ਸੰਤ ਸਿਪਾਹੀ' ਸਕੂਲ ਦਾ ਨਾਮ 'ਸੇਂਟ ਸੋਲਜਰ' ਰੱਖ ਦਿੱਤਾ ਗਿਆ।

ਪੰਜਾਬੀ ਮਾਨਸਿਕਤਾ ਦੇ ਹੋਰ ਨਮੂਨੇ ਵੇਖਣੇ ਹੋਣ ਤਾਂ ਇਹਨਾਂ ਦੇ ਘਰਾਂ, ਮਹੱਲਿਆਂ, ਦੁਕਾਨਾਂ, ਗਲੀਆਂ ਤੇ ਸੜਕਾਂ ਦੇ ਨਾਮ ਹੀ ਦੇਖ ਲਉ ਜਿਵੇਂ ਕਲੋਨੀਆਂ ਗ੍ਰੀਨ ਵੈਲੀ, ਗ੍ਰੀਨ ਐਵਿਨਿਊ, ਸਿਲਵਰ ਇਸਟੇਟ, ਹੋਲੀ ਸਿਟੀ, ਡੀ.ਆਰ.ਇਨਕਲੇਵ ਆਦਿ। ਸੜਕਾਂ ਦੇ ਨਾਮ ਕੂਪਰ ਰੋਡ, ਕਵੀਨਜ਼ ਰੋਡ, ਐਲਬਰਟ ਰੋਡ, ਲਾਰੈਂਸ ਰੋਡ, ਮਾਲ ਰੋਡ, ਮੈਕਲਡ ਰੋਡ, ਸਰਕੂਲਰ ਰੋਡ,

**ਬਾਕੀ ਸਫ਼ਾ 34 'ਤੇ**

# ਮਾਂ ਬੋਲੀਆਂ 'ਤੇ ਕਾਰਪੋਰੇਟ ਨੀਤੀ ਦਾ ਹਮਲਾ



**ਅਰਸ਼ ਰਂਧੜ**

"ਅੱਲਾ ਕਰੇ ਤੇਰੇ ਬੱਚੇ ਉਸ ਬੋਲੀ ਤੋਂ ਵਾਂਝੇ ਰਹਿਣ, ਜਿਹੜੀ ਉਹਨਾਂ ਦੀ ਮਾਂ ਬੋਲਦੀ ਹੈ" ਇਹ ਬਦਸੀਸ ਅਵਾਰ ਔਰਤਾਂ ਇੱਕ ਦੂਜੀ ਨੂੰ ਦਿੰਦੀਆਂ ਸਨ। ਪੰਜਾਬੀਆਂ ਨੂੰ ਵੀ ਕਿਸੇ ਨੇ ਇਹ ਬਦਸੀਸ ਦੇ ਦਿੱਤੀ ਹੈ, ਜੋ ਦਿਨ ਬ ਦਿਨ ਪੂਰੀ ਹੁੰਦੀ ਜਾ ਰਹੀ ਹੈ। ਜਿੰਨੀ ਜੀਵਨ ਵਿੱਚ ਮਾਂ ਜ਼ਰੂਰੀ ਹੈ ਓਨੀ ਹੀ ਮਾਂ ਬੋਲੀ। ਮਾਂ ਬੋਲੀ ਬਿਨਾਂ ਕੋਈ ਸਮੂਹ ਅਨਾਥ ਹੋ ਜਾਂਦਾ ਹੈ। ਅਸੀਂ ਪੰਜਾਬੀਆਂ ਨੇ ਮਾਂ ਬੋਲੀ ਵੱਲੋਂ ਮੂੰਹ ਫੇਰ ਲਿਆ ਹੈ। ਭਾਸ਼ਾ ਸਾਡੇ ਸੱਭਿਆਚਾਰਕ ਵਿਰਸੇ ਦਾ ਅਹਿਮ ਅੰਗ ਤੇ ਸੰਚਾਲਕ ਹੁੰਦੀ ਹੈ। ਮਾਂ ਬੋਲੀ ਨਾਲ਼ੋਂ ਟੁੱਟੇ ਬੰਦੇ ਦਾ ਉਸਦੇ ਇਤਿਹਾਸ ਨਾਲ਼ੋਂ ਨਾਤਾ ਟੁੱਟ ਜਾਂਦਾ ਹੈ। ਜੜਾਂ ਵਿਹੂਣੇ ਰੁੱਖ ਦਾ ਸੁੱਕਣਾ ਤਹਿ ਹੁੰਦਾ ਹੈ। ਪੰਜਾਬੀਆਂ ਨਾਲ਼ ਅਜਿਹਾ ਹੋ ਰਿਹਾ ਹੈ। ਕੋਈ ਵੀ ਭਾਸ਼ਾ ਇਕੱਲੀ ਨਹੀਂ ਮਰਦੀ, ਇਸ ਨਾਲ਼ ਉਸ ਭਾਸ਼ਾ ਦੇ ਬੋਲਣ ਵਾਲਿਆਂ ਦਾ ਪੀੜੀਆਂ ਦਾ ਗਿਆਨ, ਤਜਰਬਾ ਵੀ ਗੁਆਚ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਕਿਸੇ ਸੱਭਿਆਚਾਰ ਦਾ ਵਿਕਾਸ ਔਜੜ ਰਾਹੇ ਪੈ ਜਾਂਦਾ ਹੈ। ਪੰਜਾਬ ਅੱਜ ਐਸੇ ਹੀ ਰਾਹ ਪਿਆ ਹੋਇਆ ਹੈ। ਸਿੱਖ ਫ਼ਲਸਫ਼ਾ, ਜੋ ਪੰਜਾਬੀਆਂ ਦੇ ਜਿਉਣ ਢੰਗ ਦਾ ਮੁੱਖ ਆਧਾਰ ਹੈ, ਪੰਜਾਬੀ ਬੋਲੀ ਰਾਹੀਂ ਸਦੀਆਂ ਤੋਂ ਸਾਡੇ ਵਿੱਚ ਹੋਂਦਮਾਨ ਹੁੰਦਾ ਆਇਆ ਹੈ। ਪੰਜਾਬੀ ਬਿਨਾਂ ਸਿੱਖੀ ਜੀਵਨ ਜਾਚ ਦਾ ਸਾਥੋਂ ਖੁੱਸ ਜਾਣਾ ਤਹਿ ਹੈ ਅਤੇ ਇਸਦੇ ਲੱਛਣ ਅੱਜ ਦੇ ਪੰਜਾਬੀ ਬੰਦੇ ਵਿੱਚ ਵੱਧ ਰਹੀ ਸੰਕੀਰਨ ਤੇ ਸੰਪ੍ਰਦਾਇਕ ਪਹੁੰਚ ਵਿੱਚੋਂ ਦੇਖੇ ਜਾ ਸਕਦੇ ਹਨ। ਅੱਜ ਦੇ ਸਮੇਂ ਨੂੰ ਉੱਤਰਆਧੁਨਿਕਤਾ ਦਾ ਯੁੱਗ ਕਿਹਾ ਜਾਂਦਾ ਹੈ, ਜਿਸ ਵਿੱਚ ਬਹੁਭਾਸ਼ਾਵਾਦ ਦਾ ਬੋਲਬਾਲਾ ਹੈ। ਤਕਨੀਕ, ਪਰਵਾਸ ਤੇ ਵਿਸ਼ਵੀਕਰਨ ਦੇ ਵਰਤਾਰੇ ਨੇ ਬਹੁਭਾਸ਼ਾਵਾਦ ਨੂੰ ਜਨਮ ਦਿੱਤਾ ਹੈ। ਮਨੁੱਖੀ ਦਿਮਾਗ਼ ਇੱਕੋ ਵੇਲੇ ਇੱਕ ਤੋਂ ਵਧੇਰੇ ਬੋਲੀਆਂ ਸਿੱਖਣ+ਸਮਝਣ ਦੇ ਸਮਰੱਥ ਹੈ, ਤੇ ਅਜਿਹਾ ਹੋਣਾ ਖ਼ੂਬੀ ਹੈ। ਪਰ ਬਹੁਭਾਸ਼ਾਵਾਦ ਦੇ ਨਾਮ ਹੇਠ ਕੁਝ ਇੱਕ ਬੋਲੀਆਂ ਜੀਕਣ ਅੰਗਰੇਜ਼ੀ ਦੀ ਖੇਤਰੀ ਭਾਸ਼ਾਵਾਂ ਉੱਪਰ ਹੈਜਮਨੀ (ਦਾਬਾ) ਕਾਇਮ ਕੀਤੀ ਜਾ ਰਹੀ ਹੈ। ਅੰਗਰੇਜ਼ੀ ਭਾਸ਼ਾ ਗਿਆਨ ਤੇ ਸਫ਼ਲਤਾ ਦਾ ਪੈਮਾਨਾ ਬਣ ਚੁੱਕੀ ਹੈ। ਪਰ ਵਿਗਿਆਨ ਇਸ ਗੱਲ ਤੋਂ ਇਨਕਾਰੀ ਹੈ, ਵਿਗਿਆਨ ਮੁਤਾਬਿਕ ਇੱਕ ਬੱਚੇ ਦੇ ਵਿਕਾਸ ਵਿੱਚ ਮਾਂ ਬੋਲੀ ਹੋਰਨਾਂ ਸਭ ਬੋਲੀਆਂ ਤੋਂ ਵਧੇਰੇ ਯੋਗ ਤੇ ਜ਼ਰੂਰੀ ਹੁੰਦੀ ਹੈ, ਜਿਸਦੇ ਭਵਿੱਖ ਵਿੱਚ ਚੰਗੇ ਨਤੀਜੇ ਨਿਕਲਦੇ ਹਨ। ਵੱਖੋ-ਵੱਖ ਖੋਜਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਬੱਚੇ ਦੀ ਮਾਤ ਭਾਸ਼ਾ ਅਧਾਰਿਤ ਮੁੱਢਲੀ ਸਿੱਖਿਆ ਉਸਦੀ ਸਮਝ ਨੂੰ ਵਿਕਸਿਤ ਕਰਨ ਤੇ ਹੋਰਨਾਂ ਭਾਸ਼ਾਵਾਂ ਨੂੰ ਸਿੱਖਣ ਦੀ ਯੋਗਤਾ ਵਿੱਚ ਮੋਹਰੀ ਭੂਮਿਕਾ ਅਦਾ ਕਰਦੀ ਹੈ। ਯੂਨੈਸਕੋ ਦੀ ਇੱਕ ਰਿਪੋਰਟ ਮੁਤਾਬਿਕ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਹੋਣ ਵਾਲੇ ਬੱਚਿਆਂ ਲਈ ਮਾਤ ਭਾਸ਼ਾਵਾਂ ਸਮਾਜਕ, ਮਾਨਸਿਕ ਅਤੇ ਵਿੱਦਿਅਕ ਤੌਰ 'ਤੇ ਸਭ ਤੋਂ ਉੱਤਮ ਹਨ। ਪਰ ਰੁਜ਼ਗਾਰ ਦੀ ਭਾਸ਼ਾ ਵਜੋਂ ਅੰਗਰੇਜ਼ੀ ਸਥਾਪਿਤ ਹੋ ਰਹੀ ਹੈ। ਅੰਗਰੇਜ਼ੀ ਦਾ ਆਰਥਿਕ ਆਧਾਰ ਮਜ਼ਬੂਤ ਹੈ, ਜੋ ਇਸਦੀ ਉੱਤਮਤਾ ਦਾ ਵੱਡਾ ਕਾਰਨ ਹੈ। ਯੂ.ਐੱਸ.ਏ., ਜੋ ਕਿ ਅੱਜ ਦੇ ਸਮੇਂ ਸਭ ਤੋਂ ਵੱਡੀ ਵਿਸ਼ਵ ਸ਼ਕਤੀ ਹੈ, ਦੀ ਭਾਸ਼ਾ ਅੰਗਰੇਜ਼ੀ ਹੈ। ਇਸਦੇ ਮੁਕਾਬਲੇ ਖੇਤਰੀ ਭਾਸ਼ਾਵਾਂ ਦੇ ਆਰਥਿਕ ਆਧਾਰ ਦਿਨ ਬ ਦਿਨ ਖੁੱਸਦੇ ਜਾ ਰਹੇ ਹਨ।

ਉੱਤਰ ਆਧੁਨਿਕਤਾ ਦਾ ਵੇਲਾ ਬਿੰਬਾਂ ਦੀ ਨਿਰਮਾਣਕਾਰੀ ਦਾ ਯੁੱਗ ਹੈ। ਇਸ ਵਿੱਚ ਹੋਰਨਾਂ ਸੈਆਂ ਵਸਤਾਂ ਅਤੇ ਸਿਰਜਨਾਵਾਂ ਵਾਂਗ ਕਿਸੇ ਭਾਸ਼ਾ ਦੇ ਵੀ ਅਤੀ ਵਿਕਸਿਤ, ਅਤੀ ਉੱਤਮ ਹੋਣ ਦਾ ਬਿੰਬ ਸਿਰਜਿਆ ਜਾਂਦਾ ਹੈ। ਅੰਗਰੇਜ਼ੀ ਦੀ ਚੜਤ ਦਾ ਇੱਕ ਕਾਰਨ ਇਹ ਬਿੰਬਕਾਰੀ ਹੈ। ਅੰਗਰੇਜ਼ੀ ਰਾਹੀਂ ਵਿਸ਼ੇਸ਼ ਸੱਭਿਆਚਾਰਕ ਸੋਚਣੀ ਤੇ ਜੀਵਨ ਢੰਗ ਨੂੰ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਲੋਕਾਂ ਉੱਪਰ ਆਰੋਪਿਤ ਕੀਤਾ ਜਾ ਰਿਹਾ ਹੈ। ਇਸਦਾ ਲਾਭ ਕਿਸਨੂੰ ਹੈ ? ਕਾਰਪੋਰੇਟ ਨੂੰ, ਜਿਸ ਲਈ ਪੂਰਾ ਵਿਸ਼ਵ ਇੱਕ ਬਾਜ਼ਾਰ ਹੈ। ਬਾਜ਼ਾਰ ਵਿੱਚ ਉਤਪਾਦਨ ਦੀ ਖ਼ਪਤ ਲਈ ਮਨੁੱਖ ਨੂੰ ਉਪਭੋਗੀ ਬਣਾਉਣਾ ਲਾਜ਼ਮੀ ਹੈ। ਭਾਸ਼ਾ ਇਸਦਾ ਇੱਕ ਅਹਿਮ ਜ਼ਰੀਆ ਹੈ।

ਮਾਂ ਬੋਲੀ ਪ੍ਰਤੀ ਸੁਚੇਤ ਹੋਣ ਦੇ ਨਾਲ਼-ਨਾਲ਼ ਹੋਰਨਾਂ ਭਾਸ਼ਾਵਾਂ ਨੂੰ ਸਿੱਖਣਾ ਵੀ ਜ਼ਰੂਰੀ ਹੈ। ਉਕਤ ਚਰਚਾ ਦਾ ਮਨੋਰਥ ਅੰਗਰੇਜ਼ੀ ਦਾ ਵਿਰੋਧ ਨਹੀਂ ਬਲਕਿ ਅੱਜ ਦੇ ਵੇਲੇ ਅੰਗਰੇਜ਼ੀ ਭਾਸ਼ਾ ਦੀ ਬਣ ਰਹੀ ਹੈਜਮਨੀ ਨੂੰ ਸਮਝਣਾ ਹੈ। ਲੋੜ ਕਿਸੇ ਵੀ ਭਾਸ਼ਾ ਨੂੰ ਨਿਗੂਣਾ ਕਹਿਣ ਜਾਂ ਸਾਬਿਤ ਕਰਨ ਦੀ ਨਹੀਂ ਬਲਕਿ ਮਾਂ ਬੋਲੀ ਪ੍ਰਤੀ ਸੁਚੇਤਨਾ ਪੈਦਾ ਕਰਨ ਦੀ ਹੈ। ਦੂਜਾ ਇਹ ਕਿ ਬੋਲੀ ਬਚਾਉਣ ਦੇ ਮਾਅਨੇ ਕਿਸੇ ਬੋਲੀ ਦਾ ਟਕਸਾਲੀਕਰਨ ਕਰਨ ਤੋਂ ਵੀ ਨਹੀਂ ਹਨ। ਭਾਸ਼ਾ ਇੱਕ ਵਗਦਾ ਦਰਿਆ ਹੁੰਦੀ ਹੈ ਤੇ ਸੰਪਰਕ ਵਿੱਚ ਆਉਣ ਵਾਲੀਆਂ ਭਾਸ਼ਾਵਾਂ ਤੋਂ ਨਵੇਂ ਸ਼ਬਦ ਲੈਣਾ ਹਰ ਭਾਸ਼ਾ ਨੂੰ ਅਮੀਰੀ ਤੇ ਸਦੀਵਤਾ ਬਖ਼ਸ਼ਦਾ ਹੈ ਬਸ਼ਰਤੇ ਨਵੇਂ ਸ਼ਬਦ ਸਹਿਜ-ਸੁਭਾਵਿਕ ਤੇ ਆਪਣੀ ਬੋਲੀ ਦੇ ਜੁੱਸੇ ਅਨੁਸਾਰੀ ਗ੍ਰਹਿਣ ਕੀਤੇ ਜਾਣ। ਜਿਵੇਂ ਬਾਬਾ ਫ਼ਰੀਦ ਵੱਲੋਂ ਪੁਲ-ਏ-ਸਰਾਤ ਲਈ ਵਰਤਿਆ ਲਫ਼ਜ਼ ਪੁਰਸਲਾਤ ਪੰਜਾਬੀ ਦਾ ਹੋ ਗਿਆ ਹੈ।

ਅੱਜ ਜਦ ਤੀਜੀ ਦੁਨੀਆਂ ਦੇ ਬਹੁਤੇ ਮੁਲਕਾਂ ਵਾਂਗ ਭਾਰਤ ਵੀ ਵਿਸ਼ਵ ਕਾਰਪੋਰੇਟ ਅੱਗੇ ਗੋਡੇ ਟੇਕੀ ਬੈਠਾ ਹੈ ਤਾਂ ਕਾਰਪੋਰੇਟ ਨੀਤੀ ਖੇਤਰੀ ਬੋਲੀਆਂ, ਪਛਾਣਾਂ ਤੇ ਭਿੰਨਤਾਵਾਂ ਨੂੰ ਖ਼ਤਮ ਕਰਨ ਲਈ ਪੱਬਾਂ ਭਾਰ ਹੈ। ਇੱਕ ਰਾਸ਼ਟਰ ਇੱਕ ਭਾਸ਼ਾ ਦੀ ਨੀਅਤ ਵਾਲੀ ਮੌਜੂਦਾ ਸਰਕਾਰ ਨੂੰ ਕਾਰਪੋਰੇਟ ਦੀ ਇਹ ਨੀਤੀ ਸੂਤ ਬੈਠਦੀ ਹੈ। ਇਸ ਹਾਲਤ ਵਿੱਚ ਖੇਤਰੀ ਬੋਲੀਆਂ ਨੂੰ ਬਹਾਲ ਕਰਨ ਦੀ ਪੂਰੀ ਜ਼ਿੰਮੇਵਾਰੀ ਆਮ ਲੋਕਾਂ ਉੱਪਰ ਆ ਜਾਂਦੀ ਹੈ। ਪਰ ਆਮ ਜਨਤਾ ਇਸ ਸੱਚ ਤੋਂ ਘੁੰਡ ਕੱਢੀ ਖੜੀ ਹੈ, ਤੇ ਉਸਦਾ ਪੂਰਾ ਧਿਆਨ ਧਾਰਮਿਕ ਪਛਾਣ ਨੂੰ ਖ਼ਤਰੇ ਵਿੱਚੋਂ ਕੱਢਣ ਤੇ ਲਗਾਇਆ ਜਾ ਰਿਹਾ ਹੈ। ਪੰਜਾਬ ਵਿੱਚ ਹੁਣ ਚੋਣਾਂ ਦਾ ਵੇਲਾ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਚਾਉਣ ਦੇ ਦਮਗ਼ਜੇ ਮਾਰਨ ਵਾਲੀਆਂ ਸਿਆਸੀ ਧਿਰਾਂ ਦੇ ਕੋਲ਼ ਮਾਤਾ ਭਾਸ਼ਾ ਲਈ ਕੋਈ ਠੋਸ ਨੀਤੀ ਨਹੀਂ ਹੈ।

**21** ਫ਼ਰਵਰੀ ਦੇ ਦਿਨ ਦਾ ਮਹੱਤਵ ਮਾਂ ਬੋਲੀਆਂ ਪ੍ਰਤੀ ਹਰ ਜਨ ਨੂੰ ਸੁਚੇਤ ਕਰਨ ਵਿੱਚ ਹੈ। ਪੰਜਾਬੀ ਭਾਸ਼ਾ ਦੀ ਤਰੱਕੀ ਲਈ ਇਸਦੇ ਆਰਥਿਕ ਆਧਾਰ ਨੂੰ ਮਜ਼ਬੂਤ ਕਰਨਾ ਲਾਜ਼ਮੀ ਹੈ ਕਿਉਂ ਜੋ ਜਦ ਪੰਜਾਬੀ ਬੋਲਣ ਵਾਲਿਆਂ ਦੇ ਮਨਾਂ ਵਿੱਚੋਂ ਮਿਟ ਗਈ ਤਾਂ ਬੋਰਡਾਂ ਨੇ ਵਕਤ ਨਾਲ਼ ਆਪੇ ਗਲ-ਸੜ ਜਾਣਾ ਹੈ। ਪੰਜਾਬੀ ਦੇ ਸ੍ਵੈ-ਮਾਨ ਦੀ ਬਹਾਲੀ ਲਈ ਜ਼ਰੂਰੀ ਹੈ ਕਿ ਕਾਰਪੋਰੇਟ ਤੰਤਰ ਦੁਆਰਾ ਆਰੋਪਿਤ ਵਿਸ਼ੇਸ਼ ਸੱਭਿਆਚਾਰ ਦੀ ਹੈਜਮਨੀ ਦਾ ਖ਼ਾਤਮਾ ਕੀਤਾ ਜਾਵੇ। ਅਜਿਹਾ ਕਰਨ ਲਈ ਲੋਕ ਲਹਿਰ ਅਨਿਵਾਰੀ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਹੋਂਦ ਦੀ ਲੜਾਈ ਦਾ ਇਹੀ ਅਸਲ ਨੁਕਤਾ ਹੈ।

## ਪੰਜਾਬੀ ਭਾਸ਼ਾ ਦਾ...

ਕੈਂਟ ਰੋਡ, ਜੀ.ਟੀ.ਰੋਡ, ਬਾਈਪਾਸ ਆਦਿ। ਦੁਕਾਨਾਂ ਤੇ ਸ਼ਾਪਿੰਗ ਮਾਲ ਜਿਵੇਂ ਸੈਲੀਬ੍ਰੇਸ਼ਨ, ਟ੍ਰਿਲੀਅਮ, ਅਲਫ਼ਾ ਵਨ, ਮੈਡੀਸਿਟੀ, ਮੈਡੀਕਲ ਸਟੋਰ, ਬ੍ਰਦਰਜ਼ ਰੇਸਟੋਰੈਂਟ, ਫ਼ੈਮਿਲੀ ਫ਼ੂਡ ਅਤੇ ਪਾਰਕਾਂ ਵਿੱਚ ਸਨਸਿਟੀ, ਵੰਡਰਲੈਂਡ, ਫ਼ਨਸਿਟੀ, ਰੇਨਬੋ ਰਿਜ਼ੋਰਟਸ ਆਦਿ। ਘਰਾਂ ਦੇ ਹੋਮ, ਹਾਊਸ ਤੇ ਪੀ.ਜੀ. ਬਣ ਗਏ। ਵਿਹੜੇ, ਕਮਰੇ, ਬੈਠਕ, ਚੌਂਕੇ ਤੇ ਡਿਉਢੀ ਦੀ ਥਾਂ ਤੇ ਪੋਰਚ, ਲੌਬੀ, ਡੱਕਟ, ਰੂਮਜ਼, ਬੈੱਡ, ਡਾਇਨਿੰਗ, ਡਰੈਸਿੰਗ ਸੈਂਟਰ, ਟੇਬਲ, ਚੇਅਰ, ਕਿਚਨ, ਸਟੇਅਰ, ਗ੍ਰਿਲ, ਡੋਰ, ਗੇਟ ਆਦਿ ਸ਼ਬਦਾਂ ਦੀ ਵਰਤੋਂ ਹੋਣ ਲੱਗ ਪਈ।

ਪੰਜਾਬੀ ਭਾਸ਼ਾ ਨੂੰ ਢਾਅ ਲਾਉਣ ਲਈ ਪੰਜਾਬੀ ਮੀਡੀਆ ਦਾ ਵੀ ਵੱਡਾ ਯੋਗਦਾਨ ਹੈ ਜਿਸ ਵਿੱਚ ਪੰਜਾਬੀ ਫ਼ਿਲਮਾਂ ਦੀ ਮਹੱਤਵਪੂਰਨ ਭੂਮਿਕਾ ਹੈ। ਪੰਜਾਬੀ ਫ਼ਿਲਮਾਂ ਦਾ ਨਾਮਕਰਨ ਹੀ ਅਜਿਹਾ ਕੀਤਾ ਜਾਂਦਾ ਹੈ ਕਿ ਉਹ ਨਾਮ ਤੋਂ ਹੀ ਵਲੈਤੀ ਜਾਪਦੀਆਂ ਹਨ ਜਿਵੇਂ ਵਨਸ ਅਪੌਨ ਏ ਟਾਈਮ ਇਨ ਅੰਮ੍ਰਿਤਸਰ ਅਗੇਨ, ਡੈਡੀ ਕੂਲ ਮੁੰਡੇ ਫ਼ੂਲ, ਜੱਟ ਐਂਡ ਜੂਲੀਅਟ, ਜੱਟ ਜੇਮਜ਼ ਬੌਂਡ, ਸੁਪਰ ਸਿੰਘ, ਡਿਸਕੋ ਸਿੰਘ, ਲੱਕੀ ਦੀ ਅਨਲੱਕੀ ਸਟੋਰੀ, ਕੈਰੀ ਔਨ ਜੱਟਾ ਆਦਿ। ਤਕਨੀਕੀ ਊਣਤਾਈਆਂ ਭਾਸ਼ਾ ਦੇ ਪਤਨ ਦਾ ਕਾਰਨ ਨਹੀਂ ਸਗੋਂ ਲੋਕ-ਮਨਾਂ ਵਿੱਚੋਂ ਵਿਸਰਨ ਨਾਲ਼ ਭਾਸ਼ਾ ਦਾ ਅੰਤ ਹੁੰਦਾ ਹੈ। ਕਿਸੇ ਵੇਲੇ ਵਿਸ਼ਵ ਵਿਦਿਆਲਿਆਂ ਦਾ ਮਾਧਿਅਮ ਰਹੀਆਂ ਕਈ ਭਾਸ਼ਾਵਾਂ ਸਮੇਂ ਦੀ ਭੇਂਟ ਚੜ੍ਹ ਗਈਆਂ। ਮਨੋਵਿਗਿਆਨੀ ਭਾਸ਼ਾ ਨੂੰ ਮਾਨਸਿਕ ਭਾਵਾਂ ਦੀ ਪੁਸ਼ਾਕ ਆਖਦੇ ਹਨ ਪਰ ਪੰਜਾਬੀਆਂ ਦੀ ਮਾਨਸਿਕਤਾ ਡਾਵਾਂਡੋਲ ਹੈ ਤੇ ਭਾਵਾਂ ਦੀ ਪੁਸ਼ਾਕ ਪੰਜਾਬੀ ਭਾਸ਼ਾ ਵੀ ਲੀਰੋ-ਲੀਰ ਹੋਣ ਕੰਢੇ ਹੈ।

ਭਾਵੇਂ ਸਕੂਲ ਅਤੇ ਕਾਲਜ ਪੱਧਰ ’ਤੇ ਪੰਜਾਬੀ ਲਾਜ਼ਮੀ ਪੜ੍ਹਾਈ ਜਾਂਦੀ ਹੈ ਤਾਂ ਵੀ ਪੰਜਾਬੀ ਨਾਲ਼ ਸਰਕਾਰੀ ਤੇ ਗ਼ੈਰ-ਸਰਕਾਰੀ ਤੌਰ ’ਤੇ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਆਮ ਵੇਖਿਆ ਜਾ ਸਕਦਾ ਹੈ। ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ, ਸੰਸਥਾਵਾਂ, ਸਾਈਨ ਬੋਰਡਾਂ, ਨੇਮ ਪਲੇਟਾਂ, ਸੋਸ਼ਲ ਮੀਡੀਆ ਆਦਿ ਵਿੱਚ ਪੰਜਾਬੀ ਭਾਸ਼ਾ ਨੂੰ ਵਿਸਾਰਿਆ ਜਾ ਰਿਹਾ ਹੈ। ਆਮ ਵਰਤਾਰਾ ਹੈ ਕਿ ਕਿਸੇ ਵਿਅਕਤੀ ਦੇ ਸਟੇਟਸ ਨੂੰ ਸਮਝਣ ਲਈ ਉਸ ਦੀ ਭਾਸ਼ਾ ਨੂੰ ਆਧਾਰ ਮੰਨਿਆ ਜਾਂਦਾ ਹੈ। ਪੰਜਾਬੀਆਂ ਦਾ ਦੁਖਾਂਤ ਇਹ ਹੈ ਕਿ ਇਨਾਂ ਦੀ ਪਰਖ ਵਿੱਚ ਉਹ ਇਨਸਾਨ ਸਿਆਣਾ ਤੇ ਸਮਝਦਾਰ ਹੈ ਜੋ ਪੰਜਾਬੀ ਬੋਲਣ ਦੀ ਥਾਂ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਜ਼ਿਆਦਾ ਤੇ ਸ਼ੁੱਧ ਕਰਦਾ ਹੈ। ਦੂਜੇ ਪਾਸੇ ਭਾਵੇਂ ਕੋਈ ਕਿੰਨੀ ਵੀ ਸ਼ੁੱਧ ਪੰਜਾਬੀ ਬੋਲੇ, ਉਸ ਨੂੰ ਅਸੱਭਿਅਕ, ਜਾਹਲ ਜਾਂ ਪੇਂਡੂ ਦਾ ਦਰਜਾ ਦਿੱਤਾ ਜਾਂਦਾ ਹੈ। ਨਿੱਜੀ ਸਕੂਲਾਂ ਵਿੱਚ ਜੇਕਰ ਕੋਈ ਵਿਦਿਆਰਥੀ ਪੰਜਾਬੀ ਬੋਲੇ ਤਾਂ ਉਸਨੂੰ ਸਜ਼ਾ ਦਿੱਤੀ ਜਾਂਦੀ ਹੈ। ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਅਸੀਂ ਖ਼ੁਦ ਪਰਦੇਸਣ ਕੀਤਾ ਹੋਇਆ ਹੈ।

ਅੰਤ ਵਿੱਚ ਇਹੀ ਕਹਿਣਾ ਉਚਿਤ ਹੈ ਕਿ ਜੇਕਰ ਪੰਜਾਬੀ ਭਾਸ਼ਾ ਨੂੰ ਬਚਾਉਣਾ ਹੈ ਤਾਂ ਬੰਦ ਕਮਰਿਆਂ ਦੀਆਂ ਬੌਧਿਕ ਗੋਸ਼ਟੀਆਂ ਨੂੰ ਤਿਆਗ ਕੇ ਵਿਹਾਰਕ ਪੱਧਰ ’ਤੇ ਯਤਨ ਕਰਨ ਦੀ ਲੋੜ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਇੱਕ ਅਲੱਗ ਵਰਤਾਰਾ ਹੈ ਜਿਸ ਵਿੱਚ ਕੇਵਲ ਭਾਸ਼ਾ ਦੀ ਬਣਤਰ ਆਦਿ ’ਤੇ ਕੇਂਦਰਿਤ ਹੋਇਆ ਜਾ ਸਕਦਾ ਹੈ ਪਰ ਭਾਸ਼ਾ ਦੀ ਹੋਂਦ ਦਾ ਮਸਲਾ ਬਹੁ-ਪਾਸਾਰੀ ਹੈ। ਇਸਨੂੰ ਸਾਂਭਣ ਤੇ ਬਚਾਉਣ ਲਈ ਪੰਜਾਬੀ ਮਾਨਸਿਕਤਾ ਭਾਸ਼ਾ-ਪ੍ਰੇਮੀ ਹੋਣੀ ਲਾਜ਼ਮੀ ਹੈ। ਮਾਤ-ਭਾਸ਼ਾ ਨੂੰ ਮਤਰੇਈ ਮਾਂ ਵਾਂਗੂੰ ਸਮਝਣ ਵਾਲੀਆਂ ਕੌਮਾਂ ਬਹੁਤ ਦੇਰ ਤੱਕ ਜੀਵਿਤ ਨਹੀਂ ਰਹਿ ਸਕਦੀਆਂ। ਜੇਕਰ ਪੰਜਾਬੀ ਜਾਗਰੂਕ ਹੋ ਕੇ ਪੰਜਾਬੀ ਭਾਸ਼ਾ ਦੀ ਸੰਭਾਲ ਲਈ ਸਰਗਰਮ ਹੋ ਜਾਣ ਤਾਂ ਸਹਿਜੇ ਹੀ ਪੰਜਾਬੀ ਭਾਸ਼ਾ ਦੀ ਡਾਵਾਂਡੋਲ ਸਥਿਤੀ ਨੂੰ ਸਥਿਰ ਕੀਤਾ ਜਾ ਸਕਦਾ ਹੈ। ਕੁਝ ਸੰਸਥਾਵਾਂ, ਅਦਾਰਿਆਂ ਤੇ ਵਿਅਕਤੀਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਨਵੀਂ ਤਕਨਾਲੋਜੀ ਅਨੁਸਾਰ ਵਰਤਣ ਲਈ ਸ਼ਲਾਘਾਯੋਗ ਯਤਨ ਕੀਤੇ ਜਾ ਰਹੇ ਹਨ ਜਿਸ ਨਾਲ਼ ਪੰਜਾਬੀ ਵਿਸ਼ਵ ਦੇ ਹਾਣ ਦੀ ਬਣਨ ਦੀ ਸਮਰੱਥਾ ਵੀ ਰੱਖਦੀ ਹੈ।

**ਹਵਾਲੇ ਅਤੇ ਟਿੱਪਣੀਆਂ**

1. ਜੋਗਿੰਦਰ ਸ਼ਮਸ਼ੇਰ, ਬਰਤਾਨੀਆ ਵਿੱਚ ਪੰਜਾਬੀ ਜੀਵਨ ਅਤੇ ਸਾਹਿਤ, ਪੰਨਾ-162
2. ਡਾ. ਸ. ਪ. ਸਿੰਘ, ਪਰਵਾਸੀ ਪੰਜਾਬੀ ਕਵਿਤਾ, ਪੰਨਾ-9
3. ਪ. ਸ. ਸਿੱਧੂ, ‘ਵੀਹਵੀਂ ਸਦੀ ਦੇ ਪੰਜਾਬੀ ਭਾਸ਼ਾ ਵਿਗਿਆਨ ਦਾ ਮੁਲਾਂਕਣ’, ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਮੁਲਾਂਕਣ, ਸੰਪਾ. ਓਮ ਪ੍ਰਕਾਸ਼ ਵਸ਼ਿਸ਼ਟ, ਸਾਹਿਤ ਅਕਾਦਮੀ, ਨਵੀਂ ਦਿੱਲੀ, 2002, ਪੰਨਾ-198
4. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ ਦੇ ਮੁੱਢਲੇ ਸੰਕਲਪ, ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 1999, ਪੰਨਾ-11

## ਤਵਾਰੀਖ ਦੇ ਪੰਨਿਆਂ...

ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਪਹਿਲਾਂ ਮਿੱਥੇ ਹੋਏ ਪ੍ਰੋਗਰਾਮ ਤੋਂ ਪਹਿਲੋਂ ਕੋਈ ਵੀ ਜੱਥਾ ਸ੍ਰੀ ਨਨਕਾਣਾ ਸਾਹਿਬ ਨਾ ਭੇਜਿਆ ਜਾਵੇ। ਭਾਈ ਕਰਤਾਰ ਸਿੰਘ ਝੱਬਰ ਅਤੇ ਭਾਈ ਲਛਮਣ ਸਿੰਘ ਨੂੰ ਰੋਕਣ ਲਈ ਦੋ ਆਦਮੀ ਭੇਜੇ, ਜਿਹੜੇ ਭਾਈ ਕਰਤਾਰ ਸਿੰਘ ਝੱਬਰ ਨੂੰ ਗੁਰਦੁਆਰਾ ਸੱਚਾ ਸੌਦਾ ਜਾ ਕੇ ਮਿਲੇ ਅਤੇ ਪੰਥਕ ਆਗੂਆਂ ਦੇ ਫ਼ੈਸਲੇ ਬਾਰੇ ਦੱਸ ਕੇ ਉਨ੍ਹਾਂ ਨੂੰ ਸ੍ਰੀ ਨਨਕਾਣਾ ਸਾਹਿਬ ਨਾ ਜਾਣ ਲਈ ਮਨਾ ਲਿਆ। ਪਰ ਝੱਬਰ ਨੇ ਕਿਹਾ ਕਿ ਜੇ ਹੋਰ ਜੱਥੇ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ ਤਾਂ ਉਨ੍ਹਾਂ ਦੇ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੋਵੇਗਾ ਤਾਂ ਉਨ੍ਹਾਂ ਜੱਥਿਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਭਾਈ ਦਲੀਪ ਸਿੰਘ ਸਾਹੋਵਾਲ ਨੇ ਆਪਣੇ ਸਿਰ ਲਈ ਅਤੇ ਆਪਣੇ ਕੁਝ ਆਦਮੀ ਸ੍ਰੀ ਨਨਕਾਣਾ ਸਾਹਿਬ ਨੂੰ ਆਉਂਦੇ ਰਾਹਾਂ ਤੇ ਖਿੰਡਾ ਦਿੱਤੇ ਤਾਂ ਜੋ ਆਉਣ ਵਾਲੇ ਜੱਥਿਆਂ ਨੂੰ ਪੰਥਕ ਆਗੂਆਂ ਦੇ ਫ਼ੈਸਲੇ ਬਾਰੇ ਦੱਸ ਕੇ ਵਾਪਸ ਮੋੜ ਦੇਣ। ਆਪ ਭਾਈ ਦਲੀਪ ਸਿੰਘ, ਭਾਈ ਲਛਮਣ ਸਿੰਘ ਦੇ ਜੱਥੇ ਨੂੰ ਰੋਕਣ ਲਈ ਚੰਦਰਕੋਟ ਦੀ ਝਾਲ ਤੇ ਪਹੁੰਚੇ ਤਾਂ ਉੱਥੇ ਭਾਈ ਲਛਮਣ ਸਿੰਘ ਦਾ ਜੱਥਾ ਨਾ ਮਿਲਿਆ। ਭਾਈ ਦਲੀਪ ਸਿੰਘ ਨੇ ਸੋਚਿਆ ਕਿ ਹੋ ਸਕਦਾ ਹੈ, ਉਨ੍ਹਾਂ ਨੂੰ ਸੁਨੇਹਾ ਮਿਲ ਗਿਆ ਹੋਵੇ ਅਤੇ ਉਹ ਵਾਪਸ ਮੁੜ ਗਏ ਹੋਣ। ਫਿਰ ਵੀ ਉਨ੍ਹਾਂ ਨੇ ਭਾਈ ਵਰਿਆਮ ਸਿੰਘ ਦੀ ਡਿਊਟੀ ਭਾਈ ਲਛਮਣ ਸਿੰਘ ਦੇ ਜੱਥੇ ਨੂੰ ਰੋਕਣ ਦੀ ਲਾਈ ਅਤੇ ਆਪ ਸ. ਉੱਤਮ ਸਿੰਘ ਦੇ ਕਾਰਖ਼ਾਨੇ ਵਿੱਚ ਆ ਗਏ। ਭਾਈ ਲਛਮਣ ਸਿੰਘ ਦੇ ਜੱਥੇ ਨੇ ਅਰਦਾਸਾ ਸੋਧ ਕੇ ਸ੍ਰੀ ਨਨਕਾਣਾ ਸਾਹਿਬ ਵੱਲ ਚਾਲੇ ਪਾ ਦਿੱਤੇ ਸਨ ਅਤੇ ਰਸਤੇ ਵਿੱਚ ਉਨ੍ਹਾਂ ਦਾ ਮੇਲ ਭਾਈ ਵਰਿਆਮ ਸਿੰਘ ਨਾਲ਼ ਹੋਇਆ। ਉਸ ਨੇ ਭਾਈ ਲਛਮਣ ਸਿੰਘ ਦੇ ਜੱਥੇ ਨੂੰ ਪੰਥਕ ਆਗੂਆਂ ਦੇ ਫ਼ੈਸਲੇ ਦੀ ਚਿੱਠੀ ਦਿਖਾ ਕੇ ਅਤੇ ਮਹੰਤ ਦੀ ਘਿਨਾਉਣੀ ਸਾਜ਼ਿਸ਼ ਦੱਸ ਕੇ ਵਾਪਿਸ ਮੁੜਨ ਦੀ ਬੇਨਤੀ ਕੀਤੀ। ਭਾਈ ਲਛਮਣ ਸਿੰਘ ਹੋਰੀਂ ਨਾ ਮੰਨੇ, ਉਹ ਕਹਿਣ ਲੱਗੇ ਅਸੀਂ ਸ੍ਰੀ ਨਨਕਾਣਾ ਸਾਹਿਬ ਨੂੰ ਮਹੰਤ ਕੋਲ਼ੋਂ ਅਜ਼ਾਦ ਕਰਾਉਣ ਲਈ ਅਰਦਾਸਾ ਸੋਧ ਕੇ ਤੁਰੇ ਹਾਂ, ਹੁਣ ਵਾਪਸ ਨਹੀਂ ਮੁੜ ਸਕਦੇ, ਚਾਹੇ ਸਿੱਟਾ ਕੁਝ ਵੀ ਹੋਵੇ। ਅਰਦਾਸਾ ਸੋਧ ਕੇ ਪਿੱਛੇ ਹੱਟਣਾ ਗਿੱਦੜਾਂ ਦਾ ਕੰਮ ਹੈ, ਸ਼ੇਰਾਂ ਦਾ ਨਹੀਂ। ਇਹ ਕਹਿ ਕੇ ਜੱਥਾ ਅੱਗੇ ਚੱਲ ਪਿਆ।

**21 ਫ਼ਰਵਰੀ**

21 ਫ਼ਰਵਰੀ ਨੂੰ ਸਵੇਰੇ ਛੇ ਵਜੇ ਭਾਈ ਲਛਮਣ ਸਿੰਘ ਦਾ ਜੱਥਾ ਸ਼ਬਦ ਪੜ੍ਹਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਦਾਖ਼ਲ ਹੋਇਆ। ਭਾਈ ਲਛਮਣ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ ਅਤੇ ਆਸਾ ਕੀ ਵਾਰ ਦਾ ਕੀਰਤਨ ਆਰੰਭ ਕਰ ਦਿੱਤਾ। ਕੁਝ ਸਮੇਂ ਬਾਅਦ ਮਹੰਤ ਆਪਣੇ ਗੁੰਡਿਆਂ ਸਮੇਤ ਸ਼ਰਾਬੀ ਹਾਲਤ ਵਿੱਚ ਆਇਆ। ਉਸ ਨੇ ਸਿੰਘਾਂ ਦਾ ਘਾਣ ਕਰਨ ਲਈ ਪਹਿਲਾਂ ਹੀ ਪੂਰੀ ਤਿਆਰੀ ਕੀਤੀ ਹੋਈ ਸੀ। ਉਸ ਨੇ ਦਰਸ਼ਨੀ ਡਿਉਢੀ ਦਾ ਮੇਨ ਗੇਟ ਬੰਦ ਕਰਵਾ ਦਿੱਤਾ ਅਤੇ ਆਪਣੇ ਗੁੰਡਿਆਂ ਪਾਸੋਂ ਰੱਬੀ ਪਿਆਰ ਵਿੱਚ ਜੁੜੇ ਸ਼ਾਂਤਮਈ ਸਿੰਘਾਂ ਉੱਪਰ ਗੋਲੀਆਂ ਦੀ ਬੁਛਾੜ ਕਰਵਾ ਦਿੱਤੀ। ਸਿੰਘ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਪਾ ਰਹੇ ਸਨ। ਗੋਲੀਆਂ ਦੀ ਬੁਛਾੜ ਬੰਦ ਕਰਕੇ ਗੁੰਡੇ ਟਕੂਏ, ਕ੍ਰਿਪਾਨਾਂ, ਛਵੀਆਂ ਤੇ ਗੰਡਾਸੇ ਆਦਿ ਲੈ ਕੇ ਸਿੰਘਾਂ ਉੱਪਰ ਵਾਰ ਕਰਨ ਲੱਗ ਪਏ। ਵੇਖਦਿਆਂ-ਵੇਖਦਿਆਂ ਹੀ ਬਹੁਤ ਸਾਰੇ ਸਿੰਘ ਸ਼ਹੀਦ ਕਰ ਦਿੱਤੇ ਅਤੇ ਕਈ ਜ਼ਖ਼ਮੀ ਹੋ ਗਏ। ਇਹ ਇਤਨਾ ਦਿਲਕੰਬਾਊ ਦ੍ਰਿਸ਼ ਸੀ, ਜਿਸ ਨੂੰ ਦੇਖ ਕੇ ਸ਼ਾਇਦ ਔਰੰਗਜ਼ੇਬ, ਨਾਦਰ ਸ਼ਾਹ ਅਬਦਾਲੀ, ਮੀਰ ਮਨੂੰ ਵਰਗਿਆਂ ਦੀਆਂ ਰੂਹਾਂ ਵੀ ਕੰਬ ਉੱਠੀਆਂ ਹੋਣਗੀਆਂ। ਭਾਈ ਲਛਮਣ ਸਿੰਘ ਨੂੰ ਜੰਡ ਨਾਲ਼ ਪੁੱਠਾ ਲਟਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ।

ਭਾਈ ਦਲੀਪ ਸਿੰਘ ਨੇ, ਜੋ ਸ. ਉੱਤਮ ਸਿੰਘ ਦੇ ਕਾਰਖ਼ਾਨੇ ਵਿੱਚ ਬੈਠੇ ਸਨ, ਜਦੋਂ ਗੋਲੀਆਂ ਦੀ ਆਵਾਜ਼ ਸੁਣੀ ਤਾਂ ਉਹ ਇਹ ਕਹਿ ਕੇ ਗੁਰਦੁਆਰਾ ਸਾਹਿਬ ਵੱਲ ਦੌੜ ਪਏ ਕਿ ਲੱਗਦਾ ਹੈ ਕਿ ਮਹੰਤ ਨੇ ਕਾਰਾ ਕਰ ਦਿੱਤਾ ਹੈ। ਜਦ ਉਹ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਮਹੰਤ ਆਪਣੇ ਗੁੰਡਿਆਂ ਪਾਸੋਂ ਸਿੰਘਾਂ ਦਾ ਘਾਣ ਕਰਵਾ ਰਿਹਾ ਸੀ। ਭਾਈ ਦਲੀਪ ਸਿੰਘ ਨੇ ਮਹੰਤ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਮਹੰਤ ਦੇ ਗੁੰਡਿਆਂ ਨੇ ਉਸ ਨੂੰ ਅਕਾਲੀ ਅਕਾਲੀ ਕਹਿ ਕੇ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ। ਇਹ ਸਾਰਾ ਕਾਰਾ ਕਰਨ ਤੋਂ ਬਾਅਦ ਮਹੰਤ ਨੇ ਲੱਕੜਾਂ ਦੇ ਢੇਰ ਲਗਾ ਕੇ ਉੱਪਰ ਮਿੱਟੀ ਦਾ ਤੇਲ ਪਾਇਆ ਅਤੇ ਉਸ ਉੱਪਰ ਸ਼ਹੀਦ ਹੋ ਚੁੱਕੇ ਅਤੇ ਜ਼ਖ਼ਮੀ ਸਿੰਘਾਂ ਨੂੰ ਸੁੱਟ ਕੇ ਅੱਗ ਲਗਾ ਦਿੱਤੀ ਜੋ ਸ਼ਾਮ ਚਾਰ ਵਜੇ ਤੱਕ ਲੱਗੀ ਰਹੀ।

ਸ. ਧੰਨਾ ਸਿੰਘ, ਸ. ਉੱਤਮ ਸਿੰਘ ਕਾਰਖ਼ਾਨੇਦਾਰ ਅਤੇ ਸ. ਕਰਮ ਸਿੰਘ ਸਟੇਸ਼ਨ ਮਾਸਟਰ ਦੇ ਉਦਮ ਸਦਕਾ ਇਸ ਘਟਨਾ ਦੀ ਖ਼ਬਰ ਸ਼ਾਮ ਤੱਕ ਚਾਰੇ ਪਾਸੇ ਫ਼ੈਲ ਗਈ। ਉਨ੍ਹਾਂ ਨੇ ਇਸ ਸੋਗਮਈ ਘਟਨਾ ਦੀ ਖ਼ਬਰ ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀ.ਸੀ. ਅਤੇ ਸ਼੍ਰੋਮਣੀ ਕਮੇਟੀ ਆਦਿ ਨੂੰ ਤਾਰਾਂ ਭੇਜ ਕੇ ਦਿੱਤੀ। ਡੀ. ਸੀ. ਮਿਸਟਰ ਕੈਰੀ ਜਦ ਸ੍ਰੀ ਨਨਕਾਣਾ ਸਾਹਿਬ ਪੁੱਜਾ ਤਾਂ ਉਸ ਸਮੇਂ ਮਹੰਤ ਦੇ ਆਦਮੀ ਲਾਸ਼ਾਂ ਨੂੰ ਸਾੜ ਫ਼ੂਕ ਰਹੇ ਸਨ, ਜੋ ਸਿਲਸਿਲਾ ਉਸ ਦੇ ਪਹੁੰਚਣ ਤੋਂ ਡੇਢ ਘੰਟੇ ਬਾਅਦ ਵੀ ਚੱਲਦਾ ਰਿਹਾ। ਮਹੰਤ ਨੂੰ ਅਜਿਹਾ ਕਰਨ ਤੋਂ ਕਿਸੇ ਨੇ ਵੀ ਨਾ ਰੋਕਿਆ। ਰਾਤ ਨੌਂ ਵਜੇ ਦੇ ਕਰੀਬ ਲਾਹੌਰ ਤੋਂ ਸਪੈਸ਼ਲ ਟਰੇਨ ਰਾਹੀਂ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਆਪਣੇ ਨਾਲ਼ ਸੌ ਦੇ ਕਰੀਬ ਅੰਗਰੇਜ਼ ਅਫ਼ਸਰਾਂ ਅਤੇ ਸਿਪਾਹੀਆਂ ਸਮੇਤ ਸ੍ਰੀ ਨਨਕਾਣਾ ਸਾਹਿਬ ਪਹੁੰਚਿਆ ਤਾਂ ਉਸ ਵੇਲੇ ਵੀ ਮਹੰਤ ਦੇ ਹੱਥ ਵਿੱਚ ਬੰਦੂਕ ਸੀ। ਸਰਕਾਰ ਨੇ ਮਹੰਤ ਅਤੇ ਉਸ ਦੇ 26 ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਘਰੋਂ ਕਾਫ਼ੀ ਅਸਲਾ ਹਥਿਆਰ ਆਦਿ ਬਰਾਮਦ ਕਰ ਲਏ ਅਤੇ ਗੁਰਦੁਆਰੇ ਉੱਪਰ ਸਰਕਾਰ ਨੇ ਕਬਜ਼ਾ ਕਰ ਲਿਆ। ਅਗਲੇ ਦਿਨ 22 ਫ਼ਰਵਰੀ ਨੂੰ ਸ. ਮਹਿਤਾਬ ਸਿੰਘ, ਸ. ਹਰਬੰਸ ਸਿੰਘ ਅਟਾਰੀ ਆਦਿ ਆਗੂ ਅਤੇ ਹੋਰ ਸੰਗਤਾਂ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚ ਗਈਆਂ। ਭਾਈ ਕਰਤਾਰ ਸਿੰਘ ਝੱਬਰ ਵੀ 2200 ਜੁਆਨਾਂ ਦਾ ਜਥਾ ਲੈ ਕੇ ਪਹੁੰਚ ਗਿਆ। ਇਸ ਘਟਨਾ ਦਾ ਅਤੇ ਗੁਰਦੁਆਰੇ ਉੱਪਰ ਸਰਕਾਰੀ ਕਬਜ਼ੇ ਵਿਰੁੱਧ ਸੰਗਤਾਂ ਅੰਦਰ ਹੋਰ ਰੋਹ ਜਾਗ ਪਿਆ ਸੀ। ਅਖ਼ੀਰ ਅੰਗਰੇਜ਼ ਅਧਿਕਾਰੀਆਂ ਨੂੰ ਹਾਰ ਮੰਨਣੀ ਪਈ ਅਤੇ ਗੁਰਦੁਆਰੇ ਦਾ ਪ੍ਰਬੰਧ ਪੰਥ ਦੇ ਹਵਾਲੇ ਕਰ ਦਿੱਤਾ ਗਿਆ।

**23-24 ਫ਼ਰਵਰੀ**

23 ਫ਼ਰਵਰੀ ਨੂੰ ਪੰਜਾਬ ਦਾ ਗਵਰਨਰ ਮਕਲੈਗਨ ਆਪਣੀ ਐਗਜ਼ੈਕਟਿਵ ਦੇ ਮੈਂਬਰਾਂ ਸਮੇਤ ਸ੍ਰੀ ਨਨਕਾਣਾ ਸਾਹਿਬ ਪਹੁੰਚਿਆ ਅਤੇ ਸਾਰਾ ਦ੍ਰਿਸ਼ ਉਸ ਨੇ ਅੱਖੀਂ ਵੇਖਿਆ। 24 ਫ਼ਰਵਰੀ ਨੂੰ ਸਾਰੇ ਸ਼ਹੀਦ ਸਿੰਘਾਂ ਦਾ ਗੁਰ ਮਰਯਾਦਾ ਅਨੁਸਾਰ ਸਸਕਾਰ ਕੀਤਾ ਗਿਆ।

**ਮਹੰਤ ਨੂੰ ਸਜ਼ਾਵਾਂ**

21 ਫ਼ਰਵਰੀ ਦੀ ਰਾਤ ਨੂੰ ਹੀ ਦੋ ਵਜੇ ਸਪੈਸ਼ਲ ਟਰੇਨ ਰਾਹੀਂ ਮਹੰਤ ਅਤੇ ਉਸ ਦੇ ਸਾਥੀ ਕਾਤਲਾਂ ਨੂੰ ਲਾਹੌਰ ਸੈਂਟਰਲ ਜੇਲ ਭੇਜ ਦਿੱਤਾ ਗਿਆ। ਨਨਕਾਣਾ ਸਾਹਿਬ ਦੇ ਸਾਕੇ ਵੇਲੇ ਸਰਦਾਰ ਬਹਾਦਰ ਮਹਿਤਾਬ ਸਿੰਘ ਸਰਕਾਰੀ ਵਕੀਲ ਵੀ ਸਨ ਅਤੇ ਪੰਜਾਬ ਕੌਂਸਲ ਦੇ ਡਿਪਟੀ ਚੀਫ਼ ਵੀ ਸਨ। 180 ਤੋਂ ਵੱਧ ਸਿੱਖਾਂ ਦਾ ਕਾਤਲ ਮਹੰਤ ਨਰੈਣੂ, ਸਰਕਾਰੀ ਅਫ਼ਸਰਾਂ ਨਾਲ਼ ਨੇੜਤਾ ਰੱਖਦਾ ਸੀ। ਇਸ ਕਰ ਕੇ ਪੁਲਿਸ ਉਸ ਦਾ ਕੇਸ ਕਮਜ਼ੋਰ ਰੱਖ ਕੇ ਉਸ ਨੂੰ ਬਚਾਉਣਾ ਚਾਹੁੰਦੀ ਸੀ। ਸਰਕਾਰੀ ਸਾਜ਼ਿਸ਼ਾਂ ਨੂੰ ਵੇਖ ਕੇ ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਸਰਕਾਰੀ ਵਕੀਲ ਦੇ ਅਹੁਦੇ ਤੋਂ ਅਤੇ ਪੰਜਾਬ ਕੌਂਸਲ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਦੋਸ਼ੀ ਉੱਪਰ ਮੁਕੱਦਮਾ ਚਲਾ ਕੇ ਸਜ਼ਾਵਾਂ ਦਿੱਤੀਆਂ ਗਈਆਂ। 12 ਅਕਤੂਬਰ 1921 ਨੂੰ ਸੈਸ਼ਨ ਜੱਜ ਨੇ ਇਸ ਘਟਨਾ ਵਿੱਚ ਸ਼ਾਮਲ ਮਹੰਤ ਅਤੇ ਉਸ ਦੇ ਸੱਤ ਸਾਥੀਆਂ ਕਾਦਰ ਜਲਾਲਾਬਾਦੀ, ਆਤਮ ਰਾਮ ਖ਼ਾਨ ਕੀ, ਰਾਂਝਾ ਥਾਣਾ ਝੰਗ, ਹਰੀ ਨਾਥ ਕਨਫਟਾ ਜੋਗੀ, ਨੂਰ ਸ਼ਾਹ ਦੀਨ ਪਠਾਣ, ਸੁਰੈਣ ਸਿੰਘ ਲੁਲਿਆਣੀ, ਰੀਹਾਨਾ ਲੁਲਿਆਣੀ ਨੂੰ ਫਾਂਸੀ ਦੀ ਸਜ਼ਾ, ਅੱਠ ਨੂੰ ਕਾਲੇਪਾਣੀ ਦੀ ਅਤੇ ਬਾਕੀਆਂ ਨੂੰ ਸੱਤ-ਸੱਤ ਸਾਲ ਦੀ ਸਜ਼ਾ ਸੁਣਾਈ, ਪਰ ਬਾਅਦ ਵਿੱਚ ਹਾਈਕੋਰਟ ਨੇ ਇਹ ਸਜ਼ਾਵਾਂ ਘੱਟ ਕਰ ਦਿੱਤੀਆਂ। ਮਹੰਤ ਦੀ ਸਜ਼ਾ ਫਾਂਸੀ ਤੋਂ ਘਟਾ ਕੇ ਕਾਲੇਪਾਣੀ ਦੀ ਕਰ ਦਿੱਤੀ। ਬਾਕੀ ਸੱਤਾਂ ਵਿੱਚੋਂ ਤਿੰਨ ਦੀ ਫਾਂਸੀ ਦੀ ਸਜ਼ਾ ਅਤੇ ਅੱਠ ਦੀ ਕਾਲੇਪਾਣੀ ਦੀ ਸਜ਼ਾ ਵਿੱਚੋਂ ਦੋ ਦੀ ਕਾਲੇਪਾਣੀ ਦੀ ਸਜ਼ਾ ਕਾਇਮ ਰਹੀ। ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ।

ਇਸ ਤਰ੍ਹਾਂ ਸ਼ਹੀਦੀਆਂ ਦੇ ਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖ ਪੰਥ ਦੇ ਹੱਥਾਂ ਵਿੱਚ ਆਇਆ। ਪਰ 1947 ਈ. ਦੀ ਦੇਸ਼ ਵੰਡ ਹੋਣ ਕਰਕੇ ਇਹ ਗੁਰਧਾਮ ਪਾਕਿਸਤਾਨ ਵਿੱਚ ਰਹਿ ਜਾਣ ਕਰਕੇ ਫਿਰ ਪੰਥ ਇਸ ਦੇ ਦਰਸ਼ਨ ਦੀਦਾਰਿਆਂ ਤੋਂ ਵਾਂਝਾ ਹੋ ਗਿਆ, ਜਿਸ ਦੇ ਖੁੱਲ੍ਹੇ ਦਰਸ਼ਨਾਂ ਦੀ ਸਿੱਕ ਲੈ ਕੇ ਅੱਜ ਹਰੇਕ ਸਿੱਖ ਅਰਦਾਸ ਕਰਦਾ ਹੈ। ਇਹ ਸ਼ਹੀਦੀਆਂ ਸਿੱਖਾਂ ਦੀ ਰੋਜ਼ਾਨਾ ਅਰਦਾਸ ਦਾ ਹਿੱਸਾ ਬਣ ਗਈਆਂ। ਅੱਜ ਵੀ ਜਦ ਸਿੱਖ ਅਰਦਾਸ ਕਰਦਾ ਹੈ ਤਾਂ ਇਨਾਂ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਦਾ ਹੋਇਆ ਆਖਦਾ ਹੈ ‘ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਸੰਗ ਨਿਬਾਹੀ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ’।

## ਕਹਿਰ ਹੈ ਉਸ ਦਾ...

ਮਨਜੀਤ ਕੌਰ ਨੂੰ ਸੁਣੋ : ਤਲਵਾਰਾਂ ਦੀ ਛਾਂ ਸੀ। ਲੋਕ ਸਿਵੇ ਨੂੰ ਮੱਥਾ ਟੇਕ ਕੇ ਪਰਤ ਰਹੇ ਸਨ। ਸੱਤ ਅੱਠ ਸਾਲ ਦੇ ਨਿਆਣੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾ ਰਹੇ ਸਨ। ਬੀਬੀਆਂ ਛੱਤਾਂ ’ਤੇ ਹੱਥ ਜੋੜ ਖੜੀਆਂ ਸਨ। ਮੁੰਡੇ ਭੁੱਬਾਂ ਮਾਰ ਕੇ ਰੋ ਰਹੇ ਸਨ।

ਗਰੇਵਾਲ ਸੁਖਚੈਨ ਸਿੰਘ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਹੈ ਕਿ 37 ਸਾਲ ਪਿੱਛੋਂ ਫਿਰ ਸਟੇਟ ਨੇ ਇੱਕ ਸੋਚੀ ਕਤਲ ਕੀਤਾ।

ਵਿਦੇਸ਼ਾਂ ਦੀ ਧਰਤੀ ਤੇ ਬੈਠੇ ਪਿੱਪਲ ਸਿੰਘ ਇਹ ਕਹਿ ਰਹੇ ਹਨ ਕਿ ਉਹ ਕੌਮੀ ਇਤਿਹਾਸ ’ਤੇ ਮਾਣ ਕਰਨ ਦੀ ਜਾਚ ਦੱਸਦਾ ਸੀ ਤੇ ਆਪ ਵੀ ਮਾਣ ਕਰਾਉਣ ਜੋਗਾ ਹੋ ਕੇ ਵਿਦਾ ਹੋਇਆ।

ਦੋ ਹੋਰ ਕਾਵਿ ਸਤਰਾਂ ਭਾਈ ਅਜਮੇਰ ਸਿੰਘ ਦੀ ਪੋਸਟ ’ਤੇ ਦੇਖੀਆਂ ਗਈਆਂ :

ਇੱਕ ਮੋਇਆ ਪੁੱਤ ਪੰਜਾਬ ਦਾ ਕੁੱਲ ਦੁਨੀਆਂ ਰੋਈ। ਇੱਕ ਕਰਮਾਂ ਮਾਰੀ ਕੌਮ ਨਾਲ਼ ਅਣਹੋਣੀ ਹੋਈ। ਦੂਜੀ ਟਿੱਪਣੀ ਵਿੱਚ ਇਤਿਹਾਸ ਦੀ ਯਾਦ ਕਰਾਈ ਹੈ :- ਇੱਕ ਖੁੱਲਿਆ ਬੂਹਾ ਆਸ ਦਾ ਫਿਰ ਜਿੰਦਰਾ ਵੱਜਾ। ਅੱਜ ਕੰਵਰ ਨੌਨਿਹਾਲ ’ਤੇ ਫਿਰ ਡਿੱਗਿਆ ਛੱਜਾ।

ਸੁਖਦੀਪ ਸਿੰਘ ਬਰਨਾਲਾ ਦੀਪ ਦੇ ਵਿਛੋੜੇ ਤੇ ਇਹ ਟਿੱਪਣੀ ਕਰ ਰਹੇ ਹਨ :- ਅੱਜ ਮੋਇਆ ਪੁੱਤ ਪੰਜਾਬ ਦਾ ਇੱਥੇ ਵਿਲਕਣ ਮਾਵਾਂ। ਓ ‘ਦੀਪ’ ਸੀ ਅਣਖਾਂ ਵਾਲੜਾ ਲੜਿਆ ਨਾਲ਼ ਹਵਾਵਾਂ।

ਸਤਵੰਤ ਸਿੰਘ ਗਰੇਵਾਲ ਦੀ ਟਿੱਪਣੀ ਇਤਿਹਾਸ ਨੂੰ ਕੁਝ ਇਸ ਤਰ੍ਹਾਂ ਯਾਦ ਕਰ ਰਹੀ ਹੈ:- ਇੰਜ ਲਗਦੈ ਜਿਵੇਂ ਸਭਰਾਵਾਂ ਦੀ ਲੜਾਈ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੁਸ਼ਮਣ ਨੂੰ ਆਪਣੇ ਹੱਥ ਦਿਖਾ ਕੇ ਤੇਗਾਂ ਦੇ ਵਾਰ ਸਹਾਰਦਾ ਹੋਇਆ ਲਹੂ ਨਾਲ਼ ਗਹਿਗੱਚ ਧਰਤੀ ’ਤੇ ਪਿਆ ਹੋਵੇ।

ਗੁਰਸ਼ਰਨ ਸਿੰਘ ਗਰੇਵਾਲ ਦੀ ਟਿੱਪਣੀ ਸੁਣਨ ਵਾਲੀ ਹੈ ਜੋ ਸਤਵੰਤ ਗਰੇਵਾਲ ਦੀ ਪੋਸਟ ’ਤੇ ਵੇਖੀ ਗਈ : ਸਤਵੰਤ, ਅੱਜ ਰੂਹ ਤੇ ਦਿਮਾਗ਼ ਬਿਲਕੁਲ ਸੁੰਨ।

ਚਰਨਜੀਤ ਸਿੰਘ ਲਿਖ ਰਹੇ ਹਨ ਕਿ ਉਹਦੀਆਂ ਸਤਿਗੁਰ ਨੇ ਭੁੱਖਾਂ ਮਿਟਾ ਦਿੱਤੀਆਂ ਸਨ। ਉਸ ਨੂੰ ਦੁਨਿਆਵੀ ਵਾਹ! ਵਾਹ! ਬੱਲੇ-ਬੱਲੇ, ਅਹੁਦੇ, ਰੁਤਬੇ, ਪੈਸੇ-ਧੇਲੇ ਦੀ ਉੱਕੀ ਹੀ ਤਾਂਘ ਨਹੀਂ ਸੀ।

ਚਰਨਜੀਤ ਸਿੰਘ, ਪ੍ਰਭਸ਼ਰਨਦੀਪ ਸਿੰਘ, ਪ੍ਰਭਸ਼ਰਨਬੀਰ ਸਿੰਘ, ਹਰਪਾਲ ਸਿੰਘ ਅਤੇ ਮਨਜੀਤ ਸਿੰਘ ਟਿਵਾਣਾ ਨੇ ਦੀਪ ਦੇ ਧੁਰ ਅੰਦਰ ਜਾ ਕੇ ਉਸ ਦੀ ਰੂਹ ਨੂੰ ਰੋਸ਼ਨ ਕੀਤਾ ਹੈ। ਸਤਵੰਤ ਸਿੰਘ ਗਰੇਵਾਲ ਨੇ ਸਿਮਰਨਜੀਤ ਸਿੰਘ ਦੇ ਹਵਾਲੇ ਨਾਲ਼ ਟਿੱਪਣੀ ਪਾਈ ਕਿ ਜੇ ਸਾਡੇ ਕੋਲ਼ ਦੀਪ ਸਿੱਧੂ ਉੱਨੀ ਸੌ ਸੰਤਾਲੀ ਸਮੇਂ ਹੁੰਦਾ ਤਾਂ ਉਹ ਸਾਨੂੰ ਸਿੱਖਾਂ ਨੂੰ ਵੱਖਰਾ ਦੇਸ਼ ਦਵਾ ਦਿੰਦਾ।

ਜਸਮੀਤ ਸਿੰਘ ਬਸਰਾ ਆਸਟ੍ਰੇਲੀਆ ਤੋਂ ਫ਼ੋਨ ਕਰਕੇ ਦਸ ਰਹੇ ਹਨ ਕਿ ਖ਼ਬਰ ਸੁਣ ਕੇ ਸਾਰੀ ਰਾਤ ਨੀਂਦ ਨਹੀਂ ਆਈ। ਮਨ ਅਜੇ ਵੀ ਭਰਿਆ ਪਿਆ ਹੈ।

ਦਿੱਲੀ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਦਾ ਫ਼ੋਨ ਆਇਆ ਹੈ ਕਿ ਭਾਅ ਜੀ, ਹੁਣ ਸਭ ਤੋਂ ਵੱਡਾ ਸਵਾਲ ਅਤੇ ਚੁਣੌਤੀ ਇਹ ਹੈ ਕਿ ਦੀਪ ਨੂੰ ਬਚਾ ਕੇ ਕਿਵੇਂ ਰੱਖਣਾ ਹੈ? ਉਸ ਦੀ ਕਿਹੋ ਜਿਹੀ ਯਾਦਗਾਰ ਬਣੇ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਣੇ, ਉਹ ਪੰਜਾਬੀ ਫ਼ੋਕਲੋਰ ਦਾ ਵੀ ਹਿੱਸਾ ਹੈ, ਅਕਾਦਮਿਕ ਜਗਤ ਦਾ ਵੀ ਅਤੇ ਸਿੱਖ ਜਜ਼ਬਿਆਂ ਦਾ ਵੀ। ਉਸ ਦੀ ਯਾਦ ਵਿੱਚ ਵਗੇ ਹੰਝੂ ਅੰਤਿਮ ਅਰਦਾਸ ਤੱਕ ਹੀ ਕਿਤੇ ਖ਼ਤਮ ਨਾ ਹੋ ਜਾਣ। ਇਹ ਹੰਝੂ ਸੋਚ, ਸਮਝ ਅਤੇ ਸਿਧਾਂਤ ਵਿੱਚ ਪਲਟਣੇ ਚਾਹੀਦੇ ਹਨ।

## ਗੁਰਦੁਆਰਾ ਸੁਧਾਰ ਲਹਿਰ

ਸ਼ਹੀਦ ਹੋਏ ਸਿੰਘਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਸਿੱਖ ਇਤਿਹਾਸ ਦੇ ਇਨ੍ਹਾਂ ਪੰਨਿਆਂ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਪਰਮਜੀਤ ਸਿੰਘ ਚੰਡੋਕ ਤੇ ਪਰਮਜੀਤ ਸਿੰਘ ਸਰਨਾ ਨੇ ਭਾਰਤ-ਪਾਕਿ ਸਰਕਾਰਾਂ ਨੂੰ ਸ੍ਰੀ ਨਨਕਾਣਾ ਸਾਹਿਬ ਸਾਕੇ ਦੇ ਦਿਹਾੜੇ ਨੂੰ ਪ੍ਰੋਟੋਕਾਲ ਸੂਚੀ ’ਚ ਸ਼ਾਮਿਲ ਕਰਨ ਦੀ ਅਪੀਲ ਕੀਤੀ, ਤਾਂ ਕਿ ਭਾਰਤੀ ਸੰਗਤ ਵੀ ਇਨਾਂ ਸਮਾਗਮਾਂ ਦਾ ਹਿੱਸਾ ਬਣ ਸਕੇ। ਯੂ.ਕੇ. ਤੋਂ ਪਹੁੰਚੇ ਰਣਜੀਤ ਸਿੰਘ, ਗੁਰਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਵੀ ਵਿਚਾਰ ਰੱਖੇ। ਇਸ ਮੌਕੇ ਈ.ਟੀ.ਪੀ.ਬੀ. ਦੇ ਸਕੱਤਰ ਡਿਪਟੀ ਸਕੱਤਰ ਇਮਰਾਨ ਗੌਂਦਲ, ਸਤਵੰਤ ਸਿੰਘ, ਹਰਵਿੰਦਰ ਸਿੰਘ ਸਰਨਾ, ਜੋਗਾ ਸਿੰਘ, ਗੋਪਾਲ ਸਿੰਘ ਚਾਵਲਾ, ਡਾ: ਮਿਮਪਾਲ ਸਿੰਘ, ਰਵਿੰਦਰ ਸਿੰਘ, ਸਰਬਤ ਸਿੰਘ, ਡਾ: ਸਾਗਰਜੀਤ ਸਿੰਘ , ਡਿਪਟੀ ਕਮਿਸ਼ਨਰ ਸ੍ਰੀ ਨਨਕਾਣਾ ਸਾਹਿਬ ਸ਼ਾਹਿਦ ਪ੍ਰਵੇਜ਼, ਡੀ.ਪੀ.ਓ. ਮਨਸੂਰ ਅਮਾਨ, ਮੁਦਸਰ ਬੱਟ, ਮਿਨਹਾਜ਼ ਉਲ ਕੁਰਾਨ ਆਦਿ ਹਾਜ਼ਰ ਸਨ।

## .ਗਲਤ ਖਾਣ ਪੀਣ...

ਦਿੱਤੀ ਜਾਣਕਾਰੀ ਅਨੁਸਾਰ ਇਹ ਬਚਪਨ ਵਿੱਚ ਹੀ ਕਈ ਵੱਡੇ ਹਾਰਮੋਨਾਂ ਨੂੰ ਵਿਕਸਿਤ ਕਰ ਦੇਣਗੀਆਂ।

ਇਸ ਤੋਂ ਇਲਾਵਾ ਪਹਿਲੀਆਂ ਨਾਨੀਆਂ-ਦਾਦੀਆਂ ਕੋਲ਼ੋਂ ਬੱਚਿਆਂ ਦੀਆਂ ਪੇਟ ਦੀਆਂ ਸਮਸਿਆਵਾਂ ਲਈ ਇੰਨੇ ਕਾਰਗਰ ਨੁਸਖੇ ਮੌਜੂਦ ਸਨ ਜੋ ਬੱਚਿਆਂ ਦੀਆਂ ਸਿਹਤ ਦੀਆਂ ਸਮਸਿਆਵਾਂ ਨੂੰ ਮਿੰਟਾਂ ਵਿੱਚ ਹੀ ਸੁਲਝਾ ਦਿੰਦੇ ਸਨ। ਕਿਉਂਕਿ ਉਹ ਸਮਸਿਆਵਾਂ ਸਰਲ ਅਤੇ ਸਾਦੇ ਖਾਣ-ਪੀਣ ਤੋਂ ਉਤਪੰਨ ਹੋਈਆਂ ਹੁੰਦੀਆਂ ਸਨ। ਇਨ੍ਹਾਂ ਨਾਲ਼ ਨਜਿੱਠਣ ਲਈ ਸੌਂਫ, ਅਜਵੈਣ, ਨੌਸ਼ਾਦਰ ਅਤੇ ਕਈ ਤਰਾਂ ਦੇ ਅਰਕ ਇਸਤੇਮਾਲ ਕੀਤੇ ਜਾਂਦੇ ਸਨ। ਜਿਹੜੇ ਬੱਚੇ ਦੀਆਂ ਤਕਲੀਫਾਂ ਤੇ ਦੂਰ ਕਰਦੇ ਹੀ ਸਨ ਨਾਲ਼ ਹੀ ਇਨ੍ਹਾਂ ਵਿੱਚ ਮੌਜੂਦ ਕੁਦਰਤੀ ਵਿਟਾਮਿਨ ਮਿਨਰਲ ਬੱਚੇ ਦੀ ਇਮੀਊਨਿਟੀ ਪਾਵਰ ਨੂੰ ਵੀ ਵਧਾਉਂਦੇ ਸਨ ਅਤੇ ਅੱਜ ਕੱਲ ਨੂਡਲਜ਼ ਬਰਗਰਜ਼ ਤੋਂ ਉਤਪੰਨ ਹੋਈਆਂ ਬੱਚਿਆਂ ਦੀਆਂ ਪੇਟ ਦੀਆਂ ਤਕਲੀਫ਼ਾਂ ਲਈ ਦਵਾਈਆਂ ਦੇ ਡਰੋਪਸ ਵੀ ਔਰੇਂਜ ਤੇ ਰਸਭਰੀ ਫਲੇਵਰਾਂ ਵਾਲੇ ਹਨ, ਜਿਨਾਂ ਨੂੰ ਟਿਕਾਉਣ ਲਈ ਵੀ ਕੈਮੀਕਲ ਹੀ ਵਰਤੇ ਜਾਂਦੇ ਹੋਣਗੇ। ਮਾਡਰਨ ਦਿਸਣ ਤੇ ਝੰਜਟ ਵਾਲੇ ਪਿੰਨੀਆਂ-ਪੰਜੀਰੀਆਂ ਤੇ ਖੀਰਾਂ-ਗਜਰੇਲੇ ਬਨਾਉਣ ਵਰਗੇ ਕੰਮਾਂ ਤੋਂ ਮੁਕਤ ਹੋਣ ਦੀ ਚਾਹਤ ਨੇ ਬੱਚਿਆਂ ਦਾ ਪਾਲਣ-ਪੋਸ਼ਣ ਵੀ ਮਕੈਨੀਕਲ ਕਰ ਦਿੱਤਾ ਹੈ। ਸਾਡੀ ਰਿਸ਼ਤੇਦਾਰੀ ਵਿੱਚ ਇੱਕ ਬੱਚੀ ਸਤਵੇਂ ਮਹੀਨੇ ਪੈਦਾ ਹੋ ਗਈ ਤੇ ਡਾਕਟਰਾਂ ਨੇ ਬੜੀ ਮਿਹਨਤ ਨਾਲ ਉਸਦੀ ਜਾਨ ਬਚਾਈ। ਅੱਠ ਦੱਸ ਮਹੀਨੇ ਤੱਕ ਵੀ ਉਸਦੀ ਸਿਹਤ ਨਾ ਬਣ ਸਕੀ। ਚੰਡੀਗੜ ਦੇ ਬਹੁਤ ਨਾਮੀ ਚਾਈਲਡ ਸਪੈਸ਼ਲਿਸਟ ਨੂੰ ਵਿਖਾਉਣ ਤੇ ਉਸਨੇ ਸਲਾਹ ਦਿੱਤੀ ਕਿ ਇਸ ਬੱਚੇ ਨੂੰ ਕੇਵਲ ਘਰ ਦੇ ਸ਼ੁੱਧ ਦਲੀਏ, ਖਿੱਚੜੀ, ਫਲਾਂ ਦੇ ਰਸ ਤੇ ਸਬਜ਼ੀਆਂ ਦੇ ਸੂਪ ਤੇ ਪਾਲਿਆ ਜਾਵੇ ਅਤੇ ਕਿਸੇ ਫੇਰੈਕਸ ਜਾਂ ਸੈਰੀਲੈਕ ਸੀਰੀਅਲ ਦਾ ਪ੍ਰਯੋਗ ਭੁੱਲ ਕੇ ਵੀ ਨਾ ਕੀਤਾ ਜਾਵੇ। ਬਹੁਤ ਪੜੇ ਲਿਖੇ ਮਾਂ ਬਾਪ ਨੇ ਉਵੇਂ ਹੀ ਕੀਤਾ। ਅੱਜ ਉਹ ਬੱਚੀ ਬਹੁਤ ਸੋਹਣੀ ਪਲ ਕੇ ਨੌਂ ਦੱਸ ਸਾਲ ਦੀ ਉਮਰ ਦੀ ਹੋ ਗਈ ਹੈ। ਮੇਰੀ ਸਭ ਛੋਟੇ ਬੱਚਿਆਂ ਦੇ ਮਾਪਿਆਂ ਅੱਗੇ ਦਰਖ਼ਵਾਸਤ ਹੈ ਕਿ ਇਹ ਬੱਚੇ ਛੋਟੇ-ਛੋਟੇ ਦੇਵੀ ਦੇਵਤੇ ਹੁੰਦੇ ਹਨ ਕਿਉਂਕਿ ਇਹ ਝੂਠ ਤੇ ਮੱਕਾਰੀਆਂ ਤੋਂ ਦੂਰ ਹੁੰਦੇ ਹਨ, ਇਨ੍ਹਾਂ ਦਾ ਬਚਪਨ ਵੀ ਸੁੱਚਾ ਤੇ ਸਿਹਤਮੰਦ ਰਹਿਣ ਦਿਓ। ਇਨ੍ਹਾਂ ਦਾ ਖਾਣ-ਪਾਣ ਦੇਸੀ ਤੇ ਘਰੇਲੂ ਹੀ ਰੱਖੋ ਨਾ ਕਿ ਗ਼ਲਤ ਖਾਣ-ਪਾਣ ਤੇ ਗ਼ਲਤ ਰਹਿਣੀ-ਬਹਿਣੀ ਦੇ ਕੇ ਇਨ੍ਹਾਂ ਵਿੱਚ ਅਸੱਭਿਅਕ ਗੁਣ ਪੈਦਾ ਹੋਣ ਵਿੱਚ ਸਹਾਈ ਹੋਵੋ ਤੇ ਨਾ ਹੀ ਪਿਆਰੇ ਬੱਚਿਆਂ ਦੀ ਸਿਹਤ ਵਿਗੜਨ ਦਿਓ।

## ਰਾਜਨੀਤਕਾਂ ਸਿਰ ਦੋਸ਼...

ਪਰ ਪਿਛਲੇ ਸਾਲ ਹੋਏ ਕਿਸਾਨ ਅੰਦੋਲਨ ਨੇ ਜਿਵੇਂ ਇਸ ਵਿਵਸਥਾ ਨੂੰ ਇੱਕ ਤਰਾਂ ਨਾਲ਼ ਝੰਜੋੜ ਜਿਹਾ ਦਿੱਤਾ ਹੈ। ਇਹ ਅੰਦੋਲਨ ਖੇਤੀ ਨਾਲ਼ ਸੰਬੰਧਿਤ ਤਿੰਨੇ ਕਾਲ਼ੇ ਕਾਨੂੰਨਾਂ ਨੂੰ ਰੱਦ ਕਰਵਾਉਣ ਵਿੱਚ ਤਾਂ ਸਫ਼ਲ ਹੋਇਆ ਹੀ ਸੀ, ਪਰ ਨਾਲ਼ ਹੀ ਇਸ ਨੇ ਆਮ ਲੋਕਾਂ ਨੂੰ ਆਪਣੇ ਹਿਤਾਂ ਪ੍ਰਤੀ ਵੱਡੇ ਪੱਧਰ 'ਤੇ ਜਾਗਰੂਕ ਵੀ ਕੀਤਾ ਹੈ। ਇਹ ਭਾਰਤ ਦੇ ਲੋਕਤੰਤਰ ਦੇ ਹੋ ਰਹੇ ਵਿਕਾਸ ਦਾ ਪ੍ਰਤੀਕ ਹੈ। ਦਰਅਸਲ ਲੋਕਤੰਤਰ ਦਾ ਜਨਮ ਤੇ ਵਿਕਾਸ ਪੱਛਮ ਵਿੱਚ ਹੋਇਆ ਸੀ। ਅਜ਼ਾਦੀ ਮਗਰੋਂ ਭਾਰਤ ਨੇ ਭਾਵੇਂ ਲੋਕਤੰਤਰ ਦਾ ਮਾਡਲ ਤਾਂ ਅਪਣਾ ਲਿਆ ਪਰ ਲੋਕਤੰਤਰ ਨੂੰ ਚਲਾਉਣ ਬਾਰੇ ਸਾਡੇ ਲੋਕ ਜਾਗਰੂਕ ਨਹੀਂ ਸਨ। ਇਹ ਸਾਡੇ ਲੋਕਾਂ ਲਈ ਬਿਲਕੁਲ ਇਸ ਤਰਾਂ ਸੀ ਜਿਵੇਂ ਕਿਸੇ ਪਿੰਡ ਦੇ ਅਨਪੜ ਤੇ ਭੋਲ਼ੇ ਜਿਹੇ ਵਿਅਕਤੀ ਨੂੰ ਅਤੀ ਆਧੁਨਿਕ ਤਕਨਾਲੋਜੀ ਵਾਲਾ ਸਮਾਰਟ ਫ਼ੋਨ ਦੇ ਦਿੱਤਾ ਜਾਵੇ, ਜੋ ਉਸ ਵਿਅਕਤੀ ਨੂੰ ਚਲਾਉਣਾ ਹੀ ਨਹੀਂ ਆਉਂਦਾ। ਇਸ ਲਈ ਉਹ ਇਸ ਦੇ ਲਾਭ ਪ੍ਰਾਪਤ ਕਰਨੋ ਅਸਮਰੱਥ ਹੀ ਰਹੇਗਾ ਤੇ ਇਹ ਫ਼ੋਨ ਇੱਕ ਡੱਬੀ ਤੋਂ ਵੱਧ ਉਸ ਲਈ ਕੁਝ ਨਹੀਂ। ਇਹੀ ਭਾਰਤ ਦੇ ਲੋਕਤੰਤਰ ਨਾਲ਼ ਹੋਇਆ ਹੈ।

ਲੋਕਤੰਤਰ ਦੀ ਇਹ ਵਿਆਖਿਆ ਕਿ ਲੋਕਤੰਤਰ ਲੋਕਾਂ ਦੀ, ਲੋਕਾਂ ਲਈ, ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੈ, ਲੋਕਤੰਤਰ ਦੀ ਸੰਪੂਰਨ ਵਿਆਖਿਆ ਨਹੀਂ ਹੈ। ਪੰਜ ਸਾਲ ਵਿੱਚ ਇੱਕ ਵਾਰ ਸਰਕਾਰ ਬਣਾਉਣ ਲਈ ਮਤਦਾਨ ਕਰਨਾ ਹੀ ਅਸਲ ਲੋਕਤੰਤਰ ਨਹੀਂ ਹੈ। ਅਸਲ ਵਿੱਚ ਲੋਕਤੰਤਰ ਇੱਕ ਕਦੇ ਨਾ ਰੁਕਣ ਵਾਲੀ ਤੇ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ, ਜਿਸ ਦੀ ਅਸਲ ਚਾਲਕ ਸ਼ਕਤੀ ਖ਼ੁਦ ਲੋਕ ਹੀ ਹਨ ਪਰ ਰਾਜਨੀਤਕ ਲੋਕ, ਲੋਕਾਂ ਨੂੰ ਏਨਾ ਜਾਗਰੂਕ ਨਹੀਂ ਕਰਨਾ ਚਾਹੁੰਦੇ। ਇੱਕ ਵਿਧਾਇਕ ਨੂੰ ਵਿਧਾਨ ਸਭਾ ਦੀਆਂ ਪੌੜੀਆਂ ਚੜਾ ਕੇ ਹੀ ਲੋਕ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਜਾਂਦੇ। ਉਸ ਵਿਧਾਇਕ ਨੂੰ ਉਸ ਦੇ ਕਾਰਜਕਾਲ ਦੌਰਾਨ ਲਗਾਤਾਰ ਆਪਣੇ ਪ੍ਰਭਾਵ ਤੇ ਦਬਾਓ ਦੇ ਅਧੀਨ ਰੱਖਣਾ, ਤਾਂ ਜੋ ਉਹ ਆਪਣੀ ਸਰਕਾਰ ਕੋਲ਼ ਲੋਕਾਂ ਦੀ ਸਹੀ ਪ੍ਰਤੀਨਿਧਤਾ ਕਰ ਸਕੇ, ਲੋਕਾਂ ਦਾ ਕੰਮ ਹੈ। ਸਰਕਾਰ ਤਦ ਹੀ ਲੋਕਾਂ ਦੇ ਹਿਤ ਵਿੱਚ ਚੱਲੇਗੀ ਜਦੋਂ ਲੋਕ ਖ਼ੁਦ ਸਰਕਾਰ ਨੂੰ ਆਪਣੇ ਚੁਣੇ ਹੋਏ ਵਿਧਾਇਕਾਂ, ਪ੍ਰਤੀਨਿਧਾਂ ਰਾਹੀਂ ਚਲਾਉਣਗੇ। ਇਸ ਦੀ ਤਾਜ਼ਾ ਉਦਾਹਰਨ ਕਿਸਾਨ ਅੰਦੋਲਨ ਨੇ ਹੀ ਪੇਸ਼ ਕੀਤੀ ਹੈ ਜਦੋਂ ਲੋਕਾਂ ਦੇ ਰੋਹ ਅੱਗੇ ਨਾ ਸਿਰਫ਼ ਰਾਜ ਸਰਕਾਰਾਂ ਦੇ ਵਿਧਾਇਕ, ਮੰਤਰੀ ਤੇ ਮੁੱਖ ਮੰਤਰੀ ਪਾਣੀ ਭਰਦੇ ਨਜ਼ਰ ਆਏ ਬਲਕਿ ਕੇਂਦਰ ਦੀ ਮੋਦੀ ਸਰਕਾਰ ਜੋ ਨਿਰੰਕੁਸ਼ ਹੋਣ ਦਾ ਪ੍ਰਭਾਵ ਰੱਖਦੀ ਸੀ, ਕਿਸਾਨੀ ਅੰਦੋਲਨ ਅੱਗੇ ਝੁੱਕ ਗਈ। ਇਹੀ ਲੋਕਤੰਤਰ ਦੀ ਅਸਲ ਝਾਕੀ ਹੈ ਜਦੋਂ ਲੋਕ ਸਰਕਾਰਾਂ ਨੂੰ ਮੂਹਰੇ ਲਾ ਲੈਣ ਨਾ ਕਿ ਸਰਕਾਰਾਂ ਦੇ ਮੂਹਰੇ ਲੱਗ ਕੇ ਖ਼ੁਦ ਧਰਮ, ਜਾਤ ਜਾਂ ਰੁਤਬੇ ਦੇ ਆਧਾਰ 'ਤੇ ਵੰਡ ਜਾਣ। ਜੇਕਰ ਲੋਕਤੰਤਰ ਵਿੱਚ ਲੋਕ ਜਾਗਰੂਕ ਰਹਿਣਗੇ ਤੇ ਆਪਣੇ ਚੁਣੇ ਪ੍ਰਤਿਨਿਧੀ ਨੂੰ ਜਵਾਬਦੇਹ ਬਣਾਉਣ ਲਈ ਲੋੜੀਂਦਾ ਦਬਾਓ ਸ਼ਾਂਤਮਈ ਸਾਧਨਾਂ ਰਾਹੀਂ ਲਗਾਤਾਰ ਬਣਾਈ ਰੱਖਣਗੇ ਤਾਂ ਲੋਕਤੰਤਰ ਆਮ ਲੋਕਾਂ ਲਈ ਬੜੇ ਫ਼ਾਇਦੇ ਦੀ ਵਿਵਸਥਾ ਸਿੱਧ ਹੋ ਸਕਦਾ ਹੈ। ਕਿਸੇ ਵੀ ਚੁਣੀ ਹੋਈ ਰਾਜਨੀਤਕ ਪਾਰਟੀ ਨੂੰ ਭ੍ਰਿਸ਼ਟ ਤੇ ਨਿਰੰਕੁਸ਼ ਬਣਦਿਆਂ ਦੇਰ ਨਹੀਂ ਲੱਗਦੀ ਜਦੋਂ ਉਹ ਇਹ ਜਾਣ ਲਵੇ ਕਿ ਲੋਕ ਆਪਣੇ ਹੱਕਾਂ ਪ੍ਰਤੀ ਬਹੁਤ ਅਵੇਸਲੇ ਹਨ। ਸੋ ਸਿਰਫ਼ ਰਾਜਨੀਤਕ ਲੋਕਾਂ ਸਿਰ ਦੋਸ਼ ਮੜ ਕੇ ਲੋਕ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੇ। ਬਦਲਾਅ ਲਿਆਉਣ ਲਈ ਪਹਿਲਾਂ ਖ਼ੁਦ ਬਦਲਣਾ ਪਵੇਗਾ। ਲੋਕਾਂ ਨੂੰ ਇੰਜਣ ਬਣ ਕੇ ਅੱਗੇ ਲੱਗਣਾ ਪਵੇਗਾ। ਕਿਸਾਨ ਅੰਦੋਲਨ ਨੇ ਲੋਕਾਂ ਦੀ ਬੁਝੀ ਹੋਈ ਚੇਤਨਾ ਨੂੰ ਇੱਕ ਚਿਣਗ ਦਿੱਤੀ ਹੈ ਜਿਸ ਨੂੰ ਮਸ਼ਾਲ ਬਣਾਉਣਾ ਲੋਕਾਂ ਦਾ ਕੰਮ ਹੈ।

ਅੱਜ ਪੰਜਾਬ ਸਮੇਤ ਪੰਜ ਰਾਜਾਂ ਵਿੱਚ ਚੋਣ ਅਮਲ ਚੱਲ ਰਿਹਾ ਹੈ। ਲੋਕਾਂ ਨੇ ਆਪਣੀ ਜਾਗਰੂਕਤਾ ਦਾ ਸਬੂਤ ਦੇ ਕੇ ਆਪਣੇ ਭਵਿੱਖ ਦੀ ਚੋਣ ਕਰਨੀ ਹੈ। ਚੋਣ ਮੈਦਾਨ ਵਿੱਚ ਕਈ ਖਿਡਾਰੀ ਹਨ ਪਰ ਕਿਸ ਦੇ ਦਾਅਵੇ ਤੱਥਾਂ 'ਤੇ ਆਧਾਰਿਤ ਹਨ ਤੇ ਤਰਕ ਦੀ ਕਸੌਟੀ 'ਤੇ ਖਰੇ ਉੱਤਰਦੇ ਹਨ ਇਸ ਦੀ ਜਾਂਚ ਮਤਦਾਤਾ ਖ਼ੁਦ ਪੂਰੀ ਬਾਰੀਕੀ ਨਾਲ਼ ਕਰਨ ਤੇ ਇਹ ਵੀ ਦੇਖਣ ਕਿ ਕੌਣ ਸਿਰਫ਼ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਹੀ ਇਸਤੇਮਾਲ ਕਰਕੇ ਸੱਤਾ ਹਥਿਆਉਣਾ ਚਾਹੁੰਦਾ ਹੈ ਉਸ ਪ੍ਰਤੀ ਵੀ ਸਾਵਧਾਨ ਹੋ ਜਾਣ।

## ਚੋਣਾਂ ਦੇ ਝਰੋਖੇ...

ਕੁਝ ਵਰੇ ਪਹਿਲਾਂ ਸੱਤਰ ਹਜ਼ਾਰ ਪਾਕਿਸਤਾਨੀ ਸਿਪਾਹੀਆਂ ਦੇ ਹਥਿਆਰ ਸੁਟਵਾਉਣ ਵਾਲੀ ਭਾਰਤੀ ਫ਼ੌਜ ਦੀਆਂ ਮੁੱਠੀ-ਭਰ ਬੇ-ਵਤਨੇ ਸਿੱਖਾਂ ਸਾਹਮਣੇ ਤਰੇਲੀਆਂ ਛੁੱਟਦੀਆਂ ਦੁਨੀਆਂ ਨੇ ਵੇਖੀਆਂ। ਸਾਕਾ ਨੀਲਾ ਤਾਰਾ ਸਿੱਖ ਗਗਨ ਮੰਡਲ ਦਾ ਧਰੂ ਤਾਰਾ ਹੋ ਨਿਬੜਿਆ।

ਖਾੜਕੂ ਲਹਿਰ ਵਿੱਚ ਕੁਝ ਮੌਕਿਆਂ 'ਤੇ ਖਾੜਕੂਆਂ ਦੇ ਅਸਲੇ ਨੇ ਸਿੱਖ ਯੋਧਿਆਂ ਵਾਲੀ ਮਰਿਯਾਦਾ ਨੂੰ ਉਲੰਘਿਆ। ਯੋਧਿਆਂ ਦੇ ਨਾਂ 'ਤੇ ਬਹੁਤੇ ਕਾਰੇ ਸਰਕਾਰੀ ਕਾਲ਼ੀਆਂ ਬਿੱਲੀਆਂ ਵੱਲੋਂ ਕੀਤੇ ਗਏ। ਸਮੁੱਚੇ ਰੂਪ ਵਿੱਚ ਇਸ ਲਹਿਰ ਦਾ ਕਿਰਦਾਰ ਸਿੱਖੀ ਆਦਰਸ਼ਾਂ ਨੂੰ ਹੀ ਪ੍ਰਣਾਇਆ ਰਿਹਾ। ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਸਿੱਖ ਫ਼ੌਜ ਦੇ ਬਰਤਾਨਵੀ ਕੰਪਨੀ ਨਾਲ਼ ਜੰਗ ਬਾਰੇ ਸਿਰਦਾਰ ਕਪੂਰ ਸਿੰਘ ਦੀ ਟਿੱਪਣੀ ਮੁੱਲਵਾਨ ਹੈ। ਲਾਹੌਰ ਦਾ ਸ਼ਾਹੀ ਪਰਿਵਾਰ ਅਤੇ ਦਰਬਾਰੀ ਭਰੋਸੇਯੋਗਤਾ ਗਵਾ ਚੁਕੇ ਸਨ। ਫ਼ੌਜ ਜਾਣਦੀ ਸੀ ਹਾਰ ਹੋਣੀ ਤੈਅ ਹੈ ਪਰ ਉਨ੍ਹਾਂ ਨੇ ਸ਼ਹਾਦਤ ਦੇ ਕੇ ਆਪਣੀ ਸੁੱਚੀ ਵਤਨਪ੍ਰਸਤੀ, ਸਵੈਮਾਣ ਅਤੇ ਅਕੀਦਤ ਨੂੰ ਇਤਿਹਾਸ ਦੇ ਪੰਨਿਆਂ 'ਤੇ ਦਰਜ ਕਰ ਦਿੱਤਾ। ਇਸ ਪਵਿੱਤਰਤਾ ਨੇ ਪੰਜਾਬ ਨੂੰ ਅਤਿ-ਨਿਰਾਸ਼ਾ ਦੇ ਦੌਰ ਵਿੱਚ ਮੁੜ ਉੱਠ ਖਲੋਣ ਦੀ ਪ੍ਰੇਰਨਾ ਦਿੰਦੇ ਰਹਿਣਾ ਹੈ। ਖਾੜਕੂ ਲਹਿਰ ਬਿਨਾਂ ਕਿਸੇ ਮੁਲਕ ਦੀ ਹਮਾਇਤ, ਆਰਥਿਕ ਵਸੀਲੇ ਅਤੇ ਸਿਆਸੀ ਜਥੇਬੰਦੀ ਵੱਡੇ ਨਿਸ਼ਾਨੇ ਢੂੰਡਦੀ ਹੋਈ ਸਿੱਖ ਅਵਚੇਤਨ ਵਿੱਚ ਸਮਾ ਗਈ। ਆਰੀਆ ਸਮਾਜ ਦੇ ਵੈਦਿਕ ਪੁਨਰ-ਜਾਗਰਨ ਅਤੇ ਮਹਾਤਮਾ ਗਾਂਧੀ ਤੇ ਭਗਤ ਸਿੰਘ ਦੇ ਰਾਸ਼ਟਰਵਾਦੀ ਬਿਰਤਾਂਤ ਦੇ ਸਮਾਨਾਂਤਰ ਭਾਈ ਕਾਨ ਸਿੰਘ ਨਾਭਾ ਦੀ ਰਚਨਾ 'ਹਮ ਹਿੰਦੂ ਨਹੀਂ' ਵੱਖਰਾ ਬਿਰਤਾਂਤ ਸਿਰਜ ਰਹੀ ਸੀ। ਭਾਈ ਵੀਰ ਸਿੰਘ ਰਾਸ਼ਟਰੀ ਅਜ਼ਾਦੀ ਲਹਿਰ ਤੋਂ ਉਪਰਾਮ ਰਹੇ ਅਤੇ ਪ੍ਰੋਫ਼ੈਸਰ ਪੂਰਨ ਸਿੰਘ ਨੇ ਪੰਜਾਬ ਨੂੰ ਮੁੜ ਘਰ ਆਉਣ ਦੇ ਸੱਦੇ ਦਿੱਤੇ। ਜਸਬੀਰ ਸਿੰਘ ਆਹਲੂਵਾਲੀਆ ਠੀਕ ਹੀ 'ਹਮ ਹਿੰਦੂ ਨਹੀਂ' ਨੂੰ ਸਿੰਘ ਸਭਾ ਲਹਿਰ ਦਾ ਕੇਂਦਰੀ ਨੁਕਤਾ ਦੱਸਦਾ ਹੈ। ਇਸੇ ਟਕਰਾਅ ਨੇ ਪੰਜਾਬੀ, ਪੰਜਾਬ ਅਤੇ ਸਿੱਖੀ ਦੀ ਮੁਖ਼ਾਲਫ਼ਤ ਤੋਂ ਹੁੰਦਿਆਂ ਹੋਇਆਂ ਸਾਕਾ ਨੀਲਾ ਤਾਰਾ ਦਾ ਆਧਾਰ ਤਿਆਰ ਕੀਤਾ। ਸਰਕਾਰੀ ਪ੍ਰਾਪੇਗੰਡੇ ਦੇ ਬਾਵਜੂਦ ਸਾਕੇ ਦਾ ਸੱਚ ਸਾਹਮਣੇ ਆਉਣ ਲੱਗਾ। ਧਰਮਯੁੱਧ ਮੋਰਚੇ ਦੀਆਂ ਕਈ ਮੰਗਾਂ ਸਮੇਂ ਦੀ ਚਾਲ ਨਾਲ਼ ਆਪਣੇ-ਆਪ ਪ੍ਰਵਾਨ ਹੋ ਰਹੀਆਂ ਹਨ। ਕੇਂਦਰਵਾਦੀ ਸਿਆਸੀ ਪਾਰਟੀਆਂ ਨੇ ਵੀ ਭਾਰਤ ਦੇ ਬਹੁ-ਕੌਮੀ ਖ਼ਾਸੇ ਨੂੰ ਪ੍ਰਵਾਨ ਕਰਨਾ ਸ਼ੁਰੂ ਕਰ ਦਿੱਤਾ ਹੈ, ਜੋ ਧਰਮ-ਯੁੱਧ ਮੋਰਚੇ ਦੀ ਵਾਜਬੀਅਤ ਦਾ ਪ੍ਰਮਾਣ ਹੈ। ਅੱਧੀ ਸਦੀ ਹਿੰਦੀ ਦੀ ਵਕਾਲਤ ਕਰਨ ਪਿੱਛੋਂ ਜਨਸੰਘੀਆਂ (ਪੰਜਾਬ ਭਾਜਪਾ) ਨੇ ਮੰਨਿਆ ਕਿ ਪੰਜਾਬੀ ਸਾਡੀ ਮਾਂ-ਬੋਲੀ ਹੈ। ਸੰਤ ਜਰਨੈਲ ਸਿੰਘ ਦੇ ਬਿੰਬ ਨੇ ਪੰਜਾਬ ਦੇ ਮਨ ਅੰਦਰ ਭਗਤ ਸਿੰਘ ਨਾਲ਼ੋਂ ਵੱਡੀ ਥਾਂ ਬਣਾਈ ਹੈ। ਇਹ ਪੰਜਾਬ ਦੀ ਰਾਸ਼ਟਰਵਾਦੀ ਯਾਤਰਾ ਤੋਂ ਮੁੜ ਘਰ ਵਾਪਸੀ ਵਾਂਗ ਹੈ। ਕਿਸਾਨੀ ਮੋਰਚੇ ਰਾਹੀਂ ਸਾਰਾ ਸੰਸਾਰ ਪੰਜਾਬ ਦੀ ਚੜਦੀ ਕਲਾ ਦਾ ਗਵਾਹ ਬਣਿਆ ਹੈ। ਪੱਤਰਕਾਰ ਰਵੀਸ਼ ਕੁਮਾਰ ਦੀ ਟਿੱਪਣੀ ਅਨੁਸਾਰ 'ਸੰਤਾਲੀ, ਚੁਰਾਸੀ ਝੱਲ ਕੇ ਵੀ ਪੰਜਾਬ ਅੰਦਰ 'ਹੋਰਾਂ' ਪ੍ਰਤੀ ਡਰ ਅਤੇ ਨਫ਼ਰਤ ਦੀ ਭਾਵਨਾ ਪੈਦਾ ਨਹੀਂ ਹੋਈ।' ਸਿੱਖਾਂ ਵੱਲੋਂ ਕੁਦਰਤੀ ਆਫ਼ਤ, ਜੰਗ, ਮਹਾਂਮਾਰੀ ਅਤੇ ਦੰਗਿਆਂ ਵਿੱਚ ਫਸੇ ਲੱਖਾਂ ਲੋਕਾਂ ਦੀ ਬਿਨਾਂ ਵਿਤਕਰੇ ਕੀਤੀ ਸੇਵਾ ਦੀ ਤਸਦੀਕ ਵਜੋਂ ਸੱਤ ਸਮੁੰਦਰੋਂ ਪਾਰ ਤੱਕ ਕੇਸਰੀ ਨਿਸ਼ਾਨ ਸਾਹਿਬ ਝੂਲੇ ਹਨ।

ਭ੍ਰਿਸ਼ਟਾਚਾਰ ਵਿਰੋਧੀ ਲਹਿਰ 'ਚੋਂ ਉੱਭਰੇ ਸ੍ਰੀ ਅਰਵਿੰਦ ਕੇਜਰੀਵਾਲ ਦਾ ਕਾਂਗਰਸ ਅਤੇ ਹਿੰਦੂਤਵਾ ਜਮਾਤਾਂ ਤੋਂ ਵੱਖਰਾ ਸਿਆਸੀ ਦਲ ਕਾਇਮ ਕਰਨਾ ਪੰਜਾਬੀਆਂ ਨੂੰ ਆਪਣੇ ਵੱਲ ਖਿੱਚਦਾ ਹੈ। ਕੇਜਰੀਵਾਲ ਦਾ ਰਾਸ਼ਟਰਵਾਦ ਅਤੇ ਸੁਧਾਰਵਾਦ ਮਹਾਤਮਾ ਗਾਂਧੀ ਦੇ ਅਹਿੰਸਕ ਸੁਤੰਤਰਤਾ ਸੰਗਰਾਮ ਨਾਲ਼ ਮੇਲ ਖਾਂਦਾ ਹੈ। ਰਾਜਮੋਹਨ ਗਾਂਧੀ (ਪੰਜਾਬ : ਔਰੰਗਜ਼ੇਬ ਤੋਂ ਮਾਊਂਟਬੇਟਨ ਤੱਕ) ਅਨੁਸਾਰ ਮਹਾਤਮਾ ਗਾਂਧੀ ਪੰਜਾਬ ਨੂੰ ਅਤੇ ਪੰਜਾਬ ਮਹਾਤਮਾ ਗਾਂਧੀ ਨੂੰ ਸਮਝ ਨਹੀਂ ਸੀ ਸਕਿਆ। ਕੇਜਰੀਵਾਲ ਮਹਾਤਮਾ ਗਾਂਧੀ ਦੀ ਥਾਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਵੱਧ ਵਰਤਦਾ ਹੈ।

ਚਲੰਤ ਚੋਣਾਂ ਦੇ ਸਿਆਸੀ ਮਨੋਰਥ-ਪੱਤਰਾਂ ਤੋਂ ਪਤਾ ਲੱਗਦਾ ਹੈ ਕਿ ਕਿਸੇ ਸਿਆਸੀ ਜਮਾਤ ਕੋਲ਼ ਪੰਜਾਬ ਦੇ ਬਾਣੀ, ਪਾਣੀ ਅਤੇ ਹਾਣੀ ਦੇ ਮਸਲੇ ਦਾ ਠੋਸ ਹੱਲ ਨਹੀਂ ਹੈ। ਪਿਛਲੀ ਅੱਧੀ ਸਦੀ ਤੋਂ ਪੰਜਾਬ ਨਾਲ਼ ਹੋਏ ਵਿਤਕਰੇ ਅਤੇ ਕੁਦਰਤੀ ਵਸੀਲਿਆਂ (ਪਾਣੀ) ਦੀ ਲੁੱਟ ਦੇ ਨਤੀਜੇ ਵਜੋਂ ਪੰਜਾਬ ਕਰਜ਼ੇ ਦੀ ਪੰਡ ਅਤੇ ਰੋਗਾਂ ਦੀ ਮਾਰ ਹੇਠ ਆ ਚੁੱਕਿਆ ਹੈ। ਸਿੱਖਿਆ ਤੇ ਸਿਹਤ ਸੰਸਥਾਵਾਂ ਤਬਾਹੀ ਕੰਢੇ ਹਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਾ ਅਤੇ ਗੈਂਗਵਾਰ ਵਧ ਰਹੇ ਹਨ। ਨੌਜਵਾਨੀ ਵਿਦੇਸ਼ ਜਾ ਰਹੀ ਹੈ ਜਿਸ ਨਾਲ਼ ਹੋਰ ਕਈ ਗੰਭੀਰ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਮਸਲੇ ਪੇਸ਼ ਆਉਣੇ ਹਨ। ਪੇਂਡੂ ਤੇ ਜੱਟ ਹੀ ਨਹੀਂ ਸਗੋਂ ਸ਼ਹਿਰੀ ਹਿੰਦੂ ਮੱਧ-ਵਰਗੀ ਨੌਜਵਾਨ ਵੀ ਵਿਦੇਸ਼ ਜਾਣ ਲਈ ਮਜਬੂਰ ਹੈ।

ਤਮਾਮ ਪਾਰਟੀਆਂ ਵੱਲੋਂ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਪ੍ਰਤੀ ਹਾਂ-ਵਾਚੀ ਰਵੱਈਏ ਦੇ ਉਲਟ ਪ੍ਰੋਫ਼ੈਸਰ ਭੁੱਲਰ ਦੀ ਰਿਹਾਈ ਵਿੱਚ ਕੇਜਰੀਵਾਲ ਅੜਿੱਕਾ ਬਣਿਆ ਹੈ। ਉਹ ਨਾ ਹੀ 'ਆਪ' ਦੀ ਪੰਜਾਬ ਇਕਾਈ ਪੰਜਾਬੀਆਂ ਵਾਂਗ ਸੋਚਣ ਨਹੀਂ ਦਿੰਦਾ ਹੈ ਅਤੇ ਨਾ ਹੀ ਪੰਜਾਬੀ ਚਿਹਰਾ ਉੱਭਰਨ ਦਿੰਦਾ ਹੈ। ਪੰਜਾਬ ਵਿੱਚ ਖਲੋ ਕੇ ਦਰਿਆਈ ਪਾਣੀਆਂ 'ਤੇ ਦਿੱਲੀ ਦਾ ਹੱਕ ਦੱਸਿਆ ਜਾ ਰਿਹੈ ਅਤੇ ਇਸ਼ਤਿਹਾਰ ਹਿੰਦੀ ਵਿੱਚ ਲੱਗ ਰਹੇ ਹਨ।

ਸੁਹਿਰਦ ਲੋਕਾਂ ਵੱਲੋਂ 'ਆਪ' ਦੀ ਪੰਜਾਬ ਪਹੁੰਚ ਬਾਰੇ ਕੀਤੇ ਸਵਾਲਾਂ ਨੂੰ ਸਿਰਫ਼ ਪਾਰਟੀਬਾਜ਼ੀ ਆਖ ਕੇ ਚੁੱਪ ਕਰਾਇਆ ਜਾ ਰਿਹਾ ਹੈ। ਪੰਜਾਬ ਦੇ ਮੋਰਚਿਆਂ ਦੌਰਾਨ ਭਾਰਤ ਦੇ ਹੱਕ ਵਿੱਚ ਭੁਗਤਣ ਵਾਲੇ ਸਾਰੇ ਪੰਜਾਬੀ ਬੇਈਮਾਨ ਜਾਂ ਸਿੱਖ ਵਿਰੋਧੀ ਨਹੀਂ ਸਨ। ਵੱਡਾ ਹਿੱਸਾ ਵਾਇਆ ਭਗਤ ਸਿੰਘ ਹਿੰਦੀ-ਹਿੰਦੁਸਤਾਨ ਦੇ ਰਾਸ਼ਟਰਵਾਦੀ ਮਾਇਆ ਜਾਲ ਵਿੱਚ ਕੀਲਿਆ ਹੋਇਆ ਵੀ ਸੀ। ਆਪ ਵੱਲੋਂ ਪੰਜਾਬ ਨੂੰ ਕੀਲਣੇ ਜਾਣ ਦੇ ਆਹਰ ਹੋ ਰਹੇ ਹਨ। ਕੀਲੇ ਹੋਏ ਲੋਕ ਵਧੀਕ ਆਤਮਘਾਤੀ ਹੁੰਦੇ ਹਨ। ਪੰਜਾਬ ਸੰਬੰਧੀ ਆਪ ਦੀ ਪਹੁੰਚ ਸਿਰਫ਼ ਵੋਟ-ਸਿਆਸਤ ਦਾ ਮਸਲਾ ਨਹੀਂ ਹੈ। ਇਹ ਪਹੁੰਚ ਆਰ.ਐੱਸ.ਐੱਸ. ਅਤੇ ਭਾਜਪਾ ਦੇ ਮੁਕਾਬਲੇ ਧਰਮ-ਨਿਰਪੇਖ ਜਾਪਦਿਆਂ ਵੀ ਉਨ੍ਹਾਂ ਨਾਲ਼ੋਂ ਵਧੀਕ ਖ਼ਤਰਨਾਕ ਹੈ। ਪੰਜਾਬ ਨੇ ਹਿੰਦੂਤਵਾ ਸਿਆਸਤ ਨੂੰ ਕਦੇ ਆਪਣੇ ਮਨ-ਮਸਤਕ ਦਾ ਭਾਗ ਬਣਨ ਹੀ ਨਹੀਂ ਦਿੱਤਾ ਪਰ 'ਆਪ' ਦੀ ਨੀਤੀ ਅਦਿੱਖ ਹਥਿਆਰ ਵਾਂਗ ਪੰਜਾਬੀਆਂ ਦੇ ਸੀਨੇ ਅੰਦਰ ਧਸ ਰਹੀ ਹੈ। ਮਹਾਤਮਾ ਗਾਂਧੀ ਤੋਂ ਇੰਦਰਾ ਗਾਂਧੀ ਤੱਕ ਦੇ ਸਫ਼ਰ 'ਚੋਂ ਸਬਕ ਲੈਂਦਿਆਂ ਪੰਜਾਬ ਅੰਦਰ ਮੁੜ ਦੁਫੇੜ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਸੰਕਟ ਦੇ ਮੂੰਹ ਆਏ 'ਚ ਭਾਰਤੀ ਰਾਸ਼ਟਰਵਾਦ ਵਿੱਚੋਂ ਪੰਜਾਬ ਕੀ ਹਾਸਲ ਕਰੇਗਾ? ਇਹ ਵੱਡਾ ਸਵਾਲ ਹੈ। ਪੰਜਾਬ ਦੀ ਮੌਲਿਕਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੰਨ-ਸੁਵੰਨਤਾ, ਅਜ਼ਾਦੀ ਅਤੇ ਬਰਾਬਰਤਾ ਦੇ ਸਿਧਾਂਤ ਵਿੱਚ ਹੈ ਜਿਸ ਰਾਹੀਂ ਸਦੀਆਂ ਤੋਂ ਚੱਲੇ ਆਉਂਦੇ ਜਾਤ, ਵਰਗ ਅਤੇ ਫ਼ਿਰਕੇ ਦੇ ਪਾੜੇ ਨੂੰ ਮੇਟਿਆ ਜਾ ਸਕਦਾ ਹੈ। ਇਸ ਮੌਲਿਕਤਾ ਅੰਦਰ ਸਮੁੱਚੇ ਵਿਸ਼ਵ ਲਈ ਦਇਆ, ਸੰਤੋਖ ਅਤੇ ਸੇਵਾ ਜਿਹੀਆਂ ਵੱਡੀਆਂ ਬਖ਼ਸ਼ਿਸ਼ਾਂ ਮੌਜੂਦ ਹਨ। ਪੰਜਾਬ ਨੂੰ ਹੋਰ ਸਾਂਚਿਆਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰਨਾ ਇੱਕ ਉਪਕਾਰੀ ਅਤੇ ਮੌਲਿਕ ਤਰਜ਼-ਏ-ਜ਼ਿੰਦਗੀ ਨੂੰ ਖ਼ਤਮ ਕਰਨਾ ਹੈ ਜੋ ਮਨੁੱਖਤਾ ਅਤੇ ਕੁਦਰਤ ਦੇ ਖ਼ਿਲਾਫ਼ ਵੱਡਾ ਅਪਰਾਧ ਹੋਵੇਗਾ।

## ਅਬੋਹਰ-ਫ਼ਾਜ਼ਿਲਕਾ ਦੇ..

ਜ਼ਿਕਰਯੋਗ ਹੈ ਕਿ ਸਾਲ 2008-2009 ਦੌਰਾਨ ਇਸ ਪਿੰਡ ਦੇ ਕਈ ਬੱਚਿਆਂ ਦੇ ਸਰੀਰ ਵਿੱਚ ਯੂਰੇਨੀਅਮ ਸਮੇਤ ਕਈ ਰਸਾਇਣ ਪਾਏ ਗਏ ਸਨ। ਜਿਸ ਤੋਂ ਬਾਅਦ ਇਹ ਪਿੰਡ ਵਿਸ਼ਵ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਸੀ। ਪੰਜਾਬ ਦੇ ਜਲ-ਸਪਲਾਈ ਵਿਭਾਗ ਦੀ ਸਾਲ 2020-21 ਦੀ ਰਿਪੋਰਟ ਮੁਤਾਬਿਕ ਫ਼ਾਜ਼ਿਲਕਾ ਦੇ ਪਾਣੀ ਵਿੱਚ ਯੂਰੇਨੀਅਮ ਦੀ ਕਾਫ਼ੀ ਮਾਤਰਾ ਹੈ।

ਇਸ ਤੋਂ ਅੱਗੇ ਕੁਝ ਦੂਰੀ 'ਤੇ ਪਿੰਡ ਦੋਨਾ ਨਾਨਕਾ ਵਿਖੇ ਪਾਲਾਂ ਬਾਈ ਨੇ ਦੱਸਿਆ, "ਪਿੰਡ ਵਿੱਚ 10-18 ਸਾਲ ਦੀ ਉਮਰ ਦੇ ਕਈ ਅਜਿਹੇ ਬੱਚੇ ਹਨ ਜਿਨਾਂ ਦੇ ਵਾਲ ਸਫ਼ੈਦ ਹੋ ਗਏ ਹਨ। ਵਾਲਾਂ ਲਈ ਕਈ ਲੋਕ ਰੰਗ, ਡਾਈ ਤੇ ਮਹਿੰਦੀ ਦਾ ਇਸਤੇਮਾਲ ਕਰਦੇ ਹਨ ਪਰ ਬਾਵਜੂਦ ਜੜਾਂ ਤੋਂ ਵਾਲ ਸਫ਼ੈਦ ਹੀ ਨਿਕਲਦੇ ਹਨ। ਧੌਲਿਆਂ ਦੀ ਸਮੱਸਿਆ ਤੋਂ ਇਲਾਵਾ ਇੱਥੇ ਕਈ ਲੋਕਾਂ ਵਿੱਚ ਅੰਨਾਪਣ, ਤੁਰਨ-ਫ਼ਿਰਨ ਵਿੱਚ ਤਕਲੀਫ਼ ਤੇ ਚਮੜੀ ਨਾਲ਼ ਸੰਬੰਧਿਤ ਸਮੱਸਿਆਵਾਂ ਵੀ ਨਜ਼ਰ ਆਈਆਂ। ਇਸ ਦਾ ਕਾਰਨ ਇਲਾਕੇ ਦਾ ਮਾੜਾ ਪਾਣੀ ਹੈ।"

2012 ਦੌਰਾਨ ਛਪੀਆਂ ਮੀਡੀਆ ਰਿਪੋਰਟਾਂ ਮੁਤਾਬਿਕ ਭਾਬਾ ਐਟੋਮਿਕ ਰਿਸਰਚ ਸੈਂਟਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਰਿਸਰਚ ਦੌਰਾਨ ਇਸ ਪਿੰਡ ਵਿੱਚ ਵੀ ਯੂਰੇਨੀਅਮ ਦੀ ਮਾਤਰਾ ਲੋੜ ਤੋਂ ਵਧੇਰੇ ਪਾਈ ਗਈ ਸੀ। ਡਾ. ਪ੍ਰਿਤਪਾਲ ਸਿੰਘ ਮੁਤਾਬਿਕ ਚਮੜੀ ਦੇ ਰੋਗਾਂ ਦਾ ਵੱਡਾ ਕਾਰਨ ਪਾਣੀ ਵਿੱਚ ਆਰਸੈਨਿਕ ਹੈ ਅਤੇ ਇਸ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਦਵਾਈਆਂ ਕਾਰਨ ਲੋਕਾਂ ਨੂੰ ਗੁਰਦੇ ਨਾਲ਼ ਸੰਬੰਧਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਿੰਡ ਦੋਨਾ ਨਾਨਕਾ ਤੋਂ ਬਾਅਦ ਅਗਲੇ ਪਿੰਡ ਹਸਤਾ ਕਲਾਂ ਵਿੱਚ ਅਜਿਹੇ ਕਈ ਲੋਕ ਹਨ ਜਿਨਾਂ ਦੀ ਚਮੜੀ ਖ਼ਰਾਬ ਹੋ ਰਹੀ ਸੀ। ਪਿੰਡ ਦੀ ਵਸਨੀਕ ਜਸਵੀਰ ਕੌਰ ਨੇ ਦੱਸਿਆ ਕਿ ਪਾਣੀ ਕਾਰਨ ਉਨ੍ਹਾਂ ਨੂੰ ਅਜਿਹੀ ਸਮੱਸਿਆ ਆ ਰਹੀ ਹੈ।

## ਰੂਸ ਨਾਲ਼ ਜੰਗ...

ਜਿਵੇਂ ਕਿਸਾਨਾਂ ਦੇ ਦੁੱਖ ਤਕਲੀਫ਼ ਸੁਣਨ ਦੀ ਭਾਜਪਾ ਸਰਕਾਰ ਦੀ ਬੇਦਿਲੀ ਅਤੇ ਨਾਲ਼ ਹੀ ਕੋਈ ਕਾਰਵਾਈ ਕਰਨ ਪੱਖੋਂ ਇਸ ਦੀ ਅਸਮਰੱਥਾ ਕਾਰਨ ਸਰਕਾਰ ਪ੍ਰਤੀ ਕਿਸਾਨਾਂ ਦੇ ਸਬਰ ਦਾ ਪਿਆਲਾ ਭਰ ਗਿਆ ਹੈ।

ਐੱਸ.ਪੀ.-ਆਰ.ਐੱਲ.ਡੀ. ਗੱਠਜੋੜ ਨੇ ਭਾਵੇਂ ਆਪਣੀ ਮੁਹਿੰਮ ਰਤਾ ਚਿਰਾਕੀ ਸ਼ੁਰੂ ਕੀਤੀ ਪਰ ਇਸ ਨੇ ਛੇਤੀ ਹੀ ਪੈਰ ਜਮਾ ਲਏ। ਗੱਠਜੋੜ ਦੇ ਆਗੂ ਅਖਿਲੇਸ਼ ਯਾਦਵ ਅਤੇ ਚੌਧਰੀ ਜਯੰਤ ਸਿੰਘ ਨੇ ਆਪਣੀ ਸਾਰੀ ਨੀਝ ਖੇਤੀ/ਕਿਸਾਨੀ ਖੇਤਰ ਉੱਤੇ ਲਾਈ ਅਤੇ ਭਾਜਪਾ ਦੀ ਭੜਕਾਹਟ ਪੈਦਾ ਕਰਨ ਦੇ ਬਾਵਜੂਦ ਧਿਆਨ ਭਟਕਣ ਨਹੀਂ ਦਿੱਤਾ। ਜੇ ਇਹ ਗੱਠਜੋੜ ਚੋਣਾਂ ਜਿੱਤ ਕੇ ਸੱਤਾ ਵਿੱਚ ਆਉਂਦਾ ਹੈ ਤਾਂ ਉਨ੍ਹਾਂ ਨੂੰ ਆਪਣੇ ਵਾਅਦੇ ਨਿਭਾਉਣੇ ਪੈਣਗੇ ਜਿਨ੍ਹਾਂ ਵਿੱਚ ਗੰਨਾ ਕਾਸ਼ਤਕਾਰਾਂ ਦੇ ਬਕਾਏ 15 ਦਿਨਾਂ ਵਿੱਚ ਦੇਣਾ, ਸਿੰਜਾਈ ਮੁਫ਼ਤ ਕਰਨੀ, 300 ਯੂਨਿਟ ਤੱਕ ਬਿਜਲੀ ਬਿੱਲ ਮੁਆਫ਼ ਕਰਨਾ, ਕਿਸਾਨਾਂ ਲਈ ਫੰਡ ਕਾਇਮ ਕਰਨਾ, ਹਮਲਾਵਰ ਪਸ਼ੂਆਂ ਦੇ ਸ਼ਿਕਾਰਾਂ ਨੂੰ ਮੁਆਵਜ਼ਾ ਦੇਣਾ ਆਦਿ ਸ਼ਾਮਲ ਹਨ।

ਕਿਸਾਨਾਂ ਦੇ ਅੰਦੋਲਨ ਦਾ ਅਸਰ ਦਿੱਲੀ ਦੇ ਨਾਲ਼ ਲੱਗਦੀਆਂ ਵਿਧਾਨ ਸਭਾ ਸੀਟਾਂ ਜਿਵੇਂ ਮੁਜ਼ੱਫ਼ਰਨਗਰ, ਬਾਗਪਤ, ਸ਼ਾਮਲੀ, ਹਾਪੁੜ, ਬੁਲੰਦਸ਼ਹਿਰ, ਮੇਰਠ, ਗੌਤਮਬੁੱਧ ਨਗਰ, ਗਾਜ਼ੀਆਬਾਦ, ਮਥੁਰਾ, ਆਗਰਾ ਅਤੇ ਅਲੀਗੜ ਜ਼ਿਲਿਆਂ ਵਿੱਚ ਸਭ ਤੋਂ ਵੱਧ ਦਿਖਾਈ ਦੇ ਰਿਹਾ ਹੈ। ਇਸ ਖੇਤਰ ਤੋਂ 2017 ਵਿੱਚ ਸਿਰਫ਼ ਇੱਕ ਸੀਟ ਜਿੱਤਣ ਵਾਲੇ ਰਾਸ਼ਟਰੀ ਲੋਕ ਦਲ ਹੁਣ ਪਹਿਲੇ ਪੜਾਅ ਵਿੱਚ ਸਭ ਤੋਂ ਮਹੱਤਵਪੂਰਨ ਦਲ ਬਣ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦੇ ਪੋਤੇ ਚੌਧਰੀ ਜੈਅੰਤ ਸਿੰਘ ਦਾ ਮਹੱਤਵ ਕਿਸਾਨਾਂ ਦੇ ਅੰਦੋਲਨ ਤੋਂ ਬਾਅਦ ਤੇਜ਼ੀ ਨਾਲ਼ ਵਧਿਆ ਹੈ। ਸਿਆਸੀ ਮਾਹਿਰਾਂ ਅਨੁਸਾਰ ਇੱਕ ਹੋਰ ਮਹੱਤਵਪੂਰਨ ਘਟਨਾਕ੍ਰਮ ਇਹ ਹੈ ਕਿ ਜਾਟ ਅਤੇ ਮੁਸਲਮਾਨ ਇਕਜੁੱਟ ਹਨ ਅਤੇ ਉਨ੍ਹਾਂ ਨੇ ਪਹਿਲੇ ਪੜਾਅ ਵਿੱਚ ਜ਼ਿਆਦਾਤਰ ਸਪਾ-ਆਰ.ਐੱਲ.ਡੀ. ਗੱਠਜੋੜ ਨੂੰ ਹੀ ਵੋਟਾਂ ਪਾਈਆਂ ਹਨ। ਸ਼ਹਿਰੀ ਬੂਥਾਂ 'ਤੇ ਘੱਟ ਮਤਦਾਨ, ਉਕਸਾਵੇ ਦੇ ਬਾਵਜੂਦ ਮੁਸਲਿਮ ਵੋਟਰਾਂ ਵੱਲੋਂ ਦਿਖਾਇਆ ਸੰਜਮ ਅਤੇ ਕਿਸਾਨ ਭਾਈਚਾਰੇ ਦੇ ਦਬਦਬੇ ਵਾਲੇ ਬੂਥਾਂ 'ਤੇ ਭਾਰੀ ਮਤਦਾਨ ਨੇ ਭਾਜਪਾ ਨੂੰ ਕਾਫ਼ੀ ਨਿਰਾਸ਼ ਕੀਤਾ ਹੈ। ਸਪਾ-ਆਰ.ਐੱਲ.ਡੀ. ਗੱਠਜੋੜ ਦਾ ਦਾਅਵਾ ਹੈ ਕਿ ਪਹਿਲੇ ਪੜਾਅ ਦੇ ਮਤਦਾਨ ਵਿੱਚ ਉਸ ਨੂੰ ਚੰਗਾ ਫ਼ਾਇਦਾ ਹੋਇਆ ਹੈ। ਹਾਲਾਂਕਿ ਇਨ੍ਹਾਂ ਲਾਭਾਂ ਦੀ ਹੱਦ ਸਪੱਸ਼ਟ ਨਹੀਂ ਹੋ ਸਕਦੀ। ਇਹ ਸੱਚ ਹੈ ਕਿ ਕਿਸਾਨਾਂ ਦੇ ਵਿਰੋਧ ਨੇ ਜਾਟ ਵੋਟਰਾਂ ਦੇ ਇੱਕ ਵਰਗ ਨੂੰ ਭਾਜਪਾ ਤੋਂ ਦੂਰ ਕਰ ਦਿੱਤਾ ਹੈ। ਬਿਜਨੌਰ, ਮੁਰਾਦਾਬਾਦ, ਰਾਮਪੁਰ, ਅਮਰੋਹਾ ਅਤੇ ਸੰਭਲ ਵਿੱਚ, ਮੁਸਲਿਮ ਭਾਈਚਾਰੇ ਨੇ ਜ਼ਾਹਰਾ ਤੌਰ 'ਤੇ ਬਦਲਾਅ ਲਈ ਸਪਾ-ਆਰ.ਐੱਲ.ਡੀ. ਗੱਠਜੋੜ ਦੇ ਪੱਖ ਵਿੱਚ ਵੋਟਾਂ ਪਾਈਆਂ ਜਾਪਦੀਆਂ ਹਨ।

### 13 ਲੱਖ ਪਰਵਾਸੀਆਂ ਨੂੰ ਕੈਨੇਡਾ ਵਿੱਚ ਦਾਖ਼ਲ ਹੋਣ ਦੀ ਮਿਲੇਗੀ ਇਜਾਜ਼ਤ

ਕੈਨੇਡਾ ਦੀ ਸਰਕਾਰ ਨੇ ਕਿਹਾ ਹੈ ਕਿ ਉਹ ਅਗਲੇ ਤਿੰਨ ਸਾਲਾਂ ਵਿੱਚ 1.3 ਮਿਲੀਅਨ ਮਤਲਬ 13 ਲੱਖ ਪਰਵਾਸੀਆਂ ਨੂੰ ਦੇਸ਼ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਦੇਵੇਗੀ। ਸਰਕਾਰ ਦਾ ਉਦੇਸ਼ ਮਹਾਮਾਰੀ ਤੋਂ ਬਾਅਦ ਵਿਕਾਸ ਨੂੰ ਹੁਲਾਰਾ ਦੇਣਾ ਹੈ। 2022-2024 ਇਮੀਗ੍ਰੇਸ਼ਨ ਪੱਧਰੀ ਯੋਜਨਾ ਦੇ ਅਨੁਸਾਰ ਕੈਨੇਡਾ 2022 ਵਿੱਚ 431,000 ਤੋਂ ਵੱਧ ਇਮੀਗ੍ਰੇਸ਼ਨਾਂ ਲਵੇਗਾ, ਜੋ ਕਿ ਸ਼ੁਰੂਆਤੀ ਤੌਰ 'ਤੇ ਘੋਸ਼ਿਤ 411,000 ਤੋਂ ਵੱਧ ਅਤੇ 2023 ਵਿੱਚ 447,055 ਅਤੇ 2024 ਵਿੱਚ 451,000 ਤੋਂ ਵੱਧ ਹੈ।

ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ ਸੀਨ ਫ਼ਰੇਜ਼ਰ ਨੇ ਕਿਹਾ ਕਿ ਇਮੀਗ੍ਰੇਸ਼ਨ ਨੇ ਕੈਨੇਡਾ ਨੂੰ ਉਸ ਦੇਸ਼ ਵਿੱਚ ਰੂਪ ਦੇਣ ਵਿੱਚ ਮਦਦ ਕੀਤੀ ਹੈ ਜੋ ਇਹ ਅੱਜ ਹੈ। ਅਸੀਂ ਆਰਥਿਕ ਰਿਕਵਰੀ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ ਅਤੇ ਇਮੀਗ੍ਰੇਸ਼ਨ ਇੱਥੇ ਪਹੁੰਚਣ ਦੀ ਕੁੰਜੀ ਹੈ। 2022-2024 ਪੱਧਰੀ ਯੋਜਨਾ ਵਿੱਚ ਦਰਸਾਏ ਗਏ ਨਵੇਂ ਇਮੀਗ੍ਰੇਸ਼ਨ ਟੀਚਿਆਂ ਨੂੰ ਨਿਰਧਾਰਤ ਕਰਨਾ, ਸਾਡੇ ਭਾਈਚਾਰਿਆਂ ਅਤੇ ਆਰਥਿਕਤਾ ਦੇ ਸਾਰੇ ਖੇਤਰਾਂ ਵਿੱਚ ਪਰਵਾਸੀਆਂ ਦੇ ਬੇਅੰਤ ਯੋਗਦਾਨ ਨੂੰ ਲਿਆਉਣ ਵਿੱਚ ਹੋਰ ਮਦਦ ਕਰੇਗਾ। ਕੈਨੇਡਾ ਵਿੱਚ ਸਥਾਈ ਨਿਵਾਸ ਪ੍ਰਾਪਤ ਕਰਨ ਵਾਲੀ ਸਭ ਤੋਂ ਵੱਡੀ ਕੌਮੀਅਤ ਵਿੱਚ ਭਾਰਤੀ ਹਨ, ਜੋ ਕੁੱਲ ਸੰਖਿਆ ਦਾ ਲਗਭਗ 40% ਹੈ। 2020 ਵਿੱਚ 27,000 ਤੋਂ ਵੱਧ ਭਾਰਤੀ ਕੈਨੇਡਾ ਵਿੱਚ ਦਾਖ਼ਲ ਹੋਏ, 50,000 ਤੋਂ ਵੱਧ ਨੂੰ ਸਥਾਈ ਨਿਵਾਸੀ ਲਈ ਬਿਨੈ ਕਰਨ ਲਈ ਸੱਦਾ ਦਿੱਤਾ ਗਿਆ।

ਇੱਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੇ ਸੰਸਦ ਭਵਨ ਵਿੱਚ ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਨੂੰ ਕਈ ਦਿਨਾਂ ਤੋਂ ਕਈ ਸੰਸਦ ਮੈਬਰਾਂ ਵੱਲੋਂ ਕਈ ਮੁੱਦਿਆਂ 'ਤੇ ਘੇਰਿਆ ਜਾ ਰਿਹਾ ਸੀ ਤੇ ਕਈ ਮਾਮਲੇ ਜੋ ਲੰਮੇ ਸਮੇਂ ਤੋਂ ਲਟਕੇ ਹੋਏ ਸਨ । ਉਸ ਦਾ ਜਵਾਬ ਮੰਗ ਰਹੇ ਸਨ ।ਇੰਮੀਗ੍ਰੇਸ਼ਨ ਮੰਤਰੀ ਨੇ ਕਿਹਾ ਹੈ ਕਿ ਕੋਰੋਨਾ ਕਰਕੇ ਸਾਡੀ ਇੰਮੀਗ੍ਰੇਸ਼ਨ ਦੂਜੇ ਮੁਲਕਾਂ ਦੇ ਮੁਕਾਬਲੇ ਤੇਜ਼ ਰਹੀ ਹੈ ਤੇ ਵੀਜ਼ਾ ਪ੍ਰਣਾਲੀ ਵੀ ਮੱਧਮ ਨਹੀਂ ਹੈ ਪਈ ਪਰ ਕੁਝ ਵੀਜ਼ੇ ਸਾਨੂੰ ਰੋਕਣੇ ਪਏ ਜਿੰਨਾਂ ਵਿੱਚ ਸਪਾਊਸ ਵੀਜ਼ਾ ਵੀ ਹੈ ਜੋ ਇਨਾਂ ਵੀਜ਼ਿਆਂ ਦੀਆਂ ਫ਼ਾਇਲਾਂ ਕਾਫ਼ੀ ਸਮੇਂ ਤੋਂ ਬੰਦ ਸਨ ਪਰ ਹੁਣ ਇਨਾਂ ਨੂੰ ਤੇਜ਼ੀ ਨਾਲ ਵਾਚਿਆ ਜਾ ਰਿਹਾ ਹੈ ਤੇ ਸਪਾਊਸ ਵੀਜ਼ਾ ਅਪਲਾਈ ਕਰਨ ਵਾਲੇ ਮਰਦ-ਔਰਤ ਜੋ ਪੜਾਈ ਤੋਂ ਬਾਅਦ ਜਾਂ ਵਰਕ ਪਰਮਿਟ 'ਤੇ ਹੈ ਉਨਾਂ ਨੂੰ ਹਵਾਈ ਅੱਡੇ 'ਤੇ ਹੀ ਪੀ.ਆਰ. ਵਿੱਚ ਤਬਦੀਲ ਕਰਨ ਜਾ ਰਹੀ ਹੈ ਤੇ ਇਹ ਵੀਜ਼ੇ ਮਾਰਚ ਦੇ ਪਹਿਲੇ ਹਫ਼ਤੇ ਤੋਂ ਤੇਜ਼ੀ ਨਾਲ਼ ਖੁੱਲ ਰਹੇ ਹਨ । ਉਨਾਂ ਕਿਹਾ ਕਿ ਕੈਨੇਡਾ ਵਿੱਚ ਹੁਨਰਮੰਦ ਕਾਮਿਆਂ ਦੀ ਕਮੀ ਨੂੰ ਵੇਖਦੇ ਹੋਏ ਸਾਡੀ ਸਰਕਾਰ ਕਈ ਬਦਲਾਅ ਕਰਕੇ ਉਨਾਂ ਨੂੰ ਕੈਨੇਡਾ ਆਉਣ ਦਾ ਮੌਕਾ ਦੇ ਰਹੀ ਹੈ ।

## 'ਦੀਪ ਸਿੱਧੂ' ਦੀ ਯਾਦ...

ਮਨਾਉਣ ਦੀਆਂ ਤਿਆਰੀਆਂ ਵਿੱਚ ਲੱਗੇ ਹੋਏ ਹਾਂ ਪਰ ਸਾਨੂੰ ਦੀਪ ਸਿੱਧੂ ਵੱਲੋਂ ਕੀਤੀਆਂ 'ਖ਼ਾਲਸਾ ਰਾਜ' ਦੀਆਂ ਗੱਲਾਂ ਨਹੀਂ ਭੁੱਲਣੀਆਂ ਚਾਹੀਦੀਆਂ। ਸਾਨੂੰ ਗੰਭੀਰਤਾ ਨਾਲ਼ ਵਿਚਾਰ ਕਰਨੀ ਪਵੇਗੀ। ਅਸੀਂ ਕੀ ਖੱਟਿਆ ਤੇ ਕੀ ਗਵਾਇਆ ? ਦੀਪ ਸਿੱਧੂ ਦੀ ਲੱਗੀ ਤਸਵੀਰ ਦੇ ਥੱਲੇ ਲਿਖੀਆਂ ਪੰਕਤੀਆਂ ਬਹੁਤ ਕੁਝ ਯਾਦ ਕਰਵਾ ਰਹੀਆਂ ਹਨ। 'ਇਕ ਖੁੱਲਿਆ ਬੂਹਾ ਆਸ ਦਾ ਫਿਰ ਜਿੰਦਰਾ ਵੱਜਾ। ਅੱਜ ਕੰਵਰ ਨੌਨਿਹਾਲ 'ਤੇ ਫਿਰ ਡਿੱਗਿਆ ਛੱਜਾ।' ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਭਾਈ ਮਨਦੀਪ ਸਿੰਘ ਜੀ, ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਾਲਿਆਂ ਨੇ ਰੱਬੀ ਬਾਣੀ ਦੇ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਦੀਪ ਸਿੱਧੂ ਦੇ ਸੰਘਰਸ਼ਮਈ ਜੀਵਨ 'ਤੇ ਵੀ ਚਾਨਣ ਪਾਇਆ।

ਛੋਟੀ ਬੱਚੀ ਅਨੁਰਾਜ ਕੌਰ ਨੇ ਦੀਪ ਸਿੱਧੂ ਨੂੰ ਸ਼ਰਧਾਂਜਲੀ ਦਿੰਦਿਆਂ ਕਵਿਤਾ ਪੜੀ- 'ਕਰਾਂ ਅਰਜ਼ੋਈ ਰੱਬ ਸੀਨੇ ਨਾਲ਼ ਲਾ ਲਏ। ਬਾਜਾ ਵਾਲਾ ਤੈਨੂੰ ਰੱਜ ਆਪਣਾ ਪਿਆਰ ਦੇ...., ਓਏ ਤੂੰ ਅਮਰ ਅਨੁਰਾਜ ਆਖੇ ਵੀਰਿਆ....ਜਾਂਦੀ ਵਾਰੀ ਤੈਨੂੰ ਸਿੱਜਦਾ ਹੈ ਦੀਪ ਸਿੱਧੂ ਵੀਰਿਆ। ਕਰਾਂ ਅਰਜ਼ੋਈ ਰੱਬ ਸੀਨੇ ਨਾਲ਼ ਲਾ ਲਏ। ਗੁਰੂ ਨਾਨਕ ਤੈਨੂੰ ਰੱਜ ਆਪਣਾ ਪਿਆਰ ਦੇ...

ਸਾਰੀਆਂ ਸੰਗਤਾਂ ਹੀ ਇਸ ਕਵਿਤਾ ਨਾਲ਼ ਝੂਮਣ ਲੱਗ ਪਈਆਂ ਤੇ ਕਈਆਂ ਦੀਆਂ ਅੱਖਾਂ 'ਚ ਹੰਝੂ ਸਨ। ਇਵੇਂ ਲੱਗਦਾ ਸੀ 'ਦੀਪ ਸਿੱਧੂ' ਨਨਕਾਣਾ ਸਾਹਿਬ ਹੀ ਸੰਗਤ ਵਿੱਚ ਬੈਠਾ ਹੈ ਤੇ ਸੰਗਤਾਂ ਦਾ ਪਿਆਰ ਤੇ ਅਸੀਸਾਂ ਲੈ ਰਿਹਾ ਹੈ। ਇਸ ਪ੍ਰੋਗਰਾਮ ਦੇ ਅੰਤ ਵਿੱਚ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਸ੍ਰ. ਗੋਪਾਲ ਸਿੰਘ ਚਾਵਲਾ ਵੱਲੋਂ ਨਨਕਾਣਾ ਸਾਹਿਬ ਦੀਆਂ ਸਮੂਹ ਸੰਗਤਾਂ ਦਾ ਇਸ ਤਰਾਂ ਦੇ ਪ੍ਰੋਗਰਾਮ ਮਨਾਉਣ ਲਈ ਧੰਨਵਾਦ ਕੀਤਾ। ਉੱਥੇ ਹੀ ਉਨਾਂ ਨੇ ਕਿਹਾ ਅਫ਼ਸੋਸ, ਅਤਿ ਦੁਖਦਾਇਕ, ਅਸੀਂ ਪੰਥ ਤੇ ਪੰਜਾਬ ਦੇ ਵਾਰਿਸ ਬਾਈ ਦੀਪ ਸਿੱਧੂ ਨੂੰ ਉਸ ਦੇ ਜਿਊਂਦੇ ਜੀਅ ਉਹ ਮੁਕਾਮ ਨਾ ਦੇ ਸਕੇ ਜੋ ਦੇਣਾ ਬਣਦਾ ਸੀ। ਚਾਵਲਾ ਸਾਹਿਬ ਨੇ ਕਿਹਾ ਕਿ ਸ੍ਰ. ਸਿਮਰਨਜੀਤ ਸਿੰਘ ਮਾਨ ਵਰਗੇ ਸ਼ੇਰ ਨੇ ਬਿਲਕੁਲ ਠੀਕ ਕਿਹਾ ਹੈ ਕਿ ਅਗਰ 1947 ਵਿੱਚ ਦੀਪ ਸਿੱਧੂ ਵਰਗਾ ਲੀਡਰ ਸਾਡੇ ਪਾਸ ਹੁੰਦਾ ਤਾਂ ਸਾਨੂੰ ਉਸੇ ਸਮੇਂ ਆਪਣਾ ਦੇਸ਼ ਖ਼ਾਲਿਸਤਾਨ ਮਿਲ ਜਾਣਾ ਸੀ। ਦੀਪ ਸਿੱਧੂ ਨੂੰ ਸ਼ਹੀਦ ਕਰਨ ਵਾਲੇ ਕਿਹੜੇ ਲੋਕ ਨੇ ਉਹ ਸਾਡੇ ਪਾਸੋਂ ਛੁਪੇ ਨਹੀਂ ਹਨ। ਇੱਕ ਦੀਪ ਨੂੰ ਬੁਝਾ ਕੇ ਸ਼ਾਇਦ ਉਹ ਸੋਚਦੇ ਹੋਣ ਕਿ ਹੁਣ ਕੰਮ ਖ਼ਤਮ ਹੋ ਗਿਆ ਹੈ। ਹੁਣ ਤਾਂ ਕੰਮ ਸ਼ੁਰੂ ਹੋਇਆ ਹੈ। ਦੀਪ ਬੁਝਿਆ ਨਹੀਂ ਹੈ ਉਹ ਤਾਂ ਲੱਖਾਂ ਹੀ ਦੇਸ਼ਾਂ-ਵਿਦੇਸ਼ਾਂ ਵਿੱਚ ਬੈਠੇ ਉਸ ਨੂੰ ਸਿੱਖੀ ਨੂੰ ਪਿਆਰ ਕਰਨ ਵਾਲਿਆਂ ਦੇ ਦਿਲਾਂ ਅੰਦਰ ਦੀਪ ਜਗਾ ਗਿਆ ਹੈ। ਅੱਜ ਜੇਕਰ ਦੁਨੀਆਂ ਭਰ ਦੇ ਗੁਰਦੁਆਰਿਆਂ ਵਿੱਚ ਕੋਈ ਸਮਾਗਮ ਚੱਲ ਰਿਹਾ ਹੈ ਤਾਂ ਉਹ ਸ਼ਹੀਦ ਸੰਦੀਪ ਸਿੰਘ 'ਦੀਪ ਸਿੱਧੂ' ਦਾ ਹੀ ਹੈ। ਦੀਪ ਸਿੱਧੂ ਪੰਥ, ਪੰਜਾਬ, ਖ਼ਾਲਿਸਤਾਨ, ਹੱਕ, ਸੱਚ ਅਤੇ ਧਰਮ ਦੀ ਗੱਲ ਠੋਕ ਵਜਾ ਕੇ ਕਰਦਾ ਸੀ ਜਿਸ ਕਰਕੇ ਉਹ ਇੰਡੀਅਨ ਸਟੇਟ, ਹਿੰਦੂਤਵੀ ਤਾਕਤਾਂ, ਭਾਜਪਾ ਸਰਕਾਰ ਦੀਆਂ ਅੱਖਾਂ ਵਿੱਚ ਰੜਕਦਾ ਸੀ। ਉਸ ਦਾ ਬੇਵਕਤੀ ਸੰਸਾਰ ਤੋਂ ਤੁਰ ਜਾਣਾ ਸਿੱਖ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਆਓ, ਰਲ ਮਿਲ ਕੇ ਆਪਣੀ ਮਹਾਨ ਵਿਰਾਸਤ ਨੂੰ ਜਾਣੀਏ, ਸਾਂਭੀਏ ਅਤੇ ਉਸ ਉੱਤੇ ਮਾਣ ਕਰੀਏ। ਦੀਪ ਸਿੱਧੂ ਸਿੱਖ ਕੌਮ ਦੀ ਵਿਰਾਸਤ ਹੈ। ਜਿਸ ਨੂੰ ਨਨਕਾਣਾ ਸਾਹਿਬ ਅਤੇ ਪਾਕਿਸਤਾਨ ਵਿੱਚ ਵਸਣ ਵਾਲੀਆਂ ਸੰਗਤ ਵਿਰਾਸਤ ਵਾਂਗ ਹੀ ਸਾਂਭੇਗੀ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਾਕਾ ਨਨਕਾਣਾ ਸਾਹਿਬ 19-21 ਫ਼ਰਵਰੀ 2022 ਨੂੰ ਮਨਾਉਣ ਲਈ ਪਹੁੰਚੇ ਸ੍ਰ. ਪਰਮਜੀਤ ਸਿੰਘ ਚੰਢੋਕ ਮੁੱਖ ਸਲਾਹਕਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਹਾਜ਼ਰੀ ਭਰੀ ਅਤੇ ਦੀਪ ਸਿੱਧੂ ਵੱਲੋਂ ਕੀਤੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ ਤੇ ਆਪਣੇ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ।

ਅਰਦਾਸ ਦੀ ਸੇਵਾ ਮਾਸਟਰ ਬਲਵੰਤ ਸਿੰਘ ਜੀ ਵੱਲੋਂ ਬੜੇ ਪਿਆਰ ਨਾਲ਼ ਕੀਤੀ ਗਈ। ਦੀਵਾਨ ਦੀ ਸਮਾਪਤੀ ਤੋਂ ਬਾਅਦ ਨਿਰਵੈਰ ਖ਼ਾਲਸਾ ਗੱਤਕਾ ਦਲ ਅਤੇ ਗੁਰੂ ਨਾਨਕ ਕੀ ਮਿਸ਼ਨ ਸਕੂਲ ਦੇ ਬੱਚਿਆਂ ਵੱਲੋਂ ਦੀਪ ਸਿੱਧੂ ਦੇ ਬੈਨਰਾਂ ਤਸਵੀਰਾਂ ਸਹਿਤ ਮੋਮਬੱਤੀਆਂ ਜਲਾਈਆਂ ਗਈਆਂ ਅਤੇ ਦੀਪ ਮਾਰਚ ਕੱਢਿਆ ਗਿਆ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸ਼ਹੀਦ ਦੀਪ ਸਿੱਧੂ ਅਮਰ ਰਹੇ। ਸ਼ਹੀਦ ਦੀਪ ਸਿੱਧੂ ਜ਼ਿੰਦਾਬਾਦ ਦੇ ਨਾਅਰਿਆਂ, ਜੈਕਾਰਿਆਂ ਨਾਲ਼ ਬੱਚਿਆਂ ਨੇ ਨਨਕਾਣਾ ਸ਼ਹਿਰ ਗੁੰਜਣ ਲਾ ਦਿੱਤਾ।

ਨਾਲ਼ ਗਠਜੋੜ ਕਰੇਗਾ।

## ਪੁਤਿਨ ਦੇ ਫ਼ੈਸਲੇ ਤੋਂ...

ਦੂਜੇ ਪਾਸੇ ਐਸਟੋਨੀਆ ਦੇ ਪ੍ਰਧਾਨ ਮੰਤਰੀ ਕਾਜਾ ਕਾਲਸ ਨੇ ਕਿਹਾ ਕਿ ਅਸੀਂ ਰੂਸ ਦੇ ਇਸ ਕਦਮ ਦੀ ਨਿੰਦਾ ਕਰਦੇ ਹਾਂ ਤੇ ਇਹ ਯੂਕਰੇਨ ਦੀ ਅਖੰਡਤਾ ਦੀ ਉਲੰਘਣਾ ਹੈ। ਰੂਸ ਕੂਟਨੀਤਕ ਦਰਵਾਜ਼ੇ ਬੰਦ ਕਰਕੇ ਜੰਗ ਦਾ ਬਹਾਨਾ ਬਣਾ ਰਿਹਾ ਹੈ।

ਯੂਰਪੀਅਨ ਯੂਨੀਅਨ ਦੇ ਪ੍ਰਧਾਨ ਚਾਰਲਸ ਮਿਸ਼ੇਲ ਅਤੇ ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵੌਨ ਡੇਰ ਲੇਅਨ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਰੂਸ ਦੇ ਫ਼ੈਸਲੇ ਦੀ ਸਖ਼ਤ ਆਲੋਚਨਾ ਕੀਤੀ। ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਰੂਸ ਦਾ ਇਹ ਕਦਮ ਅੰਤਰਰਾਸ਼ਟਰੀ ਕਾਨੂੰਨ ਦੇ ਨਾਲ਼-ਨਾਲ਼ ਮਿੰਸਕ ਸਮਝੌਤੇ ਦੀ ਵੀ ਉਲੰਘਣਾ ਕਰਦਾ ਹੈ। ਅਸੀਂ ਇਸਦੀਆਂ ਸਰਹੱਦਾਂ ਦੇ ਅੰਦਰ ਯੂਕਰੇਨ ਦੀ ਅਜ਼ਾਦੀ, ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਰੱਖਿਆ ਲਈ ਆਪਣੇ ਅਟੁੱਟ ਸਮਰਥਨ ਨੂੰ ਦੁਹਰਾਉਂਦੇ ਹਾਂ।

**ਰੂਸ 'ਤੇ ਭੜਕਿਆ ਨਾਟੋ**

ਇਸ ਦੇ ਨਾਲ਼ ਹੀ ਯੂਕਰੇਨ 'ਤੇ ਰੂਸ ਦੇ ਇਸ ਕਦਮ ਤੋਂ ਬਾਅਦ ਨਾਟੋ ਵੀ ਭੜਕ ਗਿਆ ਹੈ। ਸਖ਼ਤ ਪ੍ਰਤੀਕਿਰਿਆ ਕਰਦੇ ਹੋਏ, ਨਾਟੋ ਨੇ ਕਿਹਾ ਕਿ ਇਹ ਯੂਕਰੇਨ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਨੂੰ ਕਮਜ਼ੋਰ ਕਰੇਗਾ, ਅਤੇ ਸੰਘਰਸ਼ ਨੂੰ ਸੁਲਝਾਉਣ ਲਈ ਚੱਲ ਰਹੇ ਯਤਨਾਂ ਨੂੰ ਵੱਡਾ ਝਟਕਾ ਦੇਵੇਗਾ। 2015 ਵਿੱਚ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਯੂਕਰੇਨ ਦੀ ਪ੍ਰਭੂਸੱਤਾ, ਸੁਤੰਤਰਤਾ ਅਤੇ ਖੇਤਰੀ ਅਖੰਡਤਾ ਲਈ ਸਨਮਾਨ ਦੀ ਪੁਸ਼ਟੀ ਕੀਤੀ, ਜਿਸ ਵਿੱਚ ਰੂਸ ਵੀ ਸ਼ਾਮਲ ਸੀ।

**ਮਾਮਲਾ ਕੀ ਹੈ**

ਦਰਅਸਲ, ਯੂਕਰੇਨ 'ਤੇ ਵੱਡਾ ਕਦਮ ਚੁੱਕਦੇ ਹੋਏ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਬੀਤੇ ਸੋਮਵਾਰ ਨੂੰ ਪੂਰਬੀ ਯੂਕਰੇਨ ਦੇ ਬਾਗ਼ੀ ਖੇਤਰਾਂ ਡੋਨੇਟਸਕ ਅਤੇ ਲੁਹਾਨਸਕ ਨੂੰ ਅਜ਼ਾਦ ਦੇਸ਼ ਦੇ ਰੂਪ ਵਿੱਚ ਮਾਨਤਾ ਦਿੱਤੀ ਅਤੇ ਨਾਲ਼ ਹੀ ਸੁਰੱਖਿਆ ਸਮਝੌਤੇ ਦਾ ਐਲਾਨ ਵੀ ਕੀਤਾ। ਪੁਤਿਨ ਨੇ ਯੂਕਰੇਨੀ ਫ਼ੌਜ ਨੂੰ ਦੋਵਾਂ ਖੇਤਰਾਂ 'ਤੇ ਗੋਲਾਬਾਰੀ ਬੰਦ ਕਰਨ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਸਮਝੌਤੇ ਦੇ ਤਹਿਤ ਰੂਸ ਹੁਣ ਉਨਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ।

## ਪੰਜਾਬ ਵਿੱਚ ਇਸ ਵਾਰ...

ਸ੍ਰੀ ਗੰਗਾਨਗਰ ਵਿੱਚ ਭਾਜਪਾ ਦੇ ਕੌਮੀ ਸਕੱਤਰ ਪ੍ਰਦੁਮਨ ਕੁਮਾਰ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਬਣਾਉਣ ਲਈ ਉਨਾਂ ਦੇ ਦਰਵਾਜ਼ੇ ਹਰ ਪਾਰਟੀ ਲਈ ਖੁੱਲ੍ਹੇ ਹਨ। ਉਨਾਂ ਕਿਹਾ, "ਭਾਜਪਾ ਨੇ ਪੰਜਾਬ ਨਾਲ਼ ਜੁੜੇ ਮੁੱਦੇ ਚੁੱਕੇ ਹਨ ਅਤੇ ਇਨਾਂ ਮੁੱਦਿਆਂ ਉੱਤੇ ਦੂਜੀਆਂ ਪਾਰਟੀਆਂ ਉੱਤੇ ਨਿਸ਼ਾਨਾ ਸਾਧਿਆ ਹੈ। ਹੁਣ, ਲੋਕਾਂ ਨੂੰ ਲੱਗਦਾ ਹੈ ਕਿ ਭਾਜਪਾ ਪੰਜਾਬ ਨੂੰ ਵਿਕਾਸ ਦੇ ਰਾਹ ਉੱਤੇ ਅੱਗੇ ਲੈ ਕੇ ਜਾ ਸਕਦੀ ਹੈ। ਪੀ.ਐੱਮ. ਮੋਦੀ ਦੀਆਂ ਰੈਲੀਆਂ ਚੰਗਾ ਨਤੀਜਾ ਦੇਣਗੀਆਂ। ਕੌਮੀ ਪੱਧਰ ਉੱਤੇ ਚੱਲੇ ਕਿਸਾਨ ਅੰਦੋਲਨ ਬਾਰੇ ਪ੍ਰਦੁਮਨ ਨੇ ਕਿਹਾ, "ਨਾ ਸਿਰਫ਼ ਪੰਜਾਬ, ਸਗੋਂ ਪੂਰੇ ਦੇਸ਼ ਦੇ ਲੋਕਾਂ ਨੂੰ ਹੁਣ ਪਤਾ ਹੈ ਕਿ ਇਨਾਂ ਮੁਜ਼ਾਹਰਿਆਂ ਪਿੱਛੇ ਕੌਣ ਸੀ।"

"ਸਾਨੂੰ ਨਹੀਂ ਲੱਗਦਾ ਕਿ ਕਿਸਾਨ ਅੰਦੋਲਨ ਦਾ ਕੋਈ ਮਾੜਾ ਪ੍ਰਭਾਵ ਚੋਣ ਨਤੀਜਿਆਂ ਉੱਤੇ ਹੋਵੇਗਾ।"

ਭਾਜਪਾ ਦੇ ਸੀਨੀਅਰ ਆਗੂ ਤੇ ਕੇਂਦਰੀ ਹਲਕੇ ਤੋਂ ਉਮੀਦਵਾਰ ਮਨੋਰੰਜਨ ਕਾਲੀਆ ਨੇ ਇਸ਼ਾਰਾ ਦਿੱਤਾ ਹੈ ਕਿ ਵੋਟਾਂ ਦੀ ਗਿਣਤੀ ਮਗਰੋਂ ਨਤੀਜੇ ਆਉਣ ਮਗਰੋਂ ਸਰਕਾਰ ਬਣਾਉਣ ਲਈ ਅਕਾਲੀ ਦਲ ਨਾਲ਼ ਵੀ ਗੱਠਜੋੜ ਸੰਭਵ ਹੈ। ਉਨਾਂ ਕਿਹਾ ਕਿ ਜਨਤਾ 'ਤੇ ਵਾਰ-ਵਾਰ ਚੋਣਾਂ ਦਾ ਬੋਝ ਪਾਉਣ ਤੋਂ ਬਿਹਤਰ ਹੈ ਕਿ ਮਜ਼ਬੂਤ ਸਰਕਾਰ ਉਸਾਰੀ ਜਾਵੇ। ਕਾਲੀਆ ਦਾਅਵਾ ਕਰ ਰਹੇ ਹਨ ਕਿ ਵੋਟਾਂ ਦੀ ਗਿਣਤੀ ਪਿੱਛੋਂ ਭਾਜਪਾ ਦੀ ਸਰਕਾਰ ਬਣਨੀ ਤੈਅ ਹੈ। ਉਨਾਂ ਕਿਹਾ ਕਿ ਜਿਵੇਂ ਲੋਕਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਤਬਦੀਲੀ ਤੇ ਸੂਬੇ ਦੇ ਵਿਕਾਸ ਨੂੰ ਮੁੱਖ ਰੱਖ ਕੇ ਵੋਟਾਂ ਪਾਈਆਂ ਹਨ, ਤੋਂ ਸਪੱਸ਼ਟ ਹੈ ਕਿ ਉਹ ਭਾਜਪਾ ਦੇ ਨਾਲ਼ ਸਨ।

ਸਿਆਸੀ ਮਾਹਿਰਾਂ ਅਨੁਸਾਰ ਵੋਟ ਪ੍ਰਤੀਸ਼ਤ ਦਾ ਘਟਣਾ ਹਮੇਸ਼ਾ ਹੁਕਮਰਾਨ ਪਾਰਟੀ ਕਾਂਗਰਸ ਲਈ ਨੁਕਸਾਨਦੇਹ ਸਮਝਿਆ ਜਾਂਦਾ ਹੈ। ਇਸੇ ਤਰਾਂ ਰਾਜ ਦੇ ਸ਼ਹਿਰੀ ਖੇਤਰਾਂ ਵਿੱਚ ਵੋਟਾਂ ਲਈ ਘੱਟ ਉਤਸ਼ਾਹ ਅਤੇ ਵੋਟ ਪ੍ਰਤੀਸ਼ਤ ਘੱਟ ਹੋਣਾ ਕਿਸ ਪਾਰਟੀ ਲਈ ਨੁਕਸਾਨਦੇਹ ਹੋਵੇਗਾ, ਇਹ ਵੀ ਬੁਝਾਰਤ ਬਣਿਆ ਹੋਇਆ ਹੈ। ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਕਾਡਰ ਆਧਾਰਿਤ ਪਾਰਟੀਆਂ ਦਾ ਵੋਟ ਆਮ ਤੌਰ 'ਤੇ ਭੁਗਤ ਜਾਂਦਾ ਹੈ ਪਰ ਵੋਟਾਂ ਲਈ ਉਤਸ਼ਾਹਿਤ ਨਾ ਹੋਣ ਵਾਲੇ ਵੋਟਰ ਆਮ ਤੌਰ 'ਤੇ ਉਹ ਜਜ਼ਬਾਤੀ ਲੋਕ ਹੁੰਦੇ ਹਨ, ਜੋ ਮੌਜੂਦਾ ਢਾਂਚੇ ਤੋਂ ਨਿਰਾਸ਼ ਹੋਣ ਪਰ ਸੂਬੇ ਦਾ ਮਾਲਵਾ ਖੇਤਰ, ਜਿਸ ਵਿੱਚ ਸਭ ਤੋਂ ਵੱਧ 69 ਸੀਟਾਂ ਹਨ, ਦੀਆਂ ਕਾਫ਼ੀ ਸੀਟਾਂ 'ਤੇ ਆਮ ਨਾਲੋਂ ਕਾਫ਼ੀ ਜ਼ਿਆਦਾ ਵੋਟ ਪਈ ਹੈ, ਜਿੱਥੇ ਕਿ ਆਮ ਆਦਮੀ ਪਾਰਟੀ ਦੀ ਲਹਿਰ ਸਮਝੀ ਜਾ ਰਹੀ ਸੀ ਅਤੇ ਡੇਰਿਆਂ ਦੀ ਵੋਟ ਦਾ ਵੀ ਜ਼ੋਰ ਸੀ। ਗਿੱਦੜਬਾਹਾ, ਜਿੱਥੇ ਸਭ ਤੋਂ ਵੱਧ 84.93 ਪ੍ਰਤੀਸ਼ਤ ਵੋਟ ਪਈ ਤੇ ਤਲਵੰਡੀ ਸਾਬੋ ਜਿੱਥੇ 83.70 ਪ੍ਰਤੀਸ਼ਤ ਤੇ ਸਰਦੂਲਗੜ੍ਹ ਜਿੱਥੇ 83.64 ਪ੍ਰਤੀਸ਼ਤ ਵੋਟ ਪਈ, ਸਾਰੇ ਮਾਲਵਾ ਖੇਤਰ ਤੋਂ ਹਨ ਕਿਉਂਕਿ ਇਸ ਖੇਤਰ ਵਿੱਚ ਆਪ ਪਾਰਟੀ ਦਾ ਵੀ ਜ਼ੋਰ ਸੀ ਤੇ ਡੇਰਾ ਵੋਟ ਕਾਰਨ ਵੀ ਪ੍ਰਤੀਸ਼ਤ ਵਧਿਆ ਹੋ ਸਕਦਾ ਹੈ, ਦੇ ਨਤੀਜੇ ਕਾਫ਼ੀ ਹੈਰਾਨੀਜਨਕ ਵੀ ਹੋ ਸਕਦੇ ਹਨ। ਅਕਾਲੀ ਦਲ, ਜਿਸ ਨੂੰ ਡੇਰਾ ਵੋਟ ਮਿਲਣ ਅਤੇ ਪਾਰਟੀ ਵੱਲੋਂ ਇਸ ਚੋਣ ਦੌਰਾਨ ਕਾਫ਼ੀ ਮਿਹਨਤ ਕੀਤੇ ਜਾਣ ਕਾਰਨ ਪਾਰਟੀ ਦੀਆਂ ਸੀਟਾਂ ਮਗਰਲੀ ਵਾਰ ਨਾਲੋਂ ਕਾਫ਼ੀ ਵਧਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ, ਸੰਬੰਧੀ ਇਹ ਸਪਸ਼ਟ ਨਹੀਂ ਹੋ ਰਿਹਾ ਕਿ ਕੀ ਪਾਰਟੀ ਬਹੁਮਤ ਪ੍ਰਾਪਤ ਕਰਨ ਦੇ ਨੇੜੇ-ਤੇੜੇ ਪਹੁੰਚ ਸਕੇਗੀ। ਸਿਆਸੀ ਹਲਕਿਆਂ ਵੱਲੋਂ ਅਜਿਹੀ ਚਿੰਤਾ ਆਪ ਪਾਰਟੀ ਪ੍ਰਤੀ ਵੀ ਪ੍ਰਗਟਾਈ ਜਾ ਰਹੀ ਹੈ ਕਿਉਂਕਿ ਅਗਰ ਉਹ ਵੀ ਬਹੁਮਤ ਤੋਂ ਪਿੱਛੇ ਰਹਿੰਦੀ ਹੈ ਤਾਂ ਉਸ ਨਾਲ਼ ਕਿਸੇ ਹੋਰ ਸਿਆਸੀ ਧਿਰ ਦਾ ਜੁੜਨਾ ਮੁਸ਼ਕਿਲ ਹੈ ਕਿਉਂਕਿ ਦੂਜੀਆਂ ਸਾਰੀਆਂ ਸਿਆਸੀ ਧਿਰਾਂ 'ਆਪ' ਨੂੰ ਅਛੂਤ ਸਮਝ ਰਹੀਆਂ ਹਨ। ਹੁਕਮਰਾਨ ਪਾਰਟੀ ਕਾਂਗਰਸ ਸੰਬੰਧੀ ਵੀ ਹੁਣ ਇਹ ਸਾਹਮਣੇ ਆ ਰਿਹਾ ਹੈ ਕਿ ਉਹ ਆਪਣੇ ਸਾਢੇ ਚਾਰ ਸਾਲ ਦੇ ਮਾੜੇ ਪ੍ਰਸ਼ਾਸਨ ਦੀ ਬਦਨਾਮੀ ਵਿੱਚੋਂ ਨਹੀਂ ਨਿਕਲ ਸਕੀ ਤੇ ਪਾਰਟੀ ਵਿਚਲੀ ਅਨੁਸ਼ਾਸਨਹੀਣਤਾ ਦਾ ਨੁਕਸਾਨ ਉਸ ਨੂੰ ਵੀ ਉਠਾਉਣਾ ਪਵੇਗਾ। ਇਸੇ ਤਰਾਂ ਭਾਜਪਾ, ਜਿਸ ਵੱਲੋਂ ਪਹਿਲੀ ਵਾਰ ਸੂਬੇ ਵਿੱਚ ਜ਼ੋਰਦਾਰ ਮੁਹਿੰਮ ਚਲਾਈ ਗਈ ਤੇ ਸੀਟਾਂ ਵੀ ਵੱਧ ਲੜੀਆਂ ਗਈਆਂ, ਨੂੰ ਇਸ ਵਾਰ ਸੀਟਾਂ ਵੀ ਵੱਧ ਮਿਲਣ ਦੀ ਸੰਭਾਵਨਾ ਕੀਤੀ ਜਾ ਰਹੀ ਹੈ ਤੇ ਪਾਰਟੀ ਗੱਠਜੋੜ ਦਰਜਨ ਸੀਟਾਂ ਦੇ ਅੰਕੜੇ ਤੱਕ ਪੁੱਜ ਸਕਦਾ ਹੈ ਪਰ ਸ਼ਹਿਰੀ ਖੇਤਰਾਂ ਵਿਚਲਾ ਘੱਟ ਵੋਟ ਪ੍ਰਤੀਸ਼ਤ, ਜਿਸ ਅਨੁਸਾਰ ਸਭ ਤੋਂ ਘੱਟ ਵੋਟ 55.40 ਪ੍ਰਤੀਸ਼ਤ ਅੰਮ੍ਰਿਤਸਰ (ਪੱਛਮੀ), 59.04 ਲੁਧਿਆਣਾ (ਪੂਰਬੀ) ਤੇ 59.19 ਅੰਮ੍ਰਿਤਸਰ (ਕੇਂਦਰੀ) ਤੋਂ ਰਿਪੋਰਟ ਹੋਇਆ, ਇਸ ਦਾ ਅਸਰ ਕਿਸ 'ਤੇ ਪਵੇਗਾ, ਇਹ ਕਿਸੇ ਨੂੰ ਵੀ ਸਪਸ਼ਟ ਨਹੀਂ ਹੋ ਸਕਿਆ। ਮਾਲਵਾ ਅਤੇ ਦੁਆਬਾ ਦੇ ਦਿਹਾਤੀ ਖੇਤਰਾਂ ਵਿੱਚ ਵੋਟ ਪ੍ਰਤੀਸ਼ਤ ਭਾਵੇਂ ਬਹੁਤਾ ਘੱਟ ਨਹੀਂ ਰਿਹਾ ਪਰ ਸਮਝਿਆ ਜਾ ਰਿਹਾ ਹੈ ਕਿ ਇਸ ਖੇਤਰ ਵਿੱਚ 'ਆਪ' ਵੱਲੋਂ ਕੁਝ ਚੋਣਵੀਆਂ ਸੀਟਾਂ 'ਤੇ ਜ਼ਿਆਦਾ ਜ਼ੋਰ ਲਗਾਇਆ ਗਿਆ, ਜਦੋਂ ਕਿ 2017 ਦੀਆਂ ਚੋਣਾਂ ਦੌਰਾਨ ਕਾਂਗਰਸ ਨੂੰ ਇਨਾਂ ਖੇਤਰਾਂ ਵਿੱਚੋਂ ਭਰਵਾਂ ਹੁੰਗਾਰਾ ਮਿਲਿਆ ਸੀ, ਜੋ ਇਸ ਵਾਰ ਮੱਠਾ ਸੀ ਤੇ ਅਕਾਲੀ ਦਲ ਕਾਫ਼ੀ ਸੀਟਾਂ 'ਤੇ ਜ਼ੋਰਦਾਰ ਟੱਕਰ ਵਿੱਚ ਸੀ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ਫਰਵਰੀ 2022 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

jus PUNJABI HD — sling

CREDIBILITY RELIABILITY

## Minute to Minute Coverage of Punjab Elections

## *Punjabi Super Pack*

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com